ਪ੍ਰੋ॰ ਪੂਰਨ ਸਿੰਘ

# ਖੁਲ੍ਹੇ ਲੇਖ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਖੁੱਲ੍ਹੇ ਲੇਖ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਖੁਲ੍ਹੇ ਲੇਖ

ਪੂਰਨ ਸਿੰਘ

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

KHULE LEKH (in Punjabi)

PURAN SINGH

ਖੁਲ੍ਹੇ ਲੇਖ

ਪੂਰਨ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ : 1995

ਮੁੱਲ : 15 ਰੁਪਏ

ਕਾਪੀਆਂ : 5000

ਪ੍ਰਕਾਸ਼ਕ : ਡਾਇਰੈੱਕਟਰ, ਭਾਸ਼ਾ ਵਿਭਾਗ, ਪੰਜਾਬ

ਰਾਹੀਂ : ਕੰਟਰੋਲਰ ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਭਾਗ ਪੰਜਾਬ,

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈੱਸ. ਅੱਡਾ ਟਾਂਡਾ, ਜਲੰਧਰ

Digitized by Panjab Digital Library | www.panjabdigilib.org

# ਮੁੱਢਲੀ ਗੱਲ

ਨਰੋਆ ਸਾਹਿਤ ਸਮਾਜ ਲਈ ਇਕ ਦਰਪਣ ਵੀ ਹੁੰਦਾ ਹੈ ਅਤੇ ਮਾਰਗਦਰਸ਼ਕ ਵੀ। ਹਰ ਪ੍ਰਤਿਭਾਵਾਨ ਸਾਹਿਤਕਾਰ ਆਪਣੀ ਸਾਹਿਤਿਕ ਕਿਰਤਾਂ ਰਾਹੀਂ ਸਮਕਾਲੀ ਚੇਤਨਾ ਨੂੰ ਪ੍ਰਭਾਵਿਤ ਕਰਨ ਤੋਂ ਇਲਾਵਾ ਲੋਕਾਂ ਦੇ ਮਨਾਂ ਤੇ ਆਪਣੀ ਨਵੇਕਲੀ ਤੇ ਅਮਿਟ ਛਾਪ ਛੱਡ ਜਾਂਦਾ ਹੈ। ਸਾਹਿਤਕਾਰਾਂ ਦੀ ਇਹ ਜਾਦੂਈ ਛੁਹ ਸੁਚੱਜੀਆਂ ਕਦਰਾਂ ਕੀਮਤਾਂ ਸਥਾਪਤ ਕਰਨ ਵਿਚ ਅਤੇ ਇਸ ਤਰ੍ਹਾਂ ਸਾਹਿਤ ਸਮਾਜ ਨੂੰ ਕੋਈ ਸੇਧ ਦੇਣ ਵਿਚ ਸਹਾਈ ਹੁੰਦੀ ਹੈ। ਇਹੋ ਜਿਹੇ ਸੂਝਵਾਨ ਅਤੇ ਉੱਚ ਕੋਟੀ ਦੇ ਪੰਜਾਬੀ ਸਾਹਿਤਕਾਰਾਂ ਦੀਆਂ ਮਿਆਰੀ ਸਾਹਿਤ ਰਚਨਾਵਾਂ ਆਮ ਪਾਠਕਾਂ ਤਕ ਵਾਜਬ ਕੀਮਤ ਤੇ ਮੁਹਈਆਂ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੇਪਰ ਬੈਕ ਸੀਰੀਜ਼ ਅਧੀਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਪ੍ਰੋ: ਪੂਰਨ ਸਿੰਘ ਹੁਰਾਂ ਦੀ ਹੱਥਲੀ ਪੁਸਤਕ 'ਖੁਲ੍ਹੇ ਲੇਖ' ਵੀ ਇਸੇ ਮਾਲਾ ਦਾ ਹੀ ਇਕ ਮਣਕਾ ਹੈ।

ਵੀਹਵੀਂ ਸਦੀ ਦੇ ਅਰੰਭ ਵਿਚ ਜਿਨਾਂ ਮਹਾਨ ਤੇ ਅਨੁਭਾਵੀ ਸਾਹਿਤਿਕ ਸ਼ਖ਼ਸੀਅਤਾਂ ਨੇ ਆਪਣੇ ਗਿਆਨ ਰੂਪੀ ਨੂਰ ਨਾਲ ਪੰਜਾਬੀ ਸਾਹਿਤਿਕ ਜਗਤ ਨੂੰ ਪ੍ਰਭਾਵਿਤ ਕੀਤਾ ਉਨ੍ਹਾਂ ਵਿਚ ਪ੍ਰੋ: ਪੂਰਨ ਸਿੰਘ ਇਕ ਵਿਸ਼ੇਸ਼ ਸਥਾਨ ਰੱਖਦੇ ਹਨ। ਆਪ ਬੜੀ ਵਿਲੱਖਣ ਤੇ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਅਤੇ ਉੱਚ ਕੋਟੀ ਦੇ ਕਵੀ, ਰਹਸਵਾਦੀ ਚਿੰਤਕ ਅਤੇ ਸੁਲਝੇ ਹੋਏ ਲੇਖਕ ਸਨ। ਆਪ ਨੇ ਸਾਹਿਤ ਜਗਤ ਨੂੰ ਤਿੰਨ ਦਰਜਨ ਦੇ ਕਰੀਬ ਪੁਸਤਕਾਂ ਪ੍ਰਦਾਨ ਕੀਤੀਆਂ।

ਕਵਿਤਾ, ਖ਼ਾਸਕਰ ਖੁੱਲ੍ਹੀ ਕਵਿਤਾ ਦੇ ਖੇਤਰ ਵਿਚ ਪ੍ਰੋ: ਪੂਰਨ ਸਿੰਘ ਇਕ ਬੇਜੋੜ ਤੇ ਬੇਮਿਸਾਲ ਨਾਂ ਦੇ ਤੌਰ ਤੇ ਜਾਣੇ ਜਾਂਦੇ ਹਨ ਅਤੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਵੀ ਉਨ੍ਹਾਂ ਦੀ ਦੇਣ ਇਕ ਨਵੇਕਲਾ ਮੀਲ ਪੱਥਰ ਹੈ। ਉਨ੍ਹਾਂ ਦੀ ਪੁਸਤਕ ਖੁਲ੍ਹੇ ਲੇਖ ਪੰਜਾਬੀ ਗੱਦ ਰਚਨਾ ਦੀ ਅਤਿ ਉੱਤਮ ਪ੍ਰਾਪਤੀ ਹੈ। ਇਸ ਵਿਚ ਪਹਿਲੀ ਵਾਰ ਪੰਜਾਬੀ ਨਿਬੰਧ ਰਚਨਾ ਤੇ ਉੱਤਮ ਗੱਦ-ਸ਼ੈਲੀ ਦੀ ਰੂਪ ਰੇਖਾ ਨਿਸ਼ਚਿਤ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ। ਪੰਜਾਬੀਆਂ ਵਰਗੇ ਖੁਲ੍ਹੇ ਤੇ ਅਲਬੇਲੇ ਸੁਭਾ ਦੀ ਇਸ ਵਾਰਤਕ ਦੀ ਇਕ ਅਲਬੇਲੀ ਮਸਤ ਟੋਰ ਹੈ ਅਤੇ ਇਸਦੀ ਰੂਹ, ਰੋਅਬ ਤੇ ਅੰਦਾਜ਼ ਨਵੇਕਲੇ ਹਨ ਜਿਸਦੀ ਪੂਰਵਲੇ ਪੰਜਾਬੀ ਸਾਹਿਤ ਵਿਚ ਘਾਟ ਰੜਕਦੀ ਸੀ। ਇਸ ਪੁਸਤਕ ਵਿਚਲੇ ਨਿਬੰਧ ਪ੍ਰੋ: ਪੂਰਨ ਸਿੰਘ ਦੀ ਕਲਾਤਮਕ ਤੇ ਵਿਦਵਤਾ ਪੂਰਨ ਪ੍ਰਤਿਭਾ ਨੂੰ ਰੂਪਮਾਨ ਕਰਦੇ ਹਨ। ਇਹੋ ਜਿਹੀ ਸਰਬਕਾਲੀ ਉੱਤਮ ਪੁਸਤਕ ਦਾ ਢੋਆ ਪੰਜਾਬੀ ਪਾਠਕਾਂ ਨੂੰ ਭੇਟ ਕਰਨ ਨਾਲ ਭਾਸ਼ਾ ਵਿਭਾਗ ਦਾ ਸਿਰ ਮਾਣ ਨਾਲ ਹੋਰ ਉੱਚਾ ਹੋ ਜਾਂਦਾ ਹੈ। ਆਸ ਹੈ ਪਾਠਕ ਜਗਤ ਸਾਡੇ ਇਸ ਨਿਮਾਣੇ ਜਿਹੇ ਉੱਦਮ ਦਾ ਹੁੰਗਾਰਾ ਭਰਨਗੇ ਅਤੇ ਇਸ ਪੁਸਤਕ ਨੂੰ ਜੀ ਆਇਆ ਆਖਣਗੇ।

ਅਜੀਤ ਸਿੰਘ ਕੱਕੜ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

# ਮੁੱਖ-ਬੰਧ

ਇਹ ਖੁਲ੍ਹੇ ਲੇਖ ਆਮ ਖ਼ਿਆਲਾਂ ਦੇ ਧਰਤੀ ਉੱਪਰ ਪਏ ਕਿਸੀ ਨੁਕਤੇ ਥੀਂ ਨਹੀਂ ਲਿਖੇ ਗਏ। ਕਦੀ ਕੋਈ ਘੜੀ ਆਣ ਵਾਪਰਦੀ ਹੈ ਜਦ ਜੀਵਨ ਕੇਂਦਰ ਧਰਤੀ ਥੀਂ ਉੱਠ ਕੇ ਆਪ ਮੁਹਾਰਾ ਕਿਸੀ ਅਣਡਿੱਠੇ ਆਕਾਸ਼ ਵਿਚ ਜਾ ਚਮਕਦਾ ਹੈ ਤੇ ਉਸ ਬਲਦੀ ਹੀਰੇ ਦੀ ਕਣੀ ਦੀ ਅਗ-ਨੋਕ ਦੇ ਉਡਾਰੂ ਜਿਹੇ ਕੇਂਦਰ ਥੀਂ ਕੁਛ ਵਰ੍ਹਦਾ ਹੈ। ਰਿਮ ਝਿਮ ਰਿਮ ਝਿਮ ਜੋਤੀ ਦਾ ਮੀਂਹ ਪੈਂਦਾ ਹੈ; ਜੋ ਮਰਜੀ ਕਰੀਏ, ਬਰਤਨ ਰੱਖੀਏ, ਮੂੰਹ ਅਡੀਏ, ਹੱਥ ਪਸਾਰੀਏ, ਰੇਸ਼ਮੀ ਚਾਦਰਾਂ ਤਾਣੀਏ, ਨੂਰੀ ਫੁਹਾਰ ਦੀ ਕੋਈ ਕੋਈ ਬੂੰਦ ਲੂਆਂ ਵਿਚ ਲਿਸ਼ਕਦੀ ਦਿਸਦੀ ਹੈ ਪਰ ਨਹੀਂ ਦਿਸਦੀ, ਹੱਥਾਂ ਵਿਚ ਆਉਂਦੀ ਹੈ ਪਰ ਨਹੀਂ ਆਉਂਦੀ, ਇੰਨਾਂ ਪ੍ਰਤੀਤ ਹੁੰਦਾ ਹੈ ਕਿ ਕਿਸੀ ਮਿੱਠੀ ਨੀਂਦਰ ਨੇ ਆਣ ਟੁੰਬ ਉਠਾਲਿਆ ਹੈ। ਇਨ੍ਹਾਂ ਲੇਖਾਂ ਵਿਚ ਉਸ ਅਣਮੁੱਲੀ ਲਿਸ਼ਕ ਦੀ ਕਿਧਰੇ ਕਿਧਰੇ ਧਾਰੀ ਵਗੀ ਦਿਸ ਆਵੇਗੀ।

ਖ਼ਿਆਲ ਸੋਚੇ ਨਹੀਂ ਜਾਂਦੇ, ਆਪ ਮੁਹਾਰੇ ਚਿੱਟੇ ਬਾਜਾਂ ਵਾਂਗ ਉਡਾਰੀ ਮਾਰ ਨੀਲੇ ਗਗਨ ਵਿਚ ਆਪਣੇ ਸੁਹਣੇ ਫੰਗਾਂ ਦੀ ਫਰਫਰਾਟ ਵਿਚ ਰੂਪਮਾਨ ਹੁੰਦੇ ਹਨ। ਦੁਖੀ ਦੁਖੀ ਵਿਛੜੇ ਮਿਲੇ, ਦੋਹਾਂ ਦੇ ਨੈਣ ਅੱਗਮ ਦੇ ਜਲ ਨਾਲ ਭਰ ਜਾਂਦੇ ਹਨ, ਕਿਸੀ ਅੱਗਮ ਰਸ ਦੀ ਝੋਕ ਦਾ ਝੂਟਾ ਹੈ। ਆਪੇ ਲਿਖੇ ਗਏ ਹਨ, ਏਵੇਂ ਮੈਂ ਉਹ ਜਿਨੂੰ ਗੱਲ ਕਰਨੀ ਨਹੀਂ ਆਉਂਦੀ, ਇਕ ਸਤਰ ਜੋੜਨੀ ਔਖੀ ਹੋ ਜਾਂਦੀ ਹੈ।

**ਛੰਦ ਸੈਲਾਨੀ** ਦਾ ਜ਼ਿਕਰ ਆਇਆ ਹੈ, ਛੰਦਾਬੰਦੀ ਵਿਚ ਆਮ ਤੌਰ ਤੇ ਫਰਾਕ ਕੋਟ ਤੇ ਟਾਈ ਤੇ ਕਾਲੇ ਰੰਗ ਦੀ ਜੁਤੀ ਆਦਿ ਦੀ ਨਥਾਬੀ ਕੈਦ ਮੈਨੂੰ ਕਵਿਤਾ ਦੇ ਪ੍ਰਭਾਵ ਲਈ ਸਦਾ ਦਿਸਦੀ ਹੈ। ਕਵੀ ਮੈਂ ਹੋਇਆ ਨਾਂਹ ਤੇ ਛੰਦ ਦੀ ਚਾਲ ਪਤਾ ਨਹੀਂ, ਪਰ ਸ਼ੈਲੇ ਦੀ **ਫਿਲਾਸਫੀ ਔਫ ਲਵ** ਦਾ ਅੰਦਾਜ਼ ਪਤਾ ਹੈ, ਉਹ ਐਸਾ ਹੈ ਕਿ ਜੇ ਪੁਠੇ ਸਿਧੇ ਲਫਜ਼ ਵੀ ਰੱਖ ਦਿੱਤੇ ਜਾਵਣ ਤਾਂ ਵੀ ਉਸ ਮਾਖਿਓਂ ਨਾਲ ਹੋਠ ਜ਼ਰੂਰ ਜੁੜ ਜਾਂਦੇ ਹਨ। ਉਹ ਜੁੜੇ ਹੋਠ ਤੇ ਉਹ ਦਸਵੇਂ ਦਵਾਰ ਪਹੁੰਚੇ ਸਵਾਦ ਦਾ ਇਕ ਛੰਦ ਹੈ ਜਿਨੂੰ ਮੈਂ ਸੈਲਾਨੀ ਛੰਦ ਨਾਮ ਦੇਣ ਦੀ ਬੇ-ਖਤਰ ਹੋ ਦਲੇਰੀ ਕੀਤੀ ਹੈ। ਮਤਲਬ ਇਹ ਹੈ ਕਿ ਘੜੀ ਦਾ ਪੈਂਡੂਲੈਮ ਜਰਾ ਅਸਲੀਅਤ ਵਲ ਸੁਟਿਆ ਜਾਵੇ, ਕਾਵਯ ਦੇ ਰਸ ਦਾ ਮਾਖਿਓਂ ਜ਼ਿਆਦਾ ਚੱਖਿਆ ਜਾਵੇ, ਤੇ ਤੁਕਬੰਦੀ ਥੀਂ ਦਰਹਕੀਕਤ ਆਮ ਮਖਲੂਕ ਤੇ ਖਾਸ ਕਰ ਪੜ੍ਹੇ ਲਿਖੇ ਬੰਦਿਆਂ ਦਾ ਮਨ ਕੁਛ ਉਪ੍ਰਾਮ ਹੋਵੇ। ਕਿਸੀ ਵਕਤ ਤੁਕਬੰਦੀ ਦਾ ਮਸਨੂਈ ਰਾਜ ਸਾਡੇ ਕੰਨਾਂ ਨੂੰ ਆਦਤ ਪਾ ਦਿੰਦਾ ਹੈ ਕਿ ਅਸੀਂ ਸੱਚ ਦੀ ਸਾਦਗੀ ਨੂੰ ਸੱਚ ਰੂਪ ਕਰਕੇ ਸੁਣੀਏ ਹੀ ਨਾਂਹ। ਇਹ ਛੰਦਾਬੰਦੀ ਨਾਲ ਬੇਸਬਰੀ ਮੇਰੀ ਤਬੀਅਤ ਦੀ ਕਮਜੋਰੀ ਸਮਝੋ ਤਦ।

ਜਾਪਾਨ ਦੇ ਲੋਕਾਂ ਦੇ ਜੀਵਨ ਤੇ ਜੀਵਨ ਆਦਰਸ਼ਾਂ ਵਲ ਕਈ ਇਸ਼ਾਰੇ ਕੀਤੇ ਹਨ। ਮੈਂ ਤਕਰੀਬਨ 4 ਸਾਲ ਆਪਣੀ ਜਵਾਨੀ ਵਿਚ ਜਾਪਾਨ ਰਿਹਾ ਹਾਂ ਅਰ ਉਨ੍ਹਾਂ ਦਾ ਜੀਵਨ ਅੱਖੀਂ ਡਿੱਠਾ ਹੈ।

Digitized by Panjab Digital Library | www.panjabdigilib.org

ਪੰਜਾਬੀ ਬੋਲੀ ਮੈਂ ਮਾਂ ਦੇ ਦੁੱਧ ਨਾਲ ਇਨੀ ਨਹੀਂ ਸਿਖੀ, ਹੁਣ ਵੀ ਪੈਂਤੀ ਦੇ ਕੋਈ ਅੱਖਰ ਮੈਨੂੰ ਲਿਖਣੇ ਨਹੀਂ ਆਉਂਦੇ। ਪਰ ਜਦ ਮੈਂ ਘਰ ਆਇਆ, "ਬਾਪੂ ਨੇ ਦਿਲਾਸਾ ਦਿੱਤਾ," ਉਹ ਗੁਰੂ ਜੀ ਦੀ ਮਿਹਰ ਦਾ ਦਰਵਾਜ਼ਾ ਜਿੱਥੋਂ ਮੈਂ ਨਸ ਕੇ ਚਲਾ ਗਿਆ ਸੀ, ਮੁੜ ਖੁਲ੍ਹਿਆ, ਮੈਨੂੰ ਅੰਦਰ ਮੁੜ ਦਾਖਲ ਕੀਤਾ ਗਿਆ। ਮੈਂ ਬਖਸ਼ਿਆ ਗਿਆ, ਗੁਰੂ ਜੀ ਦੇ ਦੇਸ, ਸਿਖੀ ਸਿਦਕ ਤੇ ਗੁਰੂ ਜੀ ਦੇ ਚਰਨਾਂ ਦਾ ਪਿਆਰ ਮੁੜ ਮਿਲਿਆ। ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂਪੁਰਖ ਦੇ ਦੀਦਾਰ ਹੋਏ, ਅਰ ਆਪ ਦੇ ਕਿਰਪਾ ਕਟਾਖਯ ਨਾਲ ਪੰਜਾਬੀ ਸਹਾਤਿਯ ਦਾ ਸਾਰਾ ਬੋਧ ਤੇ ਖਿਆਲ ਦੀ ਉਡਾਰੀ ਆਈ। ਕਵਿਤਾ ਵੀ ਮਿਲੀ, ਤੇ ਉਸੀ ਮਿਹਰ ਦੀ ਨਜ਼ਰ ਵਿਚ। ਉਸੀ ਮਿੱਠੇ ਸਾਧ ਵਚਨ ਵਿਚ ਮੈਨੂੰ ਪੰਜਾਬੀ ਬੋਲੀ ਆਪ ਮੁਹਾਰੀ ਆਈ। ਆਪ ਮੁਹਾਰੀ ਆਈ ਚੀਜ਼ ਦੇ ਔਗੁਣ ਸਭ ਸ਼ਖਸੀ ਹੁੰਦੇ ਹਨ, ਤੇ ਗੁਣ ਕੁਲ ਉਸ ਬਖਸ਼ਣ ਵਾਲੇ ਦੇ। ਸੋ ਮੈਂ ਹਾਂ ਤੇ ਉਹ ਨਿਮਾਣਾ ਦਰ ਭਿੱਖ ਮੰਗਦਾ, ਪਰ ਮੇਰੀ ਅੱਖ ਦੀ ਲਾਲੀ ਉਨ੍ਹਾਂ ਦੀ ਹੈ। ਮੇਰੇ ਦਿਲ ਵਿਚ ਇਕ ਮਘਦੀ ਹੀਰੇ ਦੀ ਕਣੀ ਚਮਕਦੀ ਹੈ, ਉਹ ਉਨ੍ਹਾਂ ਦੀ ਹੈ। ਤੇ ਬਾਲਕ ਨੂੰ ਕੀ ਖਬਰ ਹੁੰਦੀ ਹੈ, ਕੀ ਹੈ, ਮਾਂ ਨੇ ਗਹਿਣੇ ਪਾ ਦਿੱਤੇ, ਕੇਸਾਂ ਵਿਚ ਮੇਰੇ ਮੋਤੀ ਚਮਕ ਰਹੇ ਹਨ। ਹਵਾ ਹਿਲਾਂਦੀ ਹੈ ਹਿਲਦੇ ਹਨ, ਕਿਰਨ ਪੈਂਦੀ ਹੈ ਡਲ੍ਹਕਦੇ ਹਨ।

ਸਖੀ ਸਹੇਲੀ ਨੇ ਫੁੱਲ ਲਟਕਾ ਦਿਤੇ ਲਟਕਦੇ ਹਨ। ਇਹ ਜੀਵਨ ਮੌਜ ਹੈ, ਆਪ ਦੀ ਬਖਸ਼ਸ਼ ਹੈ, ਦਾਤ ਹੈ, ਰੂਪ ਹੈ, ਬਿਨ ਸਾਧਨ ਸਿਧੀ ਹੈ, ਫੁੱਲਾਂ ਵਿਚ ਗੁਰੂ ਦੀ ਯਾਦ ਚਮਕ ਰਹੀ ਹੈ। ਸ਼ੁਕਰ ਹੈ ਓਸ ਅੱਗਮੀ ਫੁੱਲ ਦਾ, ਜਿਹੜਾ ਬਲਦੀ ਮਸ਼ਾਲ ਵਾਂਗ ਮੋਏ ਦਿਲ-ਦੀਵੇ ਮੁੜ ਜਗਾ ਦਿੰਦਾ ਹੈ!!

ਇਸ ਪੁਸਤਕ ਵਿਚ ਜਿੰਨੇ ਨਮੂਨੇ ਨਸਰ ਤੇ ਨਜ਼ਮ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ **ਕਾਪੀਰਾਈਟ** ਪੁਸਤਕਾਂ ਵਿਚੋਂ ਦਿੱਤੇ ਹਨ ਉਹ ਆਪ ਜੀ ਦੀ ਆਗਿਆ ਲੈ ਕੇ ਦਿੱਤੇ ਗਏ ਹਨ, ਜਿਸ ਲਈ ਲੇਖਕ ਆਪਦਾ ਅਤੀ ਧੰਨਵਾਦੀ ਹੈ।

**ਪੂਰਨ ਸਿੰਘ**

Digitized by Panjab Digital Library | www.panjabdigilib.org

# ਤਤਕਰਾ


| ਨੰ : | | ਪੰਨਾ |
|---|---|---|
| 1. | ਪਿਆਰ | 1 |
| 2. | ਕਵਿਤਾ | 9 |
| 3. | ਕਵੀ ਦਾ ਦਿਲ | 19 |
| 4. | ਮਜ਼ਬ | 30 |
| 5. | ਆਰਟ | 38 |
| 6. | ਵਤਨ ਦਾ ਪਿਆਰ | 46 |
| 7. | ਇਕ ਜਾਪਾਨੀ ਨਾਇਕਾ ਦੀ ਜੀਵਨ ਕਥਾ | 51 |
| 8. | ਆਪਣੇ ਮਨ ਨਾਲ ਗੱਲਾਂ | 65 |
| 9. | ਕਿਰਤ | 72 |
| 10. | ਮਿਤ੍ਰਤਾ | 76 |
| 11. | ਘਲੋਈ ਗਲੇਸ਼ੀਅਰ (ਕਸ਼ਮੀਰ) ਦੀ ਯਾਤਰਾ (ਲੇਖਕ ਬੀਬੀ ਦਯਾ ਕੌਰ) | 83 |
| 12. | ਕੀਰਤ ਤੇ ਮਿੱਠਾ ਬੋਲਣਾ | 90 |
| 13. | ਪੰਜਾਬੀ ਸਾਹਿਤਯ ਪਰ ਕਟਾਖਯ | 95 |
| 14. | ਵੋਟ ਤੇ ਪਾਲਿਟਿਕਸ | 113 |
| 15. | ਚਲੰਤ ਨੋਟ | 121 |


Digitized by Panjab Digital Library | www.panjabdigilib.org

# ਪਿਆਰ

ਪਿਆਰ-ਮੱਲੋ ਮੱਲੀ ਰਾਹ ਜਾਂਦਿਆਂ ਪੈਂਦੇ ਹਨ, "ਨਿਹੁੰ ਨਾ ਲੱਗਦੇ ਜੋਰੀਂ"। ਇਹ ਇੱਕ ਅੰਦਰੋਂ ਅੰਦਰ ਦੀ ਲਗਾਤਾਰ ਖਿੱਚ ਹੈ, ਜਿਹੜੀ ਪਹਿਲਾਂ ਤਾਂ ਕਦੀ ਕਦੀ ਇਉਂ ਪੈਂਦੀ ਹੈ ਜਿਵੇਂ ਉਡਾਣ ਵਾਲੇ ਦਾ ਹੱਥ ਚੜ੍ਹੀ ਗੁੱਡੀ ਦੀ ਡੋਰ ਨੂੰ ਖਿੱਚਦਾ ਹੈ, ਤੇ ਇਓ ਇਲਾਹੀ ਤਨੁਕੇ ਖਾ ਖਾ ਪਿਆਰ ਇਕ ਲਗਾਤਾਰ ਦਰਦ ਦੀ ਸ਼ਕਲ ਵਿਚ ਅੰਦਰ ਵਸਣ ਲਗ ਜਾਂਦਾ ਹੈ, ਤੇ ਇਹ ਉਸੀ ਤਰ੍ਹਾਂ ਸਹਿਜ ਸੁਭਾ ਬਿਨਾ ਕਿਸੇ ਸਾਧਨ ਜਾਂ ਜਤਨ ਦੇ ਅੰਦਰ ਵਸਦਾ ਹੈ, ਜਿਵੇਂ ਦਯਾ, ਸੰਤੋਖ ਆਦਿ ਚਿੱਟੇ ਦੈਵੀ ਪਾਸੇ ਦੇ ਸੁਭਾਵਕ ਗੁਣ, ਯਾ ਕਾਲੇ ਹੈਵਾਨੀ ਪਾਸੇ ਦੇ ਸੁਭਾਵਕ ਔਗੁਣ :—ਬੇਰਹਿਮੀ, ਖ਼ੁਦਗਰਜ਼ੀ ਆਦਿ। ਸੁਭਾਵਕ ਗੁਣ ਔਗੁਣ ਇਕ ਹੀ ਵਸਤੂ ਦੇ ਸਿੱਧੇ ਪੁੱਠੇ ਪਾਸੇ ਹਨ:—ਅਹੰਕਾਰ ਕਰੂਪ ਹੋ ਸਕਦਾ ਹੈ ਤੇ ਉਹੋ ਹੀ ਅਹੰਕਾਰ ਰੂਪਵਾਨ। ਇਕ ਜ਼ਾਲਮ ਆਦਮੀ ਦਾ ਅਹੰਕਾਰ ਕਿਹਾ ਕਰੂਪ ਕੋਝਾ ਹੁੰਦਾ ਹੈ, ਤੇ ਇਕ ਦਿੱਬਯ ਜੋਤਿ ਕੰਨਯਾ ਦਾ ਜੋਬਨ ਮਦ ਨਾਲ ਸੁਗੰਧਿਤ ਅਹੰਕਾਰ ਕਿਹਾ ਰੂਪਵਾਨ ਹੁੰਦਾ ਹੈ। ਸਹਿਜ ਸੁਭਾ ਜਦ ਪਿਆਰ ਅੰਦਰ ਟਿਕ ਕੇ ਜੀਵਨ ਦਾ ਅਧਾਰ ਹੋ ਜਾਂਦਾ ਹੈ, ਸਭ ਚਿੱਟੇ ਕਾਲੇ ਗੁਣ ਔਗੁਣ ਦਿਵਯ ਗੁਣ ਹੋ ਜਾਂਦੇ ਹਨ।

ਇਖਲਾਕ, ਧਰਮ, ਕਰਮ, ਫਰਜ਼ ਆਦਿ ਦੀ ਵਿਦਯਾ ਸਿਲਸਿਲੇ ਵਾਰ ਪੜ੍ਹਾਣ ਦੀ ਲੋੜ ਨਹੀਂ ਪੈਂਦੀ, ਸੁਤੇ ਸਿੱਧ ਹੀ ਪਿਆਰ ਸਭ ਕੁਝ ਸਿੱਧਾ ਕਰ ਦਿੰਦਾ ਹੈ। ਉਹ ਧਰਮ, ਕਰਮ, ਫਰਜ਼, ਕੁਰਬਾਨੀ ਆਦਿ ਗੁਣ ਹੀ ਕੀ ਹੋਏ ਜੋ ਪੜ੍ਹਾ ਪੜ੍ਹਾ ਕੇ ਸਾਡੇ ਅੰਦਰ ਬਾਹਰੋਂ ਆਈ ਕਿਸੇ ਵਿਦਯਾ ਦਾ ਫਲ ਹੋਣ। ਜਿਹੜੀ ਚੀਜ ਫੁੱਟ ਕੇ ਅੰਦਰੋਂ ਸਹਿਜ ਸੁਭਾ ਨਹੀਂ ਨਿਕਲਦੀ, ਉਹ ਅੰਦਰ ਸੁੱਟੀ ਇਕ ਪਲਾਤੀ ਜਿਹੀ ਧਰੀ ਬਿਨਾ ਮੂਲ ਦੇ ਓਪਰੀ ਜਿਹੀ ਕੋਈ ਚੀਜ ਹੈ ਜਿਸ ਨਾਲ ਸਾਡਾ ਅੰਦਰ ਦਾ ਸੁਭਾ ਭਿੱਜ ਨਹੀਂ ਸਕਦਾ। ਜਿਹੜਾ ਪੁਰਖ ਕਿਸੇ ਡਰ ਕਰਕੇ ਚੋਰੀ, ਯਾਰੀ ਆਦਿ ਔਗੁਣਾਂ ਥੀਂ ਬਚਦਾ ਹੈ, ਉਹ ਹਾਲੇਂ ਅੰਦਰ ਦੇ ਸਹਿਜ ਸੁਭਾ ਉਪਜੇ ਇਖਲਾਕ ਦਾ ਜਾਣੂ ਨਹੀਂ। ਉਹ ਭਾਵੇਂ ਕੋਈ ਪਾਪ ਨਹੀਂ ਕਰਦਾ ਤਦ ਵੀ ਹੈਵਾਨ ਹੈ ਤੇ ਬੇਸਮਝ ਪਾਪੀ ਹੈ, ਜਿਹਨੂੰ ਸੁੱਚੇ ਦਿਵਯ ਗੁਣਾਂ ਦੇ ਆਪਣੇ ਤੀਖਣ ਸੁਹਜ ਤੇ ਢੁਕਾ ਦਾ ਪਤਾ ਨਹੀਂ। ਜੋ ਆਪ ਮੁਹਾਰਾ ਦਿਵਯ ਲਿਸ਼ਕਾ ਨਹੀਂ ਦਿੰਦਾ ਉਹਦੇ ਕਿਸੀ ਦਬਾ ਹੇਠ ਬਣੇ ਗੁਣ ਵੀ ਆਰਜ਼ੀ ਹਨ, ਉਹਦੇ ਧਰਮ, ਕਰਮ ਸ਼ੁਭ, ਅਸ਼ੁਭ ਹਾਲੇ ਹਨੇਰੇ ਦੀਆਂ ਚੀਜਾਂ ਹਨ। ਉਨ੍ਹਾਂ ਦਾ ਨਾ ਉਸ ਦੇ ਆਪਣੇ ਅੰਦਰਲੇ ਜੀਵਨ ਤੇ ਨਾ ਉਹਦੇ ਲਗਾ



Digitized by Panjab Digital Library | www.panjabdigilib.org

ਵਿਚ ਆਏ ਮਨੁਖਾਂ ਤੇ ਕੋਈ ਸੁੱਚਾ ਜਾਂ ਸੱਚਾ ਪ੍ਰਭਾਵ ਪੈ ਸਕਦਾ ਹੈ। ਬਿਨਾ ਪਿਆਰ ਦੇ ਗਿਆਨ ਵੀ ਇਕ ਹਨੇਰਾ ਹੀ ਹੈ।

ਪਿਆਰ ਉੱਚੀ ਦਿਵਯ ਮਨੁਖਤਾ ਦੀ ਸਹਿਜ ਸੁਭਾ ਪ੍ਰਾਪਤੀ ਹੈ। ਕੁੱਲ ਸੰਸਾਰ ਮੇਰੇ ਜੀਵਨ ਨੂੰ ਉਹ ਲਿਸ਼ਕਾਂ ਦੇਣ ਲਈ ਹੈ, ਜਿਨ੍ਹਾਂ ਲਿਸ਼ਕਾਂ ਨੂੰ ਮੈਂ ਖਾ ਖਾ ਕੇ ਆਦਮੀ ਬਣ ਸੱਕਾ। ਜਦ ਪਿਆਰ ਅੰਦਰ ਸਥਾਈ ਭਾਵ ਹੋ ਜਾਏ, ਤਦ ਇਕ ਲੱਛਣ ਇਹ ਹੈ, ਕਿ ਉਸ ਬੰਦੇ ਨੂੰ ਉਸ ਪਿਆਰ ਕਰਨ ਵਾਲੇ ਨੂੰ, ਕੋਈ ਚੀਜ ਇਸ ਜਗਤ ਵਿਚ ਭੈੜੀ ਤੇ ਕਰੂਪ ਨਹੀਂ ਦਿਸਦੀ, ਉਹਦੇ ਨੈਣਾਂ ਵਿਚ ਸੁਹਣੱਪ ਦਾ ਇਕ ਨਿੱਕਾ ਨਿੱਕਾ ਮੀਂਹ ਪੈਂਦਾ ਦਿਸਦਾ ਹੈ। ਗੁਲਾਬ ਦੇ ਫੁੱਲ ਦਾ ਲਾਲ ਚਲੂਲਾ ਖੇੜਾ ਉਹਦੇ ਆਪਣੇ ਅੰਦਰ ਦੇ ਖੇੜੇ ਦਾ ਵੰਨ ਹੈ। ਤਾਰੇ ਉਹਨੂੰ ਕਿਸੇ ਦੇ ਸਹੰਸ੍ਰ ਨੈਣ ਦਿੱਸਦੇ ਹਨ। ਚਲਦੀ ਨਦੀ ਉਹਦੇ ਮਨ ਦਾ ਇਕ ਸੁਫਨਾ ਗਾਉਂਦੀ ਭਾਸਦੀ ਹੈ। ਪੱਥਰਾਂ ਵਿਚ ਰੂਪ ਬਣਦੇ ਤੇ ਬਿਨਸਦੇ ਹਨ। ਅਚਰਜ ਮਾਯਾ ਦੇ ਰੰਗਾਂ ਦੇ ਭੇਤ ਉਹਦੇ ਦਿਲਾਂ ਦੇ ਚਾ ਵਿਚ ਖੁਲ੍ਹਦੇ ਹਨ।

ਪਿਆਰ ਨਿਰੋਲ ਰੂਪ ਵਿਚ ਜੀਂਦਾ, ਪਲਦਾ, ਰਹਿੰਦਾ ਤੇ ਸੁਆਸ ਲੈਂਦਾ ਹੈ। ਪਿਆਰ **ਸ਼ੂਨਯ** ਫਿਲਸਫੇ ਦੇ 'ਸ਼ੂਨਯ' ਵਿਚ ਮਰ ਜਾਂਦਾ ਹੈ। ਜਿੱਥੇ ਰੂਪ ਦਾ ਅਭਾਵ ਹੋਵੇ ਉਹਦਾ ਉੱਥੇ ਪਹਿਲਾਂ ਤਾਂ ਸਾਹ ਘੁਟਦਾ ਹੈ ਤੇ ਜੇ ਫਿਰ ਹੋਰ ਵੀ ਦਬਾ ਪਵੇ ਉਹ ਮਰ ਜਾਂਦਾ ਹੈ, ਜੀ ਨਹੀਂ ਸਕਦਾ। ਰੂਪ ਸੁਹਣੱਪ ਦਾ ਆਪਣਾ ਨਾਮ ਹੈ। ਬਿਨਾ ਸੁਹਣੱਪ ਦੇ ਸਾਰੇ ਅਨੇਕ ਰੂਪਾਂ ਰੰਗਾਂ ਦੀ ਸੁਗੰਧੀ ਦੇ ਪਿਆਰ ਜੀ ਨਹੀਂ ਸੱਕਦੇ, ਪਰ [illegible] ਦਿਵਯ ਪਿਆਰ ਦਾ ਖ਼ਾਸਾ ਹੈ, ਕਿ ਉਹ ਉਨ੍ਹਾਂ ਧਾਰੇ ਰੂਪਾਂ ਨੂੰ ਵੇਖ ਵੇਖ ਆਪੇ ਵਿਚ ਹੀ ਵਿਗਸਦਾ ਹੈ। ਵਿਗਸਣ ਉਹਦਾ ਆਪਣੇ ਅੰਦਰ ਦਾ ਖੇੜਾ ਹੈ ਜਿਹੜਾ **ਬਾਹਰ** ਨੂੰ ਵੇਖ ਵੇਖ ਰੀਝਦਾ ਹੈ ਸੋਖਦਾ ਹੈ, ਮੁਸ਼ਕਦਾ ਹੈ। ਪਰ **ਬਾਹਰ** ਨੂੰ ਫੜਨ ਲਈ **ਪਿਆਰ** ਦੀਆਂ ਕੋਈ ਇੰਦ੍ਰੀਆਂ ਨਹੀਂ ਜਿਨ੍ਹਾਂ ਨਾਲ ਉਹ ਆਪਣੇ ਕੇਂਦਰ ਥੀਂ ਉੱਥਾਨ ਹੋ ਕੇ ਉਨ੍ਹਾਂ ਨੂੰ ਫੜਨ ਲਈ ਕਦੀ ਬਾਹਰ ਆ ਸਕੇ। ਪਿਆਰ ਸਦਾ ਗਿਆਨੀ ਹੁੰਦਾ ਹੈ, ਉਹ ਅੱਲ੍ਹਾ ਬਚਪਨ ਨਹੀਂ ਹੁੰਦਾ ਜਿਸ ਕਰਕੇ ਇਕ ਨੰਗਾ ਬੱਚਾ ਘੁੰਘਰੂ ਪਾਏ, ਤੜਾਗੀ ਨਿੱਕੇ ਜਿਹੇ ਲੱਕ ਨਾਲ ਬੱਧੀ ਸੋਹਣੀਆਂ ਤਿੱਤਲੀਆਂ ਨੂੰ ਫੜਨ ਲਈ ਬਾਂਹ ਅੱਡ ਕੇ ਨੱਸੀ ਫਿਰਦਾ ਹੈ। ਕੁਛ ਹੋਰ ਭਾਨ ਪਿਆਰ ਦੇ ਇਕ ਦੋ ਦ੍ਰਿਸ਼ਟਾਂਤਾਂ ਨਾਲ ਹੀ ਦਰਸਾਏ ਜਾ ਸਕਦੇ ਹਨ। ਇਹ ਨਿਸ਼ਾਨ ਇਕ ਉੱਚੀ ਥਾਂ ਬੈਠੇ ਨਜ਼ਾਰੇ ਨੂੰ ਵੇਖਣ ਵਾਲੇ ਪੰਖੀ ਦੇ ਮਨ ਦੀ ਅਵਸਥਾਂ ਵਾਂਗ ਕੋਈ ਚਮਕਦੀ ਟੀਸੀ ਦੇ ਜੀਵਨ ਦੀਆਂ ਉਚਾਈਆਂ ਵਿਚ ਲਿਸ਼ਕਦੀ ਹੋਈ ਸ਼ੈ ਹਨ। ਲਾਹੌਰ ਦੀਆਂ ਗੰਦੀਆਂ ਗਲੀਆਂ ਤੇ ਸ਼ਹਿਰ ਦੀਆਂ ਬਦਬੋਆਂ ਥੀਂ ਨਿਕਲ ਕੇ ਜੇ ਕਿਸੇ ਬੰਦੇ ਨੂੰ ਯਕਾ-ਯਕ ਕਸ਼ਮੀਰ ਦੀਆਂ ਕੇਸਰ ਕਿਆਰੀਆਂ ਵਿਚ ਜਾ ਬਹਾਲੀਏ, ਓਧਰ ਕੇਸਰ ਖਿੜਿਆ ਹੋਵੇ, ਉੱਪਰ ਚੰਨ ਤੇ ਤੱਲੇ ਚਕੋਰ ਦੀ ਪੈਲ ਤੇ ਕੂਹਕ, ਖ਼ੁਸ਼ਬੂ ਤੇ ਠੰਢੀ ਸਮੀਰ ਤੇ ਉਚਾਈ ਤੇ ਬੈਠੇ ਦਾ ਸਹਿਜ ਸੁਭਾ ਉਹੋ ਜਿਹੀ ਫੁੱਲਾਂ ਦੇ ਅਹੰਕਾਰ ਵਰਗੀ ਕੋਈ ਨਸ਼ੀਲੀ ਮਟਕ, ਜਿਵੇਂ ਉਸ ਬੰਦੇ ਦਾ ਚਾ, ਸ਼ੌਕ ਫੁੱਟੇ, ਜਿਵੇਂ ਉਹਨੂੰ ਨਸ਼ਾ ਚੜ੍ਹੇ, ਤਿਵੇਂ ਹੀ **ਪਿਆਰ** ਜਿੱਥੇ ਆਉਂਦਾ ਹੈ ਉੱਥੇ ਉਹ ਨਿੱਕਾ ਨਿੱਕਾ ਸਦਾ ਰਹਿਣ ਵਾਲਾ ਨਸ਼ਾ ਜਿਹਾ ਚੜ੍ਹਿਆ ਰਹਿੰਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਪਿਆਰ ਵਾਲਾ ਅਮੀਰ ਹੁੰਦਾ ਹੈ, ਉਹਨੂੰ ਕੋਈ ਲੋੜ ਨਹੀਂ ਹੁੰਦੀ, ਆਸ਼ਾ ਤ੍ਰਿਸ਼ਨਾ ਥੀਂ ਰਹਿਤ ਹੁੰਦਾ ਹੈ।

Digitized by Panjab Digital Library | www.panjabdigilib.org

ਜਿਵੇਂ ਦਰਿਯਾ ਕਿਨਾਰੇ ਕੋਈ ਆਦਮੀ ਗਰਮੀਆਂ ਦੀ ਰੁੱਤ ਵਿਚ ਚਾਨਣੀ ਰਾਤ ਵੇਲੇ ਕੱਪੜੇ ਲਾਹ ਕੇ ਨਰਮ ਨਰਮ ਠੰਢੀ ਚਿੱਟੀ ਰੇਤ ਤੇ ਲੇਟਦਾ ਹੈ, ਫਿਰ ਛਾਲ ਮਾਰਦਾ ਹੈ ਤੇ ਸਾਰੀ ਗਰਮੀ ਤੇ ਮੈਲ ਲਾਹ ਕੇ ਠੰਢਾ ਹਲਕਾ ਹੁੰਦਾ ਹੈ; ਤੇ ਇਕ ਤਰ੍ਹਾਂ ਦੀ ਖਿਣਕ ਮੋਖ ਪ੍ਰਤੀਤ ਕਰਦਾ ਹੈ, ਆਤਮ ਆਜ਼ਾਦੀ ਨੂੰ ਅਨੁਭਵ ਕਰਦਾ ਹੈ, ਤਿਵੇਂ ਜਿੱਥੇ ਪਿਆਰ ਆਉਂਦਾ ਹੈ, ਉਹ ਪੁਰਖ ਸਦਾ ਨ੍ਹਾਤਾ ਜਿਹਾ ਠੰਢਾ, ਸੁਬਕ, ਹਲਕਾ ਫੁੱਲ ਵਰਗਾ ਆਪਣੇ ਆਪ ਵਿਚ ਹੁੰਦਾ ਹੈ। ਕਦੀ ਜੇ ਕਿਸੇ ਮਹਾਂ ਪੁਰਖ ਦਾ ਆਪ ਅੰਦਰ ਪਿਆਰ ਹੈ ਤੇ ਦਰਸ਼ਨ ਕਰਨ ਦਾ ਭਾਗ ਹੋਇਆ ਹੋਵੇ, ਤਦ ਇਹ ਮੇਰੀ ਹੱਡ ਬੀਤੀ ਗੱਲ, ਇਹ ਕਈ ਵੇਰ ਤਜਰਬੇ ਕੀਤੀ ਗੱਲ ਹੈ, ਕਿ ਮਹਾਂ ਪੁਰਖਾਂ ਨੂੰ ਮਿਲ ਕੇ ਕਈ ਦਿਨ ਇਉਂ ਜਾਪਦਾ ਹੈ ਜਿਵੇਂ ਹਰ ਵੇਲੇ ਕਿਸੀ ਨਦੀ ਵਿਚ ਅਸ਼ਨਾਨ ਹੋ ਰਹੇ ਹਨ। ਦਿਲ, ਦਿਮਾਗ, ਜਿਸਮ ਸਭ ਹਲਕੇ ਹਲਕੇ, ਫੁੱਲ, ਧੋਤੇ ਧਾਤੇ ਮੋਤੀ ਦਿੱਸਦੇ ਹਨ। ਇਉਂ ਕੁਝ ਹੁੰਦਾ ਹੈ, ਜਿਵੇਂ ਗਰਮੀ ਦੀ ਰੁੱਤ ਦੇ ਧੂੜ ਪਏ ਬ੍ਰਿਛਾਂ ਨੂੰ ਹੁਣੇ ਹੀ ਸਾਵਣ ਦੀ ਬਰਖਾ ਨ੍ਹਾ ਕੇ ਲੰਘੀ ਹੈ। ਪਿਆਰ ਦੀ ਛੋਹ ਜੀਆ ਦਾਨ ਵਾਲੀ ਹੁੰਦੀ ਹੈ, ਪਿਆਰ ਨੂੰ ਪਾ ਕੇ ਜੀਵਨ ਕਣੀ ਅੰਦਰ ਆਣ ਵੱਸਦੀ ਹੈ ਤੇ ਮੌਤ ਇਕ ਭਰਮ ਜਿਹਾ ਦਿੱਸਦਾ ਹੈ।

ਪਿਆਰ ਦਾ ਇਕ ਅਚਰਜ ਕੌਤਕ ਹੈ, ਕਿ ਜਿੱਥੇ ਹੋਵੇ ਉੱਥੇ ਆਪਣੀ ਜਿੰਦ, ਜਾਨ, ਰੂਹ, ਸਭ ਕੁਛ ਪਿਆਰ ਦੇ ਹਵਾਲੇ ਕਰਨ ਤੇ ਦਿਲ ਕਰਦਾ ਹੈ ਤੇ ਬਿਹਬਲ ਹੋ ਪਿਆਰ ਦੇ ਹਵਾਲੇ ਸਾਰਾ ਆਪਾ ਤੇ ਸਭ ਕੁਛ ਕਰ ਦਿੱਤਾ ਜਾਂਦਾ ਹੈ।

ਜਿਵੇਂ ਅਰਸ਼ਾਂ ਦੀ ਕੋਈ ਸੱਚੀ ਚੀਜ ਹੋਵੇ ਤੇ ਉਹਦਾ ਪ੍ਰਤੀਬਿੰਬ ਹੇਠਾਂ ਪਵੇ, ਚੰਨ ਤਾਂ ਗਗਨ ਵਿਚ ਚਮਕੇ ਪਰ ਸਾਡੇ ਪਿੰਡ ਦੇ ਛੱਪੜ ਵਿਚ ਵੀ ਚੰਨ ਦਿੱਸੇ, ਅਸੀ ਨੱਸੀਏ ਤੇ ਛੱਪੜ ਵਿਚ ਚਮਕਦਾ ਚੰਨ ਵੀ ਨਾਲ ਨਾਲ ਨੱਸੇ ਤੇ ਅਸੀ ਪ੍ਰਤੀਬਿੰਬ ਤੇ ਇੰਨੇ ਭੁਲ ਜਾਈਏ ਕਿ ਹੱਥ ਵੀ ਲੰਮੇ ਕਰੀਏ, ਪਰ ਛਪੜ ਦਾ ਚੰਨ ਸਾਡੀ ਜੱਫੀ ਵਿਚ ਨਹੀਂ ਆਉਂਦਾ। ਤਿਵੇਂ ਹੀ **ਪਿਆਰ** ਰੂਹ ਦਾ ਇਕ ਪ੍ਰਭਾਵ ਹੈ, ਰੂਹ ਦਾ ਇਕ ਆਪਣਾ ਧੁਰਾਂ ਦਾ ਸੁਭਾਵ ਹੈ। ਜਿਵੇਂ ਚੰਨ ਦਾ ਸੁਭਾਵ ਚਾਨਣ ਤਿਵੇਂ ਰੂਹ ਦਾ ਪ੍ਰਕਾਸ਼ ਪਿਆਰ ਹੈ। ਜਦ ਰੂਪਾਂ ਵਿਚ ਉਸਦਾ ਪ੍ਰਤਿਬੰਬ ਪੈਂਦਾ ਹੈ, ਰੂਪ ਦੀਆਂ ਮੂਰਤੀਆਂ ਵਿਚ ਉਹਦੀ ਖਿੱਚ ਵਜਦੀ ਹੈ। ਅਸੀ ਬਾਲਕਾਂ ਵਾਂਗ ਪਿਆਰ ਦੇ ਸਦਾ ਉਡਾਰੂ ਤੇ ਸਦਾ ਨਾ ਪਕੜੇ ਜਾਣ ਵਾਲੇ ਪ੍ਰਭਾਵ ਨੂੰ ਆਪਣੇ ਦੋਹਾਂ ਹੱਥਾਂ ਵਿਚ ਫੜਨ ਨੂੰ ਦੌੜਦੇ ਹਾਂ। ਤੇ ਜਦ ਫੜਿਆ ਨਹੀਂ ਜਾਂਦਾ, ਅਸੀ ਕਹਿੰਦੇ ਹਾਂ ਪਿਆਰ ਹੈ ਹੀ ਕਿਤੇ ਨਹੀਂ। ਜਿੱਥੇ ਪਿਆਰ ਨਾਜ਼ਲ ਹੁੰਦਾ ਹੈ, ਉਸ ਆਪਣੇ ਦਿਲ ਦੇ ਮੰਦਰ ਦੇ ਬੂਹੇ ਖੁਲ੍ਹੇ ਸੁੱਟ ਕੇ ਅਸੀਂ ਬਾਹਰ ਦੌੜ ਪੈਂਦੇ ਹਾਂ। ਬਾਹਰ ਮਿਲਦਾ ਨਹੀਂ ਤੇ ਬੁੱਢੇ ਵਾਰੇ ਸਾਰੀ ਜ਼ਿੰਦਗੀ ਦੀ ਪਿਆਰ ਦੇ ਟੋਲ ਦੀ ਥਕਾਨ, ਨਿਰਾਸਤਾ, ਸਫ਼ਰ ਤੇ ਤਲਾਸ਼ ਦਾ ਘੱਟਾ ਤੇ ਮੈਲ, ਸਾਡੇ ਉੱਪਰ ਆਣ ਜੰਮਦੀ ਹੈ, ਤੇ ਜਿੱਥੇ ਜੀਵਨ ਨੇ ਪੱਕੇ ਫਲ ਵਾਂਗ ਰੰਗ, ਰੂਪ ਰਸ, ਅੰਮ੍ਰਿਤ ਤੇ ਮਿੱਠੇ ਰਸ ਨਾਲ ਭਰੀ ਡਾਲੀ ਨਾਲੋਂ ਵਿਛੜਨਾ ਸੀ, ਉਥੇ ਅਸੀ ਹੌਕੇ ਖਾਂਦੇ, ਜਗਤ ਨੂੰ ਕਾਲਾ ਤੇ ਭੈੜਾ ਤੇ ਕਰੂਪ ਵੇਖਦੇ, ਰੱਬ ਨੂੰ ਉਲਾਹਮੇ ਦੇਂਦੇ, ਮੌਤ ਵਲ ਇਕੁਰ ਜਾਂਦੇ ਹਾਂ ਜਿਵੇਂ ਹਥਕੜੀ ਲੱਗਾ ਕੈਦੀ ਜੇਹਲ ਖਾਨੇ ਦੀ ਕਾਲੀ ਕੋਠੜੀ ਵਲ ਜਾਂਦਾ ਹੈ। ਇਹ ਸਾਡਾ ਤਜਰਬਾ ਕਾਲਖ ਦਾ ਢੇਰ ਹੈ ਕਿ ਅਸੀਂ ਜਵਾਰੀਆਂ ਵਾਂਗ ਰੂਹ ਨੂੰ ਹਾਰ ਚੁਕੇ ਹਾਂ।

Digitized by Panjab Digital Library / www.panjabdigilib.org

ਇਸ ਵਿਚ ਕੁਛ ਸ਼ੱਕ ਨਹੀਂ ਕਿ ਐਸੇ ਮੌਕੇ ਆਉਂਦੇ ਹਨ ਜਦ ਪਿਆਰ ਤੇ ਉਹਦੇ ਪ੍ਰਤਿਬਿੰਬ ਵਿਚ ਫਰਕ ਕਰਨਾ ਕੁਫਰ ਹੋ ਜਾਂਦਾ ਹੈ, ਪਰ ਉਹ ਦੇਵਤਿਆਂ ਦੇ ਰਚੇ ਕੌਤਕਾਂ ਦੇ ਅਕਹਿ ਹੋ ਰੰਗ ਹਨ। ਮਜਨੂੰ ਲੈਲੀ ਤੇ ਆਸ਼ਕ ਹੁੰਦਾ ਹੈ। ਸੱਚ ਕਿ ਕੂੜ, ਕਹਿੰਦੇ ਹਨ ਕਿ ਲੈਲੀ ਕੋਈ ਮੰਨੀ ਪ੍ਰਮੰਨੀ ਸੋਹਣੀ ਯੁਵਤੀ ਨਹੀਂ ਸੀ ਤੇ ਕੁਛ ਇਹ ਗੱਲ ਇਸ ਥੀਂ ਵੀ ਸਿਧ ਹੁੰਦੀ ਹੈ ਕਿ ਅਖਾਣ ਹੈ, ਕਿ ਭਾਈ ਲੈਲੀ ਨੂੰ ਤਾਂ ਮਜਨੂੰ ਦੀ ਅੱਖ ਨਾਲ ਵੇਖਣਾ ਲੋੜੀਏ। ਇਥੇ ਲੈਲੀ ਤੇ ਮਜਨੂੰ ਦੀ ਰੂਹ ਵਿਚ ਭੇਤ ਹੀ ਨਹੀਂ ਰਿਹਾ ਸੀ ਉਹ ਖਿੱਚ, ਉਹ ਤੀਖਣਤਾ, ਉਹ ਦਰਦ, ਉਹ ਅਸ਼ਾਕੀ ਆ ਵੱਸੀ ਕਿ ਮਜਨੂੰ ਨੂੰ ਆਪਣਾ ਆਪ ਭੁਲ ਗਿਆ, ਆਪਣਾ ਆਪ ਕੀ ਭੁਲਣਾ ਸੀ, ਸ਼ਰੀਰ ਭੁੱਲ ਗਿਆ। ਰੂਹ ਹੀ ਰੂਹ, ਲੈਲੀ ਦੀ ਯਾਦ ਹੀ ਯਾਦ, ਖਿੱਚ ਹੀ ਖਿੱਚ ਜੀਣ ਹੋ ਗਿਆ। ਲੈਲੀ ਦੀ ਯਾਦ ਬਿਨਾ ਮਜਨੂੰ ਜੀ ਨਹੀਂ ਸੀ ਸਕਦਾ। ਪ੍ਰਾਪਤੀ ਤੇ ਅਪ੍ਰਾਪਤੀ ਦੀ ਕਾਂਖਿਆ ਥੀਂ ਉਪਰ ਜੀਂਦਾ ਸੀ। ਕਹਿੰਦੇ ਹਨ ਨੌਰੋਜ਼ ਵਾਲੇ ਦਿਨ ਯਾ ਕਿਸੇ ਹੋਰ ਦਿਨ, ਲੈਲੀ ਗਰੀਬ ਗੁਰਬੇ ਨੂੰ ਇਕੱਠਾ ਕਰਕੇ ਇਕ ਮੇਲਾ ਜਿਹਾ ਕਰਦੀ ਸੀ ਤੇ ਸਭ ਨੂੰ ਤੁਹਫੇ ਦਿੰਦੀ ਸੀ, ਭਾਵੇਂ ਮਜਨੂੰ ਨੂੰ ਵੇਖਣ ਲਈ ਹੀ ਘਰ ਲੁਟਾਂਦੀ ਸੀ। ਪਰ ਮਜਨੂੰ ਨੂੰ ਇਕ ਪਾਗਲ ਜਿਹਾ ਫਕੀਰ ਹੋ ਚੁਕਾ ਸੀ, ਉਹ ਆਪਣੇ ਠੂਠੇ ਵਿਚ ਕਈ ਦਰਵਾਜ਼ੇ ਮੰਗ ਕੇ ਰੋਜ਼ ਦਾ ਨਿਰਬਾਹ ਕਰਦਾ ਸੀ, ਉਹ ਵੀ ਲੈਲੀ ਦੇ ਸੱਦੇ ਮੇਲੇ ਉਪਰ ਅੱਪੜਦਾ ਸੀ ਵਿਚਾਰੇ ਦੀ ਵਾਰੀ ਸਭ ਤੋਂ ਅਖੀਰ ਆਉਂਦੀ ਸੀ, ਤੇ ਜਦ ਆਉਂਦੀ ਸੀ ਮਿਲਦਾ ਕੁਛ ਨਹੀਂ ਸੀ, ਬੱਸ ਤਦੋਂ ਹੱਥ ਤੇ ਹੱਥ ਮਾਰ ਕੇ ਲੈਲੀ ਮਜਨੂੰ ਦੀ ਮੰਗੀ ਭਿੱਛਾ ਡੋਹਲ ਦਿੰਦੀ ਸੀ, ਕਾਸਾ ਮਿੱਟੀ ਦਾ ਟੁੱਟ ਜਾਂਦਾ ਸੀ। ਕਹਿੰਦੇ ਹਨ, ਮਜਨੂੰ ਇਸ ਹੱਥ ਨਾਲ ਹੱਥ ਲੱਗਣ ਦੀ ਖੁਸ਼ੀ ਵਿਚ ਉਨਮੱਤ ਹੋ ਨਾਚ ਕਰਨ ਲਗ ਜਾਂਦਾ ਸੀ, ਕਦੀ ਓੜਕ ਦੀ ਖੁਸ਼ੀ ਵਿਚ ਬੇਹੋਸ਼ ਹੋ ਜਾਂਦਾ ਸੀ। ਜਿੱਥੇ ਬਾਹਰ ਦੇ ਪਦਾਰਥ ਬੱਸ ਇਨੀ ਇਕ ਹੱਥ ਲੱਗਣ ਦੀ ਛੋਹ ਨਾਲ ਰੂਹ ਨੂੰ ਇਨਾਂ ਅਨੰਤ ਜਿਹਾ ਖੇੜਾ ਦੇ ਦੇਣ, ਉਥੇ ਪਿਆਰ ਤੇ ਪਿਆਰ-ਪ੍ਰਤਿਬਿੰਬ ਇਕ ਹੋਏ ਹੁੰਦੇ ਹਨ।

ਇਸ ਅਰਥ ਵਿਚ ਪਿਆਰ ਜਿਸਮ ਦੀ ਮੌਤ ਹੈ, ਪਰ ਇਹ ਖਿਆਲ ਪੁਰਾਣਾ ਤੇ ਮੋਟਾ ਹੈ। ਜਿਸਮ ਦੀ ਮੌਤ ਨਹੀਂ ਜਿਸਮ ਵਿਚ ਵਸਦੇ ਹੈਵਾਨ ਦੀ ਮੌਤ ਹੈ, ਫੇਰ ਜਿਸਮ ਇਕ ਹਰੀ ਮੰਦਰ ਹੋ ਜਾਂਦਾ ਹੈ ਜਿਸ ਵਿਚ ਨਿਰੋਲ ਪਿਆਰ ਵਸਦਾ ਹੈ। ਪਿਆਰ ਉਹ ਅੰਦਰ ਦਾ ਰਸ ਹੈ, ਜਿਸ ਦੇ ਅੰਦਰ ਹੀ ਅੰਦਰ ਰਸੀਣ ਨਾਲ ਜੀਵਨ ਫੁੱਲ ਆਪੇ ਵਿਚ ਖਿੜਦਾ ਹੈ ਤੇ ਹੋਰ ਸਭ ਮਾਇਕ ਪਦਾਰਥ ਭੋਂ ਤੇ ਖਾਦ ਦਾ ਕੰਮ ਕਰਦੇ ਹਨ। ਜੀਂਦੇ ਬ੍ਰਿਛ ਨੂੰ ਜਲ, ਹਵਾ, ਚੰਨ, ਸੂਰਜ ਦਾ ਪ੍ਰਕਾਸ਼ ਸਭ ਮਿਲਦਾ ਹੈ। ਕਿਸ ਅਰਥ ? ਕਿ ਉਹ ਆਪਣੇ ਫੁੱਲ ਤੇ ਫਲ ਨੂੰ ਆਪ ਉਪਰ ਵਲ ਚਲ ਕੇ ਉੱਪਰ ਉੱਡ ਕੇ ਅੱਪੜੇ ਤੇ ਇਉਂ ਬ੍ਰਿਛ ਕਿਸੀ ਤਰ੍ਹਾਂ ਅਨੰਦ ਉਛਾਲਾ ਖਾ ਆਪਣੇ ਫੁੱਲ ਤੇ ਫਲ ਨੂੰ ਬੋਚੇ, ਤੇ ਬੋਚ ਕੇ ਬਨਾਸਪਤੀ ਜੀਵਨ ਵਿਗਸਦੇ ਹਨ। ਚੰਬਾ ਤਾਂ ਖਿੜਿਆ ਪਰ ਸਾਰੇ ਜਗਤ ਦਾ ਜ਼ੋਰ ਲੱਗਾ। ਚੰਬੇ ਦੇ ਫੁੱਲ ਦੇ ਖਿੜਨ ਦੇ ਸਾਧਨਾਂ ਦਾ ਜ਼ਿਕਰ ਕਰਨਾ ਸੂਰਜ ਨੂੰ ਦੀਵੇ ਦੇ ਪ੍ਰਕਾਸ਼ ਦਾ ਪਤਾ ਦੇਣ ਦੇ ਤੁੱਲ ਤੁੱਛਦਾ ਹੈ। ਬਦਲ ਆਏ ਤੇ ਨਿੱਕੇ-ਨਿੱਕੇ ਚੰਬੇ ਦੀ ਵੇਲ ਦੀਆਂ ਚੀਰਵੀਆਂ ਪੱਤੀਆਂ ਨੂੰ ਕਿਸੀ ਦੇ ਕੇਸ ਸਮਝ ਧੋ ਗਏ। ਹਵਾਵਾਂ ਆਈਆਂ, ਕਈਆਂ ਨਖਰਿਆਂ ਨਾਲ ਉਹ ਚੰਬੇ ਨੂੰ ਜੱਫੀਆਂ ਪਾ ਮਿਲੀਆਂ। ਕਿਰਣਾਂ ਨੇ ਚੁੰਮਿਆ, ਧਰਤ ਨੇ ਮਾਂ ਦੀ ਗੋਦ ਬਖਸ਼ੀ ਤੇ ਇਨ੍ਹਾਂ ਕਾਰਣਾਂ ਦੇ ਸਮੂਹ ਸਾਧਨਾਂ ਦੇ ਜੁਗਾ ਜੁਗੀ ਹੜ੍ਹ ਆਏ। ਇਕ ਜੀਂਦੀ ਕਣੀ ਵਾਲੇ ਬੀ ਨੂੰ ਆਪੇ ਵਿਚ ਇਕ ਰੂਹੀ ਬੂਟਾ ਮਿਲਿਆ।

Digitized by Panjab Digital Library | www.panjabdigilib.org

ਚੰਬੇ ਦੀ ਖਿੜੀ ਵੇਲ ਕਦੀ ਤੱਕੀ ਜੇ ? ਵੇਖੋ ਕਿਸ ਰੂਹਾਨੀ ਨਸ਼ੇ ਵਿਚ ਝੂਮ ਰਹੀ ਹੈ ਤੇ ਖ਼ੁਸ਼ਬੂ ਉਸ ਨਖਰੀਲੀ ਝੂਮ ਦਾ ਆਵੇਸ਼ ਹੈ। ਅੰਦਰ ਕੁਛ ਨਹੀਂ ਰਿਹਾ ਸਭ ਰੂਹ ਬਾਹਰ ਹੋ ਗਿਆ ਹੈ ਤੇ ਬਾਹਰ ਕਿੱਥੇ ਹੈ ? ਚੰਬੇ ਦੇ ਨੈਣ ਫੁੱਲਾਂ ਵਿਚ ਯੋਗੀ ਦੇ ਨੈਣਾਂ ਥੀਂ ਵਧ ਬੰਦ ਪਏ ਹੋਏ ਹਨ। ਇਹ ਖੇੜਾ ਬਾਹਰ ਨਹੀਂ, ਅੰਦਰ ਰੂਹ ਵਿਚ ਹੈ, ਅੰਮ੍ਰਿਤ ਬਿੰਦੂ ਦਸਵੇਂ ਦਵਾਰ ਦੀ ਟਪਕ ਰਹੀ ਹੈ। ਕੋਈ ਤ੍ਰੇਲ ਦਾ ਕਤਰਾ ਤਾਂ ਨਹੀਂ, ਇਹ ਫੁੱਲਾਂ ਦਾ ਸਮੂਹ ਇਕ ਅੰਦਰ ਥੀਂ ਵੀ ਅੰਦਰ ਰੂਹ ਦੀ ਅੰਤ੍ਰੀਵ ਅਵਸਥਾ ਦਾ ਝਾਕਾ ਹੈ। **ਬਾਹਰ ਅੰਦਰ** ਕੀ ? ਅੰਦਰ ਕੁਛ ਵੀ ਨਹੀਂ, ਸਭ ਬਾਹਰ ਆ ਗਿਆ ਹੈ, ਤੇ ਬਾਹਰ ਹੈ ਕਿੱਥੇ ? ਇਹ ਸਭ ਕੁਛ ਅੰਦਰ ਹੀ ਅੰਦਰ ਹੈ।

**ਜੀਵਨ** ਪੰਜ ਇੰਦ੍ਰੀਆਂ ਦੇ ਕੇਂਦਰਾਂ ਉਪਰ ਹੀ ਆਪਣੀ ਅਸਲੀਅਤ ਨੂੰ ਭਾਨ ਕਰਦਾ ਹੈ, ਤੇ ਪੰਜ ਯਾ ਛੇ ਇੰਦ੍ਰੀਆਂ ਦੇ ਮਰਕਜ਼ ਉਹ ਹਨ, ਜਿਨ੍ਹਾਂ ਬਾਰੀਆਂ ਥੀਂ ਪਿਆਰੇ ਰੱਬ ਦੇ ਦੀਦਾਰ ਹੁੰਦੇ ਹਨ। ਰਸ ਦਾ ਗਿਆਨ ਇਨ੍ਹਾਂ ਦਵਾਰਾ ਹੁੰਦਾ ਹੈ, ਇਨ੍ਹਾਂ ਬਿਨਾਂ ਸ਼ੂਨਯ ਹੋਵੇ ਤਾਂ ਹੋਵੇ, ਪਰ ਪਿਆਰ ਦਾ ਭਾਨ ਹੋ ਹੀ ਨਹੀਂ ਸਕਦਾ। ਸ਼ੂਨਯ ਦਾ ਭਾਨ ਵੀ ਕਥਨ ਵੀ ਇਕ ਹੀ ਹੈ: ਜਿਹੜਾ ਗੁੰਗਾ ਹੈ ਉਸ ਲਈ ਰਾਗ ਦੀ ਦੁਨੀਆ ਕੀ ਹੋਣੀ ਹੈ ? ਜਿਹੜਾ ਗੁੰਗਾ ਹੈ ਉਸ ਲਈ ਮਿਠੇ ਵਚਨਾਂ ਦਾ ਅੰਮ੍ਰਿਤ ਕੀ ਅਰਥ ਰਖਦਾ ਹੈ ? ਹੀਜੜੇ ਨੂੰ ਕਾਮ ਰਸ ਦੇ ਗੁੱਝੇ ਰਸਮੰਡਲਾਂ ਦਾ ਕੀ ਪਤਾ ? ਜਿਨ੍ਹਾਂ ਸ਼ਾਹ ਦੌਲੇ ਤੇ ਚੂਹਿਆਂ ਦਾ ਦਿਮਾਗ ਹੀ ਨਹੀਂ, ਉਨ੍ਹਾਂ ਲਈ ਸਾਹਿਤਯ ਕਟਾਖਯ, ਯਾ ਹੋਰ ਵਿਗਯਾਨਿਕ ਵਿਕਾਸ਼ਾਂ ਦੇ ਸੁਹਣੱਪਾਂ ਦਾ ਕੀ ਪਤਾ ਹੋ ਸਕਦਾ ਹੈ ? ਲੋਕੀ ਕਹਿੰਦੇ ਹਨ, ਕਿ ਪੰਜ ਇੰਦ੍ਰੀਆਂ ਬਾਹਰ ਮੁਖੀ ਹਨ, ਠੀਕ ਅੰਦਰ ਤਾਂ ਹੋਯਾ ਹੀ ਕੁਛ ਨਾ ਤੇ ਹੋਣਾ ਹੀ ਉਨ੍ਹਾਂ ਬਾਹਰ ਮੁਖੀ ਸੀ, ਤੇ ਪੰਜਾਂ ਯਾ ਛਿਆਂ ਦਰਵਾਜਿਆਂ ਵਿਚੋਂ ਰੂਹ ਇਕ ਜੀਂਦਾ ਬੀਜ ਫੁੱਲ ਤੇ ਬ੍ਰਿਛ ਵਾਂਗ ਨਿਕਲਦਾ ਹੈ ਤੇ ਆਪਣੇ ਅਸਲੇ ਵਲ ਬ੍ਰਿਛ ਵਾਂਗ ਉਚਾ ਹੁੰਦਾ ਹੈ, ਵਧਦਾ ਹੈ, ਤੇ ਕੁਲ ਜਗਤ ਤੇ ਉਹਦੇ ਪਦਾਰਥ ਇਸ ਰੂਹ ਦੇ ਵਿਗਸਣ ਲਈ ਹਨ, ਤੇ ਰੂਹ ਚੰਬੇ ਦੀ ਵੇਲ ਵਾਂਗ ਸਭ ਖਿੱਚਾਂ ਖਾ ਖਾ, ਤੁਣਕੇ ਖਾ ਖਾ ਰਸ ਦੀਆਂ ਲਹਿਰਾਂ ਵਿਚ ਤਰ ਤਰ, ਆਪਣੇ ਫੁੱਲ ਤੇ ਫਲ ਨੂੰ ਪ੍ਰਾਪਤ ਹੁੰਦਾ ਹੈ। ਬਿਨਾਂ ਇੰਦ੍ਰੀਆਂ ਪੰਜਾਂ ਯਾ ਛਿਆਂ ਦੇ ਇਹ ਆਪਾ ਸਹੀ ਹੀ ਨਹੀਂ ਕਰ ਸਕਦਾ ਤੇ ਰੂਹ ਦਾ ਆਪਾ ਅੰਦਰੋਂ ਤਾਂ ਬਾਹਰ ਨਿਕਲਦਾ ਹੈ ਤੇ ਬਾਹਰ ਸਾਰੇ ਨੂੰ ਅੰਦਰ ਬਣਾ ਕੇ ਆਪਾ ਪਾਂਦਾ ਹੈ। ਜਿਵੇਂ ਲਾਜਵੰਤੀ ਛੋਹ ਦਾ ਵਾਰ ਖਾਕੇ ਮੁੰਦ ਜਾਂਦੀ ਹੈ, ਤਿਵੇਂ ਸੁਹੱਪਣ ਦੇ ਰੂਪਾਂ ਤੇ ਰੰਗਾਂ ਦੀ ਛੋਹ ਪਾ ਕੇ ਰੂਹ ਮੁੰਦ ਜਾਂਦੀ ਹੈ, ਇਹਦੇ ਨੈਣ ਬੰਦ ਹੋ ਜਾਂਦੇ ਹਨ ਤੇ ਇਹ ਪਿਆਰ ਦੀ ਜੋਤ ਨੂੰ ਜਗਾ ਅੰਦਰ ਵਿਗਸਣ ਲਗ ਜਾਂਦੀ ਹੈ :—

'ਨਾਮੇ ਪ੍ਰੀਤਿ ਨਾਰਾਇਣ ਲਾਗੀ।
ਸਹਜ ਸੁਭਾਇ ਭਇਓ ਬੈਰਾਗੀ।।'

ਜਿਨ੍ਹਾਂ ਨੂੰ ਅਸੀ ਪਿਆਰ ਸਮਝਦੇ ਹਾਂ ਉਹ ਪਿਆਰ ਦੇ ਝਲਕੇ ਝਾਂਵਲੇ ਹਨ। ਇਕ ਵੇਰੀ ਇਕ ਪੇਂਡੂ ਅੰਗ੍ਰੇਜ਼ ਗਰੀਬੀ ਦੇ ਕਾਰਣ ਗਰੀਬ ਘਰ ਵਿਚ ਲਿਆਂਦਾ ਗਿਆ। ਉਹਦੀ ਤੀਮੀ "ਮੇਰੀ" ਵੀ ਨਾਲ ਆਈ। ਉਹ ਜਨਾਨੀਆਂ ਵਾਲੇ ਪਾਸੇ ਭੇਜੀ ਗਈ ਤੇ ਉਹ ਮਰਦਾਂ ਵਿਚ ਕੰਮ ਕਰਦਾ ਰਿਹਾ। ਯਾ ਕਿਸੀ ਹੋਰ ਤਰ੍ਹਾਂ ਐਸੀ ਘਟਨਾ ਹੋਈ ਕਿ ਉਹ ਇਸ ਗਰੀਬ ਘਰ ਵਿਚ ਉਸ ਰਾਤੀ

Digitized by Panjab Digital Library | www.panjabdigilib.org

ਆਪਣੀ 'ਮੇਰੀ' ਨੂੰ ਨਾ ਮਿਲ ਸੱਕਿਆ, ਤੇ ਉਸ "ਗਰੀਬ ਘਰ" ਦੇ ਕਰਤਿਆਂ ਧਰਤਿਆਂ ਨੂੰ ਬੜੀ ਪੀੜ ਨਾਲ ਕਹਿੰਦਾ ਹੈ, "ਕੀ ਅਜ ਮੈਂ 'ਮੇਰੀ' ਨੂੰ ਨਹੀਂ ਮਿਲ ਸਕਾਂਗਾ ? ਅਜ ਪੰਜਾਹ ਸਾਲ ਥੀ ਹਰ ਰਾਤ ਮੈਂ 'ਮੇਰੀ' ਨੂੰ ਮਿਲ ਕੇ "ਗੁਡ-ਨਾਈਟ ਕਿੱਸ" ਰਾਤ ਵਿਛੋੜੇ ਦੀ ਚੁੰਮੀ ਦਿੰਦਾ ਰਿਹਾ ਹਾਂ, ਕੀ ਅਜ ਮੈਂ "ਗੁਡ ਨਾਈਟ ਕਿੱਸ" ਨਹੀਂ ਕਰ ਸਕਾਂਗਾ ?" ਇਸ ਹਾੜੇ ਵਿਚ ਅਜੀਬ ਦਰਦ ਤੇ ਬੇ-ਬਸੀ ਸੀ। ਇਹੋ ਜਿਹੇ ਨੇਮੀ ਪ੍ਰੇਮੀ ਮਨੁਖੀ ਪਿਆਰ ਵਿਚ ਜਦ ਉਹ 50 ਸਾਲ ਪਕਦਾ ਹੈ ਉਸ ਵਿਚ **ਪਿਆਰ** ਮੂਰਤੀਮਾਨ ਹੁੰਦਾ ਹੈ। ਅਰਸ਼ਾਂ ਦੇ ਪਿਆਰ ਦੇ ਕਿਸੀ ਇਕ ਪ੍ਰਭਾਵ ਦੀ ਤਸਵੀਰ ਆਣ ਉਤਰਦੀ ਹੈ। ਲਗਾਤਾਰ ਐਸਾ ਪਿਆਰ ਭਰਿਆ ਨੇਮ ਸਿਮਰਨ ਹੋ ਜਾਂਦਾ ਹੈ।

ਪਿਆਰ ਇਕ ਦ੍ਰਵਿਤਾ ਹੈ, ਜਿਹੜਾ ਨਦੀ ਦੇ ਵਹਿਣ ਵਾਂਗ 'ਖਿਮਾ, ਦਯਾ', ਤੇ ਸਦਾ 'ਮਾਫੀ' ਵਿਚ ਵਿਚਰਦਾ ਹੈ। ਇਹਦਾ ਇਨਸਾਫ ਬਸ ਬਖ਼ਸ਼ਣਾ ਤੇ ਪਿਆਰ ਕਰਨਾ ਹੈ। ਇਹ ਤਾਂ ਗੰਗਧਾਰ ਹੋਈ ਜਿਸ ਵਿਚ ਸਭ ਕੂੜ ਦੀ ਮੈਲ ਉੱਤਰ ਜਾਂਦੀ ਹੈ। ਚਾਨਣੇ ਵਿਚ ਹਨੇਰੇ ਦੀਆਂ ਕੂੜੇ ਭੁਲੇਖਿਆਂ ਤੇ ਪਛਾਵਿਆਂ ਦਾ ਮੁੜ ਕੌਣ ਜ਼ਿਕਰ ਕਰਦਾ ਹੈ ?

ਨੈਣਾਂ ਵਿਚ ਦੁਖੀਆਂ ਲਈ ਅੱਥਰੂ ਹਨ। ਸੰਦਲ ਦੇ ਬ੍ਰਿਛ ਵਾਂਗ ਕੁਹਾੜਾ ਮਾਰਨ ਵਾਲਿਆਂ ਲਈ ਸੁਗੰਧੀ ਤੇ ਕੁਰਬਾਨੀ ਹੈ, ਸੁਭਾ ਹੀ ਜਦ ਸੁਗੰਧੀ ਹੋਇਆ। ਰੇਸ਼ਮ ਦਾ ਕੀੜਾ ਸ਼ਾਇਦ ਰੇਸ਼ਮ ਦੀ ਤੰਦ ਆਪਣੇ ਵਿਚੋਂ ਕਦੀ ਕੱਢ ਨਾ ਸਕੇ ਤਾਂ ਸੰਭਵ ਹੈ, ਪਰ ਪਿਆਰ ਨਾਲ ਜੀਦਾ ਬੰਦਾ ਕਦੀ ਵੈਰ, ਵਿਰੋਧ ਕਰ ਹੀ ਨਹੀਂ ਸਕਦਾ।

ਵੈਰ ਦਾ ਕੰਮ ਹੈ ਕਿਸੀ ਸੋਹਣੀ ਚੀਜ਼ ਨੂੰ ਅੰਨ੍ਹੇ ਵਾਹ ਜੱਫਾ ਮਾਰ ਆਖਣਾ ਮੇਰੀ ਹੈ, ਤੇ ਆਪਣੀ ਬਨਾਣ ਵਿਚ ਹੀ ਸਭ ਵੈਰ ਵਿਰੋਧਾਂ ਦਾ ਮੂਲ ਹੈ। ਜਿਹਨੂੰ ਅਸੀ ਹੱਥਾਂ ਨਾਲ ਫੜ ਸੱਕਦੇ ਹਾਂ, ਉਹ ਤਾਂ ਸੁਹਣੱਪ ਹੋ ਹੀ ਨਹੀਂ ਸੱਕਦੀ। ਸੁਹਣੱਪ ਸਦਾ ਰੂਹ ਵਿਚ ਵਸਦੀ ਹੈ। ਉਹਨੂੰ ਹੱਥ ਫੜ ਹੀ ਨਹੀਂ ਸੱਕਦੇ, ਜਿਹੜੀ ਅਸਾਂ ਫੜੀ ਹੈ ਉਹ ਕੁਛ ਹੋਰ ਹੈ। ਜੱਫੀ ਜਿਸਮਾਨੀ ਜਿਸਨੂੰ ਅਸੀ ਮਾਰ ਕੇ ਕਹਿੰਦੇ ਹਾਂ, "ਕੇਹੀ ਠੰਢ ਪਈ ਹੈ।" ਇਹ ਠੰਢ ਤਾਂ ਇਕ ਅਕਹ ਜਿਹੀ ਰੂਹ ਦੇ ਦੇਸ ਦੀ ਆਈ ਮਧਮ ਵੇਗ ਦੀ ਕੋਈ ਸਮੀਰ ਹੈ। ਜਿਸਮ ਤਾਂ ਪੰਜ ਤਤ ਦੇ ਮਾਸਾਂ ਦੇ ਅਕਾਰ ਹਨ, ਉਨ੍ਹਾਂ ਵਿਚ ਇਹੋ ਜਿਹੀ **ਅਪ੍ਰਕ੍ਰਿਤਕ*** ਚੀਜ਼ ਰੂਹ ਨੂੰ ਠੰਢ ਪਾਣ ਵਾਲੀ ਬਰਕਤ ਕਿਥੇ ? ਤੇ ਜੇ ਹੈ ਤਾਂ ਕਈ ਪਏ ਜੱਫੀਆਂ ਮਾਰਦੇ ਹਨ। ਇਕ ਭੁੱਸ ਜਿਹਾ ਹੀ ਹੁੰਦਾ ਹੈ, ਉਹ ਅਕਥਨੀਜ ਜਿਹੀ ਆਵੇਸ਼ਕ ਠੰਢਕ ਸਦਾ ਕਿਉ ਨਹੀਂ ਆਉਂਦੀ ? ਸਾਰੀ ਉਮਰ ਜੱਫੀਆਂ ਮਾਰ ਮਾਰ ਆਖਰ ਕਾਲਖ ਨਾਲ ਹਥ ਭਰੇ ਦਿਸਦੇ ਹਨ।

ਪਿਆਰ ਇਸ ਅੰਸ਼ ਵਿਚ ਇਕ ਸਦਾ ਵੈਰਾਗਜਵਾਨ ਕੋਮਲਤਾ ਹੈ, ਜਿਸ ਵਿਚ ਹਰ ਘੜੀ ਅਖੰਡ ਤੇ ਸੀਮਾ ਰਹਿਤ ਤਿਆਗ ਹੈ। ਜਿਸ ਤਿਆਗ ਵਿਚ ਰੂਹ ਦੇ **ਸੂਖਮ ਤਰਲ ਰੂਪਾਂ** ਦਾ ਤਾਂ ਪੱਕਾਂ ਗ੍ਰਹਿਣ ਹੈ ਤੇ **ਮਾਯਕ ਠੋਸ-ਕੂੜਾਂ** ਦਾ ਤਿਆਗ ਹੈ, ਤੇ ਇਹ ਪ੍ਰਤਿਗਯਾ ਯਾ ਨੇਮ ਰੂਪ ਵਿਚ ਨਹੀਂ, ਇਹ ਉਸੀ ਤਰ੍ਹਾਂ ਪਿਆਰ ਦਾ ਸਹਿਜ ਲੱਛਣ ਹੈ, ਜਿਸ ਤਰ੍ਹਾਂ ਅੱਗ ਦੀ ਲਾਲੀ ਅੱਗ ਦਾ ਹੋਣਾ ਦਰਸਾਂਦੀ ਹੈ।

---

*ਜੋ ਪ੍ਰਕ੍ਰਿਤਕ ਅਰਥਾਤ ਮਾਦੇ ਦੀ ਨਾ ਹੋਵੇ।

Digitized by Panjab Digital Library | www.panjabdigilib.org

ਪਿਆਰ ਦੀ ਪਾਤਸ਼ਾਹੀ ਰੂਹ ਦੀ ਪਾਤਸ਼ਾਹੀ ਹੈ, ਤੇ ਜਦ ਕਦੀ ਲੋੜ ਹੋਵੇ, ਇਸ ਵਿਚ ਉਹ ਬਲ ਆ ਜਾਂਦਾ ਹੈ ਜਿਹੜਾ ਦੁਨੀਆਂ ਦੀਆਂ ਬਾਦਸ਼ਾਹੀਆਂ ਦੇ ਕੂੜ ਦੇ ਦਲਾਂ ਨੂੰ ਹਾਰ ਦਿੰਦਾ ਹੈ। **ਪ੍ਰਹਿਲਾਦ** ਨੇ ਆਪਣੇ ਚੱਕਰਵਰਤੀ ਰਾਜੇ ਤੇ ਆਪਣੇ ਪਿਤਾ ਦੇ ਦਿੱਤੇ ਤਸੀਹੇ ਇਕ ਕਣੀ ਪਿਆਰ ਨਾਲ ਸਹੇ ਤੇ ਸਾਰੀ ਸਲਤਨਤ ਇਕ "ਹਰੀ, ਹਰੀ" ਦੀ ਧੁਨੀ ਨਾਲ ਜਿੱਤੀ। ਪਿਆਰ ਉਸ ਮਹਾਂ ਬਲ ਦਾ ਦਾਇਕ ਹੈ, ਜਿਸ ਨਾਲ ਕਮਜ਼ੋਰ ਨਵਾਂ ਜੰਮਿਆ ਵੱਛਾ ਉਠ ਖੜਾ ਹੁੰਦਾ ਹੈ; ਨਿਕਾ ਜਿਹਾ ਫੁੱਲ ਲੱਖਾਂ ਤੁਫਾਨ ਤੇ ਝੱਖੜ ਸਹਾਰਦਾ ਹੈ ਨਿੱਕਾ ਜਿਹਾ ਬਾਲਕ ਆਪਣੀਆਂ ਨਿੱਕੀਆਂ ਨਿੱਕੀਆਂ ਟੰਗਾਂ ਤੇ ਖੜਾ ਹੋ ਵੱਡੀਆਂ ਵੱਡੀਆਂ ਬਾਦਸ਼ਾਹੀਆਂ ਸਣੇ ਉਨ੍ਹਾਂ ਦੇ ਖੂਹਣੀਆਂ ਲਸ਼ਕਰਾਂ ਨੂੰ ਇਕ ਨੈਣ ਮਟੱਕੇ ਨਾਲ ਨੀਵਾਂ ਕਰ ਸੁੱਟਦਾ ਹੈ।

ਜਦ ਇਕ ਬੰਦਾ ਦੂਜੇ ਨੂੰ ਅਜ਼ਲ ਦੇ ਰਾਹਾਂ ਤੇ ਮਿਲਦਾ ਹੈ, ਉਹ ਉਹਦੇ ਵੱਲ ਵੇਖਦਾ ਹੈ ਤੇ ਉਹ ਉਹਦੇ ਵੱਲ। ਨੈਣਾਂ ਨੈਣਾਂ ਦਾ ਸੰਬਾਦ ਹੁੰਦਾ ਹੈ। ਉਹਦੇ ਹੱਡ ਕੰਬਦੇ ਹਨ, ਉਹਦੇ ਹੋਂਠ ਕੰਬਦੇ ਹਨ, ਹੋਠ ਮਿਲਦੇ ਹਨ, ਬਾਹਾਂ ਕੰਬਦੀਆਂ ਹਨ, ਬਾਹਾਂ ਪਸਾਰ ਆਪੇ ਵਿਚ ਮਿਲਦੀਆਂ ਹਨ ਤੇ ਉਸ ਨਾ ਕਦੀ ਮਿਲੇ ਬੰਦਿਆਂ ਦੀਆਂ ਜੱਫੀਆਂ ਵਿਚ ਅਜ਼ਲ ਦੀਆਂ ਸਿਞਾਣਾਂ ਸਾਂਝਾ ਪੈਂਦੀਆਂ ਹਨ, ਇਸ ਮੇਲ ਵਿਚ ਪਿਆਰ ਦੀਆਂ ਅਨੇਕ ਮੂਰਤੀਆਂ ਹਨ।

ਇਕ ਪੰਛੀ ਜ਼ਖਮੀ ਹੋ ਡਿਗਦਾ ਹੈ, ਇਕ ਬਾਲਕ ਉਹਨੂੰ ਉਠਾ ਕੇ ਘਰ ਲਿਆਉਂਦਾ ਹੈ. ਬਾਲਕ ਨੂੰ ਖਬਰ ਨਹੀਂ ਦਰਦ ਕੀ ਚੀਜ਼ ਹੈ ? ਉਹ ਉਸੀ ਤਰ੍ਹਾਂ ਦਾ ਜ਼ਖਮ ਆਪਣੀ ਬਾਂਹ ਤੇ ਕਰਕੇ, ਉਹਦੀ ਪੀੜ ਦਾ ਅਨੁਭਵ ਕਰਦਾ ਹੈ ਤੇ ਮੁੜ ਉਸਦੇ ਜ਼ਖਮਾਂ ਨੂੰ ਰਾਜ਼ੀ ਕਰਦਾ ਹੈ।

ਈਸਾ ਦਾ ਸਿੱਖ ਬਿਹਬਲ ਹੋਇਆ ਈਸਾ ਨੂੰ ਟੋਲਦਾ ਹੈ। ਇਕ ਰਾਹ ਜਾਂਦੇ ਕੁਸ਼ਟੀ ਨੂੰ ਮਿਲਦਾ, ਉਹਦੇ ਜ਼ਖਮਾਂ ਨੂੰ ਆਪਣੇ ਹੋਠਾਂ ਨਾਲ ਚੁੰਮਦਾ ਹੈ! ਹਰ ਹੱਥ ਵਿਚ, ਕੀ ਰੋਗੀ, ਕੀ ਕੁਸ਼ਟੀ, ਕੀ ਸੋਹਣੀ ਤੀਮੀਂ ਦੇ ਹੱਥ ਵਿਚ ਈਸਾ ਦੇ ਹੱਥ ਨੂੰ ਚੁੰਮਦਾ ਹੈ। ਪਿਆਰੇ ਬਿਨਾ ਪਿਆਰ ਕਿੱਥੇ ? ਪਿਆਰ ਬਿਨਾ ਸੇਵਾ ਸਿਰਦਰਦੀ ਤੇ ਥਕਾਵਟ ਹੈ।

ਇਹ ਤੀਬ੍ਰਤਾ ਤੇਜ਼ ਧਾਰਾ ਰੂਹ ਦਾ ਵੇਗ ਹੈ। ਕਿਸੀ ਅਕਲ ਦਾ ਕੰਮ ਤਾਂ ਨਹੀਂ, ਇਹ ਪਿਆਰ ਦੇ ਕ੍ਰਿਸ਼ਮੇ ਹਨ। **ਸੇਂਟ ਥਰੇਸੀ** ਵਿਆਹ ਨਹੀਂ ਕੀਤਾ। ਮੈਂ ਤਾਂ ਈਸਾ ਨਾਲ ਵਿਆਹੀ ਹਾਂ" ਤੇ ਜਦ ਹੋਰ ਨਾਲ ਦੀਆਂ ਸਾਧਨੀਆਂ ਉਪਕਾਰ ਦੇ ਕੰਮ ਥੀਂ ਅੱਕ ਕੇ ਥੱਕ ਕੇ, ਤੰਗ ਹੋ ਕੇ ਸੇਂਟ ਥਰੇਸੀ ਪਾਸ ਆਪਣਾ ਰੋਣਾ ਲੈਕੇ ਆਈਆਂ ਤੇ ਆਖਣ ਲੱਗੀਆਂ ਅਸੀਂ ਤਾਂ ਪੁਰ ਪੁਰ ਦੁਖੀ ਹਾਂ, ਫਲਾਣੇ ਇਹ ਗੱਲ ਆਖੀ, ਢਿਮਕੇ ਇਹ ਗਲ ਆਖੀ। ਤਾਂ ਸਹਿਜ ਸੁਭਾ ਸੇਂਟ ਥਰੇਸੀ ਉਤਰ ਦਿਤਾ, ਭੈਣੋ! ਅਸੀ ਤਾਂ ਈਸਾ ਨਾਲ ਵਿਆਹੀਆਂ ਹਾਂ, ਜਦ ਉਹ ਦੁਨੀਆਂ ਦੇ ਦੁਖੜੇ ਦੂਰ ਕਰ ਕਰਕੇ ਤੇ ਦੁਖੀ ਤ੍ਰੀਮਤਾਂ ਦੀਆਂ ਅਰਦਾਸਾਂ ਸੁਣ ਕੇ ਉਨ੍ਹਾਂ ਦੇ ਅੱਥਰੂ ਪੂੰਝ ਪੂੰਝ ਕੇ ਥੱਕ ਕੇ ਆਪਣੇ ਘਰ ਆਵੇਗਾ ਕੀ ਅਸੀ ਵੀ ਹੋਰਨਾਂ ਵਾਂਗ ਉਹਨੂੰ ਰੋਂਦੀਆਂ ਹੀ ਮਿਲਾਂਗੀਆਂ, ਤੇ ਉਹਨੂੰ ਆਪਣੇ ਘਰ ਵੀ ਕੋਈ ਘੜੀ ਆਰਾਮ ਦੀ ਨਹੀਂ ਮਿਲੇਗੀ ? ਸਾਡਾ ਪਿਆਰ ਕੀ, ਜੇ ਸ਼ਕਾਇਤਾਂ ਦਿਲ ਵਿਚ ਫੁਰਦੀਆਂ ਹਨ, ਸਾਡਾ ਤਾਂ ਚਾ ਹੀ ਅਮਿਟ ਹੋਣਾ ਚਾਹੀਏ।" ਭੀਲਣੀ ਆਪਣੇ ਰੱਬ ਲਈ ਮਿੱਠੇ ਬੇਰ ਚੱਖ ਚੱਖਕੇ ਰੱਖਦੀ ਰਹੀ, ਤੇ ਜਦ ਉਹ ਆਇਆ ਸੁੱਕੇ ਬੇਰ ਅੱਗੇ ਰੱਖੇ।

Digitized by Panjab Digital Library | www.panjabdigilib.org

ਇਕ ਤੀਮੀ ਆਪਣੇ ਚੁਣੇ ਸੋਹਣੇ ਨੂੰ ਚੁੰਮ ਚੁੰਮ ਰੱਬ ਬਣਾ ਦਿੰਦੀ ਹੈ, ਤੇ ਫਿਰ ਸਾਰੀ ਉਮਰ ਸੇਵਾ ਵਿਚ ਆਪਾ ਗਾਲ ਦਿੰਦੀ ਹੈ। ਸਹਿਜ ਸੁਭਾ ਅਥਾਹ, ਨਿਰਸੰਕਲਪ ਸੇਵਾ ਕਰਦੀ ਹੈ, ਜਿਤਨਾ ਵਿਚੋਂ ਉਤਨਾਂ ਵਰਤਦੀ ਹੈ। ਹੈ ਤਾਂ ਉਹੋ ਪਿਆਰ, ਰੱਬੀ ਜੋਤ ਕਿਹੜੀ ਨਿਸਬਾਸਰ ਜਾਗਦੀ ਹੈ। ਤੀਮੀ ਮਰਦ ਦੇ ਇਹੋ ਜਿਹੇ ਲਗਾਤਾਰ ਸਹਿਜ ਸੁਭਾ ਪਿਆਰ ਨੂੰ ਗੁਰੂ ਨਾਨਕ ਸਾਹਿਬ ਨੇ **ਪਿਆਰ** ਦਾ ਚਿੰਨ੍ਹ ਮੰਨ ਕੇ ਆਪਣੇ ਪਿਆਰ ਦੇ ਗੀਤ ਗਾਏ ਹਨ।

ਗੁਰੂ ਸਾਹਿਬ ਉਸ ਸਾਧਨ ਨੂੰ ਭਗਤੀ ਨਹੀਂ ਮੰਨਦੇ, ਜੋ ਆਦਮੀ ਆਪਣੇ ਆਪ ਨੂੰ ਕੁਛ ਸਮਝ ਕੇ ਆਪਣੀ ਤਰਫੋਂ ਰੱਬ ਨੂੰ ਪਿਆਰ ਭੇਜਣ ਦੀ ਕਰਦਾ ਹੈ। ਪਿਆਰ ਉਸੀ ਤਰਾਂ ਰੱਬ ਦਾ ਗੁਣ ਹੈ, ਜਿਸ ਤਰ੍ਹਾਂ ਸੂਰਜ ਦਾ ਗੁਣ ਪ੍ਰਕਾਸ਼। ਸੋ ਪਿਆਰ ਵਸਤੂ ਰੱਬ ਥੀਂ ਹੀ* ਸਰਵਤ੍ਰ ਵਿਸਤੀਰਤ ਹੁੰਦੀ ਹੈ, ਜਿੱਥੇ ਜਿੱਥੇ ਪਿਆਰ ਕਣੀ ਹੈ, ਉਹ ਉਸੀ ਤਰਾਂ ਰੱਬ ਵੱਲੋਂ ਆਈ ਹੋਈ ਹੈ, ਜਿਸ ਤਰਾਂ ਸੂਰਜ ਦਾ ਪ੍ਰਕਾਸ਼ ਗੁਲਾਬ ਦੇ ਫੁੱਲ ਵਿਚ ਵਸਦਾ ਹੈ। ਮੇਰਾ ਕੁਛ ਨਹੀਂ, ਸਭ ਤੇਰਾ, ਸਭ ਤੂੰ ਹੀ ਤੂੰ। ਇਹ ਪਿਆਰ ਸਹਿਜ ਸੁਭਾ ਕੋਮਲਤਾ ਹੈ। ਸਮੁੰਦਰ ਵਿਚ ਖੇਡਦਾ ਜਲ ਦਾ ਕਿਣਕਾ ਕਿਹਾ ਸੋਹਣਾ ਲਗਦਾ ਹੈ, ਵਖਰੀ ਜਿੰਦ ਵਾਲਾ ਵੀ ਦਿਸਦਾ ਹੈ, ਪ੍ਰਕਾਸ਼ ਵਿਚ ਉਹ ਕੁਝ ਝਿਲਮਿਲਾਂਦਾ ਹੈ, ਪਰ ਕਿਣਕੇ ਦੀ ਹਸਤੀ ਕੋਈ ਨਹੀਂ, ਸਮੁੰਦਰ ਨੇ ਹੀ ਉਹਨੂੰ ਸਭ ਸਤਾ ਬਖਸ਼ੀ ਹੋਈ ਹੈ। ਇਉ ਪਿਆਰ ਰੂਪ ਵਿਚ ਭੇਦ ਕੋਈ ਨਹੀਂ, ਪਰ ਪਿਆਰ ਸਦਾ ਨਿਰੰਕਾਰ ਕਰਤਾਰੀ ਹੈ ਤੇ ਕਰਤਾਰਤਾ ਸਹਿਜ ਸੁਭਾ ਹੈ, ਪਦਰ[illegible]ਾ ਦੇ ਰੂਪ ਆਪ ਮੁਹਾਰੇ ਬਣਦੇ ਤੇ ਬਿਨਸਦੇ ਹਨ।

ਪਿਆਰ ਹੀ ਰੱਬ ਹੈ, ਇਕ ਵਾਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੈ :—

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

---

*ਸਾਰੇ ਵਿਸਤਾਰ ਕਰਦੀ ਫੈਲਦੀ ਹੈ।

Digitized by Panjab Digital Library | www.panjabdigilib.org

# ਕਵਿਤਾ

'ਹਰਦਮ ਖਿੜੇ ਮਿਲੋ ਹੇ ਮਿਤ੍ਰੋ!
ਤੁਸਾਂ ਮੱਥੇ ਵੱਟ ਨਾ ਪਾਏ।
ਸੀਨੇ ਸਾਫ ਕੀਨਿਓ ਤੁਹਾਡੇ,
ਤੁਸਾਂ ਵੈਰ ਨ ਕਦੇ ਕਮਾਏ।
ਡਿੱਠਿਆਂ ਖਿੜੇ ਕਾਲਜਾ ਸਾਡਾ,
ਅਸਾਂ ਦੇਖ ਦੇਖ ਸੁਖ ਪਾਏ।'

(ਭਾਈ ਵੀਰ ਸਿੰਘ ਜੀ)

ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ। ਈਸਾ ਪਾਣੀ ਭਰਨ ਵਾਲੀਆਂ ਪੈਲਿਸਟੀਨ ਦੀਆਂ ਜਵਾਨ ਕੁੜੀਆਂ ਨੂੰ ਕਹਿੰਦਾ ਹੈ :—'ਬੀਬੀਓ ! ਮੇਰੇ ਕੋਲ ਉਹ ਪਾਣੀ ਹੈ, ਜੋ ਸਦਾ ਦੀ ਪਿਆਸ ਬੁਝਾਂਦਾ ਹੈ' ਤੇ ਜਦ ਹਵਾਰੀ ਪੁੱਛਦੇ ਹਨ, 'ਅਸੀ ਜੀਵਨ ਦਾ ਨਿਰਬਾਹ ਕਿਸ ਤਰਾਂ ਕਰਾਂਗੇ ?' ਤਦ ਉਹ ਕਹਿੰਦਾ ਹੈ, "ਵੇਖੋ ਖੇਤਾਂ ਵਿਚ ਲਿਲੀਆਂ ਕਿਸ ਤਰਾਂ ਖਿੜ ਰਹੀਆਂ ਹਨ, ਇਹ ਕਿਥੋਂ ਖਾਂਦੀਆਂ ਹਨ ? ਨਾ ਹਲ ਵਾਂਹਦੀਆਂ ਹਨ ਨਾ ਕਪੜਾ ਬੁਣਦੀਆਂ ਹਨ ਪਰ ਸੁਲੇਮਾਨ ਆਪਣੇ ਐਸ਼ਵਰਜ ਸਮੇਤ ਇਨ੍ਹਾਂ ਥੀਂ ਵਧ ਫਬਨ ਨਹੀਂ ਸੀ ਬਣਾ ਸਕਦਾ।' ਫਿਰ 'ਸੱਚਾ ਜੀਵਨ ਤਾਂ ਉਨ੍ਹਾਂ ਨੂੰ ਪ੍ਰਾਪਤ ਹੈ ਜਿਹੜੇ ਜੀਵਨ ਨੂੰ ਗਵਾ ਬੈਠੇ ਹਨ।' ਪੂਰਬ ਦੇ ਦੇਸ਼ਾਂ ਵਿਚ **ਸਾਧ ਬਚਨਾਂ** ਨੂੰ ਹੀ **ਕਵਿਤਾ** ਅਥਵਾ ਉੱਚਾ ਸਾਹਿਤਯ ਮੰਨਿਆ ਹੈ। ਬਾਕੀ **ਵਾਕ ਰਚਨਾ** ਮੰਨੀ ਹੈ। ਸਾਹਿਤਯ ਦੇ ਰਸਿਕ ਵਾਕ ਰਚਨਾ ਦਾ ਰਸ ਘੜੀ ਪਲ ਲਈ ਲੈ ਲੈਂਦੇ ਹਨ। ਪਰ ਇਹ ਉਨ੍ਹਾਂ ਦਾ ਨਿਸਚਾ ਸਦਾ ਅਟੱਲ ਹੁੰਦਾ ਹੈ ਕਿ ਵਾਕ ਰਚਨਾ ਇਕ ਲਫ਼ਜ਼ਾਂ ਦੀ ਮਾਯਾ ਹੈ।

ਕਵਿਤਾ ਦਾ ਰੰਗ ਆਪ ਮੁਹਾਰਾ ਆਉਂਦਾ ਹੈ। ਜਦ ਇਕ ਲਾਜਵੰਤੀ ਦੇ ਪੱਤਿਆਂ ਵਰਗਾ ਨਰਮ ਦਿਲ ਚੜ੍ਹਦੇ ਸੂਰਜ ਨੂੰ ਵੇਖ ਇਟਾ ਅਕਹਿ ਸੁਖ ਵਿਚ ਜਾਂਦਾ ਹੈ ਤੇ ਜਿਵੇਂ ਨੀਂਦਰ ਆਏ ਵੇਲੇ ਹੱਥ ਪੈਰ ਆਪ ਮੁਹਾਰੇ ਡਿੱਗ ਪੈਂਦੇ ਹਨ, ਤਿਵੇਂ ਉਸ ਰਸਿਕ ਸੁਖ ਨਾਲ ਬਿਹਬਲ ਹੋ ਓਹਦੇ ਹੱਥ, ਪੈਰ, ਸਰੀਰ, ਮਨ ਆਦਿ ਸਭ ਡਿੱਗ ਪੈਂਦੇ ਹਨ। ਉਹ ਅਕਹਿ ਸੁਖ, ਕਵਿਤਾ ਦੀ ਹਾਲਤ ਹੈ। ਅਸਲ

Digitized by Panjab Digital Library | www.panjabdigilib.org

ਵਿਚ ਪਾਰਖੀ ਲੋਕਾਂ ਲਈ ਤਾਂ ਬਸ ਉਹ ਦਰਸ਼ਨ ਹੀ ਬਸ ਹਨ, ਐਸੀ ਉੱਚੀ ਅਵਸਥਾ ਵਿਚ ਅਰੂੜ ਬੰਦੇ ਦੇ ਦਰਸ਼ਨ ਹੀ ਕਵਿਤਾ ਦੇ ਰਾਗ ਦੇ ਅਲਾਪਨ ਥੀਂ ਵਧ ਕਿਸੇ ਖ਼ੁਸ਼ੀ ਦਾ ਅਨੁਭਵ ਹੈ। ਕਵੀ ਭੀ ਆਪਣੀ ਹਾਲਤ ਥੀਂ ਉਥਾਨ ਹੋਕੇ ਕੁਛ ਕਹਿਣਾ ਚਾਹੁੰਦਾ ਹੈ। ਜਿਵੇਂ ਸੂਰਜ ਨੀਲੇ ਸਮੁੰਦਰ ਵਿਚ ਡੁੱਬ ਕੇ ਉੱਪਰ ਆਉਂਦਾ ਹੈ ਤੇ ਸਾਰੇ **ਸਮੁੰਦਰ** ਦੀ ਡੋਬ ਉਹਦੇ ਚੜ੍ਹਾਉ ਵਿਚ ਡਲ੍ਹਕਦੀ ਹੈ (ਇਹ ਰੰਗ ਸਮੁੰਦਰ ਵਿਚ ਜਹਾਜ ਤੇ ਚੜ੍ਹਿਆਂ ਸਵੇਰ ਵੇਲੇ ਸੂਰਜ ਚੜ੍ਹਦੇ ਸਮੇਂ ਦਾ ਹੈ) ਤਿਵੇਂ ਕਵੀ ਦੇ ਦਿਲ-ਸਮੁੰਦਰ ਦੀ ਰੰਗਣ ਨਾਲ ਡਲ੍ਹਕਦੀ ਕਵਿਤਾ ਉਦਯ ਹੁੰਦੀ ਹੈ। ਇਕ ਅਨੰਤ ਦੀ ਦ੍ਰਿਵਤਾ ਵਿਚ ਘੁਲਿਆ ਕੋਈ ਅਲਾਪ ਹੈ ਤੇ ਉਹ ਕਦੀ ਕਦੀ ਸਦੀਆਂ ਵਿਚ ਇਕ ਵੇਰੀ ਇਕ ਅਚੰਭਾ ਕਰ ਦੇਣ ਵਾਲੀ, ਸੁਤਿਆਂ ਦੇ ਰੂਹ ਜਗਾਣ ਵਾਲੀ ਕੋਈ ਇਲਾਹੀ ਸੁਰ ਦੀ ਛੇੜ ਹੈ ਤੇ ਉਹ ਦਿਲ ਨੂੰ ਖਿੱਚ ਪਾਂਦੀ ਹੈ।

ਉਸੀ ਤਰਾਂ ਜਿਸ ਤਰ੍ਹਾਂ ਇਕ ਹਰਨੀ ਮੂੰਹ ਉੱਚਾ ਕਰਕੇ ਆਪਣੇ ਵਿਛੜੇ ਸਾਥੀ ਦੀ ਆਵਾਜ਼ ਨੂੰ ਸੁਣਦੀ ਹੈ ਤੇ ਬਿਹਬਲ ਹੁੰਦੀ ਹੈ, ਤਿਵੇਂ ਹੀ ਕਵੀ ਦੇ ਦਿਲ ਦੀ ਆਵਾਜ਼ ਸਦੀਆਂ ਦੇ ਕੰਨ ਖੜੇ ਕਰ ਦਿੰਦੀ ਹੈ। ਸੁਰਤਿ ਨੂੰ ਖਿੱਚ ਪਾਂਦੀ ਹੈ ਤੇ ਕੜਾਕਾ ਦੇ ਕੇ ਸੁਰਤਿ ਨੂੰ ਮਾਮੂਲੀ ਧਰਤ ਥੀਂ ਉਠਾ ਕੇ ਉੱਚਾ ਕਰਕੇ ਅਣਡਿੱਠੇ ਗਗਨਾਂ, ਉਚੇ ਦਮਕਦੇ ਗਗਨਾਂ ਵਿਚ ਸਥਿਤੀ ਦੇ ਦਿੰਦੀ ਹੈ।

ਇਹ ਮਿੱਟੀ ਘੱਟਾ, ਇਹ ਕਾਹਲਾਪਣ, ਖੱਪ, ਕ੍ਰਿਝ, ਇਹ ਧੂੜ ਲਿਬੜੀ ਅਣਨਹਾਤੀ ਜਿਹੀ ਮਾਦੀ ਭਾਰੀ ਹਾਲਤ ਨੂੰ ਸਾਫ ਸੁਥਰਾ ਕਰਕੇ ਹਲਕਾ ਫੁੱਲ ਕਰ ਦਿੰਦੀ ਹੈ। ਜਿਸਮ ਥੀਂ ਉਠਾ ਬੰਦੇ ਨੂੰ ਰੂਹ ਵਿਚ ਕਾਇਮ ਕਰ ਦਿੰਦੀ ਹੈ। ਬਸ ਐਸੀ ਕਵੀ ਦੀ ਆਵਾਜ਼ ਹੈ:—

ਕਵਿਤਾ ਨੈਣਾਂ ਵਿਚ ਸੁਫਨੇ ਲਟਕਾ ਦਿੰਦੀ ਹੈ। ਦਿਲਾਂ ਵਿਚ ਅਸ਼ਰੀਰੀਆਂ ਦੇ ਮੇਲੇ ਕਰਾ ਦਿੰਦੀ ਹੈ। ਨਵਾਂ ਅਕਾਸ਼, ਨਵੀਂ ਧਰਤ, ਨਵੀਂ ਦੁਨੀਆਂ ਤੇ ਸੋਹਣੀ ਦੁਨੀਆਂ ਰਚ ਵਿਖਾਂਦੀ ਹੈ।

ਹਰ ਇਕ ਜਵਾਨ ਗਭਰੂ ਤੇ ਜਵਾਨ ਕੁੜੀ ਉਪਰ ਆਪਣੀ ਜਵਾਨੀ ਇਕ ਕਵਿਤਾ ਦਾ ਰੰਗ ਜਮਾਂਦੀ ਹੈ। ਉਨ੍ਹਾਂ ਲਈ ਅਕਾਸ਼ ਧਰਤ ਨਵੇਂ ਹੋ ਜਾਂਦੇ ਹਨ। ਇਕ ਅਜੀਬ ਅਨੋਖਾ ਚਾ ਉਨ੍ਹਾਂ ਦੀ ਰਗ ਰਗ ਵਿਚ ਗੇੜੇ ਲਾਂਦਾ ਹੈ। ਭਾਵੇਂ ਉਹ ਜਵਾਨੀ ਦਾ ਚਾ ਕੁਸੰਭੇ ਦਾ ਰੰਗ ਹੁੰਦਾ ਹੈ, ਥੋੜਾ ਚਿਰ ਰਹਿੰਦਾ ਹੈ, ਸ਼ਰਾਬ ਦੇ ਨਸ਼ੇ ਵਾਂਗ ਉਤਰ ਜਾਂਦਾ ਹੈ, ਤਾਂ ਵੀ ਇਕ ਭਾਨ ਮਾਤ੍ਰ ਵਿਖਾਵਾ ਤਾਂ ਕਵਿਤਾ ਦੇ ਰੰਗ ਦਾ ਹਰ ਕੋਈ ਆਪ ਬੀਤੀ ਗੱਲ ਵਾਂਗ ਸਾਖਯਾਤਕਾਰ ਕਰ ਲੈਂਦਾ ਹੈ। ਕਵਿਤਾ ਦਾ ਰੰਗ ਬਸ ਉਹੋ ਜਿਹਾ ਹੈ, ਪਰ ਪੱਕਾ ਰੰਗ ਮਜੀਠੀ ਹੁੰਦਾ ਹੈ। ਜਿਸ ਬੰਦੇ ਨੂੰ ਸਦਾ ਜਵਾਨੀ ਦਾ, ਸਦਾ ਬਹਾਰ ਦਾ ਖੇੜਾ ਚੜ੍ਹਿਆ ਰਹੇ, ਕੇਸ ਧੌਲੇ ਹੋ ਜਾਣ, ਹੱਡੀ ਮਾਸ ਸ਼ਿਥਲ ਹੋ ਜਾਏ, ਨਿਰਬਲ, ਗਰੀਬ ਹੋਵੇ ਪਰ ਰੂਹ ਵਿਚ ਸਦਾ ਬਸੰਤ ਦੇ ਰੰਗ ਖਿੜੇ ਹੋਣ, ਉਹ ਭਾਵੇਂ ਇਕ ਅੱਖਰ ਨਾ ਲਿਖੇ, ਭਾਵੇਂ ਇਕ ਵਚਨ ਨਾ ਬੋਲੇ, ਉਹ ਕਵੀ ਹੈ। ਉਹਦਾ ਤੱਕਣਾ, ਉਹਦੇ ਬਾਂਹ ਦੀ ਉਲਾਰ, ਉਹਦਾ ਬਹਿਣਾ, ਚਲਣਾ, ਖਾਣਾ, ਪੀਣਾ, ਪਹਿਨਣਾ **ਕਾਵਯ** ਹੈ, ਜੇ ਕਦੀ ਕੋਈ ਗੱਲ ਕਰੇ ਤੇ ਉਹ ਲਿਖ ਲਈ ਜਾਏ ਉਹ ਉੱਚਾ ਸਾਹਿਤਯ ਹੈ, ਕਵਿਤਾ ਹੈ।

Digitized by Panjab Digital Library | www.panjabdigilib.org

ਕਵਿਤਾ ਜੀਵਨ ਰੰਗ ਹੈ। ਇਸ ਇਕ ਸਤਰ ਲਈ ਵਰ੍ਹਿਆਂ ਬੱਧੀ ਬਿਰਹਾ ਦੀ ਝੀਣੀ-ਬਾਣ-ਬਰਖਾ ਸਹਿਣੀ ਪੈਂਦੀ ਹੈ। ਸਾਰੀ ਉਮਰ ਬੀਤ ਜਾਏ ਤੇ ਇਕ ਪੱਕੇ ਫਲ ਵਾਂਗ ਕੋਈ ਬਚਨ ਕਰੇ। ਉਸ ਵਿਚ ਸਾਰੀ ਉਮਰ ਦੀ ਸੁਰਤਿ ਦਾ ਤਜਰਬਾ ਗਾ ਉਠਦਾ ਹੈ ਤੇ ਉਸ ਬਚਨ ਵਿਚ ਰੂਹ ਦੀ ਸਾਰੀ ਤਾਕਤ ਹੁੰਦੀ ਹੈ, ਤੇ ਭਾਵੇਂ ਇਹ ਕਵਿਤਾ ਅਕਲ ਨੂੰ ਨਾ ਵੀ ਉਕਸਾਵੇ, ਉਹ ਰੂਹ ਦੀ ਪਾਲਣਾ ਕਰਦੀ ਹੈ, ਸੁੱਤੀਆਂ ਕਲਾਂ ਨੂੰ ਜਗਾਂਦੀ ਹੈ, ਦਿਲ ਦੇ ਦੀਵੇ ਬਾਲਦੀ ਹੈ ਤੇ ਢੱਠਿਆਂ ਨੂੰ ਆਸਰਾ ਦਿੰਦੀ ਹੈ। ਸਿਦਕ ਆਪ ਮੁਹਾਰਾ ਆਉਂਦਾ ਹੈ। ਬਿਨਾਂ ਦਲੀਲਾਂ ਦੇ ਤੇ ਅਕਲੀ ਸਮਝੋਤਿਆਂ ਦੇ ਸਹਿਜ ਸੁਭਾ ਇਹ ਪ੍ਰਤੀਤ ਹੁੰਦਾ ਹੈ ਕਿ **ਇਹ ਸਚ ਹੈ**, ਤੇ ਜਦ ਇਹੋ ਜਿਹੇ ਵਚਨਾਂ ਨੂੰ ਮੁੜ ਮੁੜ ਪੜ੍ਹੀਏ ਉਹ ਸਦਾ ਨਵੀਂ ਚਮਕ ਤੇ ਉਜਲਤਾ ਰੂਹ ਨੂੰ ਦਿੰਦੇ ਹਨ, ਬਿਪਤਾ ਵੇਲੇ ਉਨ੍ਹਾਂ ਨੂੰ ਮੁੜ ਮੁੜ ਛੋਹਣ ਤੇ ਦਿਲ ਕਰਦਾ ਹੈ। ਤੇ ਉਨ੍ਹਾਂ ਵਚਨਾਂ ਦੇ ਪਾਠ ਵਿਚ ਰੂਹਾਂ ਨੂੰ ਆਰਾਮ ਮਿਲਦਾ ਹੈ। ਕਹਿੰਦੇ ਹਨ ਹਰਨਾਖਸ਼ ਨੇ ਆਪਣੀ ਭੈਣ ਹੋਲੀ ਨੂੰ ਕਿਹਾ ਕਿ ਪ੍ਰਹਿਲਾਦ ਨੂੰ ਝੋਲੀ ਵਿਚ ਬਿਠਾਕੇ ਬਲਦੇ ਭਾਂਬੜ ਵਿਚ ਜਾ ਬੈਠੇ। ਹੋਲੀ ਤਾਂ ਕਿਸੀ ਜਾਦੂ ਦੀ ਕਲਾ ਕਰਕੇ ਨਹੀਂ ਸੜਨ ਲੱਗੀ ਤੇ ਪ੍ਰਹਿਲਾਦ ਇਸ ਵਿਉਂਤ ਨਾਲ ਸੜ ਜਾਸੀ। ਪ੍ਰਹਿਲਾਦ ਦੇ ਵਿਚ ਗਿਆਂ ਭਾਂਬੜ ਠੰਢਾ ਹੋ ਗਿਆ। ਇਹ ਕਰਾਮਾਤ ਜੜੇ ਜਾਦੂਆਂ ਦੀ ਨਹੀਂ ਹੁੰਦੀ। ਇਹ ਸਭ ਰੂਹ ਦੇ ਦੇਸ਼ਾਂ ਦੇ ਅਲੰਕਾਰ ਹਨ। ਸਭ ਕ੍ਰਿਸ਼ਮੇ ਰੂਹ ਦੇ ਦੇਸ਼ਾਂ ਦੇ ਹੁੰਦੇ ਹਨ। ਪ੍ਰਹਿਲਾਦ **ਸਾਧਬਚਨਾਂ** ਦੇ ਸਿਮਰਨ ਵਿਚ ਵਲ੍ਹੇਟਿਆ, ਕੱਜਿਆ, ਤੇ ਉਸ ਰਛਿਆ ਨੂੰ ਪਾਕੇ ਜਦ ਬਲਦੀ ਅੱਗ ਵਿਚ ਗਿਆ, ਅੱਗ ਠੰਢੀ ਹੋ ਗਈ। ਇਹ ਅਸਰ ਸੁੱਚੀ ਕਵਿਤਾ ਦਾ ਹੈ। ਜਦ ਉਹ ਸਾਡੇ ਨਾਲ ਹੋਵੇ ਤਦ ਆਸ਼ਾ, ਤ੍ਰਿਸ਼ਨਾਂ ਵਿਚ ਜਲਦੇ ਜਗਤ ਵਿਚ ਰਹਿੰਦੇ ਹੋਏ ਭੀ ਅਸੀ ਠੰਢੇ ਤੇ ਹਲਕੇ ਤੇ ਦੈਵੀ ਅਵਸਥਾ ਵਿਚ ਦਿਨ ਸੋਹਣੇ ਕੱਟ ਸੱਕਦੇ ਹਾਂ। **ਕਵੀ** ਤਾਂ ਦੂਰ ਪਹੁੰਚੀ ਰੱਬ ਦੀ ਕਰਾਮਾਤ ਹੈ ਉਹ ਤਾ ਕੁਦਰਤ ਦਾ ਕ੍ਰਿਸ਼ਮਾ ਹੈ। ਕਵੀ ਬਚਨ ਨੂੰ ਧਾਰਣ ਕਰਕੇ ਪ੍ਰਹਿਲਾਦ ਵਾਂਗੂੰ ਉਨ੍ਹਾਂ ਵਚਨਾਂ ਦੀ ਗੂੰਜ ਵਿਚ ਜੀ ਉਠਣਾ ਤੇ ਮਸਤ ਹੋ ਉਚੇ ਗਗਨਾਂ ਵਿਚ ਨਿਵਾਸ ਘਰ ਬਣਾ ਲੈਣਾ, ਇਹ ਕਾਵਯ ਦੇ ਰਸਿਕ ਪੁਰਸ਼ਾਂ ਨੂੰ ਹੀ ਸਿੱਧੀ ਹੋ ਸਕਦੀ ਹੈ। ਪੱਥਰ ਜਿਹੜਾ ਕਿਸੇ ਚੁਕ ਕੇ ਛਤ ਪਰ ਆਣ ਰੱਖਿਆ ਹੋਵੇ ਉਹਦੀ ਤਾਕਤ ਓਨੀ ਹੀ ਵਧ ਜਾਂਦੀ ਹੈ ਜਿਸ ਤਾਕਤ ਨਾਲ ਹੇਠਾਂ ਥੀਂ ਚੁੱਕ ਕੇ ਉਹ ਉਪਰ ਰੱਖਿਆ ਗਿਆ ਹੈ। ਪੱਥਰ ਉਹੋ ਹੀ ਹੈ ਤੇ ਉਹ ਤਾਕਤ ਕੋਈ ਦਿੱਸਦੀ ਵੀ ਨਹੀਂ, ਪਰ ਤੱਲੇ ਪਿਆ ਪੱਥਰ ਜ਼ਖਮ ਨਹੀਂ ਕਰ ਸਕਦਾ ਤੇ ਉੱਤੋਂ ਰੁੜ੍ਹਿਆ ਪੱਥਰ ਸੱਟ ਮਾਰਨ ਨੂੰ ਸਮਰਥ ਹੈ। ਇਸੀ ਤਰਾਂ ਬਚਨਾਂ ਬਚਨਾਂ ਵਿਚ ਫਰਕ ਤਾਂ ਨਹੀਂ ਦਿੱਸਦਾ, ਪਰ ਜਦ ਅਮਲ ਕਰੀਏ ਤੇ ਰੂਹ ਤੇ ਆਈ ਹਾਲਤ ਦੀ ਪਰਖ ਕਰਕੇ ਵੇਖੀਏ ਤਦ ਪਤਾ ਲੱਗਦਾ ਹੈ, ਕਿ ਕਵਿਤਾ ਕਿਹੜੀ ਹੈ ਤੇ ਵਾਕ ਰਚਨਾ ਕੇਹੜੀ।

ਮੀਰਾਂ ਬਾਈ ਦਾ ਕਥਨ ਹੈ :—

'ਰਾਣਾ ਰੂਠੇ ਨਗਰੀ ਰਾਖੇ,
ਹਰੀ ਰੂਠੇ ਕਹਾਂ ਜਾਣਾ।'

ਜ਼ਰਾ ਪਾਠ ਕਰੋ, ਇਕ ਦੈਵੀ ਆਜ਼ਾਦੀ ਰਗਾਂ ਵਿਚ ਭਰਦੀ ਹੈ, ਰੂਹ ਵਿਚ ਤਾਕਤ ਆਉਂਦੀ ਹੈ। ਬਾਦਸ਼ਾਹ ਦੇਸ ਨਿਕਾਲਾ ਦਿੰਦੇ ਹਨ। ਜੇ ਮੇਰਾ ਰੱਬ ਨਾ ਰੁੱਠੇ ਤੇ ਦੁਨੀਆਂ ਦੇ ਬਾਦਸ਼ਾਹਾਂ ਦੀ

Digitized by Panjab Digital Library | www.panjabdigilib.org

ਕੀ ਪ੍ਰਵਾਹ ਹੈ ? ਇਕ ਅੰਦਰ ਦਾ ਉੱਚਾ ਇਖਲਾਕ ਤੇ ਆਜ਼ਾਦੀ ਰੂਹ ਦੀ ਸ਼ਿਸਤ ਸਿੱਧੀ ਕਰਦੀ ਹੈ। ਕਦੀ ਆਦਮੀ ਇਸਦੇ ਪਾਠ ਥੀਂ ਰੱਜਦਾ ਨਹੀਂ।

ਸ੍ਰੀ ਗੁਰੂ ਨਾਨਕ ਚਮਤਕਾਰ ਦੇ ਕਰਤਾ ਜੀ ਦਾ ਕਥਨ :—

'ਬਾਰਾਂ ਹਿ ਬਰਸ ਬੀਤੇ,
ਬਾਲਮ ਬਿਦੇਸ ਧਾਏ॥
ਆਯਾ ਨ ਸੁਖ ਸੁਨੇਹਾ,
ਧੌਲੇ ਹੋ ਕੇਸ ਆਏ।'

ਜ਼ਰਾ ਅਮਲ ਕਰਕੇ ਤੱਕੋ, ਇਨ੍ਹਾਂ ਸਤਰਾਂ ਵਿਚ ਕਿੰਨਾਂ ਬਿਰਹਾ ਭਰਿਆ ਹੋਇਆ ਹੈ।

ਫਿਰ ਉਨ੍ਹਾਂ ਦੀਆਂ ਇਹ ਸਤਰਾਂ :—

'ਠਹਿਰ ਜਾਈ ਠਹਿਰ ਜਾਈ,
ਗੁਰੂ ਦੇ ਪਿਆਰਿਆ॥
ਪਵਣ ਵੇਗ ਕੌਣ ਰੋਕੇ॥
ਬੱਦਲਾਂ ਨੂੰ ਕੌਣ ਠਾਕੇ॥
ਧੁਰਾਂ ਥੀਂ ਜੋ ਚਾਲ ਪਾਏ,
ਟਰਨ ਨਹੀਂ ਟਾਰਿਆ।'

ਇਨ੍ਹਾਂ ਵਿਚ ਰੂਹ ਦੇ ਦੇਸ਼ ਦਾ ਆਕਾਸ਼ ਦਿੱਸਦਾ ਹੈ, ਸਹਿਜ ਸੁੱਭਾ Space ਸਪੇਸ ਕੋਈ ਹੋਰ ਆਣ ਪਈ ਹੈ।

ਮੀਰਾਂ ਬਾਈ ਤੇ ਭਾਈ ਸਾਹਿਬ ਜੀ ਦੀ ਕਵਿਤਾ ਸਿੱਖ ਕਵਿਤਾ ਹੈ। ਇਥੇ ਉਨ੍ਹਾਂ ਦੇ ਪਿਆਰੇ ਗੁਰੂਆਂ ਦੀ ਕਵਿਤਾ ਦਾ ਜ਼ਿਕਰ ਹੀ ਨਹੀਂ ਕਰਦੇ, ਕਿਉਂਕਿ ਉਹ ਤਾਂ ਉਹ ਸ਼ਬਦ ਹਨ, ਜਿਨ੍ਹਾਂ ਨੂੰ ਲਖਾਂ ਜ਼ਿੰਦਗੀਆਂ ਅਰਪਣ ਹੋਈਆਂ ਹਨ, ਤੇ ਉਹ ਅਰਸ਼ਾਂ ਕੁਰਸ਼ਾਂ ਦੇ ਰਸ ਤੇ ਆਕਾਸ਼ ਤੇ ਸਚ ਦੇ ਜਵਾਹਰਾਤਾਂ ਦਾ ਖ਼ਜ਼ਾਨਾ ਹਨ। ਅਸੀ ਭਾਈ ਸਾਹਿਬ ਦੀ ਕਵਿਤਾ ਉਪਰ ਇਥੇ ਕੁਛ ਲਿਖਣਾ ਚਾਹੁੰਦੇ ਹਾਂ, ਪਰ ਇਹ ਦਰਦ ਜਿਹੜਾ ਕੇਲੌਂ ਦੇ ਗਲ ਲੱਗੀ ਵੇਲ ਵਿਚ ਆਪ ਨੇ ਦੱਸਿਆ ਹੈ, ਉਹ ਕਿਸ ਤਰਾਂ ਦਿਲ ਦੇ ਚੁੱਪ ਸਰਗਮਾਂ ਵਿਚ ਜਾ ਕੋਈ ਰਾਗ ਛੇੜਦਾ ਹੈ :—

## ਕੇਲੌਂ ਦੇ ਗਲ ਲੱਗੀ ਵੇਲ।

ਹਾਇ ਨਾ ਧ੍ਰੀਕ ਸਾਨੂੰ,
ਹਾਇ ਵੇ ਨਾ ਮਾਰ ਖਿੱਚਾਂ,
ਹਾਇ ਨਾ ਵਿਛੋੜ ਗਲ,
ਲੱਗਿਆਂ ਨੂੰ ਪਾਪੀਆਂ।

Digitized by Panjab Digital Library | www.panjabdigilib.org

ਹਾਇ ਨਾ ਤੁਣੱਕੇ ਮਾਰੀਂ !
ਖਿੱਚ ਨਾ ਫਟਕੇ ਦੇ ਦੇ,
ਵਰ੍ਹਿਆਂ ਦੀ ਲੱਗੀ ਸਾਡੀ,
ਤੋੜ ਨਾ ਸਰਾਪੀਆ।

ਹਾਇ ਨਾਂ ਵਲੂੰਧਰੀਂ ਵੇ।
ਸੱਟੀ ਨਾ ਉਤਾਰ ਭੁੰਵੇ,
ਸੱਜਣ ਗੱਲੋਂ ਟੁੱਟੀਆਂ,
ਹੋ ਜਾਸਾਂ ਇਕਲਾਪੀਆ।

ਮੇਰੇ ਹੱਡ ਤਾਣ ਨਾਹੀਂ,
ਸੱਕਾਂ ਨਾ ਖੜੋਇ ਪੈਰੀਂ,
ਖੜੀ ਸਜਨ ਆਸਰੇ ਹਾਂ,
ਅਬਲਾ ਮੈਂ ਅਮਾਪੀਆ।

ਪਜਾਰੇ ਨਾ ਵਿਛੋੜੀਏ ਵੇ,
ਮਿਲੇ ਨਾ ਨਖੇੜੀਏ ਵੇ,
ਆਸਰੇ ਨਾਂ ਤੋੜੀਏ ਵੇ,
ਅਵੇ ! ਪਾੜੀਏ ਨਾ ਜੋੜੀਆਂ।

ਵਸਲ ਵੇਖ ਖੀਝੀਏ ਨਾ,
ਅੱਡ ਕਰ ਰੀਝੀਏ ਨਾ,
ਇਕ ਹੋਈਆਂ ਜਿੰਦੀਆਂ ਦੀਆਂ,
ਹੁੰਦੀਆਂ ਨਹੀਓ ਕੋੜੀਆਂ।

ਵਿੱਥਾਂ ਵਾਲੇ ਜਗ ਵਿਚ,
ਵਿੱਥਾਂ ਪਈਆਂ ਚੱਪੇ ਚੱਪੇ,
ਅੱਡੋ ਅੱਡ ਸੱਭ ਕੋਈ,
ਜੋੜੀਆਂ ਨੀ ਥੋੜੀਆਂ।

ਵਿੱਥਾਂ ਮੇਟ ਇੱਕੋ ਹੋਏ,
ਉਹਨਾਂ, ਵੇਖ ਰੀਝਣਾ ਵੇ,
ਬਾਹੀਂ ਗਲੇ ਲਿਪਟੀਆਂ,
ਨਾ ਚਾਹੀਏ ਕਦੀ ਤੋੜੀਆਂ।

ਬਨਫਸ਼ੇ ਦੇ ਫੁੱਲ ਵਿਚ ਕਿਹਾ ਆਪ ਇਕ ਆਪਣੇ ਜੀਵਨ ਦਾ ਭੇਤ ਇਕ ਕਾਵਯ ਰਸ ਦੇ ਨਖਰੀਲੇ ਅੰਦਾਜ਼ ਵਿਚ ਦੱਸਦੇ ਹਨ :—

Digitized by Panjab Digital Library | www.panjabdigilib.org

# ਬਨਫਸ਼ਾ ਦਾ ਫੁੱਲ

ਮੇਰੀ ਛਿਪੀ ਰਹੇ ਗੁਲਜ਼ਾਰ,
ਮੈਂ ਨੀਵਾਂ ਉੱਗਿਆ।
ਕੁਈ ਲਗੇ ਨਾ ਨਜ਼ਰ ਟਪਾਰ,
ਮੈਂ ਪਰਬਤ ਲੁੱਕਿਆ।
ਮੈਂ ਲਿਆ ਅਕਾਸ਼ੋਂ ਰੰਗ,
ਜੁ ਸ਼ੋਖ ਨਾ ਵੰਨ ਦਾ।
ਹਾਂ, ਧੁਰੋਂ ਗਰੀਬੀ ਮੰਗ,
ਮੈਂ ਆਯਾ ਜਗਤ ਤੇ।
ਮੈਂ ਪੀਆਂ ਅਰਸ਼ ਦੀ ਤ੍ਰੇਲ,
ਪਲਾਂ ਮੈਂ ਕਿਰਨ ਖਾ।
ਮੇਰੀ ਨਾਲ ਚਾਂਦਨੀ ਖੇਲ,
ਰਾਤਿ ਰਲ ਖੇਲੀਏ।
ਮੈਂ ਮਸਤ ਆਪਣੇ ਹਾਲ,
ਮਗਨ ਗੰਧ ਆਪਣੀ।
ਹਾਂ, ਦਿਨ ਨੂੰ ਭੌਰੇ ਨਾਲ,
ਬਿ ਮਿਲਨੋਂ ਸੰਗਦਾ।
ਆ ਸ਼ੋਖੀ ਕਰਕੇ ਪੌਣ,
ਜਦੋਂ ਗਲ ਲੱਗਦੀ।
ਮੈਂ ਨਾਂਹਿ ਹਲਾਵਾਂ ਧਊਣ,
ਵਾਜ ਨਾ ਕੱਢਦਾ।
ਹੇ, ਫਿਰ ਭੀ ਟੁੱਟਾਂ, ਹਾਏ,
ਵਿਛੋੜਨ ਵਾਲਿਓ।
ਮਿਰੀ ਭਿੰਨੀ ਇਹ ਖ਼ੁਸ਼ਬੋਇ,
ਕਿਵੇਂ ਨਾ ਛਿੱਪਦੀ।
ਮਿਰੀ ਛਿਪੇ ਰਹਿਣ ਦੀ ਚਾਹਿ,

Digitized by Panjab Digital Library | www.panjabdigilib.org

ਤਿ ਛਿਪ ਰ ਜਾਣ ਦੀ।

ਹਾ ! ਪੂਰੀ ਹੁੰਦੀ ਨਾਂਹਿ,

ਮੈਂ ਤਰਲੇ ਲੈ ਰਿਹਾ।

ਇਸ ਵਿਚ ਸ਼ੱਕ ਨਹੀਂ, ਕਿ ਕਵਿਤਾ ਆਪਣੀ ਹੀ ਬੋਲੀ ਵਿਚ ਉਸ ਖਾਸ ਦੇਸ਼ ਦੇ ਵਾਸੀਆਂ ਨੂੰ ਰੂਹ ਤੱਕ ਅਪੜਾ ਸੱਕਦੀ ਹੈ। ਇਹ ਅਸੰਭਵ ਹੈ, ਕਿ ਅੰਗ੍ਰੇਜ਼ੀ ਕਵਿਤਾ ਤੇ ਉਹਦਾ ਉਚਾਰਣ ਸਾਨੂੰ ਪੰਜਾਬੀਆਂ ਨੂੰ ਉੱਨਾਂ ਤੀਖਣ ਤੇ ਮਿੱਠਾ ਤੇ ਰਸੀਲਾ ਲੱਗੇ ਜਿਸ ਤਰਾਂ ਅੰਗ੍ਰੇਜ਼ਾਂ ਨੂੰ ਲੱਗਦਾ ਹੈ। ਮੇਰੀ ਜਾਚੇ ਇਹ ਨਾਮੁਮਕਨ ਹੈ ਕਿ ਪੰਜਾਬੀ ਦਿਲ ਨੂੰ ਹਿੰਦੀ ਤੇ ਉਰਦੂ ਬੋਲੀ ਕਦੀ ਰੂਹ ਨੂੰ ਚੰਗੀ ਲੱਗੇ। ਜਿਸ ਵੇਲੇ ਪੰਜਾਬੀ ਮਾਂ ਤੇ ਭੈਣਾਂ ਆਪਣੇ ਪੁਤ ਤੇ ਭਰਾ ਦੇ ਗੁਜ਼ਰ ਜਾਣ ਉੱਪਰ ਰੁਦਨ ਕਰ ਕਰ ਵੈਣ ਪਾਂਦੀਆਂ ਹਨ, ਉਹ ਵੈਣ ਕਦੀ ਵੀ ਅੰਗ੍ਰੇਜ਼ੀ ਯਾ ਪਾਰਸੀ ਯਾ ਉਰਦੂ ਯਾ ਹਿੰਦੀ ਵਿਚ ਨਹੀਂ ਹੋ ਸਕਦੇ। ਸੋ ਜਿਸ ਤਰ੍ਹਾਂ ਮਾਂ ਦੇ ਖ਼ੂਨ ਤੇ ਹੱਡੀ ਨਾਲ ਸਾਡਾ ਰਿਸ਼ਤਾ ਹੈ, ਇਸੇ ਤਰਾਂ ਉਹਦੀ ਬੋਲੀ ਨਾਲ। ਰੂਹ ਤੱਕ ਤਾਂ ਮਾਂ ਦੀ ਬੋਲੀ ਅੱਪੜਦੀ ਹੈ, ਸੋ ਕਵੀ ਸਦਾ ਆਪਣੀ ਮਾਂ ਦੀ ਬੋਲੀ ਵਿਚ ਰਹਿੰਦਾ ਹੈ, ਉੱਸੇ ਨੂੰ ਉਚਾ ਕਰਦਾ ਹੈ। ਵਾਕਰਚਨਾ ਤਾਂ ਹਰ ਕੋਈ ਹਰ ਬੋਲੀ ਵਿਚ ਕਰ ਸਕਦਾ ਹੈ ਜੇ ਉਸਨੂੰ ਅਕਲੀ ਹੁਨਰ ਆਉਂਦਾ ਹੋਵੇ, ਪਰ ਕਵਿਤਾ ਕਦੀ ਪਰਾਈ ਬੋਲੀ ਵਿਚ ਨਹੀਂ ਹੋ ਸੱਕਦੀ।

"ਧੰਨੁ ਸੁ ਦੇਸੁ ਜਹਾਂ ਤੂੰ ਵਸਿਆ,

ਮੇਰੇ ਸਜਣ ਮੀਤ ਮੁਰਾਰੇ ਜੀਉ।

ਹਉ ਘੋਲੀ ਹਉ ਘੋਲਿ ਘੁਮਾਈ

ਗੁਰ ਸਜਣ ਮੀਤ ਮੁਰਾਰੇ ਜੀਉ।

ਇਹ ਇਕ ਸ਼ਬਦ ਦੱਸਦਾ ਹੈ, ਕਿਸ ਤਰਾਂ ਸਤਿਗੁਰਾਂ ਦੇ ਵੇਲੇ ਸਾਡੀ ਮਾਤ ਬੋਲੀ ਉਨ੍ਹਾਂ ਦੇ ਬਸ ਛੋਹਣ ਨਾਲ, ਨਾ ਸਿਰਫ ਉਚੀ ਹੋਈ, ਨਾ ਸਿਰਫ ਵੱਡੀ ਹੋਈ ਗਹਿਰ ਤੇ ਗੰਭੀਰ ਹੋਈ, ਪਰ ਕਿੰਨੀ ਮਿੱਠੀ, ਸੁੱਚੀ ਤੇ ਪਿਆਰੀ ਹੋ ਗਈ।

ਕਵਿਤਾ ਦੇ ਕਰਤਾ ਤਾਂ ਇਲਾਹੀ ਲੋਕ, ਹੋਏ, ਪਰ ਕਵਿਤਾ ਦੇ ਪਾਠ ਕਰਨ ਵਾਲਿਆਂ ਦੇ ਦਿਲ ਵਿਚ ਸਥਾਈ ਭਾਵ ਦਇਆ, ਨਿਮ੍ਰਤਾ, ਮਿੱਠਤ, ਗਰੀਬੀ, ਤਿਆਗ ਵੈਰਾਗਜ ਤੇ ਚਾ ਮਿਲਵਾਂ ਹੋਣਾ ਲੋੜੀਦਾ ਹੈ। ਕਵਿਤਾ ਪੜ੍ਹਨ ਵਾਲਿਆਂ ਦੇ ਦਿਲ ਇਕ ਵਗਦੇ ਚਸ਼ਮੇ ਵਾਂਗ ਸਦਾ ਠੰਢੇ ਤੇ ਨਿਰਮਲ ਲੋੜੀਏ। ਕਵੀ ਦੇ ਮਿੱਠੇ ਬਚਨਾਂ ਦਾ ਪਾਠ ਤਦ ਕਰ ਸਕਦੇ ਹਾਂ ਜਦ ਖ਼ੁਦਗਰਜ਼ੀ ਕਸ਼ਮਕਸ਼, ਵੈਰ ਵਿਰੋਧ ਤੇ ਦੁਨਯਾਦਾਰੀ ਦੀਆਂ ਕਮੀਨੀਆਂ ਘਬਰਾਟਾਂ ਦਾ ਘਟਾ ਦਿਲ ਥੀਂ ਸਾਫ ਹੋ ਚੁੱਕਿਆ ਹੋਵੇ। ਅੱਖ ਵਿਚ ਕੋਈ ਜਵਾਲਾ ਲਿਸ਼ਕਾਂ ਮਾਰਦੀ ਹੋਵੇ, ਦਿਲ ਵਿਚ ਬਿਹਬਲਤਾ ਹੋਵੇ, ਹੱਥ ਪੈਰ ਅਚਲ ਚਾ ਵਿਚ ਚੰਚਲ ਹੋਣ, ਤੇ ਰੂਹ ਕਿਸੇ ਮੌਤ ਵਰਗੇ ਪਿਆਰ ਵਿਚ ਖਿੱਚਿਆ ਹੋਵੇ। ਜਿਹੜੇ ਇਕ ਦੁਨੀਆਂ ਦੇ ਕੂੜੇ ਠੋਸ ਪਦਾਰਥਾਂ ਨੂੰ ਸੱਚ ਵੇਖ ਰਹੇ ਹਨ ਉਨ੍ਹਾਂ ਦੇ ਉਹ ਨੈਣ ਨਹੀਂ ਹਨ ਜੋ ਕਵੀ ਨੂੰ ਪਛਾਣ ਸੱਕਣ। ਫਰਕ ਦੇਖੋ, ਇਨ੍ਹਾਂ ਲਈ ਤਾਂ ਦਿਸਣ ਪਿਸਣ ਦੇ ਝਮੇਲੇ ਸੱਚ, ਤੇ ਕਵੀ

Digitized by Panjab Digital Library | www.panjabdigilib.org

ਲਈ ਇਹ ਸਭ ਕੂੜ। "ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ।" ਕਵੀ ਦਾ ਸੱਚ ਇਹ ਨਹੀਂ, ਉਹ ਹੈ:—ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ਤੇ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ।। ਨਾਉ ਸੁਣਿ ਮਨੁ ਰਹਸੀਐ ਤਾ ਪਾਵੈ ਮੋਖ ਦੁਆਰੁ।' ਕਵੀ ਤਾਂ ਕਾਲੇ ਬੱਦਲਾਂ ਦੇ ਸਮੂਹ ਵਿਚ ਇਕ ਲਿਸ਼ਕਦੀ ਚਾਂਦੀ ਦੀ ਲਕੀਰ ਵੇਖ ਖ਼ੁਸ਼ ਹੁੰਦੇ ਹਨ। ਠੀਕ, ਨਿਰਾ ਕਾਲਾਪਣ ਕੁਸੁਹਣਾ ਨਹੀਂ ਜੇ ਬੱਦਲਾਂ ਵਾਲੀ ਕੋਈ ਲਿਸ਼ਕ ਹੋਵੇ, ਤੇ ਜੇ ਉਨ੍ਹਾਂ ਵਰਗਾ ਬਰਖਾ ਕਰਨ ਵਾਲਾ ਦਿਲ ਹੋਵੇ, ਜੇ ਕਾਲਿਆਂ ਵਿਚ "ਥਰਰ ਥਰਰ" ਕੋਈ "ਖਿਰਣ" ਹੋਵੇ ਤਦ ਮੋਰ ਪੈਲ ਪਾਣ ਲਗ ਜਾਂਦੇ ਹਨ। ਲੰਕਾ ਵਾਸੀਆਂ ਨੇ ਇਕ ਵੇਰੀ ਅੱਕ ਕੇ ਕਿਹਾ ਸੀ—

"ਕੰਚਨ ਕੋ ਧਾਮ ਕਾਹੂ ਕਾਮ ਜਹਾਂ ਉਪਾਧ ਰਹੇ,
ਰਾਮ ਰਾਜ ਭਲੋ ਜਹਾਂ ਸੋਏਂ ਖਾਇ ਲੋਬੀਆ।"

ਜਿਹੜੀ ਬਿਜਲੀ ਦੀ ਚਿਣਗ ਵਾਂਗ ਤੜਪ ਕੇ ਸ਼ਰੀਰੀ ਮਾਯਾਵੀ ਦੁਨੀਆਂ ਥੀਂ ਬਾਹਰ ਨਹੀਂ ਹੋ ਸੱਕਦੇ, ਉਹ ਕਵਿਤਾ ਨੂੰ ਕੀ ਸਿੰਞਾਣ ਸਕਦੇ ਹਨ, ਉਹ ਮਰ ਚੁਕੇ ਹਨ। ਗੁਲ ਬਕਾਵਲੀ ਸੈਲ ਪੱਥਰ ਤਾਂ ਹੀ ਹੋਈ ਸੀ, ਜਦ ਉਹਨੂੰ ਇਸ "ਕੂੜ" ਦਾ ਕੋਈ ਹੱਥ ਲਗ ਗਿਆ ਸੀ। ਬੰਦੇ ਠੋਸ ਕਾਲੇ ਜਗਤ ਦੇ ਕੂੜ ਨੂੰ ਸੱਚ ਮੰਨ ਕੇ ਪੈਰਾਂ ਵੱਲੋਂ ਲਗ ਕੇ ਸਿਰ ਤਕ ਹੌਲੀ ਹੌਲੀ ਸੈਲ ਪੱਥਰ ਹੋ ਜਾਂਦੇ ਹਨ, ਦਿਲ ਦੀ ਧੜਕ ਹੀ ਬੰਦ ਹੋ ਜਾਂਦੀ ਹੈ। ਸ਼ੇਕਸਪੀਅਰ ਨੇ ਵੀ ਕੁਝ ਖਿੱਝ ਕੇ ਕਿਹਾ ਸੀ ਕਿ ਜਿਨ੍ਹਾਂ ਨੂੰ ਕਵਿਤਾ ਚੰਗੀ ਨਹੀਂ ਲਗਦੀ ਉਹ ਲੋਕੀ ਫਾਂਸੀ ਲਾ ਦਿੱਤੇ ਜਾਣ ਜੋਗੇ ਹਨ।

ਇਹੋ ਜਿਹੇ ਮਾਦਾ ਚਿੱਤ ਲੋਕਾਂ ਵਿਚ ਤਾਂ ਅੰਤ ਇਹ ਹੁੰਦਾ ਹੈ ਕਿ ਆਦਮੀ ਪੱਥਰ ਦੇ ਹੋ ਜਾਂਦੇ ਹਨ। ਜਿੱਥੇ ਉਹ ਚੁੱਪ ਕਵਿਤਾ ਦਾ ਰੰਗ ਅੰਦਰੇ ਅੰਦਰ ਸਿੰਜਰਦਾ ਰਹਿੰਦਾ ਹੈ, ਉੱਥੇ ਉਨ੍ਹਾਂ ਬੰਦਿਆ ਦੇ ਪਿਆਰ ਨਾਲ ਬ੍ਰਿਛ ਵੀ ਰੂਹ ਹੋ ਜਾਂਦੇ ਹਨ। **ਲੇਫ਼ਕੇਡੀਓ ਹੇਰਨ** ਜਦ ਪਹਿਲਾਂ ਜਾਪਾਨ ਪਹੁੰਚਾ ਤਦ **ਪਦਮ ਤੇ ਚੈਰੀ** ਦੇ ਫੁੱਲਾਂ ਭਰੇ ਬ੍ਰਿਛ ਦੇਖਕੇ ਹੈਰਾਨ ਹੋਇਆ ਸੀ, ਤੇ ਉਸ ਲਿਖਿਆ ਹੈ, "ਹਾਇ! ਇਹ ਬ੍ਰਿਛ **ਜਾਪਾਨ** ਵਿਚ ਕਿਉਂ ਇਤੇ ਸੁਹਣੇ ਲਗਦੇ ਹਨ? ਸਾਡੇ ਦੇਸ਼ਾਂ ਵਿਚ ਇਕ ਖਿੜਿਆ ਪਦਮ ਯਾ ਚੈਰੀ ਕੋਈ ਹੈਰਾਨ ਕਰਨ ਵਾਲੀ ਗੱਲ ਸਾਨੂੰ ਨਹੀਂ ਜਾਪਦੀ, ਪਰ ਇੱਥੇ ਇਸ ਮੁਲਕ ਵਿਚ ਇਕ ਬ੍ਰਿਛ ਇਕ ਸੁਹਣੱਪ ਤੇ ਸੁਹਜ ਦੀ ਪੂਰਨ ਕਰਾਮਾਤ ਦਿੱਸਦੀ ਹੈ। ਰੂਹ ਨੂੰ ਖਿੱਚਦੀ ਹੈ, ਤੇ ਭਾਵੇਂ ਅਸਾਂ ਜਾਪਾਨ ਤੇ ਲਿਖੇ ਅਨੇਕ ਪੁਸਤਕ ਪੜ੍ਹੇ ਹੋਣ ਜਦ ਪ੍ਰਤੱਖ ਇਸ ਦਿਵਯ ਦੀਦਾਰ ਨੂੰ ਕਰਦੇ ਹਾਂ, ਤਦ ਇਕ ਅਚਰਜ ਵਿਸਮਾਦ ਦੀ ਚੁੱਪ ਤੇ ਰਸ਼ਿਕ ਚੁੱਪ ਸਾਡੀ ਰੂਹ ਪਰ ਛਾ ਜਾਂਦੀ ਹੈ। ਤੁਸੀ ਕੋਈ ਪੱਤੀਆਂ ਨਹੀਂ ਵੇਖ ਰਹੇ, ਬ੍ਰਿਛਾਂ ਨਾਲ ਪਲਮਦੀਆਂ ਇਕ ਫੁੱਲ ਪੰਖੜੀਆਂ ਦੀ ਧੁੰਦਲੀ ਕੁਹਰ ਜਿਹੀ ਵੇਖ ਰਹੇ ਹੋ।

"ਕੀ ਇਨ੍ਹਾਂ ਬ੍ਰਿਛਾਂ ਦੇ ਰੂਹਾਨੀ ਪ੍ਰਭਾਵ ਦਾ ਇਹ ਤਾਂ ਕਾਰਨ ਨਹੀਂ ਕਿ ਇਹ ਦੇਵਤਾ ਧਰਤੀ ਦੇ ਮਨੁੱਖਾਂ ਦੇ ਸਦਾ ਦੇ ਲਗਾਤਾਰ ਲਾਡ ਪਿਆਰ ਨਾਲ ਇਨ੍ਹਾਂ ਬ੍ਰਿਛਾਂ ਵਿਚ ਰੂਹ ਆਣ ਪਏ ਹਨ, ਤੇ ਰੂਹ ਪੈ ਜਾਣ ਦੀ ਸ਼ੁਕਰ-ਗੁਜ਼ਾਰੀ ਵਿਚ ਇਹ ਬ੍ਰਿਛ ਵੀ ਨਿੱਤ ਨਵੇਂ ਸੋਹਣੇ ਚਾ ਨਾਲ ਆਪਣੇ ਆਪ ਨੂੰ ਨਿੱਤ ਨਵੇਂ ਸੁਹਜ ਨਾਲ ਸੰਵਾਰ ਸੰਵਾਰ ਫਬਾ ਫਬਾ ਆਪਣੇ ਪਿਆਰ ਦੇ ਦਾਤਿਆਂ ਨੂੰ ਇਉਂ ਰੀਝਾ ਰਹੇ ਹਨ, ਜਿਵੇਂ ਸੁੰਦਰੀਆਂ ਆਪਣੇ ਆਪ ਨੂੰ ਗਹਿਣੇ ਪਾ ਪਾ ਤੇ ਆਪਣੇ ਕੇਸਾਂ ਦੀ ਧੜੀਆਂ

Digitized by Panjab Digital Library | www.panjabdigilib.org

ਲਵਾ ਲਵਾ ਆਪਣੇ ਪਿਆਰ ਦਾਤੇ ਜਵਾਨ ਛਬੀਲੇ ਬਾਂਕੇ ਜ਼ਵਾਨਾਂ ਨੂੰ ਰਿਝਾਂਦੀਆਂ ਹਨ। ਇਸ ਵਿਚ ਸ਼ੱਕ ਨਹੀਂ, ਕਿ ਇਨ੍ਹਾਂ ਬ੍ਰਿਛਾਂ ਨੇ ਸੋਹਣੇ ਗੁਲਾਮਾਂ ਵਾਂਗ ਮਨੁਖਾਂ ਦੇ ਦਿਲ ਨੂੰ ਰਿਝਾ ਲਿਆ ਹੋਇਆ ਹੈ।

"ਇਸ ਮੁਲਕ ਵਿਚ ਪੱਛਮ ਥੀਂ ਕੋਈ ਵਹਿਸ਼ੀ ਲੋਕੀ ਜ਼ਰੂਰ ਆਏ ਜਾਪਦੇ ਹਨ, ਜਿਸ ਕਰਕੇ ਹਰ ਥਾਂ ਅੰਗ੍ਰੇਜ਼ੀ ਵਿਚ ਇਹੋ ਜਿਹੇ ਨੋਟਸ ਲੱਗੇ ਪਏ ਹਨ।

"ਇਸ ਮੁਲਕ ਵਿਚ ਬ੍ਰਿਛਾਂ ਨੂੰ ਦੁਖ ਪਹੁੰਚਾਣਾ ਮਨਾ ਹੈ।"

ਸਦੀਆਂ ਦੀ ਕਵਿਤਾ—ਅਵਸਥਾ ਦਾ ਅਸਰ ਪੱਥਰਾਂ, ਪਹਾੜਾਂ ਬ੍ਰਿਛਾਂ ਤੇ ਪੈਂਦਾ ਹੈ। ਜਿਸ ਤਰ੍ਹਾਂ ਸਾਡੇ ਦੇਸ਼ ਵਿਚ ਕਿਸੀ ਸੱਚੇ ਸਾਧ ਦੀ ਕੁਟੀਆ ਵਿਚ ਕਦੀ ਇਕ ਰੂਹ ਦਾ ਖੇੜਾ ਤੇ ਆਰਾਮ ਇਉਂ ਹੁੰਦਾ ਸੀ ਜੋ ਸ਼ਿਲਾ ਦੇ ਬ੍ਰਿਛਾਂ ਉਤੇ ਉਨ੍ਹਾਂ ਦੇ ਪਰਛਾਵਿਆਂ ਤੇ ਸਾਜਾਂ ਵਿਚ ਸਾਧ ਦੇ ਅੰਦਰ ਦੇ ਪ੍ਰਭਾਵ ਦਾ ਅਸਰ ਪ੍ਰਤੱਖ ਹੁੰਦਾ ਸੀ। ਇਸੀ ਤਰ੍ਹਾਂ ਬੁੱਧ ਮਤ ਦਾ ਸਾਦੀਆਂ ਦਾ ਅਸਰ ਜਾਪਾਨ ਦੇ ਸਾਰੇ ਜੰਗਲਾਂ ਤੇ ਪਰਬਤਾਂ ਤੇ ਬ੍ਰਿਛਾਂ ਪਰ ਇਸ ਤਰਾਂ ਪਿਆ ਹੋਇਆ ਹੈ, ਕਿ ਮਨੁੱਖ ਤੇ ਕੁਦਰਤ ਦੀ ਇਕ ਸਾਂਝੀ ਧੜਕਦੀ ਜਿੰਦ ਦੀ ਨਬਜ਼ ਦੀ ਆਵਾਜ਼ ਸੁਣਾਈ ਦਿੰਦੀ ਹੈ।

ਮੁਲਕ ਸਾਰਾ, ਸਮੁੰਦਰ ਸਾਰਾ ਕਵਿਤਾ ਦਾ ਰੂਪ ਹੋ ਗਿਆ ਜਾਪਦਾ ਹੈ। ਹੁਣ ਪਤਾ ਨਹੀਂ ਕਿ ਪੱਛਮੀ ਵਹਿਸ਼ੀਪੁਣੇ ਨੇ ਉੱਥੇ ਵੀ ਜੀਂਦੀਆਂ ਗੁਲਬਕਾਵਲੀਆਂ ਨੂੰ ਪੱਥਰਾ ਦਿੱਤਾ ਹੋਵੇ, ਯਾ ਸੈਲ ਪੱਥਰ ਹੋਣਾ ਪੈਰਾਂ ਵੱਲੋਂ ਆਰੰਭ ਹੋ ਚੁਕਾ ਹੋਵੇ।

ਜਿੱਥੇ ਅਕਲ ਦੀ ਬੇਚੈਨੀ, ਬੇ ਸਿਦਕੀ ਹੈ, ਜਿਥੇ ਸੱਚ ਦੇ ਹੋਣ ਥੀਂ ਸ਼ੱਕ ਹੈ, ਉੱਥੇ ਕਵਿਤਾ ਦਾ ਕੰਵਲ ਖਿੜ ਨਹੀਂ ਸਕਦਾ। ਜਿਸ ਤਰ੍ਹਾਂ ਫੁੱਲਾਂ ਦੀ ਸੁਹਣੱਪ ਕਿਸੀ ਉੱਚੇ ਤੇ ਅਣੋਖੇ ਅਣਡਿੱਠੇ ਦੇਸ਼ਾਂ ਦੇ ਲੁਕਵੇਂ ਪ੍ਰਭਾਵ ਦਾ ਇਕ ਚਿੰਨ੍ਹ ਮਾਤ੍ਰ ਵਿਕਾਸ ਹੈ, ਉਸੀ ਤਰਾਂ ਕਵਿਤਾ ਲਈ ਵੀ ਜੋ ਮਨੁੱਖ ਦੇ ਰੂਹ ਦੇ ਬਾਗਾਂ ਦਾ ਖੇੜਾ ਹੈ, ਕਿਸੇ ਉੱਚੇ ਖਿੱਚੇ ਪਿਆਰ ਦੀ ਲੋੜ ਹੈ। ਬਿਨਾਂ ਪਿਆਰ ਨਾ ਕਵਿਤਾ ਜੀ ਸੱਕਦੀ ਹੈ, ਨਾ ਫੁੱਲ ਤੇ ਨ ਸੋਹਣੇ। ਕਵਿਤਾ ਇਕ ਸੋਹਣੀ ਇਸਤ੍ਰੀ ਹੈ, ਜਿਹੜੀ ਆਪਣੀ ਨਿਰਾਦਰੀ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਤੇ ਨਾ ਉਹ ਖੁਸ਼ ਹੋ ਅਲਾਪ ਸੱਕਦੀ ਹੈ, ਜਦ ਤਕ ਉਸ ਨੂੰ ਪੂਜਾ ਤੇ ਪਿਆਰ ਕਰਨ ਵਾਲੇ ਉਸਦੀ ਨਾਜ਼ ਬਰਦਾਰੀ ਨਾ ਕਰਨ। ਕਵਿਤਾ ਭਰੀ, ਠੰਢੀ, ਰਸਿਕ ਸੁਰਤਿ ਦਾ ਸਦਾ ਸ਼ਿਵ-ਨ੍ਰਿਤਯ ਹੈ। ਇਹ ਜਦ ਹੱਥ ਵਿਚੋਂ ਚੁੱਪ ਬੋਲੀ ਵਿਚ ਪ੍ਰਕਾਸ਼ ਕਰਦੀ ਹੈ। ਤਦ ਜੀਵਨ ਦੀਆਂ ਰਮਜ਼ਾਂ ਜਾ ਅਜੀਬ ਅਸ਼ਾਰਿਆਂ ਨਾਲ ਪਤਾ ਦਿੰਦੇ ਚਿਤ੍ਰਾਂ ਵਿਚ ਬੋਲਦੀ ਹੈ। ਰੰਗ ਵਿਚ ਰਾਗ ਤੇ ਰਾਗਣੀਆਂ ਛੇੜਦੀ ਹੈ। ਬੁੱਤਾਂ ਦੇ ਆਸਰੇ ਸਮਾਧੀ ਦੇ ਅੰਦਰਲੇ ਰਸ ਨੂੰ ਪ੍ਰਗਟ ਕਰਦੀ ਹੈ। ਕਵਿਤਾ ਜਦ ਅੰਦਰ ਸਿੰਜਰ ਜਾਂਦੀ ਹੈ, ਤਦ ਉਹ ਸਾਧੂ ਜੀਵਨ ਹੋ ਨਿਬੜਦੀ ਹੈ।

ਕਵਿਤਾ ਪਿਆਰ ਦਾ ਕੰਵਾਰਾਪਣ ਹੈ, ਅੰਦਰ ਦੀ ਸੱਚੀ ਪ੍ਰਤੀਤ ਦਾ ਇਕ ਸੁਹਣਾ ਸੁਫਨਾ ਹੈ, ਤੇ ਜੀਵਨ ਦੀ ਕਲੀ ਦਾ ਚਟਕਣਾ ਹੈ। ਕਵਿਤਾ ਰੱਬੀ ਦਰਬਾਰ ਦਾ ਪ੍ਰਕਾਸ਼ ਹੈ। ਕਵਿਤਾ ਦੇ

Digitized by Panjab Digital Library | www.panjabdigilib.org

ਪਿੱਛੇ ਅਨੰਤ ਚੁੱਪ ਜੀਵਨ ਦਾ ਸਮੁੰਦਰ ਹੈ ਤੇ ਸੱਚੀ ਕਵਿਤਾ ਦੀ ਗੇਂਦ ਇਸ ਅਕਹਿ ਵਿਸਮਾਦੀ ਜੀਵਨ ਦੀ ਲਹਿਰ ਹੈ, ਜਿਹੜੀ ਚੰਨ ਸੂਰਜ ਨੂੰ ਆਪਣੀਆਂ ਬਾਹਾਂ ਵਿਚ ਪਕੜ ਕੇ ਉਨ੍ਹਾਂ ਨੂੰ ਆਪਣੇ ਖੇਡਣ ਦੇ ਗੇਂਦ ਬਣਾ ਉਛਾਲਦੀ ਹੈ। ਅੰਤ ਨੂੰ ਇਕ ਭਾਵ ਦੀ ਹੱਦ ਵਿਚ ਬੰਨ੍ਹ ਕੇ ਰੂਪਮਾਨ ਕਰਕੇ ਇਸ ਤਰਾਂ ਦਾ ਚੱਕਰ ਬੰਨ੍ਹਦੀ ਹੈ, ਜਿਸ ਚੱਕਰ ਦੇ ਸਦਾ ਤ੍ਰਿਖ਼ਾ ਚੱਲਣ ਨਾਲ ਅੰਤ ਦੀਆਂ ਲਕੀਰਾਂ ਮਿਟਕੇ ਅਮਿਤ ਪ੍ਰਕਾਸ਼ ਵਿਚ ਸਦਾ ਘੁਲਦੀਆਂ ਜਾਂਦੀਆਂ ਗੁੰਮਦੀਆਂ ਦਿਸਦੀਆਂ ਦਿਸਦੀਆਂ ਲੋਪ ਹੁੰਦੀਆਂ ਹਨ।

*******

Digitized by Panjab Digital Library | www.panjabdigilib.org

# ਕਵੀ ਦਾ ਦਿਲ

ਹਨੇਰਾ ਏਵੇਂ ਚੰਗਾ ਨਹੀਂ ਲਗਦਾ, ਪਰ ਜਦ ਪਿਆਰਾ ਕੋਲ ਹੋਵੇ ਤਾਂ ਚਾਨਣੇ ਥੀਂ ਦਿਲ ਕਾਹਲਾ ਪੈਂਦਾ ਹੈ, ਹਨੇਰਾ ਸੁਖਾਂਦਾ ਹੈ। ਆਸ਼ਾ ਇਹ ਹੁੰਦੀ ਹੈ, ਕਿ ਪਿਆਰ ਦੀ ਤਲਵਾਰ ਦੀ ਮਿੱਠੀ ਤੀਬਰਤਾ ਹੋਰ ਕੋਈ ਤੱਕ ਨਾ ਲਵੇ, ਸਾਰੀ ਦੀ ਸਾਰੀ ਅੰਦਰੇ ਅੰਦਰ ਸਿੰਜਰੇ।

ਇਸ ਤਰਾਂ ਦਾ ਸੁਖਾਂਦਾ ਚਾਨਣੇ ਥੀਂ ਵੀ ਮਿੱਠਾ ਹਨੇਰੇ ਦਾ ਪਰਦਾ ਹਰ ਕੋਮਲ ਊੱਨਰ ਵਾਲੇ ਦੇ ਚਿੱਤ ਲਈ ਵੀ ਜ਼ਰੂਰੀ ਹੈ ਅਤੇ ਬਿਨਾਂ ਚਿੱਤ ਚਾਨਣ ਦੇ ਦੀਵੇ ਦੇ ਹਿਸਾਏ ਕੋਈ ਰਸਿਕ ਊਨਰੀ ਕਿਰਤ ਹੋ ਹੀ ਨਹੀਂ ਸਕਦੀ।

ਕਾਲੇ ਕਾਲੇ ਬੱਦਲ ਜਦ ਘਟਾ-ਟੋਪ ਆਣ ਪਰਬਤਾਂ ਤੇ ਛਾਂਦੇ ਹਨ, ਪ੍ਰਤੀਤ ਹੁੰਦਾ ਹੈ ਕਾਲੀ ਪਰਲੈ ਆ ਗਈ ਹੈ, ਪਰ ਜਿਵੇਂ ਹਿਸੇ ਦੀਵਿਆਂ ਵਿਚ ਪਿਆਰਾਂ ਵਾਲੇ ਚੁੱਪ ਕੋਈ ਗੱਲਾਂ ਕਰਦੇ ਹਨ ਤੇ ਉਨ੍ਹਾਂ ਦੇ ਹੱਥ ਪੈਰ ਪਿਆਰ ਕਾਂਬਿਆਂ ਵਿਚ ਥਰਰਾਂਦੇ ਹਨ, ਤਿਵੇਂ ਹੀ ਇਸ ਬਦਲ-ਹਨੇਰੇ ਦੇ ਪਰਦੇ ਪਿੱਛੇ ਕਿਸੀ ਰਸਿਕ ਪੁਰਖ ਦੇ ਹੱਥ ਫੁੱਟੀ ਫੁੱਟੀ ਦੇਂਦੀ ਬਰਫ ਦੀ ਕਲਮ ਫੜੀ ਹੋਈ ਰਸਿਕ ਕਿਰਤ ਵਿਚ ਕੰਬ ਰਹੇ ਹਨ ਤੇ ਪਰਦੇ ਅੰਦਰ ਹਨੇਰੇ ਵਿਚ ਕੋਈ ਅਕਹ ਦਰਸ਼ਨ ਤਿਆਰ ਹੋ ਰਿਹਾ ਹੈ ਤੇ ਇਸ ਨਿੱਕੀ ਨਿੱਕੀ ਰਸਿਕ ਹਿਲ ਜੁਲ ਦਾ ਪਤਾ ਤਦ ਹੀ ਲਗਦਾ ਹੈ, ਜਦ ਉਹ ਗੂੜ੍ਹੇ ਰੰਗ ਰੰਗਣ ਵਾਲਾ ਰੰਗਰੇਜ਼ ਹਨੇਰੇ ਦਾ ਪਰਦਾ ਅੱਧਾ ਖੱਬੇ ਅੱਧਾ ਸੱਜੇ ਅਚਾਨਕ ਪਰੇ ਕਰਕੇ ਦੂਰ ਬੈਠੀ ਦੂਨ ਦੀ ਅੱਖ ਅੱਗੇ ਇਕ ਨਵੀਂ ਵਿਆਹੀ ਵਹੁਟੀ ਦੇ ਚਮਕਦੇ ਮੁਖ ਵਾਂਗ ਚੋਟੀ ਤੇ ਇਕ ਸਜੀ ਹੀਰਿਆਂ ਜੜੀ ਪਰਬਤ ਦੀ ਚੋਟੀ ਦਾ ਵਰਨਣ ਕਰਾਂਦਾ ਹੈ। ਰਾਤੋ ਰਾਤ ਫੰਗ ਲਾਕੇ ਪਰੀ ਵਾਂਗ ਉੱਡ, ਮੱਧਮ ਅਸਮਾਨਾਂ ਵਿਚ ਬਿਨਾ ਧਰਤ ਦੇ ਇਕ ਅਡੋਲ ਖੜੀ ਪਰੀ ਹੈ ਤੇ ਉਸਦੇ ਸਿਰ ਤੇ ਕਿਸ ਤਰ੍ਹਾਂ ਸੂਰਜ ਸੁਹਾਗੇ ਭਾਗੇ ਦੇ ਮੌਂਹਦੀ ਰੰਗ ਛਿੜਕਦਾ ਹੈ ਤੇ ਚੇਹਰਾਂ ਸੋਹਣੀ ਦਾ ਕਿੰਵ ਸ਼ੋਖੀ ਪਕੜਦਾ ਹੈ।

ਸੁਹਣੱਪ ਦੇ ਦਰਸ਼ਨ ਦੀ ਪੂਜਾ ਤਾਂ ਵੇਖਣ ਵਾਲੀ ਅੱਖ ਕਰਦੀ ਹੈ। ਹਾਂ, ਨਿਰੀ ਅੱਖ ਕਰਦੀ ਹੈ, ਅਡੋਲ ਤੱਕ ਤੱਕ ਮਸਤ ਹੁੰਦੀ ਹੈ। ਉਹ ਮਸਤੀ ਵੇਖਣ ਵਾਲੀ ਅੱਖ ਦੀ ਸੋਹਣੀ ਪੂਜਾ ਹੈ। ਕੁਛ ਖੁਸ਼ੀ ਦੇ ਨਸ਼ੇ ਵਿਚ ਲਾਲੀ ਅੱਖ ਵਿਚ ਝਲਕਦੀ ਹੈ, ਪਰ ਦਰਸ਼ਨ ਕਰਨ ਵਾਲੇ ਦਾ ਰੋਮ ਰੋਮ ਪੂਜਾ ਕਰਦਾ ਹੈ। ਉਹਦੀ ਹਾਲਤ ਸਦਾ ਬਿਹਬਲਤਾ ਦੀ ਹੁੰਦੀ ਹੈ, ਉਹ ਤਾਂ ਬਣਾਂਦੇ ਬਣਾਂਦੇ ਕੰਬਦਾ ਹੈ,



Digitized by Panjab Digital Library | www.panjabdigilib.org

ਸਿਰ ਤੋਂ ਲੈ ਕੇ ਪੈਰਾਂ ਤਕ ਥਰਰਾਂਦਾ ਹੈ, ਇਕ ਇਕ ਕਲਮ ਦੀ ਛੋਹ, ਬੁਰਸ਼ ਰੰਗਾਂ ਦੀ ਛੇੜ ਉਹਨੂੰ ਬੇਹਾਲ ਕਰਦੀ ਹੈ। ਲੱਖਾਂ ਖੁਸ਼ੀ ਦੀਆਂ ਘੜੀਆਂ, ਪਲ ਛਿਨ, ਲੱਖਾਂ ਮਸਤੀ ਭਰੇ ਜੀਵਨ, ਇਕ ਨੂਰਾਨੀ ਚੇਹਰੇ ਦੀ ਈਦ ਦੀ ਘੜੀ ਤੱਕ ਉਸ ਉਪਰ ਕੁਰਬਾਨ, ਘੋਲੀ, ਵਾਰੇ ਜਾ ਚੁਕੇ ਹਨ। ਇਕ ਰਸਿਕ ਕਿਰਤ ਵਿਚ ਲਖਾਂ ਰਸਿਕ ਕਰਤਾਰ ਆਏ ਹਨ, ਆਪਣਾ ਹੱਥ ਲਾ ਕੇ ਉਹਦੀ ਕਿਰਤ ਨੂੰ ਭਾਗ ਦੇ ਸੋਹਣੇ ਰੰਗ ਬਖਸ਼ਦੇ ਗਏ ਹਨ। ਉਸ ਰਸਿਕ ਕਿਰਤੀ ਦੇ ਪਰਦੇ ਪਿੱਛੇ ਹਾਲਤ ਕੁਛ ਇਕ ਸ਼ਖਸੀ ਨਹੀਂ, ਅਨੇਕ-ਸ਼ਖਸੀ ਹੈ, ਉਹ ਨਰਾਂ ਤੇ ਨਾਰੀਆਂ, ਆਵੇਸ਼ਾਂ, ਦੇਵੀ ਦੇਵਤਿਆਂ ਦਾ, ਜਗਮਗ ਕਰਦੀਆਂ ਲਾਟਾਂ ਦਾ ਕੁਛ ਮਿਲਿਆ ਜੁਲਿਆ ਇਕ ਰੰਗ ਹੈ। ਜੇਹੜਾ ਪਿਘਲਦਾ ਤੇ ਜੰਮਦਾ, ਮੁੜ ਜੰਮਦਾ ਤੇ ਪਿਘਲਦਾ ਹੈ। ਅੰਦਰ ਕੋਈ ਅਣਡਿੱਠਾ ਜਿਹਾ ਮੰਦਰ ਹੈ, ਪੂਜਾ ਸਦਾ ਉਥੇ ਬੁੱਤਾਂ ਦੀ ਹੁੰਦੀ ਹੈ ਤੇ ਇਕ ਆਦਮੀ ਖੜਾ ਪਿਆਰ ਦੀ ਪਾਗਲਤਾ ਵਿਚ ਲਖਾਂ ਦੀਵੇ ਜਗਾਏ, ਆਰਤੀ ਉਤਾਰਦਾ ਹੈ। ਹੈਰਾਨੀ ਤਾਂ ਇਸ ਗਲ ਦੀ ਹੈ ਕਿ ਇਕ, ਪਰਦੇ ਅੰਦਰ, ਸਮੂਹਾਂ ਦੀ ਸੁਹਣੱਪ ਵਾਲਾ ਹੈ, ਲੱਖਾਂ ਹੀ ਆਦਮੀ ਤੇ ਤੀਮੀਆਂ ਸੋਹਣੇ ਗਹਿਣੇ ਕਪੜੇ ਲਾਏ, ਕਿਸੀ ਹਥ ਸੰਖ, ਕਿਸੀ ਹਥ ਛੈਣੇ, ਕਿਸੀ ਹਥ ਕੈਂਸੀਆਂ, ਕਿਸੀ ਹੱਥ ਲਾਟਾਂ, ਕਿਸੀ ਹਥ ਘੰਟੀਆਂ, ਕਿਸੀ ਹੱਥ ਢੋਲਕੀ, ਕਿਸੀ ਹੱਥ ਕੋਈ ਸਾਜ਼, ਕਿਸੀ ਹੱਥ ਕੋਈ ਸਾਜ਼, ਲੱਖਾਂ ਸਾਜ਼ਾਂ ਨਾਦਾਂ ਦਾ ਸਮੂਹ ਆਰਤੀ ਵਿਚ ਸ਼ਾਮਲ ਹੈ ਤੇ ਜਗ-ਮਗ ਆਰਤੀ ਹੋ ਰਹੀ ਹੈ ਤੇ ਪਿਆਰ ਵਾਲੇ ਬੁੱਤਪ੍ਰਸਤ ਦੀ ਆਵਾਜ਼ ਦੀ ਪ੍ਰਤਿਧੁਨੀ ਲੱਖਾਂ ਕੰਨਾਂ ਵਿਚ ਭਰੀ ਮੰਦਰ ਵਿਚ ਗੂੰਜ ਰਹੀ ਹੈ। ਕੁਛ ਇਸ ਤਰਾਂ ਦੀ ਅਜੀਬ ਉਸ ਦਰਸ਼ਨ ਨੂੰ ਕਰਾਣ ਵਾਲੇ ਦੇ ਰੂਹ ਦੀ ਅਠਪਹਿਰੀ ਹਿਲਜੁਲ ਵਿਚ ਆਈ ਇਕ ਪਿਆਰ ਸਮਾਧੀ ਵਿਚ ਠਹਿਰੀ ਹੋਈ ਬਿਹਬਲਤਾ ਹੈ, ਜਿਹੜੀ ਇਕ ਘੜੀ ਦੋ ਘੜੀ ਦੇ ਸੁਹਣੱਪ ਦੀ ਦੀਦਾਰ ਲਈ ਸਦੀਆਂ ਲੰਮੀ ਪ੍ਰਲੈ ਦੇ ਰੰਗ ਮੰਗਦੀ ਹੈ ਤੇ ਰਸਿਕ ਕਿਰਤ ਵਾਲਾ ਸਾਹੋ ਸਾਹ ਹੋਇਆ ਕਿਰਤ ਵਿਚ ਲੱਗਾ ਹੈ। ਵਿਹਲ ਰਤਾ ਨਹੀਂ, ਤਾਵਲ ਤਾਵਲ ਦਾ, ਕੁਛ ਅਨੰਤ ਬੇਸਬਰੀ ਦਾ ਅੰਦਰ ਪ੍ਰਭਾਵ ਪੈ ਰਿਹਾ ਹੈ, ਇਉਂ ਜਾਪਦਾ ਹੈ ਕਿ ਖਾਸ ਘੜੀ ਦੇ ਸ਼ਗਨ ਨੂੰ ਮੰਨਕੇ ਓਹਦੇ ਲੰਘ ਜਾਣ ਦੇ ਡਰ ਦੀ ਕਾਹਲ ਹੈ ਤੇ ਉਸ ਨੱਛਤ੍ਰੀ ਪਲ ਥੀਂ ਪਹਿਲਾਂ ਪਹਿਲਾਂ ਸਭ ਸਾਮਿੱਗਰੀ ਦੀਦਾਰ ਦੀ ਤਿਆਰ ਕਰਨੀ ਹੈ ਤੇ ਦਰਸ਼ਨਾਂ ਦੀ ਘੜੀ ਅਜ਼ਲ ਥੀਂ ਥਿਧ ਚੁਕੀ ਹੈ, ਉਹ ਅੱਟਲ ਹੈ ਜੋ ਦਰਸ਼ਨ ਹੋਣੇ ਹਨ, ਬੱਸ! ਓਸ ਵੇਲੇ ਹੋਣੇ ਹਨ।

ਸੋ ਹਰ ਉਨਰ ਵਿਚ ਕੁਦਰਤ ਦੇ ਦਿਲ ਵਿਚ ਰਹਿੰਦੇ ਕਵੀ-ਕਰਤਾਰਾਂ ਨੂੰ ਪਤਾ ਹੈ, ਕਿ ਹਰ ਸੋਹਣੀ ਚੀਜ਼ (ਭਾਵੇਂ ਕਵਿਤਾ, ਭਾਵੇਂ ਚਿਤ੍ਰ, ਭਾਵੇਂ ਬੁੱਤ) ਦੇ ਆਵੇਸ਼, ਆਗਮਨ ਤੇ ਨਿਖਰਨ ਦੀ ਆਪਣੀ ਆਪਣੀ ਸੰਜੋਗੀ ਘੜੀ ਹੁੰਦੀ ਹੈ, ਜਦ ਓਹਦਾ ਅੰਦਰਲਾ ਰਸ ਬੱਝਦਾ ਹੈ।

ਅੰਦਰ ਦੀ ਕਰਤਾਰੀ ਕਿਰਤ ਦੇ ਖੁੱਲੇ ਦੀਦਾਰ ਕਦੀ ਨਹੀਂ ਹੁੰਦੇ, ਹਮੇਸ਼ਾਂ ਕਦੀ ਕਵੀ-ਪਰਦੇ ਵਿਚ ਦੀ ਕੋਈ ਕੋਈ ਝਲਕਾ ਵਜਦਾ ਹੈ। ਇਉਂ ਤਾਂ ਬਣੀ, ਘੜੀ, ਜੜੀ, ਮੜ੍ਹੀ, ਤਸਵੀਰ ਸੋਹਣੀ ਹੈ, ਪਰ ਚਿਤ੍ਰਕਾਰ ਦੇ ਦਿਲ ਵਿਚ ਲਟਕੀ ਤੇ ਚਿੱਤ ਦੇ ਪਰਦੇ ਉਤੇ (ਜਦ ਉਹ ਬਣ ਰਹੀ ਸੀ) ਓਹਦੀ ਉੱਭਰਦੀ ਸੁਹਣੱਪ ਤੇ ਕਿਣਕਾ ਕਿਣਕਾ ਜੁੜਦੀ ਸੁਹਣੱਪ ਕੁਝ ਹੋਰ ਵੀ ਵਧ ਸਵਾਦਲੀ ਚੀਜ਼ ਹੈ। ਅੱਜ ਅਸੀਂ ਕਵੀ ਚਿਤ ਦੇ ਅੰਦਰ ਹਨੇਰੇ ਵਿਚ ਝਾਤੀਆਂ ਮਾਰ ਕੇ ਦੇਖਣਾ ਚਾਹੁੰਦੇ ਹਾਂ ਕਿ ਓਥੇ ਅਨੇਕਾਂ ਲਟਕੀਆਂ ਤਸਵੀਰਾਂ ਜੇਹੜੀਆਂ ਫੱਬ ਫੱਬ ਕੇ ਆਉਂਦੀਆਂ ਹਨ, ਉਹ ਕਵੀ-ਚਿਤ

Digitized by Panjab Digital Library | www.panjabdigilib.org

ਆਪਣੇ ਅੰਦਰ ਕਿਸ ਤਰਾਂ ਬਣਾਂਦਾ ਹੈ, ਤੇ ਇਸ ਖੋਜ ਲਈ ਸਾਡਾ ਚਾ ਅੱਜ ਓਸੇ ਤੀਬਰਤਾ ਵਿਚ ਹੈ, ਜਿਹੜਾ ਹਰ ਦਿਲ ਨੂੰ ਘੁੰਡ ਚੁੱਕ ਕੇ ਨਵੀਂ ਵਹੁਟੀ ਦਾ ਸੱਜਰਾ ਪਿਆਰਾ ਮੂੰਹ ਦੇਖਣ ਲਈ ਆਉਂਦਾ ਹੈ।

ਕਵੀ—ਚਿਤ ਇਕ ਪਾਰਦਰਸ਼ੀ ਅਨੋਖਾ ਜਿਹਾ ਸ਼ੀਸ਼ਾ ਹੈ, ਸਕੰਦਰ ਦੇ **ਜਾਮੇਂ—ਜਮ** ਥੀਂ ਹੋਰ ਅਦਭੁਤ ਤੇ ਕਰਾਮਾਤੀ ਹੈ, ਜਿਸ ਵਿਚ ਇਕੋ ਵਕਤ ਦੇ ਤਿੰਨ ਕੰਮ ਹੁੰਦੇ ਹਨ :—ਇਕ ਤਾਂ ਜੋ ਅਕਸ ਓਸ ਤੇ **ਪੈਂਦੇ ਹਨ, ਉਹ ਜੀਂਦੇ ਚਿਤ ਹੋ ਨਿਖੜਦੇ ਹਨ**, ਉਸ ਵਿਚ ਭੋਂ ਵਰਗਾ ਕੋਈ **ਖਾਸਾ ਹੈ**, ਸੁਹਣੱਪ ਦੇ ਅਕਸ ਦੇ ਬੀਜ ਮਾਨੋ ਜਦ ਉਸ ਚਿੱਤ—ਸ਼ੀਸ਼ਾ **ਰੂਪ ਭੋਂ** ਤੇ ਪੈਂਦੇ ਹਨ, ਤੰਦ ਉਹ ਬ੍ਰਿਖ ਬੰਨ ਬੰਨ ਉਥੋਂ ਆਪਣੇ ਵਕਤ ਸਿਰ ਨਿਕਲਦੇ ਹਨ ਤੇ ਅਕਸ ਵੀ ਜਿਵੇਂ ਅਸੀ ਦੱਸ ਆਏ ਹਾਂ, ਬਾਹਰ ਦੀ ਖੁੱਲੀ ਸੁਹਣੱਪ ਦੇ ਬਿਜਲੀ ਦੇ ਚਮਤਕਾਰਿਆਂ ਵਾਂਗ ਪੈਂਦੇ ਹਨ। ਤੇ ਦੂਜਾ ਇਸ ਚਿੱਤ ਵਿਚ ਇਕ ਅਜੀਬ ਤਰ੍ਹਾਂ ਦੀ **ਸੁਹਣੱਪਣਿਆਂ ਦੀ ਚੋਣ ਦੀ ਤਾਕਤ ਹੈ** ਜੇਹੜੀ ਉਸੀ ਤਰ੍ਹਾਂ ਆਪ-ਮੁਹਾਰੀ ਨਿਖਾਰਦੀ ਤੇ ਚੁਣਦੀ ਹੈ, ਜਿਸ ਤਰ੍ਹਾਂ ਫੁੱਲਾਂ ਤੇ ਪੱਤੀਆਂ ਦੇ ਪ੍ਰਮਾਣੂਆਂ ਵਿਚ ਸੂਰਜ ਦੀ ਚਿੱਟੀ ਰੌਸ਼ਨੀ ਨੂੰ ਸੱਤ ਰੰਗਾਂ ਵਿਚ ਫਾੜਨ ਦੀ ਸਹਿਜ ਸੁਭਾ ਸ਼ਕਤੀ ਹੈ। ਸਾਵਾ ਪੱਤਾ ਹੋਰ ਸਾਰੇ ਰੰਗ ਅੰਦਰ ਜਜ਼ਬ ਕਰ ਲੈਂਦਾ ਹੈ ਤੇ ਸਾਵੇ ਰੰਗ ਦੀ ਕਿਰਣ ਨੂੰ ਆਪਣੇ ਥੀਂ ਬਾਹਰ ਕੱਢਕੇ ਸੁਟਦਾ ਹੈ, ਇਉਂ ਹੀ ਲਾਲ, ਊਦਾ, ਗੁਲਾਬੀ ਤੇ ਹੋਰ ਰੰਗ ਰੰਗਾਂ ਦੀ ਸਾਰੀ ਸੁਹਣੱਪ ਪੱਤੀਆਂ ਤੇ ਹੋਰ ਰੰਗ ਰੰਗੀਲੀਆਂ-ਚੀਜ਼ਾਂ ਦੇ ਸਫ਼ੇਦ ਨੂਰ ਨੂੰ ਫਾੜਨ ਲਈ ਅੰਦਰਲੇ ਕਰਿਸ਼ਮੇ ਤੇ ਖੜੀ ਹੈ। ਠੀਕ! ਇਸੀ ਤਰਾਂ ਕਵੀ-ਚਿੱਤ ਵਿਚ **ਸੁਹਣੱਪਣਿਆਂ** ਦੀ ਚੋਣ ਦੀ ਤਾਕਤ ਹੈ ਤੇ ਨਾਲੇ ਨਿਖਾਰਨ ਦੀ ਸ਼ਕਤੀ। ਜਦ ਕੋਈ ਸੋਹਣੀ ਚੀਜ਼ ਕਵੀ-ਚਿੱਤ ਦੇ ਸਾਹਮਣੇ ਆਈ, ਉਹ ਉਹਨੂੰ ਪ੍ਰਮਾਣੂ ਕਰ ਸਿੱਟਦਾ ਹੈ। ਇਹ ਹੰਸ ਵਿਵੇਕ ਵਰਗਾ ਕੋਈ ਗੁਣ ਹੈ ਤੇ ਮੁੜ ਜੋ ਅੰਦਰ ਲਟਕੀਆਂ ਅਣਦਿਸਦੀਆਂ ਆਪ ਮੁਹਾਰੀ ਬਣ ਰਹੀਆਂ ਤਸਵੀਰਾਂ ਦੀ ਪਲ ਪਲ ਦੀਆਂ ਲੋੜਾਂ ਹਨ, ਇਨ੍ਹਾਂ ਲਈ ਇਕ **ਬੇਹੋਸ਼ੀ ਜਿਹੀ ਵਿਚ, ਇਕ, ਸਹਿਜ ਸੁਭਾ ਆਪ-ਮੁਹਾਰਤਾ** ਵਿਚ ਚੁਣਦਾ ਹੈ ਤੇ ਉਹ ਪ੍ਰਮਾਣੂ ਖੜੱਕ ਖੜੱਕ ਉਥੇ ਠੀਕ ਸਿੱਧੇ ਜਾ ਜੁੜਦੇ ਹਨ, ਜਿਵੇਂ ਉਨ੍ਹਾਂ ਦੀ ਲੋੜ ਹੈ। ਇਹ ਆਵੇਸ਼ ਦਵਾਰਾ ਅੰਦਰ ਗਈਆਂ ਦੀ ਚੁਮਟ ਵਖਰੀ ਵਖਰੀ ਤਸਵੀਰਾਂ ਦੇ ਅੰਗਾਂ ਨਾਲ ਮਾਦੇ ਦੇ ਅਣੂਆਂ ਤੇ ਪਰਮਾਣੂਆਂ ਦੀ ਅੰਦਰਲੀ ਕੀਮਿਆਈ ਚੁਮਟ ਵਾਂਗ ਇਕ ਮਿਕਨਾਤੀਸੀ ਤੇ ਬਿਜਲੀ ਜਿਹੀ ਚੁਮਟ ਹੈ, ਤੇ ਬਸ ਕਵੀ-ਚਿਤ ਦੇ ਆਵੇਸ਼ਕ ਫਾੜਨ ਤੇ ਖਿਲਾਰਨ ਦੀ ਢਿਲ ਹੈ ਕਿ ਬਿਨਾਂ ਕਿਸੀ ਦੇਰੀ ਦੇ ਝਟਾ ਪਟ ਥਾਈਂ ਪਰ ਥਾਈਂ ਜਾ ਆਕਰਖਿਤ ਹੁੰਦੀਆਂ ਹਨ। ਇਹਦਾ ਉਦਾਹਰਣ ਦੇਣਾ ਇਥੇ ਚੰਗਾ ਹੋਵੇਗਾ। ਕਵੀ ਆਪਣੇ ਇੰਦ੍ਰਿਆਂ ਤੇ ਸਰੀਰਾਂ ਨੂੰ ਵਗਦੇ ਜਲ ਵਾਂਗ ਨਿੱਸਲ ਸੁੱਟੀ ਰੱਖਦਾ ਹੈ। ਬਸ ! ਕਵੀ ਚਿਤ ਇਕ ਹੈ, ਜਿਹੜਾ ਸਦਾ ਕੰਮ ਕਰਦਾ ਵੀ ਅਫ਼ੁਰ ਹੈ। ਓਹ ਧਰਤ ਵਾਂਗ, ਜਲ ਵਾਂਗ, ਆਕਾਸ਼ ਵਾਂਗ ਅਡੋਲ, ਨਿਰਮਲ, ਨਿਰਸੰਕਲਪ ਠੰਢੇ ਸਾਗਰ ਵਾਂਗ—ਜਿਸ ਤੇ ਲਹਿਰਾਂ ਸਭ ਸੁੱਤੀਆਂ ਪਈਆਂ ਹਨ—ਰਹਿੰਦਾ ਹੈ, ਤੇ ਇਸੀ ਕਰਕੇ ਉਸਦੇ ਨਿੱਸਲ ਸੁੱਤੇ, ਪਰ ਬੜੀ ਤੇਜ਼ ਚਾਲ ਵਾਲੇ ਚਿੱਤ ਤੇ ਦਿਲ ਦੇ ਅੰਦਰ ਕੁਦਰਤ ਦੇ ਅਕਸ ਪੈਂਦੇ ਹਨ। ਕੁਦਰਤ ਥੀਂ ਉੱਚੀ ਦੁਨੀਆਂ, ਉੱਚੀ ਰੂਹਾਨੀ ਦੁਨੀਆਂ ਦੇ ਝਾਵਲੇ ਪੈਂਦੇ ਹਨ। ਸੋ ਇਸ ਕਵੀ-ਚਿੱਤ ਦੀ ਨਿੱਸਲਤਾ ਤੇ ਅਫ਼ੁਰਤਾ ਇਕ ਆਪ-ਮੁਹਾਰੀ ਸਹਜ ਸੁਭਾ ਜੀਵਨ ਅਵਸਥਾ ਹੈ, ਜਿਹੜੀ ਉਹਨੂੰ ਕਿਸੀ ਸਾਧਨ ਨਾਲ

Digitized by Panjab Digital Library | www.panjabdigilib.org

ਨਹੀਂ, ਆਪ-ਮੁਹਾਰੀ ਪ੍ਰਾਪਤ ਹੈ ਤੇ ਇਸ **ਪ੍ਰਾਪਤੀ ਕਰਕੇ ਉਹ ਕਵੀ-ਚਿਤ** ਹੈ। ਇਹ ਬੜੀ ਵਿਰਲੀ ਤੇ ਅਮੋਲਕ ਜੀਵਨ ਅਵਸਥਾ ਹੈ, ਜਿਹੜੀ ਕਿਸੀ ਕਿਸੀ ਨੂੰ ਪ੍ਰਾਪਤ ਹੁੰਦੀ ਹੈ ਤੇ ਇਸੀ ਕਰਕੇ ਕਵੀ ਵਿਰਲਾ ਵਿਰਲਾ ਕੋਈ ਕੋਈ ਕਦੀ ਕਦੀ ਹੁੰਦਾ ਹੈ।

ਹੁਣ ਇਨ੍ਹਾਂ ਅਕਸਾਂ ਤੇ ਝਾਵਲਿਆਂ ਦੇ ਦੋ ਵੱਖਰੇ ਵਖਰੇ ਅਸਰ ਹੁੰਦੇ ਹਨ। ਇਕ ਤਾਂ ਚਿਤ੍ਰਾਂ ਦੇ ਨਵੇਂ ਸੱਜਰੇ ਖ਼ਾਕੇ ਸੁਝ ਸੁਝ ਆਪ ਮੁਹਾਰੇ ਅੰਦਰ ਖਿਚੀਂਦੇ ਹਨ ਤੇ ਆਪ ਮੁਹਾਰੇ ਅੰਦਰ ਪਏ ਲਟਕਦੇ ਹਨ। ਇਹ ਘਾੜਾਂ ਖ਼ਿਆਲ ਫੁਰਨੇ ਦੇ ਖ਼ਾਕੇ ਹਨ, ਅਨੇਕਾਂ Idea Picture (ਸੰਕਲਪ ਚਿਤ੍ਰ) ਅੰਦਰ ਲਟਕਦੇ ਹਨ। ਇਹ ਅਸਰ ਤਾਂ ਇਨ੍ਹਾਂ ਆਵੇਸ਼ਾਂ ਦੇ ਆਗਮਨ ਦਾ ਕਵੀ-ਅਸਰ ਹੁੰਦਾ ਹੈ, ਇਕ ਇਕ ਆਵੇਸ਼ ਦੇ ਅਨੇਕ ਰੂਪ ਬਣ ਕੇ ਅੰਦਰ ਲਟਕ ਜਾਂਦੇ ਹਨ। ਮੁਕੰਮਲ ਕੋਈ ਨਹੀਂ ਹੁੰਦਾ, ਕੋਈ ਖ਼ਾਕਾ ਪੂਰਾ, ਕੋਈ ਅੱਧਾ, ਕੋਈ ਇਕ ਲਕੀਰ ਹੀ ਜਿਹੀ, ਕੋਈ ਇਕ ਰੰਗ ਜਿਹਾ ਕੰਬਦਾ ਅੰਦਰ ਆ ਪੈਂਦਾ ਹੈ, ਤੇ ਇਕ ਨਵੀਂ ਪਰ **ਤਿਹਾਂ ਵਿਚ ਅਣਉਘੜੀ** ਦੁਨੀਆਂ ਬਣਨ ਦਾ ਪ੍ਰਭਾਵ ਪੈ ਜਾਂਦਾ ਹੈ। ਤੇ ਦੂਜਾ ਅਸਰ ਸਮੇਂ ਤੇ ਘੜੀ, ਪਲ ਦੇ ਰੰਗ ਤੇ ਮਸਤੀ ਤੇ ਬੇਹੋਸ਼ੀ ਅਨੁਸਾਰ ਇਕ ਬਿਜਲੀ ਵਾਂਗ ਕਰਤਾਰੀ ਅੱਗ ਕੂੰਦ ਪੈਂਦੀ ਹੈ। ਉਹ ਲਿਸ਼ਕਾਂ ਅੰਦਰ ਵੜ ਅੱਧੀ ਉਘੜੀ ਚਿਤ, ਕਵੀ-ਚਿੱਤ ਦੀ ਚਿਤ੍ਰ-ਦੁਨੀਆਂ ਨੂੰ ਲੋੜੀਂਦਾ ਰੰਗ, ਰੂਪ ਅਥਵਾ ਰੰਗ ਰੂਪ ਦੇ ਅਣੂ ਤੇ ਪ੍ਰਮਾਣੂ ਦਿੰਦੀ ਹੈ। ਕਵੀ ਸਹਿਜ ਸੁਭਾ ਬਿਨਾਂ ਪਰਯੋਜਨ ਇਕ ਥਾਂ ਤੇ ਖੜਾ ਕਿਸੀ ਹੋਰ ਕੰਮ ਖੜਾ ਹੈ। ਕੁਛ ਸੌਦਾ ਲੈ ਰਿਹਾ ਹੈ ਤੇ ਉਥੇ ਅਚਾਨਚਕ ਇਕ ਬੜੀ ਰੂਪਵਤੀ ਕੋਈ ਕੰਨਯਾ ਕਿਸੇ ਹੋਰ ਕੰਮ ਆਈ ਹੈ। ਕਵੀ ਦੀ ਅੱਖ ਨੇ ਬੱਸ ਇਕ ਬਿਜਲੀ ਦੀ ਲਿਸ਼ਕ ਜਿਹੇ ਆਵੇਸ਼ੀ ਚਾਨਣੇ ਵਿਚ ਉਸ ਕੁੜੀ ਦੇ ਰੂਪ ਵਲ ਤਕਿਆ ਤੇ ਉਹਦੇ ਭਰਵੱਟੇ ਦੀ ਕਾਲਖ ਦਿਲ ਨੂੰ ਚੰਗੀ ਲੱਗੀ, ਯਾ ਕੰਨ ਦਾ ਝੁਮਕਾ ਹਿਲਦਾ ਦਿਲ ਨੂੰ ਛੋਹ ਗਿਆ, ਅੱਖ ਦੇ ਪਲਕਾਂ ਵਿਚ ਦੀ ਕੋਈ ਲਿਸ਼ਕ ਪਵਿਤ੍ਰਤਾ ਦੇਵਸੱਤਾ ਦੀ ਦਿੱਸੀ, ਇਕ ਇੰਨੇ ਬੜੇ ਅਸਗਾਹ ਰੂਪ ਵਿਚੋਂ ਸਾਡੇ ਕਵੀ ਨੂੰ ਪਤਾ ਨਹੀਂ ਕੀ ਚੰਗਾ ਲੱਗਿਆ। ਸਮਾ ਲੰਘ ਗਿਆ ਆਪ ਨੂੰ ਕੁਛ ਪਤਾ ਨਹੀਂ, ਨਜ਼ਾਰਾ ਕਵੀ ਜੀ ਨੂੰ ਭੁੱਲ ਗਿਆ, ਪਰ ਦਸ ਸਾਲ ਬਾਦ ਆਪ ਦੇ ਅੰਦਰੋਂ ਇਕ ਬਣਿਆ ਪੂਰਾ ਚਿਤ੍ਰ ਨਿਕਲਿਆ, ਜਿਸ ਵਿਚ ਉਹ ਉਸ ਦਿਨ ਦੇਖੀ ਚੰਗੇ ਲੱਗੇ ਅੰਗ ਯਾ ਰੰਗ ਯਾ ਰੂਪ ਦੀ ਝਲਕ, ਪਲਕ, ਮਟਕ, ਅਦਾ ਜੋ ਕੁਛ ਸੀ ਉਹੋ ਇੰਨ ਬਿੰਨ ਜਾਪਦੀ ਤਸਵੀਰ ਵਿਚ ਆਈ ਪਈ ਹੈ, ਆਪ ਨੇ ਨਹੀਂ ਕੁਛ ਕੀਤਾ। ਇਹ ਆਪ ਦੇ ਕਵੀ-ਚਿੱਤ ਦੀ ਸਹਿਜ ਸੁਭਾ ਰਸਿਕ ਕਿਰਤ ਹੈ। ਇਉਂ ਸਹਿਜ ਸੁਭਾ ਆਪ ਮੁਹਾਰੀ ਕਵੀ-ਚਿੱਤ ਦੀਆਂ ਘਾੜਾਂ ਹੁੰਦੀਆਂ ਹਨ। ਨਿੱਕਾ-ਨਿੱਕਾ ਜਗਤ ਵਿਚੋਂ ਕੋਈ ਕੋਈ ਰੂਪ ਰੰਗ ਚੰਗਾ ਲੱਗਣਾ, ਬੱਸ ! ਇਹ ਅਠਪਹਿਰੀ ਠਕ ਠਕ ਹੈ, ਜੋਹੜੀ ਬੁੱਤ ਘੜਦੀ ਹੈ। ਕਵਿਤਾ ਅਰਥਾਤ ਕਵੀ-ਚਿੱਤ ਦੀ ਰਸਿਕ ਕਿਰਤ, ਉਹ ਨਹੀਂ ਜੋਹੜੀ ਬਣ ਬਾਹਰ ਆਂਦੀ ਹੈ। ਜਿਸ ਵੇਲੇ ਬਣ ਕੇ ਚਿਤ੍ਰ ਅਥਵਾ ਬੁੱਤ ਬਾਹਰ ਆਯਾ, ਉਹ ਕਵਿਤਾ ਨਹੀਂ ਰਹਿੰਦੀ ਉਹ ਤਾਂ ਜਗਤ ਵਿਚ ਹੋਰ ਲਖਾਂ ਜੁੱਸੇ ਵਾਲੀਆਂ ਸ਼ਰੀਰੀ ਸੁਹਣਪਾਂ ਵਾਂਗ ਇਕ ਸਥੂਲ ਸੁਹਣੱਪ ਹੈ, ਜੋਹੜੀ ਇੰਦ੍ਰਿਆਂ ਦ੍ਵਾਰਾ ਰਸ ਦੇ ਸਕਦੀ ਹੈ। ਕਵਿਤਾ ਸੁੱਧ ਅੰਦਰ ਦਾ ਕੋਈ ਜੀਵਨ ਰੰਗ ਹੈ, ਜਿਸ ਨੂੰ ਸਾਖੀ ਆਤਮਾ ਆਪਣੇ ਆਪ ਵਿਚ ਅਨੁਭਵ ਕਰਦਾ ਹੈ। ਹਾਂ ਜਦ ਇੰਦ੍ਰੀਆਂ ਦਵਾਰਾ ਉਸ ਸੋਹਣੀ ਚੀਜ਼ ਨੂੰ, ਰਾਗ ਗੋਂਦ ਨੂੰ, ਚਿਤ੍ਰ ਨੂੰ, ਘਾੜ ਨੂੰ ਗਾਣ ਵਾਲੀ ਕਿਸੀ ਸਨਅਤ ਨੂੰ ਜਦ ਮੁੜ ਅੰਦਰ ਰਸ ਰੂਪ ਕਰ ਲੈ ਜਾਈਏ ਉਹ ਕਵਿਤਾ ਹੋ ਜਾਂਦੀ ਹੈ। ਕਵਿਤਾ ਤਾਂ

Digitized by Panjab Digital Library | www.panjabdigilib.org

ਕੈਫ਼ੀਅਤ ਦਾ ਨਾਂ ਹੈ, ਇਕ ਖਾਸ ਉਚੇ ਦਰਜੇ ਬਿਨਨੋਟ ਕਿਸੀ ਕੈਫ ਤੇ ਸਰੂਰ ਦਾ ਨਾਂ ਹੈ, ਕਵਿਤਾ ਜੀਵਨ ਦੀ ਇਕ ਅੰਦਰਲੀ ਰਸ ਭਰੀ ਅਵਸਥਾ ਦਾ ਨਾਂ ਹੈ। ਸੋਹਣੀਆਂ ਚੀਜ਼ਾਂ, ਰਾਗਾਂ, ਰੰਗਾਂ, ਬੁੱਤਾਂ, ਚਿਤ੍ਰਾਂ ਨੂੰ ਤੱਕ ਕੇ ਜਦ ਅੱਖਾਂ ਆਪ ਮੁਹਾਰੀਆਂ "ਵਾਹ, ਵਾਹ" ਕਰਦੀਆਂ ਮੀਟ ਜਾਂਦੀਆਂ ਹਨ ਤੇ ਸਵਾਦ ਜਿਸਮ ਤੇ *ਤ੍ਰਚਾ ਸਾਰੀ ਵਿਚ ਇਕ ਕਾਮ ਭਰੀ ਖਿੱਚ ਵਾਂਗ ਫੈਲ ਜਾਂਦਾ ਹੈ, ਘੁਲ ਜਾਂਦਾ ਹੈ ਤੇ ਦਿਲ ਸ਼ੁਹ ਦਰਿਆ ਹੋ ਵਗਦਾ ਹੈ, ਸਤੋਗੁਣ ਸ਼ਾਂਤੀ ਦਾ ਮੀਹ ਅੰਦਰ ਬਾਹਰ ਪੈਂਦਾ ਹੈ ਤੇ ਅਨੰਤ ਰਸ ਦੀ ਚੰਚਲ ਬਿਹਬਲਤਾ ਵਿਚ ਇਕ ਵੱਡੀ-ਰਸ-ਸਮਾਧੀ ਦਾ ਰੰਗ ਹੁੰਦਾ ਹੈ, ਉਹ ਕਵਿਤਾ ਹੈ ! ਸੁਹਣੱਪ ਦੀ ਖਿੱਚ ਖਾ ਕੇ ਰੋਮ ਰੋਮ ਦੇ ਖਿਚੀਣ ਦੀ ਬੇਚੈਨੀ ਦਾ ਜ਼ਿੰਦਾ ਰਸ ਹੈ; ਜੀ, ਸੁਰਤ, ਮਨ ਆਦਿ ਓਸ ਖਿੱਚ ਵਿਚ ਸਦਾ ਅਫੁਰ ਅਡੋਲ, ਜਲ ਵਿਚ ਮੀਨ ਵਾਂਗ ਰਸ ਭਿੱਜੇ, ਰਸ ਗੁੱਝੇ, ਰਸ ਡੁੱਬੇ ਰਸ ਰੂਪ ਹੁੰਦੇ ਹਨ। ਪਰਮ ਨਿੱਸੱਲਤਾ ਤੇ ਸਮਾਧੀ ਦੀ ਅਵਸਥਾ ਹੈ, ਜੋਹੜੀ ਆਪਣੀ ਅੰਦਰਲੀ ਰਸਿਕ ਸੁਤੰਤ੍ਰਤਾ ਤੇ ਆਤਮ ਰਸ ਲੀਨਤਾ ਵਿਚ ਬੇਪ੍ਰਵਾਹ ਹੋ ਠਹਿਰ ਚੁਕੀ ਹੈ, ਟਿਕ ਗਈ ਹੈ। ਇਸ ਟਿਕਾ ਦਾ ਨਾਂ ਕਵਿਤਾ ਹੈ ਅਤੇ ਕਵਿਤਾ ਨਿਰੀ ਅੱਖਰਾਂ ਵਿਚ ਰਾਗ ਰੌਂਦ ਦਾ ਨਾਮ ਨਹੀਂ, ਇਹ ਤਾਂ ਇਕ ਜੀਵਨ-ਆਵੇਸ਼ ਹੈ, ਜਿਹੜਾ ਪੱਥਰਾਂ ਵਿਚ, ਚਿਤ੍ਰਾਂ ਵਿਚ, ਆਪਣੇ ਹਥਾਂ ਦੀਆਂ ਕਿਰਤਾਂ ਵਿਚ, ਆਪਣੀ ਪਿਆਰ-ਸੇਵਾ ਵਿਚ ਆਪਣੇ ਹਰ ਖਿਆਲ, ਕੰਮ ਕਾਜ ਵਿਚ, ਜਿੱਥੇ ਕਿਧਰੇ ਰਾਗ-ਰੌਂਦ ਗੁੰਦ ਦੇਂਦਾ ਹੈ। ਕੋਈ ਸਮਾ ਹੁੰਦਾ ਹੈ, ਰਸ ਦੀ ਫੁਹਾਰ ਨੈਣਾਂ ਥੀਂ ਰਹਿੰਦੀ ਹੁੰਦੀ ਹੈ। ਹੋਠ ਖੁਲ੍ਹੇ ਹੁੰਦੇ ਹਨ ਤੇ ਉਨ੍ਹਾਂ ਥੀਂ ਭਰੇ ਵਸ ਮਨੁਖ ਦਾ ਰੰਗ ਤੇ ਲਾਲੀਆਂ ਬਾਹਰ ਚੋ ਰਹੀਆਂ ਹੁੰਦੀਆਂ ਹਨ। ਉਸ ਵਕਤ ਉਹ ਕਵਿਤਾ ਦੇ ਆਵੇਸ਼ ਵਿਚ ਹੈ ਓਹਦੀ ਨਾੜ ਨਾੜ ਗਾ ਉਠਦੀ ਹੈ, ਓਹਦੀ ਛੋਹ ਰਾਗ ਰੌਂਦ ਹੁੰਦੀ ਹੈ, ਓਹਦੀ ਤੱਕ ਵਿਚ ਅਸਰ ਹੁੰਦਾ ਹੈ। ਜੀਵਨ ਦੀ ਕੋਈ ਅਵਸਥਾ ਜਿਸ ਵਿਚ ਇਹ ਰੱਬੀ ਦੈਵੀ ਛੋਹ ਹੈ, ਉਹ ਕਵਿਤਾ ਦੀ ਅਵਸਥਾ ਹੈ। ਓਸ ਥੀਂ ਹਿਠਾਹਾਂ ਭਾਵੇਂ ਕਿਨਾ ਢੋਲ ਢਮੱਕਾ ਹੋਵੇ, ਕੁਛ ਹੋਵੇ, ਕਵਿਤਾ ਨਹੀਂ ਹੋ ਸਕਦੀ, ਭਾਵੇਂ ਕੋਈ ਸਿਰ ਥੀਂ ਪੈਰ ਤੱਕ ਉਲਟਾ ਪਿਆ ਹੋਵੇ।

**ਸੋ ਕਵੀ-ਚਿੱਤ ਸਦਾ** ਆਪਮੁਹਾਰੀ ਨਿੱਸੱਲਤਾ ਵਿਚ ਹੁੰਦਾ ਹੈ, 'ਭੋਲੇ ਭਾਵ ਮਿਲੇ ਰਘੁਰਾਇਆ।' ਉਹਦੇ ਜੀਵਨ ਦੀ ਜਿਗਰੀ ਲੋੜ ਇਹ ਹੈ ਤੇ ਇਹ ਸੂਝ ਉਹਨੂੰ ਰੱਬ ਨੇ ਆਪਮੁਹਾਰੀ ਦਿੱਤੀ ਹੁੰਦੀ ਹੈ। **ਸਰਲਤਾ** ਯਾ ਅੰਦਰ ਗੂੜ੍ਹੇ ਰੰਗ ਦੀ **ਸਚਾਈ** ਜਿਹਨੂੰ ਕਹਿੰਦੇ ਹਨ, ਉਹ ਅਭੋਲ ਜਿਹੀ ਅਵਸਥਾ ਵਿਚ ਉਹਦੀ ਤਬੀਅਤ ਦਾ ਰੰਗ ਹੁੰਦਾ ਹੈ, ਸਾਰਾ ਦਿੱਸਦਾ ਜਗਤ ਉਹਦੇ ਦਿਲ ਸ਼ੀਸ਼ੇ ਤੇ ਪੈ ਪੈ **ਬਾਹਰਲੇ** ਦੀ ਅਨਾਤਮਤਾ ਤਿਆਗ ਕੇ **ਅੰਤੀਵ** ਦੀ ਆਤਮਤਾ ਬਣਦਾ ਹੈ ਤੇ ਕਿਸੀ ਪਦਾਰਥ ਦੀ ਬਾਹਰੋਂ ਉਠਕੇ ਸਾਡੇ ਅੰਦਰ ਵੜਨ ਤੇ ਵੜ ਕੇ ਅਪਦਾਰਥ ਹੋ ਸਾਡੇ ਚਿੱਤ ਦੇ ਲੋੜੀਂਦੇ ਰਸ ਵਿਚ ਸਮਾ ਜਾਣ ਦਾ ਨਾਂ ਰਸ ਹੈ। ਇਕ ਸਮਾ ਕਵੀ ਤੇ ਛਾਂਦਾ ਹੈ ਜਦ ਕੁਲ ਚੀਜ਼ਾਂ ਰੱਬ-ਰੂਪ ਵਿਚ ਲੀਨ ਹੋ ਰੱਬ ਵਿਚ ਸਮਾ, ਰੱਬ ਰੂਪ ਹੋ ਜਾਂਦੀਆਂ ਹਨ। ਉਹ ਘੜੀ ਜੋਹੜੀ ਕਵੀ-ਨੈਣਾਂ, ਫਕੀਰ—ਨੈਣਾਂ ਦੇ ਸਦਕੇ, ਬਖਸ਼ੇ ਹੋਏ ਬੰਦਿਆਂ ਦੇ ਸਦਕੇ ਹਰ ਚੀਜ਼ ਉਤੇ ਜੋਬਨ ਵਾਂਗ ਆਉਂਦੀ ਹੈ, ਉਹ ਕੁਛ ਥੀਣ—ਅਥੀਣ, ਹੋਣ ਅਣਹੋਣ ਜਿਹੇ ਦਾ ਵੇਲਾ ਰੰਗ ਰਸ ਦਾ ਹੈ, ਉਹੋ ਰਸ ਹੈ। ਇਹ ਭੇਤ ਕੇਵਲ ਸੱਚਾ ਰਸਿਕ ਕਿਰਤ ਵਾਲਾ ਪਾਰਖੀ ਚਿੱਤ ਜਾਣ ਸੱਕਦਾ ਹੈ। ਆਪਾਂ ਨੂੰ ਤਾਂ ਕਿਸੀ

*ਖਲੜੀ।

Digitized by Panjab Digital Library | www.panjabdigilib.org

ਖ੍ਵਾਹਿਸ਼ ਯਾ ਸੰਕਲਪ ਦੇ ਫਲੀਭੂਤ ਹੋਣ ਵਿਚ ਰਸ ਮਿਲਦਾ ਹੈ। ਚਾਹਵਾਨ ਨੂੰ ਤੀਮੀਂ ਮਰਦ ਦਾ ਮਿਲਾਪ, ਭੁੱਖੇ ਨੂੰ ਰੋਟੀ, ਵਿੱਛੜੇ ਬੱਚੇ ਨੂੰ ਮਾਂ, ਗਰੀਬ ਨੂੰ ਧਨ, ਰਾਜੇ ਨੂੰ ਬਾਦਸ਼ਾਹੀ, ਸਿਪਾਹੀ ਨੂੰ ਮੈਦਾਨ ਜੰਗ, ਗੁਲਾਮ ਨੂੰ ਮਾਲਕ ਦੀ ਖੁਸ਼ੀ, ਇਲਮ ਵਾਲੇ ਨੂੰ ਉਹਦੀ ਅਨੇਕ ਲੋੜਾਂ ਦੀ ਪੂਰਣਤਾ ਆਦਿ, ਜਿਨ੍ਹਾਂ ਨੂੰ ਹਿੰਦੁਸਤਾਨ ਵਾਸੀਆਂ ਨੇ ਸਿੰਗਾਰ, ਵੈਰਾਗਯ, ਕਰੁਣਾ ਆਦਿ ਰਸਾਂ ਵਿਚ ਵੰਡਿਆਂ ਹੈ ਉਹ ਰਸ ਨਹੀਂ ਹਨ, ਉਹ ਤਾਂ ਇਨਸਾਨੀ ਫ਼ਿਤਰਤ ਦੇ ਵਲਵਲਿਆਂ ਦੇ ਉਤਾਰ, ਚੜ੍ਹਾ ਆਦਿ ਹਨ। ਇਹ ਪੁਰਾਣੇ ਲੋਕੀ ਚਿੱਤ ਦੇ ਪਲ ਛਿਨ ਦੇ ਟਿਕਾ, ਭੋਗਾਂ ਆਦਿ ਦੀ ਖੁਸ਼ੀ ਵਿਚ ਆਏ ਟਿਕਾ ਨੂੰ ਰਸ ਮੰਨਦੇ ਹਨ। ਰਸਿਕ ਕਿਰਤ ਅਰਥਾਤ ਕਵਿਤਾ ਤਦ ਆਰੰਭ ਹੁੰਦੀ ਹੈ, ਜਦ ਇਨਸਾਨੀ ਫ਼ਿਤਰਤ ਜਿਹਦਾ ਠੀਕ ਨਾਂ ਹੈਵਾਨੀ ਫ਼ਿਤਰਤ ਹੈ ਤੇ ਸਾਡੀ ਤੇ ਪਸ਼ੂਆਂ ਦੀ ਇੱਕੋ ਜਿਹੀ ਸਾਂਝੀ ਫ਼ਿਤਰਤ ਹੈ, ਝੜ ਜਾਂਦੀ ਹੈ। ਸ਼ਿੰਗਾਰ, ਵੈਰਾਗਯ, ਬੀਰ ਤੇ ਕਰੁਣਾ ਰਸ ਆਦਿ ਸਭ ਹੈਵਾਨਾਂ ਪਰ ਭੀ ਆਉਂਦੇ ਹਨ। ਹੈਵਾਨ ਜਦ ਮਨੁੱਖਾਂ ਵਿਚੋਂ ਨਿਕਲ ਜਾਂਦਾ ਹੈ ਤਦ ਉਹ ਬੇਹੋਸ਼ੀ ਦੀ ਹੋਸ਼ ਆਂਦੀ ਹੈ, ਤਦ ਉਹ ਤਬੀਅਤ ਦੀ ਸਫਾਈ, ਸਚਾਈ, ਸਰਲਤਾ ਆਪ-ਮੁਹਾਰਤਾ, ਸਹਜ ਸੁਭਾ ਨਿਸ਼ਲਤਾ, ਅਗਯਾਤ ਜਿਹੀ ਮਗਨਤਾ "ਜੀਦੀ ਮੌਤ" ਵਰਗੀ ਅਠ ਪਹਿਰੀ ਬੇਸੁੱਧਤਾ ਜਿਹੀ ਵਾਲੀ ਜੀਵਨ-ਉਚਾਈ ਪ੍ਰਾਪਤ ਹੁੰਦੀ ਹੈ, ਜਿਸ ਵਿਚ ਕਵੀ—ਚਿੱਤ ਦਾ ਕਰਾਮਾਤੀ, ਸਕੰਦਰੀ ਜਾਮੇਂ ਜਮ ਥੀਂ ਵਧ ਕਰਤਾਰੀ ਕਰਾਮਾਤ ਵਾਲਾ, ਕਾਦਰੀ ਤਾਕਤ ਵਾਲਾ, ਆਵੇਸ਼ ਗ੍ਰਹਿਣ ਕਰਨ ਵਾਲਾ ਅਕਸੀ ਸ਼ੀਸ਼ੇ ਵਰਗਾ ਗੁਣ, ਸੁਹਣੱਪ ਦੇ ਪ੍ਰਕਾਸ਼ ਦੇ ਅਸਰਾਂ ਦਾ ਜਾਣੂ ਤੇ ਚੋਣੂ ਤੇ ਭੋਂ ਵਰਗਾ ਉਪਜਾਊ ਆਦਿ ਗੁਣਾਂ ਵਾਲਾ ਹੋ ਨਿਖਰਦਾ ਹੈ।

ਇਸ ਆਲੀਸ਼ਾਨ ਉਚਾਈ ਵਾਲੀ ਕਵਿਤਾ ਅਰਥਾਤ ਸਾਧ—ਬਚਨ ਜੇਹੜਾ ਕਿ ਸਦਾ ਅਟਲਾਧਾ ਹੁੰਦਾ ਹੈ, ਬਾਣੀ ਹੁੰਦੀ ਹੈ, ਨਿਰੋਲ ਆਤਮਾ ਹੁੰਦੀ ਹੈ, ਇਥੇ ਤੇ ਅੱਗੇ ਸਹਾਇਕ ਹੁੰਦੀ ਹੈ, ਮੌਤ ਥੀਂ ਪਰੇ ਦੇਸ਼ ਦੀ ਉਹ 'ਜੀਵਨ ਸ੍ਵਾਸ ਦਾ ਅੰਦਰਲਾ ਗੀਤ ਹੈ।

ਕਵਿਤਾ ਸਿਰਫ ਅੰਦਰ ਦੀ ਅਵਸਥਾ ਦਾ ਨਾਂ ਹੈ, ਜਿਸ ਵਿਚ ਧੁਰੀ ਬਾਣੀ ਆਪ ਮੁਹਾਰੀ ਰੋਮ ਰੋਮ ਵਿਚ ਪਰੋਈ ਬੋਲਦੀ ਹੈ। ਇਉਂ ਅਸੀ ਆਪਣੀ ਬੋਲੀ ਵਿਚ ਕੁਛ ਦੱਸ ਸੱਕਦੇ ਹਾਂ ਕਿ ਕਵਿਤਾ ਰੱਬੀ ਚਰਿੱਤਰ ਹੈ, ਇਹ ਰੱਬ ਹੋਣ ਦਾ ਇਕ ਸਵਾਦ ਹੈ, ਜੇਹੜਾ ਬੰਦੇ ਨੂੰ ਬੰਦਾ ਕਹਿ ਕੇ ਬੰਦੇ ਦੇ ਰੂਪ ਵਿਚ ਨਹੀਂ ਆ ਸਕਦਾ। ਕਵਿਤਾ ਲਿਖਣ ਯਾ ਗਾਣ ਵਾਲੀ ਚੀਜ਼ ਨਹੀਂ, ਆਵੇਸ਼ ਹੈ, ਜਿਹਨੂੰ ਕੁੱਲ ਰਸਿਕ-ਕਿਰਤਾਂ ਗਾਉਂਦੀਆਂ ਹਨ, ਕੁੱਲ ਨਾਚ ਨੱਚਦੇ ਹਨ, ਕੁੱਲ ਜੀਵਨ ਦੇ ਸਿੱਟੇ ਸਿੱਧੇ ਉਚੇ ਹੋ ਟੋਲਦੇ ਹਨ, ਤੇ ਇਸ ਥੀਂ ਥੱਲੇ ਦੀ ਸਭ ਕਵਿਤਾ ਜਿਸ ਵਿਚ ਕੁੱਲ ਦੁਨੀਆਂ ਦੇ ਕਵੀ, ਚਿਤ੍ਰਕਾਰ ਆਦਿਕਾਂ ਦੀਆਂ ਕਿਰਨੀਆਂ ਹਨ, ਕਾਲੀਦਾਸ ਤੇ ਸ਼ੇਕਸਪੀਅਰ ਆਦਿ ਸਭ ਇਕ ਸਕੂਲ ਦੇ ਮੁੰਡੇ ਹਨ, ਜੇਹੜੇ ਆਪਣੇ ਇਸ ਯਤਨ ਵਿਚ ਹਨ ਕਿ ਕਿਸੀ ਤਰਾਂ ਕਵਿਤਾ ਦੇ ਰੱਬੀ ਰੰਗ ਨੂੰ ਪਹੁੰਚ ਸੱਕੀਏ। ਜਿਵੇਂ ਕਣਕ ਦਾ ਸਿੱਟਾ ਪ੍ਰਕਾਸ਼ ਨੂੰ ਤੱਕਣ ਦੀ ਤਾਂਘ ਵਿਚ ਸਿਰ ਉੱਚਾ ਕਰਦਾ ਹੈ, ਤਿਵੇਂ ਇਹ ਸਭ ਹੈਵਾਨ-ਇਨਸਾਨ ਕਵੀ, ਸੂਰਜ ਨੂੰ ਤੱਕਣ ਦੀ ਚਾਹ ਵਿਚ ਸਿਰ ਕੱਢ ਰਹੇ ਹਨ, ਪਰ ਜਿਸ ਅਰਥ ਵਿਚ ਕਵਿ-ਚਿੱਤ ਦਾ ਅਸੀ ਜ਼ਿਕਰ ਕਰ ਰਹੇ ਹਾਂ, ਉਸ ਅਰਥ ਵਿਚ ਇਹ ਵੱਡੇ ਵੱਡੇ ਦੁਨੀਆਂ ਦੇ ਮੱਨੇ ਪ੍ਰਮੰਨੇ ਕਵੀ ਹੈਵਾਨੀ ਵਲਵਲਿਆਂ ਵਿਚ ਬਸ ਵੱਡੇ ਹਨ, ਇਨ੍ਹਾਂ ਦੀ ਅੰਤਰਯਾਮਤਾ ਬਸ ਹੈਵਾਨ ਰੂਪੀ ਕੀੜਿਆਂ ਦੇ ਦਿਲਾਂ ਤੱਕ ਹੈ। ਹੈਵਾਨੀ-ਇਨਸਾਨੀ ਫ਼ਿਤਰਤ

Digitized by Panjab Digital Library | www.panjabdigilib.org

ਦੇ ਕਾਂਬਿਆਂ ਤੇ ਰੰਗ ਨੂੰ ਆਪਣੇ ਅੰਦਰ ਭਰ ਭਰ ਬਾਹਰ ਕੱਢਣਾ ਤੇ ਇਉਂ ਆਪਣੇ ਜਿਹੇ ਹਵਾਨਾਂ ਦੇ ਭਾਵਾਂ ਦਾ ਜਾਣੂ ਹੋਣਾ ਬਸ ਇਕ ਸੁਰਖਾਬ ਦਾ ਪਰ, ਇਹ ਲੋਕੀ ਆਪਣੀ ਪਗੜੀ ਵਿਚ ਲੱਗਾ ਸਮਝਦੇ ਹਨ ਕਿ ਇਕ ਸੀਮਾ ਹੋ ਗਈ। ਕੀ ਇਸ ਹੈਵਾਨ ਥੀਂ ਅਸੀ ਅੱਕ ਥੱਕ ਨਹੀਂ ਗਏ ? ਕੀ ਅੱਜ ਤੱਕ ਦੀਆਂ ਕਰਤੂਤਾਂ ਇਹਦੇ ਇਤਿਹਾਸ ਵਿਚ ਸਾਰੀਆਂ ਫ਼ਾਸ਼ ਨਹੀਂ ਹੋ ਗਈਆਂ ? ਕੀ ਇਹ ਨਿਰੀ ਮਿੱਟੀ ਦੀ ਟੋਕਰੀ ਤੇ ਨਿਰਾ ਪੂਰਾ ਹੈਵਾਨ ਇਸ ਥੀਂ ਵਧ ਹੋਰ ਕੁਛ ਬਿਨਾ ਵਾਹਿਗੁਰੂ ਦੀ ਬਖ਼ਸ਼ਸ਼ ਦੇ ਕਦੀ ਹੋ ਸਕਦਾ ਹੈ ? ਅਸੀ ਤਾਂ ਇਸ ਹੈਵਾਨ ਨੂੰ ਧਰਤ ਉਤੇ ਛੱਡ ਕੇ, ਜਰਾ ਉੱਤੇ ਹਵਾ ਵਿਚ ਚੜ੍ਹ ਕੇ ਦੇਵਤਾ ਮੰਡਲ ਦੇ ਅੰਦਰਲੇ ਦਿਲਾਂ ਦੀ ਖ਼ਬਰ ਲੋਚਦੇ ਹਾਂ। ਸਾਨੂੰ ਹੈਵਾਨ-ਫ਼ਿਤਰਤ ਦੇ ਅੰਦਰਲੇ ਭੇਤਾਂ ਨੂੰ ਜਾਣਨ ਦੀ ਬਾਹਲੀ ਲੋੜ ਨਹੀਂ। ਆਦਮੀ ਦਾ ਪੜ੍ਹਨ ਦਾ ਸਭ ਥੀਂ ਵੱਡਾ ਵਿਸ਼ਾ ਜੋਹੜਾ ਕਿਹਾ ਜਾਂਦਾ ਹੈ, ਆਦਮੀ ਹੈ, ਉਹ ਆਦਮੀ ਹੈਵਾਨ ਨਹੀਂ ਉਹ "ਆਪੇ ਦਿਓ" ਬੰਦਾ ਹੈ। ਜੇ ਇਸ ਭੇਤ ਨੂੰ ਹੈਵਾਨ-ਆਦਮੀ ਕਰਕੇ ਸਮਝਿਆ ਜਾਂਦਾ ਹੈ ਤਦ ਗਲਤ ਹੈ, ਉਹ ਰਸ-ਆਦਮੀ ਹੈ ਉਹ ਰੱਬ ਰੂਪ ਹੈ, ਸਭ ਥੀਂ ਵਡਾ ਸਾਡੇ ਪੜ੍ਹਨ ਯੋਗ ਰੱਬ ਹੈ। ਕਵਿਤਾ ਅਰਥਾਤ ਕਵੀ-ਚਿਤ ਦੀ ਨਿਸ਼ਚਲ ਅਵਸਥਾ ਰੱਬ ਰੂਪ ਅੱਗੇ ਵਿਛਿਆ ਸ਼ੀਸ਼ਾ ਹੈ। ਓਸ ਉਪਰ ਇਸ ਹੈਵਾਨੀ ਦੁਨੀਆਂ ਵਿਚੋਂ, ਨਿਰੇ ਤੇ ਨਿਰੋਲ ਰੱਬ ਕਿਣਕੇ ਨਿਖਾਰ ਕੇ ਅੰਦਰ ਲਏ ਜਾਂਦੇ ਹਨ। ਓਥੇ ਸਫਟਕਮਨੀ ਵਾਲੀ ਪਾਰਦਰਸ਼ਤਾ ਹੈ। ਸਥੂਲ ਮਾਯਾਵੀ ਜਗਤ ਦੀ ਮੈਲ ਓਥੇ ਰਹਿ ਨਹੀਂ ਸੱਕਦੀ, ਸੁਹਣਾ ਕਵੀ-ਚਿਤ ਸ਼ੇਕਸਪੀਅਰ ਵਾਂਗੂ ਲੇਡੀ ਮੈਕਬਥ ਦੀ ਹੈਵਾਨੀਅਤ ਨਾਲ ਰਗੜ ਖਾਣ ਦੇ ਆਪਣੀ ਉਚਾਈ ਕਰਕੇ ਅਸਮਰੱਥ ਹੁੰਦਾ ਹੈ। ਕਵੀ-ਚਿੱਤ ਓਸ ਗੰਦ ਵਿਚ ਜਾਕੇ ਬਦਬੋ ਨਾਲ ਮਰਣ ਤਕ ਪਹੁੰਚਦਾ ਹੈ। ਮੰਨਿਆ, ਕਿ ਸ਼ੇਕਸਪੀਅਰ ਨੂੰ ਪੜ੍ਹ ਕੇ ਹੈਰਾਨੀ ਇਨਸਾਨ ਨਾਲ ਤੇ ਦੁਨੀਆਂ ਦੀਆਂ ਅਕਲਾਂ, ਸ਼ਕਲਾਂ, ਨਕਲਾਂ ਚੰਗਿਆਈਆਂ, ਬੁਰਿਆਈਆਂ ਨਾਲ ਬੜੀ ਵਾਕਫੀਅਤ ਹੋ ਜਾਂਦੀ ਹੈ, ਪਰ ਅਸੀ ਤਾਂ ਦੁਨੀਆਦਾਰਾਂ ਦੀ ਹੈਵਾਨੀ-ਅਕਲ ਤੇ ਹੈਵਾਨੀ ਕਰਤੂਤਾਂ, ਖ਼ਿਆਲਾਂ, ਵਲਵਲਿਆਂ ਥੀਂ ਅੱਕੇ ਹੋਏ ਹੋਏ ਅਸੀ ਓਹ ਇਲਮ ਨਹੀਂ ਲੋਚਦੇ, ਜੇਹੜਾ ਸ਼ੇਕਸਪੀਅਰ ਆਦਿ ਸਾਨੂੰ ਮੱਲੋਮਲੀ ਵੀ ਸਾਡੇ ਅੰਦਰ ਵਾੜਦੇ ਹੋਣ। ਕਵੀ ਓਹ ਇਸ ਅੰਸ ਵਿਚ ਕਹੇ ਜਾ ਸਕਦੇ ਹਨ, ਕਿ ਜਿਸ ਤਰਾਂ ਕਵੀ ਦਾ ਚਿੱਤ ਰੱਬੀ ਵਲਵਲਿਆਂ ਤੇ ਝਾਵੇਲਿਆਂ ਨੂੰ ਆਪਣੇ ਅੰਦਰ ਸਿੰਜਰ ਸਿੰਜਰ ਕੇ ਨਵੀਂ ਤਰਾਂ ਮੁੜ ਉਨ੍ਹਾਂ ਕੀਆਂ ਦਾ ਉਪਜਾਊ ਹੁੰਦਾ ਹੈ, ਇਉ ਹੀ ਸ਼ੇਕਸਪੀਅਰ ਤੇ ਕਾਲੀਦਾਸ ਆਦਿ ਦਾ ਚਿੱਤ ਹੈਵਾਨ-ਆਦਮੀ ਤੇ ਹੈਵਾਨ-ਕੁਦਰਤ ਦੇ ਸਾਏ ਆਪਣੇ ਅੰਦਰ ਲੈ ਕੇ ਵੇਹਲੀਆਂ ਘਾੜਾਂ ਕਰ ਬਾਹਰ ਲੈ ਆਂਦੇ ਹਨ। ਇਹ ਕਵੀ ਦੁਨੀਆਂ ਦੀ ਇਕ ਨਈ ਅਰ ਆਪਣੇ ਚਿੱਤ ਉਪਜੀ ਦੁਨੀਆਂ ਦੀ ਤਸਵੀਰਾਂ ਖਿੱਚ ਖਿੱਚ ਸਾਮ੍ਹਣੇ ਰੱਖਦੇ ਹਨ। ਪਰ ਜਿਸ ਕਵੀ-ਚਿੱਤ ਦਾ ਅਸੀ ਜ਼ਿਕਰ ਕਰਦੇ ਹਾਂ, ਓਸ ਲਈ ਜਿਵੇਂ ਹੈਵਾਨ ਆਦਮੀ ਦੇ ਰੂਪ ਰੰਗ ਤੇ ਹੈਵਾਨ-ਕੁਦਰਤ ਦੇ ਰੂਪ ਰੰਗ ਇਕ ਉਪਜਾਊ ਰਸ ਕਿਰਤ ਦੀ ਸਾਮਿੱਗਰੀ ਹਨ, ਤਿਵੇਂ ਹੀ ਇਨ੍ਹਾਂ ਕਵੀਆਂ ਦੇ ਚਲਿੱਤਰ ਭੀ ਰੂਪ ਰੰਗ ਆਦਿ ਲਾਏ ਮਾਯਾਵੀ ਸਾਮਿੱਗਰੀ ਹਨ। ਇਸ ਸਾਮਿੱਗਰੀ ਵਿਚੋਂ ਕਵੀ-ਚਿੱਤ ਰੱਬੀ ਸ੍ਵਰੂਪ, ਰੱਬੀ ਦਿਲ ਦੇ ਗੁਣਾਂ ਦੇ ਹੀਰੇ ਪ੍ਰਮਾਣੂਆਂ ਨੂੰ ਆਪ-ਮੁਹਾਰਾ, ਅਲੱਗ ਕਰਕੇ ਆਪਣੇ ਅੰਦਰ ਰਸ ਦੀ ਕਰਤਾਰਤਾ ਨੂੰ ਸਿੱਧ ਕਰਦਾ ਹੈ। ਪਰ ਕਵੀ-ਚਿੱਤ ਸਦਾ ਰੱਬੀ-ਚਿੱਤ ਦੇ ਅੰਦਰ ਦੀ ਹਿਲਜੁਲ ਨਾਲ ਇਕ ਸੁਰ ਹੁੰਦਾ ਹੈ ਤੇ ਸ਼ੇਕਸਪੀਅਰ,

Digitized by Panjab Digital Library | www.panjabdigilib.org

ਕਾਲੀਦਾਸ ਆਦਿ ਹੈਵਾਨ ਮੰਡਲ ਦੇ ਅੰਦਰ ਦੀ ਹਿਲ ਜੁਲ ਨਾਲ ਇਕ ਸੁਰ ਹੁੰਦੇ ਹਨ, ਚਿੱਤ ਦੇ ਸ਼ੀਸ਼ੇ ਸ਼ੀਸ਼ੇ ਵਿਚ ਫਰਕ ਹੈ।

ਜਿੱਥੇ ਸ਼ੇਕਸਪੀਅਰ ਆਦਿ ਆਪਣੇ ਚੁਗਿਰਦੇ ਦੀ ਜੀਵਨ ਹਿਲ ਜੁਲ ਦੇ ਅਸਰਾਂ ਹੇਠ ਆਂਦੇ ਹਨ, ਓਸ ਥੀਂ ਉਲਟ ਕਵੀ ਆਪਣੇ ਚੌਗਿਰਦੇ ਦੇ ਅਸਰਾਂ ਥੀਂ ਆਜ਼ਾਦ ਤਬੀਅਤ ਹੁੰਦਾ ਹੈ। ਸੋਨੇ ਦੀ ਡਲੀ ਚਾਹੇ ਠੋਸ ਚਾਹੇ ਪਿਆਲੀ ਹੋਵੇ, ਚਾਹੇ ਚਿੱਕੜ ਵਿਚ ਹੋਵੇ, ਚਾਹੇ ਰਾਜ ਸਿੰਘਾਸਣਾਂ ਤੇ ਆਪਣੇ ਅੰਦਰ ਕਦੀ ਮੈਲ ਵੜਨ ਨਹੀਂ ਦਿੰਦੀ, ਤਿਵੇਂ ਹੀ ਕਵੀ-ਚਿੱਤ ਕੁਛ ਐਸਾ ਦ੍ਰਿੜ ਆਤਮਤਾ ਆਤਮਸੱਤਾ ਆਤਮਰਸਤਾ ਵਿਚ ਜੀਂਦਾ ਹੈ ਕਿ ਚਾਹੇ ਤ੍ਰੇਲ ਵਾਙੂੰ ਕਿਣਕਾ ਕਿਣਕਾ ਇਕ ਫੁਹਾਰ ਜਿਹੇ ਰੂਪ ਵਿਚ ਵਗ ਤੁਰੇ, ਚਾਹੇ ਹਿਮਾਲਾ ਦੀ ਬੱਜਰ ਚਿਟਾਨਾਂ ਵਾਂਗ ਸਿੱਧਾ ਉੱਚਾ ਹੋ ਤੁਰੇ, ਉਹ ਆਪਣੇ ਸੁਭਾਉ ਵਿਚ ਸਦਾ ਕਾਇਮ ਹੁੰਦਾ ਹੈ। ਹਵਾ, ਗਰਮੀ, ਸਰਦੀ, ਹੈਵਾਨੀ ਵਲਵਲਿਆਂ ਤੇ ਕਾਂਬਿਆਂ, ਇੰਦ੍ਰੀਆਂ ਦੀ ਪ੍ਰਬਲ ਲੋੜਵੰਦੀਆਂ ਖਿੱਚਾਂ ਦੇ ਤੁਣਕੇ ਆਦਿ ਸਭ ਆਪਣੇ ਅਸਰ ਪਾਂਦੇ ਹਨ, ਪਰ ਜਿਵੇਂ ਬੱਦਲਾਂ ਦੀਆਂ ਸ਼ਕਲਾਂ ਭਾਵੇਂ ਨੀਲੇ ਤਣੇ ਖੜੇ ਅਕਾਸ਼ ਨੂੰ ਘੜੀ ਜਿੰਨਾ ਭਰਨ ਯਾ ਆਸਕਤ ਕਰਦੀਆਂ ਦਿੱਸਣ, ਪਰ ਆਕਾਸ਼ ਇਸ ਤਰਾਂ ਦੇ ਸਦਮੇ ਝਲਦਾ, ਹੋਰ ਹੋਰ ਨਵੀਂ ਨਵੀਂ ਆਪਣੀ ਆਤਮ ਸੁਹਜ ਵਿਚ ਮੁੜ ਮੁੜ ਨਿਖਰਦਾ ਹੈ, ਇਉਂ ਇਹ ਸਭ ਬੱਦਲ, ਸ਼ਕਲਾਂ, ਬੱਦਲ ਰੰਗ, ਬੱਦਲਾਂ ਤੇ ਬਿਜਲੀਆਂ ਦੀ ਘਨਘੋਰ, ਮੀਹਾਂ ਦੇ ਸ਼ੋਰ ਵੰਨ ਵੰਨ ਸਵੇਰ ਸ਼ਾਮ ਦੀਆਂ ਪਲ ਛਿਣ ਹੁੰਦੀਆਂ ਸੁਹਣੱਪਣਾਂ ਆਕਾਸ਼ ਦੇ ਗਹਿਣੇ ਬਣ ਜਾਂਦੇ ਹਨ। ਸ਼ਿੰਗਾਰ, ਵੈਰਾਗਯ, ਬੀਰ ਤੇ ਕਰੁਣਾ ਰਸ ਆਦਿ ਸਾਡੇ ਕਵੀ ਦੇ ਅਲੰਕਾਰਿਕ ਰੰਗ ਹਨ।

ਕਵੀ-ਦਿਲ ਤੇ ਚਿੱਤ ਸਦਾ ਕੱਜਿਆ ਹੈ, ਓਹਦੇ ਇਰਦ ਗਿਰਦ ਸਦਾ ਓਸ ਤਰਾਂ ਦਾ ਪ੍ਰਲੈਈ ਹਨੇਰੇ ਧੁੰਧੂ-ਕਾਰਾਂ ਜਿਹਾ ਦਾ ਪਰਦਾ ਹੁੰਦਾ ਹੈ, ਜਿਹਦਾ ਰੂਪ ਅਸੀ ਚਿੰਨ੍ਹ ਮਾਤ੍ਰ ਦੱਸ ਆਏ ਹਾਂ। ਜਦ ਕੁਦਰਤ ਆਪਣੀ ਬਰਫਾਨੀ ਕਿਸੀ ਚੋਟੀ ਨੂੰ ਨਵੀਂ ਵਿਆਹੀ ਵਹੁਟੀ ਵਾਂਗ ਸਜਾ ਕੇ ਘੜੀ ਦੀ ਘੜੀ ਛਾਏ ਬੱਦਲਾਂ ਦੇ ਪਰਦੇ ਨੂੰ ਅੱਧਾ ਖੱਬੇ ਸੱਜੇ ਕਰ ਦਰਸਾਂਦਾ ਹੈ ਤੇ ਨਾਲੇ ਸੂਰਜ ਦੀ ਟਿਕੀ ਉਸ ਰਸਿਕ ਕਿਰਤ ਤੇ ਨੂਰ ਦੇ ਫੁੱਲ ਵਰਸਾਂਦੀ ਨਜ਼ਰ ਆਉਂਦੀ ਹੈ, ਇਉਂ ਹੀ ਕਵੀ-ਚਿੱਤ, ਕਵੀ-ਦਿਲ, ਕਵੀ-ਰਸ ਦੀ ਕਿਰਤ ਦਾ ਝਾਕਾ ਸਾਨੂੰ ਕਦੀ ਕਿਸੀ ਸ੍ਵਾਂਤੀ ਨਛੱਤਰ ਦੀ ਘੜੀ ਬਸ ਇਕ ਪਲ ਛਿਣ ਲਈ ਨਸੀਬ ਹੁੰਦਾ ਹੈ।

ਕਵੀ-ਚਿੱਤ ਇਕ ਚਿਤ੍ਰ ਖਿੱਚਣ ਵਾਲੀ ਬੁੱਤ-ਸ਼ਾਲਾ ਹੈ, ਜਿੱਥੇ ਮਾਦਾ-ਜਗਤ, ਮੁਰਦਾ-ਜ਼ਿੰਦਗੀ ਰੂਹਾਨੀ ਜਗਤ ਦੀ ਸਦਾ ਜੀਵੀ ਜੋਤ-ਜ਼ਿੰਦਗੀ ਦੀ ਸਾਮਿੱਗਰੀ ਹੈ। ਨਾ ਸਿਰਫ ਰੂਪ, ਰੰਗ ਨੂੰ ਪ੍ਰਮਾਣੂ ਰੂਪ ਕਰ ਰੱਬੀ ਗੁਣਾਂ ਨੂੰ ਚੁਣ ਚੁਣ ਆਪਣੇ ਅੰਦਰ ਭਰਦਾ ਹੈ, ਉਹ ਹਰ ਇਕ ਰੰਗ, ਚਾਲ ਥਰਰਾਹਟ, ਕਾਂਬੇ, ਹਿਲਜੁਲ, ਭਰਵੱਟੇ ਤੇ ਅੱਖਾਂ ਦੇ ਇਸ਼ਾਰਿਆਂ ਨਦਰਾਂ ਦੇ ਅਰਥਾਂ ਆਦਿ ਸਭ ਨੂੰ ਆਪਣੀ ਹੰਸ ਵਾਲੀ ਸ਼ਕਤੀ ਦਵਾਰਾ ਪ੍ਰਮਾਣੂ ਪ੍ਰਮਾਣੂ ਕਰ ਸੁੱਟਦਾ ਹੈ ਤੇ ਉਸ ਵਿਚੋਂ ਇਨ੍ਹਾਂ ਜ਼ਿੰਦਗੀ ਦੇ ਰੂੱਪ—ਚਾਲਾਂ, ਕਾਂਬਿਆਂ ਤੇ ਇਸ਼ਾਰਿਆਂ ਤੇ ਸੈਣਤਾਂ ਦੇ ਵਿਚੋਂ ਰੱਬੀ—ਪ੍ਰਮਾਣੂ ਕੱਢਕੇ ਚੁਣਕੇ ਆਪਣੇ ਦਿਲ ਦੀਆਂ ਲੁਕੀਆਂ ਤੇਹਾਂ ਵਿਚ ਰੱਬੀ ਚਿਤ੍ਰ ਰੂਪ ਅਕੱਠਾ ਕਰਦਾ ਹੈ।

Digitized by Panjab Digital Library | www.panjabdigilib.org

ਜਿਸ ਤਰਾਂ ਇਸ ਹੈਵਾਨੀ ਜੀਵਨ ਖੇਤ੍ਰ ਤੇ ਹੈਵਾਨੀ ਕੁਦਰਤ ਦੇ ਚੁਗਿਰਦੇ ਵਿਚ ਦੀ ਲੰਘਦੇ ਅਸਾਂ ਕਵੀ-ਚਿਤ ਨੂੰ ਰੂਪ, ਰੰਗ ਤੇ ਨਾਨਾ ਸ਼ਰੀਰੀ ਜੀਵਨ ਦੇ ਭੂਤਿਕ ਮਾਦਾ ਮਨ ਦੀ ਹਿਲਜੁਲ ਆਦਿ ਨੂੰ ਪ੍ਰਮਾਣੂ ਕਰਦੇ ਤੇ ਚੋਣ ਕਰਦੇ ਤੱਕਿਆ ਹੈ, ਇਸੀ ਤਰਾਂ ਹੁਣ ਅਸੀ ਇਹਨੂੰ ਇਸ ਪਦਾਰਥੀ ਚੁਗਿਰਦੇ ਦੇ ਕਰਮ ਖੇਤ੍ਰ ਵਿਚੋਂ ਲੰਘਦੇ ਦੇਖ ਸੱਕਦੇ ਹਾਂ। ਇਹ ਸੋਨੇ ਦੀ ਰੇਖਾ ਜਿੱਥੇ ਵੱਗੇ ਆਤਸ਼ੀ ਚਮਕ ਵਿਚ ਹੁੰਦਾ ਹੈ, ਇਹਨੂੰ ਆਦਮੀ ਪਿੱਤਲ ਆਖ ਨਹੀਂ ਸੱਕਦਾ।

ਕਵੀ-ਚਿੱਤ ਕਰਮਾਂ, ਭੋਗਾਂ, ਜੋਗਾਂ, ਗ੍ਰਿਹਿਸਥਾਂ, ਪਾਪਾਂ ਪੁੰਨਾਂ ਵਿਚੋਂ ਦੀ ਲੰਘਦਾ ਆਪਣੇ ਕਰਮਾਂ ਨੂੰ ਵੀ ਪ੍ਰਮਾਣੂ ਪ੍ਰਮਾਣੂ ਕਰ ਸੁੱਟਦਾ ਹੈ, ਤੇ ਕੇਵਲ ਰੱਬੀ ਕਰਮ ਤੇ ਪ੍ਰਮਾਣੂ ਮਿਕਨਾਤੀਸ ਵਾਂਗ ਉਸ ਨਾਲ ਰਹਿੰਦੇ ਹਨ, ਬਾਕੀ ਸਭ ਆਪ-ਮੁਹਾਰੇ ਝੜ ਜਾਂਦੇ ਹਨ। ਕਵੀ ਸਦਾ ਕਰਮਾਂ ਦੀ ਸੇਜਲ ਥੀਂ ਅਣਭਿੱਜਾ ਹੁੰਦਾ ਹੈ, ਲੋਕੀ, ਹੈਵਾਨੀ-ਲੋਕੀ ਬੜੇ ਧੋਖੇ ਖਾਂਦੇ ਹਨ, ਮਨ ਦੇ ਪਦਾਰਥਿਕ ਵਿਚਾਰਾਂ ਦੇ ਮਾਰੂ ਰੂਹਾਨੀ ਕਰਿਸ਼ਮੇਂ ਥੀਂ ਨਾਵਾਕਫ ਹੁੰਦੇ ਹਨ, ਸ਼ਰਾਬੀਆਂ ਵਾਂਗ ਪਾਰਥਿਕ ਬੇਹੋਸ਼ੀ ਵਿਚ ਕੁਛ ਦਾ ਕੁਛ ਕਹਿੰਦੇ ਜਾਂਦੇ ਹਨ। ਕਵੀ-ਚਿੱਤ ਤਲਵਾਰ ਚੁੱਕ ਜਦ ਮਾਰਦਾ ਹੈ ਤੇ ਮੈਦਾਨ ਜੰਗ ਵਿਚ ਇਕ ਜਰਨੈਲ ਤੇ ਸਿਪਾਹੀ ਵਾਂਗ ਕੱਪੜੇ ਪਾਏ ਕਾਤਲਾਂ ਜਲਾਦਾਂ ਵਾਲੇ ਕਹਿਰ ਕਰਮ ਵਿਚ ਦਿੱਸ ਆਉਂਦਾ ਹੈ, ਤਦ ਇਨ੍ਹਾਂ ਮੋਏ ਮਾਰੇ ਬੰਦਿਆਂ ਦੀ ਪਾਰਸਾਈ ਤੇ ਪਜਾਰ, ਪਾਕੀਜ਼ਗੀ ਆਦਿ ਕੰਬ ਉੱਠਦੇ ਹਨ। ਮੋਏ ਮਨਾਂ ਨੂੰ ਹੌਲ ਪੈ ਜਾਂਦਾ ਹੈ, ਕਿ ਹੈ ! ਰੱਬਤਾ ਕਦੀ ਕਤਲ ਕਰਨ ਵਿਚ ਵੀ ਹੋ ਸਕਦੀ ਹੈ ?' ਇਹ ਬੇਹੋਸ਼ ਸ਼ਰਾਬੀਆਂ ਵਾਂਗ ਆਪਾ ਤਾਂ ਸਮਝ ਨਹੀਂ ਸਕਦੇ, ਤੇ ਚਿਮਗਾਦੜ ਵਾਂਗ ਪੁੱਠੇ ਲਟਕ ਰੱਬ ਤੇ ਉਹਦੀ ਰੱਬਤਾ ਨੂੰ ਪਹਿਲੇ ਹੀ ਇਕ ਮਿਤ ਵਾਲੀ ਚੀਜ਼ ਯਾ ਗੁਣ ਮਿੱਥ ਚੁੱਕੇ ਹਨ ਤੇ ਬੜਬੜਾ ਰਹੇ ਹਨ ਕਿ ਕੀ ਰੱਬਤਾ ਕਤਲ ਕਰਨ ਦੇ ਕੰਮ ਵਿਚ ਵੀ ਦਿੱਸ ਸਕਦੀ ਹੈ ? ਤੇ ਇਉਂ ਸੁੱਤੀ ਸੁੱਤੀ ਬੜਬੜਾਂਦੀ ਨਾਸਤਕਤਾ ਵਿਚ ਸਦਾ ਰਹਿੰਦੇ ਹਨ ਤੇ ਓਸੇ ਪੈਮਾਨੇ ਵਿਚ ਰਬ ਤੇ ਰੱਬਤਾ ਨੂੰ ਵੀ ਰੱਖ ਵੇਖਦੇ ਹਨ। ਜੀਦੀ ਚੀਜ਼ ਨੂੰ ਮੁਰਦਾ ਜਿਹਾ ਬਣਾਕੇ ਆਪਣੇ ਮਨ ਵਿਚ ਲਟਕਾ ਆਪਣੀ ਰੱਬਤਾ ਤੇ ਖੁਸ਼ ਹੁੰਦੇ ਹਨ, ਗੁਟਕਦੇ ਹਨ ਕਿ ਅਸਾਂ ਰੱਬ ਪਾ ਲਿਆ ਹੈ, ਹੋਰ ਰੱਬ ਹੁਣ ਕਿਧਰੇ ਨਹੀਂ ਰਿਹਾ। ਖੈਰ ! ਇਨ੍ਹਾਂ ਮੋਇਆ ਕਾਇਰਾਂ ਅਜ ਕਲ ਦੇ ਪਾਰਸਾਵਾਂ ਤੇ ਪੈਗੰਬਰਾਂ ਨੂੰ ਅਸੀ ਉਨ੍ਹਾਂ ਦੇ ਵਜੂ ਤੇ ਕੂਜ਼ੇ ਵਿਚ ਹੀ ਛੱਡ ਕੇ ਆਪਣੇ ਕਵੀ ਨੂੰ ਤਲਵਾਰ ਪਕੜੀ ਦੇਖਦੇ ਹਾਂ, ਕਵੀ-ਚਿੱਤ ਓਥੇ ਸਵਾਧਾਨ ਖੜਾ ਹੈ ਤੇ ਜੰਗ ਕਰਮ ਫੱਟ ਫੱਟ ਪ੍ਰਮਾਣੂਆਂ ਦੇ ਢੇਰ ਲੱਗਦੇ ਹਨ, ਪਰਬਤ ਪ੍ਰਮਾਣੂਆਂ ਦੇ ਜਗਮਗ ਕਰ ਰਹੇ ਹਨ ਤੇ ਕਵੀ-ਚਿੱਤ ਤਾਂ ਜੰਗ ਨਹੀਂ ਕਰ ਰਿਹਾ। ਕਰਮ ਖੇਤ੍ਰ ਵਿਚੋਂ ਰੱਬ ਚੁਣ ਰਿਹਾ ਹੈ, ਉਹਦੀ ਤਾਂ ਅੰਦਰ ਰੂਹ ਦੀ ਕੋਈ ਲੋੜ ਪੂਰੀ ਹੋ ਰਹੀ ਹੈ। ਇਹ ਸਭ ਜੰਗ-ਕਰਮ ਯਾ ਹੋਰ ਕਰਮ ਉਸੀ ਆਪਮੁਹਾਰਤਾ ਨਾਲ ਹੋ ਰਹੇ ਹਨ, ਜਿਸ ਨਾਲ ਇਸ ਪਾਰਥਿਕ ਚੁਗਿਰਦੇ ਵਿਚ ਪਰਬਤ ਬਣ ਤੇ ਅਣਬਣ ਰਹੇ ਹਨ, ਸਮੁੰਦਰ ਭਰੇ ਜਾ ਰਹੇ ਹਨ ਤੇ ਸੱਖਣੇ ਹੋ ਰਹੇ ਹਨ। ਕੀ ਕੁਦਰਤ ਦੇ ਕਰਮ ਤੇ ਕੀ ਮਨੁੱਖ ਦੇ ਕਰਮ, ਪਾਰਥਿਕ ਦੁਨੀਆਂ ਦੇ ਕੁੱਲ ਪਾਰਥਿਕ ਹਨ, ਤੇ ਜਿਸ ਤਰਾਂ ਪ੍ਰਿਥਵੀ ਦੀ **ਜੀਓਲੋਜੀਕਲ** ਤਬਦੀਲੀਆਂ ਕਿਸੀ ਵਹੇ ਹੁਕਮ ਵਿਚ ਬੇਬਸ ਚੱਲ ਰਹੀਆਂ ਹਨ, ਇਸੀ ਤਰਾਂ ਇਹ ਪਾਰਥਿਕ ਕਰਮ ਖੇਤ੍ਰ ਦੀ ਚਾਲ ਵੀ ਕਿਸੀ ਹੁਕਮ ਵਿਚ ਬੇਬਸ ਚੱਲ ਰਹੀ ਹੈ। ਕਵੀ-ਚਿੱਤ ਸਦਾ ਅੜ੍ਹੇ ਹੈ। ਉਹ ਸਰੀਰ ਦਿੱਸ ਰਿਹਾ ਹੈ ਕਿ ਕਰਮ ਖੇਤ੍ਰ ਵਿਚ ਖੜਾ ਹੈ। ਅਸਲੀ

Digitized by Panjab Digital Library | www.panjabdigilib.org

ਉਹ ਰਸਿਕ ਕਿਰਤ ਦੇ ਗੁਪਤ ਮੰਦਰ ਵਿਚ ਚੁੱਪ ਆਪਮੁਹਾਰਾ ਇਕ ਕਰਤਾਰ ਹੈ, ਤੇ ਸਦਾ ਆਦ੍ਰਿਸ਼ਟ ਹੈ।

ਇਹੋ ਕਵੀ ਪੈਗੰਬਰ ਹੋ ਜਾਂਦਾ ਹੈ, ਜਦ ਉਪਰ ਦੇ ਰਾਗ-ਭਾਵਲੇ ਜ਼ਰਾ ਕਿਸੀ ਅਨੋਮੀ ਬਾਹੁਲਤਾ ਵਿਚ ਪੈਣ ਲਗ ਜਾਂਦੇ ਹਨ। ਇਹੋ ਕਵੀ ਫਕੀਰ ਹੋ ਜਾਂਦਾ ਹੈ, ਜਦ ਅੰਦਰ ਦੀ ਖਿੱਚ ਟੁੱਟ ਕੇ ਪੈਂਦੀ ਹੈ ਤੇ ਬਿਜਲੀ ਵਾਂਗ ਮਿਕਨਾਤੀਸੀ ਨੇਮ ਨਾਲ ਇਹ ਗੁਰੂ ਚਰਣਾਂ ਨੂੰ ਸਦਾ ਲਈ ਚਮੋੜ ਦਿੰਦੀ ਹੈ। ਇਹੋ ਕਵੀ ਚਿਤ੍ਰਕਾਰ ਇਹੋ ਕਵੀ-ਬੁਤ ਘੜਣਹਾਰ ਰਸ਼ਿਕ ਕਰਤਾਰੀ ਹੋ ਜਾਂਦਾ ਹੈ। ਕਵੀ-ਦਿਲ ਭਰੀ ਦੁਨੀਆ ਵਿਚ ਇਕੱਲਾ ਹੁੰਦਾ ਹੈ ਤੇ ਰੂਹ ਦੀ ਇੱਕਲ ਵਿਚ ਉਹਦੀ ਆਪਣੇ ਸਤਿਸੰਗ ਦੀ ਭਰੀ ਦਿਵਯ ਦੁਨੀਆ ਹੁੰਦੀ ਹੈ, ਕਵਿਤਾ ਚਾਹੇ ਲਿਖੇ ਚਾਹੇ ਨਾ ਲਿਖੇ, ਕਵੀ ਸਦਾ ਰਸ ਦਾ ਕਰਤਾਰ ਹੁੰਦਾ ਹੈ। ਓਹਦੀਆਂ ਨਦਰਾਂ, ਓਹਦੀ ਟੋਰ, ਓਹਦੇ ਬੋਲ, ਸਹਿਜ ਸੁਭਾ ਗੱਲਾਂ ਸਭ ਕਵਿਤਾ ਹਨ। ਕੁਛ ਪਤਾ ਨਹੀਂ ਕਿਹੜੀ ਗੱਲ, ਕਿਹੜਾ ਕਰਮ, ਕਿਹੜਾ ਚੋਹਲ ਤੇ ਕਿਹੜੀ ਲਗਨ ਕਵੀ ਨੂੰ ਉਕਸਾਵੇ ਗੀ ਤੇ ਓਸ ਉਕਸਾਵਟ ਦਾ ਪਰਿਣਾਮ ਪਤਾ ਨਹੀਂ ਕਦ, ਘੜੀ ਬਾਦ ਕਿ 20 ਵਰ੍ਹਿਆਂ ਬਾਦ, ਕੁਛ ਚੀਜ਼ ਪ੍ਰਗਟ ਹੋ ਬਾਹਰ ਆਵੇਗੀ। ਕਵੀ ਸਦਾ ਅਰੂਪ ਰੱਬ ਨੂੰ ਰੂਪ-ਮਾਨ ਕਰਦਾ ਹੈ ਤੇ ਰੂਪ ਮਾਨ ਨੂੰ ਅਰੂਪ ਕਰਦਾ ਹੈ।

ਕਵੀ ਜਨ ਆਪਣਾ ਨੇਮ ਤੇ ਕਾਨੂੰਨ ਆਪ ਹੁੰਦੇ ਹਨ। ਉਨ੍ਹਾਂ ਨੂੰ ਬਾਹਰ ਦੀ ਲੋਕਾਚਾਰੀ ਤੇ ਦੁਨੀਆਦਾਰਾਂ ਵਾਲੀ ਵਿਵਹਾਰਿਕ ਨੀਤੀ ਤੇ ਧਿਆਨ ਫੋਕੀ ਅਕਲ ਉਕਾ ਲੋੜ ਨਹੀਂ ਹੁੰਦੀ। ਪ੍ਰਤੀਤ ਇੰਵ ਹੁੰਦਾ ਹੈ, ਜਿਵੇਂ ਉਹ ਬੇਅਸੂਲ ਅਨੋਮੀ ਤੇ ਬਾਵਲੇ ਜਿਹੇ ਲੋਕ ਹਨ, ਜਿਨ੍ਹਾਂ ਨੂੰ ਦੁਨੀਆਂ ਵਾਲਾ ਇਖਲਾਕ ਵੀ ਕਾਹਲਾ ਪਾਂਦਾ ਹੈ। ਉਹਨਾਂ ਦਾ ਇਖਲਾਕ ਕਿਸੀ ਸ਼ਰੀਅਤ ਦੀਆਂ ਲਕੀਰਾਂ ਅੰਦਰ ਨਹੀਂ ਮਿਟਦਾ, ਅੱਜ ਕੁਛ ਕਹਿੰਦੇ ਹਨ ਕੱਲ ਓਸ ਥੀਂ ਉਲਟ ਕਹਿੰਦੇ ਹਨ। ਕੁਛ ਅਜਲੀ ਲਾ-ਮਕਾਨੀ ਜਿਹੇ ਲੋਕ ਹਨ, ਜਿੱਥੇ ਦੁਨੀਆਂ ਵਾਲਿਆਂ ਦੇ ਸਾਧਾਰਣ ਆਚਰਣ ਤੇ ਸਭਯਤਾ ਦੇ ਖੰਭ ਸੜਦੇ ਹਨ, ਤੇ ਵੱਡੇ ਥੀਂ ਵੱਡਾ ਅੱਛੇ ਥੀਂ ਅੱਛਾ ਦੁਨੀਆਂ ਵਾਲਿਆਂ ਦਾ ਆਚਰਨ ਕਵੀ-ਦਿਲ ਨੂੰ ਕੋਈ ਇਕ ਅੱਧ ਜੀਦਾ ਪ੍ਰਮਾਣੂ ਹਛਾਈ ਦਾ ਦਿੰਦਾ ਹੈ ਤੇ ਉਨ੍ਹਾਕੁ ਉਨ੍ਹਾਂ ਨੂੰ ਚੋਰਾਂ, ਯਾਰਾਂ, ਮੰਗਲ ਮੁਖੀਆਂ ਦੇ ਵਲੂੰਦਰੇ ਜੀਵਨ ਕਥਾ ਥੀਂ ਵੀ ਲੱਭ ਜਾਂਦਾ ਹੈ।

ਜਦ ਦੁਨੀਆਂ ਵਾਲੇ ਕਹਿੰਦੇ ਹਨ, ਫਲਾਣਾ ਬੜਾ ਅੱਛਾ ਆਦਮੀ ਹੈ, ਕਵਿਤਾ ਵਿਚ ਇਹ ਕੋਈ ਪ੍ਰਸ਼ੰਸਾ ਨਹੀਂ। ਜਿਸ ਤਰਾਂ ਕਿੱਕਰ ਨੂੰ ਕਿਹਾ ਕਿੱਕਰ ਹੈ, ਅੱਛਾ ਹੋਣਾ ਕੋਈ ਹਛਯਾਈ ਨਹੀ, ਜਦ ਤਕ ਹਛਯਾਈ ਕਿਸੇ ਜੀਂਦੇ ਰੰਗ ਵਿਚ ਚਲ ਨਹੀਂ ਰਹੀ, ਡਾਈਨੈਮਿਕ ਨਹੀਂ ਤੇ ਆਪਣੀ ਚਾਲ ਵਿਚ ਓਸ ਭਰੇ ਕਟੋਰੇ ਵਾਂਗ ਅਡੋਲ ਨਹੀਂ, ਜੇਹੜਾ ਰਵਾਲ ਚਾਲ ਚੱਲਦੀ ਘੋੜੀ ਦੇ ਚੜ੍ਹੇ ਜਵਾਨ ਦੇ ਹੱਥ ਵਿਚ ਡੁਲ੍ਹਦਾ ਨਹੀਂ। ਇਉਂ ਜੇਹੜੀ ਹਛਯਾਈ ਤੀਬਰਤਾ ਵਿਚ ਰੰਗੀ ਤੇਜ਼ ਚਾਲ ਵਾਲੀ ਤੇ ਤੇਜ਼ ਠਹਿਰਾਉ ਵਾਲੀ ਨਹੀਂ, ਉਹ ਮੁਰਦਾ ਹਛਯਾਈ ਕਿਸੀ ਕੰਮ ਨਹੀਂ। ਇਸ ਮੁਰਦਾ, ਕਾਂਬਾ ਤੇ ਜੁੰਬਸ਼ਰਹਿਤ ਹਛਯਾਈ ਥੀਂ, ਹਿਲਦੀ ਚਲਦੀ ਬੁਰਿਆਈ ਜ਼ਿਆਦਾ ਰੱਬੀ ਪਰਮਾਣੂ ਵਾਲੀ ਧਾਤੂ ਹੈ। ਕੁਛ ਹੋਵੇ ਭਾਵੇਂ ਉਹ ਬੁਰਿਆਈ ਚਿੱਕੜ ਵਿਚ ਥੀਂ ਲੰਘ ਰਹੀ ਹੈ, ਸਦਾ ਮੰਜ਼ਲ ਮਾਰਣ ਵਾਲੀ ਬੁਰਿਆਈ, ਇਕ ਹੱਟੀ ਤੇ ਲੂਣ, ਤੇਲ, ਸਬੂਣ ਤੋਲਣ ਵਾਲੀ ਹਛਯਾਈ ਥੀਂ ਬੜੀ ਵਧ ਅਮੋਲਕ ਹੈ।

Digitized by Panjab Digital Library | www.panjabdigilib.org

ਸਭ ਮਨੁੱਖਾਂ ਵਿਚ ਥੋਹੜਾ ਬਾਹਲਾ ਕਵੀ-ਚਿੱਤ ਹੈ, ਪਰ ਉਨ੍ਹਾਂ ਆਪਣਾ ਅਕਸੀ ਸ਼ੀਸ਼ਾ ਗਲਤ ਚੀਜ਼ਾਂ ਦੇ ਪ੍ਰਭਾਵ ਖਿੱਚਣ ਵਲ ਮੋੜਿਆ ਹੋਇਆ ਹੈ। ਦੁਨੀਆਂ ਵਿਚੋਂ ਚੋਟੀ ਦੇ ਲੋਕ, ਸ਼ੇਕਸਪੀਅਰ ਤੇ ਕਾਲੀਦਾਸ ਵਰਗੇ ਕਵੀ, ਉਹੋ ਪਲੇਟ ਕੁਦਰਤ ਵਲ, ਜਿਸ ਵਿਚ ਹੈਵਾਨ-ਇਨਸਾਨ ਵੀ ਸ਼ਾਮਲ ਹੈ, ਸਿੱਧੀ ਕਰ ਆਦਮੀ ਦੇ ਅੰਦਰ ਦੀ ਅੰਤ੍ਰਯਾਮਤਾ ਦੇ ਕ੍ਰਿਸ਼ਮੇ ਕਰਦੇ ਹਨ ਪਰ ਇਹ ਵੀ ਹਾਲੇਂ ਦਿਵਯ ਕਵਿਤਾ ਦੇ ਰੁਖ਼ ਦੇ ਪ੍ਰਭਾਵ ਨਹੀਂ ਹਨ, ਕੋਈ ਕੋਈ ਕਦੀ ਕਦੀ ਝਾਵਲਾ ਆਪਮੁਹਾਰਾ ਪੈ ਜਾਂਦਾ ਹੈ। ਅਸਲ ਤਾਂ ਕਵੀ-ਚਿੱਤ ਉਹ ਹੈ, ਜੋ ਆਪਣਾ ਚਿੱਤ ਛੁਪਾ ਲੁਕਾ ਕੇ, ਕਾਲੇ ਪਰਦਿਆਂ ਵਿਚ ਬੰਦ ਕਰਕੇ ਕੇਵਲ ਰੂਹਾਨੀ ਤਬਕਿਆਂ ਦੇ ਰਹਿਣ ਵਾਲੇ ਦੇਵਤਿਆਂ ਦੇ ਦਿਲਾਂ ਦੇ ਵਲਵਲਿਆਂ ਤੇ ਪ੍ਰਭਾਵਾਂ ਵੱਲ ਰੁਖ਼ ਕਰ ਉਪਰਲੇ ਹੁਕਮ-ਦੇਸਾਂ ਦੇ ਪ੍ਰਭਾਵ ਵਿਚ ਰਖਦੇ ਹਨ ਤੇ ਉਨ੍ਹਾਂ ਨੂੰ ਮੂਰਤੀ ਮਾਨ ਕਰਦੇ ਹਨ, ਇਸ ਅਰਥ ਵਿਚ ਸਿਵਾਏ ਮਹਾਂ ਪੁਰਖਾਂ, ਸਾਧਾਂ ਤੇ ਰੱਬੀ ਅੰਸ਼ ਵਾਲੇ ਨਿਤਯ ਅਵਤਾਰਾਂ ਦੇ ਕੋਈ ਹੋਰ ਕਵੀ ਸਿੰਘਾਸਨ ਤੇ ਬੈਠ ਨਹੀਂ ਸਕਦਾ, ਤੇ ਧੁਰ ਦੀ ਬਾਣੀ ਕੇਵਲ ਕਵਿਤਾ ਦਾ ਦਰਜਾ ਰੱਖਦੀ ਹੈ, ਬਾਕੀ ਨਹੀਂ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਹੋਰ ਗੱਲ ਥੀਂ ਛੁੱਟ ਆਪਣੀ ਪਾਰਖੀ ਚੋਣ ਸਿਰਫ ਬਾਣੀ ਰੂਪ ਕਵਿਤਾ ਦੀ ਕੀਤੀ ਹੈ। ਨਿਰੀ ਕਵਿਤਾ ਨੂੰ ਸੁੱਚੀ ਬੀੜ ਵਿਚ ਨਹੀਂ ਚਾੜ੍ਹਿਆ। ਪਰ ਗੱਲ ਅਸਲ ਇਹ ਹੈ, ਕਿ ਦਿੱਸਦੀ ਦੁਨੀਆਂ ਜੇ ਕਵੀ ਦਾ ਮਜ਼ਮੂਨ ਬਣੇ ਤਾਂ ਅਫ਼ਸੋਸ ਹੈ ! ਇਹ ਤਾਂ ਹਰ ਚਿੱਤ ਦਾ ਆਪਣਾ ਦਿਸਦਾ ਪਿਸਦਾ ਵਿਸ਼ਾ ਹੈ ਤੇ ਜੇ ਜ਼ਰਾ ਵੀ ਇਕਾਗਰ ਹੋ ਕੇ ਦੁਨੀਆਂ ਦੇ ਰੰਗਾਂ ਵਿਚ ਸੈਰ ਕਰਨਾ ਚਾਹੇ ਤਾਂ ਆਪਣੀ ਖੁਲ੍ਹਾ ਵਿਚ ਆਕੇ ਖੁੱਲ ਕਰ ਸਕਦਾ ਹੈ। ਮੈਂ ਹੀ ਤਾਂ ਤੀਮੀਂ, ਮਰਦ, ਚੋਰ, ਯਾਰ, ਜਵਾਰੀਆਂ, ਬਾਦਸ਼ਾਹ, ਅਮੀਰ, ਫਕੀਰ, ਹਾਂ। ਭੇਸ ਬਦਲਿਆ ਤੇ ਜਿਸ ਦਿਲ ਦਾ ਹਾਲ ਚਾਹੋ ਮੈਂ ਖੁਦ ਆਪ ਉਹ ਹੋ ਕੇ ਦੱਸ ਸਕਦਾ ਹਾਂ, ਚੰਦ ਮਿੰਟਾਂ ਦੀ ਖੇਲ ਹੈ। ਮੈਂ ਸਭ ਕੁਛ ਬਣ ਕੇ ਉਸੀ ਤਰਾਂ ਦੇ ਕੰਮ ਆਪ-ਮੁਹਾਰਾ ਕਰ ਸੱਕਦਾ ਹਾਂ। ਇਹ ਕੋਈ ਕਠਿਨ ਗੱਲ ਨਹੀਂ ਕਠਿਨ ਗੱਲ ਹੈ ਅਦ੍ਰਿਸ਼ਟ ਵਿਚ ਆਪਣੇ ਥੀਂ ਉੱਚੇ ਜੀਵਨ ਦਾ ਜਾਣੂ ਹੋਣਾ, ਉਹਦਾ ਪਤਾ ਕਵੀ ਪਾਸੋਂ ਅਸੀ ਪੁਛਣ ਦੇ ਹੱਕਦਾਰ ਹਾਂ, ਪਰ ਉਹ ਨਾ ਸ਼ੇਕਸਪੀਅਰ ਨਾ ਕਾਲੀਦਾਸ ਕੋਈ ਹੁੰਦਾ ਹੈ। ਕਾਹਦੇ ਕਵੀ ਹੋਏ? ਸ਼ੇਕਸਪੀਅਰ ਪ੍ਰਾਸਪੀਰੋ ਥੀਂ ਵਧ ਤੇ ਹੈਮਲੇਟ ਦੇ ਆਪਣੇ ਮੋਏ ਹੋਏ ਪਿਉ ਦੇ ਪ੍ਰੇਤ ਦੇਖਣ ਥੀ ਵਧ ਹੋਰ ਕੋਈ ਅਦ੍ਰਿਸ਼ਟ ਦੇਸਾਂ ਦਾ ਹਾਲ ਨਹੀਂ ਦੱਸ ਸੱਕਿਆ। ਕਾਲੀਦਾਸ ਇੰਨਾਂ ਦੱਸਦਾ ਹੈ ਕਿ ਸੁਹਣੱਪ ਉੱਪਰੋਂ ਆਉਂਦੀ ਹੈ, ਪਰ ਫਿਰ ਸਿਵਾਇ ਸ਼ਿੰਗਾਰ ਰਸ ਦੀਆਂ ਉਚੀਆਂ ਤਸਵੀਰਾਂ ਦੇ ਕੀ ਹੋਰ ਖਿੱਚਦਾ ਹੈ ? ਇਨ੍ਹਾਂ ਥੀਂ ਤਾਂ ਭਰਥਰੀਹਰੀ, ਬੜੇ ਉੱਚੇ ਪਾਏ ਦਾ ਕਵੀ ਹੈ ਹੋਰ ਨਹੀਂ ਤਾਂ ਇਨ੍ਹਾਂ ਦੀ ਕਵਿਤਾ ਨੂੰ ਕੰਡ ਦੇਣ ਵਿਚ ਤਾਂ ਸ਼ੇਰ ਹੈ।

ਅੰਜੀਲ ਦੀ ਕਵਿਤਾ ਨਾਲ ਪੱਛਮੀ ਦੇਸ਼ ਦਾ ਕੋਈ ਕਵੀ ਨਹੀਂ ਪਹੁੰਚਦਾ। ਉਪਨਿਸ਼ਦਾਂ ਦੀ ਕਵਿਤਾ ਨਾਲ ਕੋਈ ਹੋਰ ਸੰਸਕ੍ਰਿਤੀ ਕਵੀ ਨਹੀਂ ਪਹੁੰਚਦਾ। ਕੁਰਾਣ ਦੀ ਕਵਿਤਾ ਸਦਾ ਲਈ ਕੁੱਲ ਅਰਬੀ ਤੇ ਫਾਰਸੀ ਕਵਿਤਾ ਥੀਂ ਮਹਾਨ ਉੱਚੀ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ ਬਾਣੀ ਮੌਤ ਥੀਂ ਬਾਦ ਰੂਹ ਦੀ ਦੈਵ ਸਾਥਣ ਹੋਈ, ਮਦਦ ਕਰਦੀ ਜਾ ਰਹੀ ਹੈ ਤੇ ਇਹ ਬਾਣੀ ਧੁਰ ਅਦ੍ਰਿਸ਼ਟ ਦੇਸਾਂ ਵਿਚ ਕੀਰਤਨ ਰੂਪ ਵਿਚ ਗੂੰਜ ਰਹੀ ਹੈ।

******

Digitized by Panjab Digital Library | www.panjabdigilib.org

# ਮਜ਼੍ਹਬ

ਮਜ਼੍ਹਬ ਸਭ ਥੀਂ ਉੱਚਾ, ਸੁੱਚਾ ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ। ਇਸ ਅੰਦਰੂਨੀ ਉੱਚੀ ਸੁਰਤ ਤੇ ਖੇਤ ਨੂੰ ਰਸਮਾਂ, ਰਵਾਜਾਂ, ਕਾਨੂੰਨਾਂ, ਪਾਪ ਪੁੰਨਯ ਦੀਆਂ ਬਹਿਸਾਂ, ਜਗਤ ਦੀ ਉਤਪਤੀ ਤੇ ਲੈ ਹੋਣ ਦੀ ਫਿਲਾਸਫੀ ਦੇ ਝਗੜਿਆਂ ਵਿਚ ਸੁੱਟ ਕੇ ਕਦੀ ਕੁਛ ਕਹਿਣਾ, ਕਦੀ ਕੁਛ ਕਹਿਣਾ ਤੇ ਮਨ ਘੜਤ ਗੱਲਾਂ ਦੀਆਂ ਕੂੜੀਆਂ ਉਲਝਣਾਂ ਵਿਚ ਇਹ ਭੁੱਲ ਜਾਣਾ ਕਿ ਮਜ਼੍ਹਬ ਇਕ ਧਿਆਨੀ ਪਿਆਰ ਹੈ, ਸਾਡੇ ਆਪਣੇ ਨੀਵੇਂ ਵਲਵਲਿਆਂ ਤੇ ਜਜ਼ਬਿਆਂ ਦਾ ਨਤੀਜਾ ਹੈ—ਹਰ ਕੋਈ ਕਿਸੀ ਨਾ ਕਿਸੀ ਪਿਆਰ ਵਿਚ ਰਹਿੰਦਾ, ਜੀਂਦਾ ਤੇ ਸੁਆਸ ਲੈਂਦਾ ਹੈ—ਆਪੋ ਆਪਣੀ ਸਥਿਤੀ ਮੁਤਾਬਕ ਹਰ ਇਕ ਬੰਦੇ ਦਾ ਆਪਣਾ ਅੰਦਰ ਦਾ ਮਜ਼੍ਹਬ ਅਰਥਾਤ ਪਿਆਰ ਦੀ ਟੇਕ ਬਣਦਾ ਹੈ। ਇਹ ਟੇਕ ਆਪ-ਮੁਹਾਰੀ ਬਣਦੀ ਹੈ। ਇਹ ਜਿਹੜੀ ਗੱਲ ਹੈ ਨਾ ਕਿ ਫਲਾਣਾ ਹਿੰਦੂ, ਈਸਾਈ, ਮੁਸਲਮਾਨ ਯਾ ਸਿਖ ਯਾ ਬਊਦ ਯਾ ਜੈਨ ਹੈ, ਇਕ ਕਥਨੀ ਮਾਤ੍ਰ ਗੱਲ ਹੈ, ਹੋ ਸੱਕਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਮਜ਼੍ਹਬ ਦੀ ਕੈੜ ਹੀ ਨਾ ਹੋਵੇ। ਸਾਰੀ ਉਮਰ ਕਈ ਨਾਂ ਧਰ ਧਰ ਇਕ ਕਿਸਮ ਦੀ ਮਿੱਟੀ ਲਿਬੜੀ ਜਹਾਲਤ ਦੀ ਬੇਹੋਸ਼ੀ ਜਿਹੀ ਵਿਚ ਲੰਘ ਜਾਵੇ। ਮਜ਼੍ਹਬ ਤਾਂ ਅੰਦਰ ਗੂੰਜਦਾ ਕੋਈ ਪ੍ਰਕਾਸ਼ ਵਰਗਾ ਇਸ਼ਕ ਹੈ, ਉਹ ਛੁਪਿਆ ਨਹੀਂ ਰਹਿੰਦਾ। ਗੁਰੂ ਨਾਨਕ ਸਾਹਿਬ ਇਸ ਹਿੰਦੁਸਤਾਨ ਮੁਲਕ ਵਿਚ ਸਾਰੀ ਉਮਰ ਫਿਰਦੇ ਰਹੇ ਤੇ ਬੜੇ ਬੜੇ ਮੰਦਰਾਂ ਵਿਚ ਗਏ, ਬੜੀਆਂ ਬੜੀਆਂ ਮਸੀਤਾਂ ਵਿਚ ਫਿਰੇ, ਪਰ ਸਭ ਪਾਸੇ ਜਹਾਲਤ ਦੀ ਬੇਹੋਸ਼ੀ ਤੱਕੀ। ਮਜ਼੍ਹਬ ਇੰਨਾਂ ਉੱਚਾ ਤੇ ਦਿਲ ਵਿਚ ਲੁਕਿਆ ਕੋਈ ਬਹੁ-ਮੁੱਲਾ ਦਿਵਯ ਭਾਵ ਹੈ ਜਿਹੜਾ ਗੁਰੂ ਨਾਨਕ ਸਾਹਿਬ ਨੂੰ ਕਿਧਰੇ ਨਾ ਦਿੱਸਿਆ। ਕਾਂਸ਼ੀ ਵਿਚ ਬੜੇ ਬੜੇ ਪੜ੍ਹੇ ਲਿਖੇ ਪੰਡਤ ਥਾਲ ਵਿਚ ਦੀਵੇ ਬਾਲ ਇਕ ਪੱਥਰ ਦੇ ਕਰੂਪ ਬੁੱਤ ਅੱਗੇ ਆਰਤੀ ਕਰਦੇ ਆਪ ਨੇ ਦੇਖੇ, ਆਪ ਨੂੰ ਸਭ ਕੁਛ ਕੂੜ ਦਿੱਸਿਆ, ਆਪ ਨੇ 'ਗਗਨ ਮੈਂ ਥਾਲ' ਆਪਣੀ **ਕਾਸਮਿਕ**, ਅਨੇਕ ਅਕਾਸ਼ੀ, ਆਰਤੀ ਉਚਾਰਣ ਕੀਤੀ। ਆਪ ਨੇ ਮਸਜਿਦ ਵਿਚ ਕਾਜ਼ੀਆਂ ਨੂੰ ਈਮਾਨ ਦੇ ਕੇਂਦਰ ਥੀਂ ਪਰੇ ਗਏ ਹੋਏ ਦੇਖੇ ਤੇ ਉਨ੍ਹਾਂ ਦੀ ਨਿਸ਼ਾ ਕੀਤੀ, ਕਿ ਉਹ ਨਿਮਾਜ਼ ਤੇ ਇਸਲਾਮ ਨਾਲ ਮਖੌਲ ਜਿਹਾ ਕਰ ਰਹੇ ਹਨ। ਆਪ ਮਾਸ ਨਾ ਖਾਣ ਵਾਲੇ ਸੁਚਮਣ ਕਰਨ ਵਾਲੇ ਵੈਸ਼ਨਵਾਂ ਨੂੰ ਉਨ੍ਹਾਂ ਦਾ ਵਹਿਮ ਦੱਸਿਆ, ਕਿ ਇਹ ਮਜ਼੍ਹਬ ਨਹੀਂ ਹੋ ਸਕਦਾ, ਮਾਸ ਥੀਂ ਜੰਮੇਂ, ਮਾਸ ਨਾਲ ਪਲੇ, ਮਾਸ ਦੇ ਬਣੇ, ਅਸੀਂ ਮਾਸ ਥੀਂ ਕਿਧਰ ਨੱਸ ਸੱਕਦੇ ਹਾਂ ? ਜਨਾਨੀ ਨੂੰ ਗੁਰੂ ਨਾਨਕ ਸਾਹਿਬ ਕਿਹਾ ਹੈ, ਕਿ ਕੱਚਾ ਮਾਸ ਘਰ ਲਿਆਏ, ਅਸੀਂ ਕਦ ਤਕ ਤੇ ਕਿਥੇ ਤਕ ਤੇ ਕਿੰਢ ਓਸ



Digitized by Panjab Digital Library | www.panjabdigilib.org

ਫਿਲਾਸਫੀ ਦੀ ਪਥਰੀਲੀ ਮਣੀ ਮਾਣਕ ਦੀ ਨਿਰਜਿੰਦ ਸੁਚਮਣ ਉਪਰ ਟਿਕ ਸੱਕਦੇ ਹਾਂ ? ਆਪ ਦੇ ਦਿਮਾਗ ਨੂੰ ਹਿੰਦੁਸਤਾਨ ਦੇ ਮਜ਼੍ਹਬਾਂ ਤੇ ਸਖਤ ਘ੍ਰਿਣਾ ਆਈ। ਮਜ਼੍ਹਬ ਓਹ ਨਹੀਂ ਜਿਸ ਨਾਲ ਅਸੀਂ ਧੋਖਾ ਕਮ ਸੱਕੀਏ ਯਾ ਆਪਣੇ ਆਪ ਧੋਖਾ ਦੇ ਸੱਕੀਏ, ਮਜ਼੍ਹਬ ਤਾਂ ਓਨਾ ਹੀ ਸਾਨੂੰ ਲੱਭਦਾ ਹੈ, ਜਿੰਨਾ ਸਾਡਾ ਆਪਣਾ ਵਿਤ ਹੋਵੇ। ਕਾਮੀ ਦਾ ਮਜ਼੍ਹਬ ਕਾਮਨੀ, ਨਾਮੇ ਦਾ ਮਜ਼੍ਹਬ ਪ੍ਰੀਤ ਮੁਰਾਰੀ। ਜੇ ਅਸੀਂ ਪਿੱਤਲ ਹਾਂ ਤਾ ਅਸੀ ਪਿੱਤਲ ਹੀ ਹੋਈਏ, ਮੁਲੰਮੇ ਦੇ ਸੋਨੇ ਦਾ ਗਿਲਟੀ ਕੰਮ ਆਪਣੇ ਉਪਰ ਕਰਕੇ ਕੂੜਾ ਪਾਜ ਕਰਕੇ ਆਪੇ ਨੂੰ ਧੋਖਾ ਨਾ ਦੇਈਏ। ਉਮਰ ਖ਼ਿਆਮ ਨੇ ਆਪਣੀ ਇਕ ਰੁਬਾਈ ਵਿਚ ਦਸਿਆ ਹੈ, ਕਿ ਇਕ ਲੰਮੀ ਦਾਹੜੀ ਵਾਲਾ, ਸਾਵੇ ਰੰਗ ਦਾ ਹਜ਼ਰਤੀ ਲੰਮਾ ਚੋਲਾ ਪਾਇਆ, ਤਸਬੀ ਹੱਥ ਵਿਚ ਮੌਲਵੀ ਇਕ ਪਹਲਵੀ ਗਾਣ ਵਾਲੀ ਨੂੰ ਰਾਹ ਵਿਚ ਮਿਲਿਆ :—

ਮੌਲਵੀ ਤੂੰ ਕੌਣ ਹੈਂ ?

ਗਾਣ ਵਾਲੀ—ਮੈਂ ਤਾਂ ਜੋ ਹਾਂ, ਦੀਹਦੀ ਹਾਂ।

ਤੂੰ ਜੋ ਹੈਂ, ਓਹੋ ਹੀ ਹੈਂ ?

**ਅਕਪਟਤਾ**, ਮਜ਼੍ਹਬ ਜਦ ਲੱਭ ਪਵੇ, ਤਦ ਸਹਿਜ ਸੁਭਾ ਪ੍ਰਾਪਤ ਹੁੰਦੀ ਹੈ। ਜਿਵੇਂ ਇਕ ਯਾਤ੍ਰੂ ਆਪਣੇ ਰਾਹ ਟੁਰੀ ਜਾਂਦਾ ਹੈ, ਤਿਵੇਂ ਹੀ ਮਜ਼੍ਹਬ ਜਦ ਮਿਲਦਾ ਹੈ ਸਾਨੂੰ ਰਾਹ ਪਾ ਟੋਰੀ ਜਾਂਦਾ ਹੈ, ਅਸੀ ਅੱਗੇ ਹੀ ਪੈਰ ਰੱਖਣ ਤੇ ਮਜਬੂਰ ਹੋ ਜਾਂਦੇ ਹਾਂ, ਇਕ ਵੇਰੀ ਇਕ ਨੀਲੀ ਘੰਟੀ ਵਾਲੇ ਫੁੱਲਾਂ ਦੀ ਬੇਲ ਉਗ ਪਈ ਤੇ ਲੱਗੀ ਅਰਦਾਸ ਕਰਨ "ਹਾਏ ਰੱਬਾ ! ਮੈਂ ਨਾ ਉੱਗਾਂ, ਮੈਂ ਨਾ ਉੱਗਾਂ।" ਇਹ ਭਾਵੇਂ ਆਖਦੀ ਰਹੀ ਮੈਂ ਨਾ ਉਗਾਂ, ਪਰ ਦਿਨਬਦਿਨ ਉਹ ਵਧਦੀ ਰਹੀ। ਮਜ਼੍ਹਬ ਤਾਂ ਕੁਛ ਐਸੀ ਚਾਲ ਹੈ, ਜੇ ਅਸੀ ਚਾਹੀਏ ਵੀ ਕਿ ਨਾ ਚਲੀਏ ਉਹ ਚਾਲ ਰੁਕ ਨਹੀਂ ਸੱਕਦੀ, ਸਾਡੀ ਤਰੱਕੀ ਬੰਦ ਨਹੀਂ ਹੋ ਸੱਕਦੀ।

**ਸਿਦਕ** ਨਾਲ ਆਪ-ਮੁਹਾਰਾ ਆ ਜਾਂਦਾ ਹੈ। ਜਦ ਇਕ ਅਭੋਲ ਕੰਨਯਾ ਨੂੰ ਅਸੀਂ ਮਿਲਦੇ ਹਾਂ ਤੇ ਇਕ ਨੈਨ ਮੱਟਕੇ ਨਾਲ ਸਾਡੇ ਅਜ਼ਲ ਦੇ ਪਿਆਰ ਪੈ ਜਾਂਦੇ ਹਨ। ਇਕ ਨਿਗਾਹ ਵਿਚ ਸਾਨੂੰ ਓਸ ਪਿਆਰ ਵਿਚ ਸਿਦਕ ਆਪ-ਮੁਹਾਰਾ ਆ ਜਾਂਦਾ ਹੈ। ਇਸੀ ਤਰ੍ਹਾਂ ਜਦ ਖੂਹ ਤੇ ਪਾਣੀ ਭਰਦੀਆਂ ਪੈਲਸਟੀਨ ਦੀਆਂ ਯੁਵਤੀਆਂ ਈਸਾ ਨੂੰ ਵੇਖਦੀਆਂ ਹਨ ਤੇ ਓਹਦੇ ਵਚਨ ਸੁਣਦੀਆਂ ਹਨ, ਉਨ੍ਹਾਂ ਨੂੰ ਆਪ-ਮੁਹਾਰਾ ਸਿਦਕ, ਯਕੀਨ, ਈਮਾਨ ਓਸ ਮਹਾਂਪੁਰਖ ਪਰ ਆ ਜਾਂਦਾ ਹੈ। ਕੋਈ ਅਕਲ ਦੇ ਸਮਝੌਤੇ ਨਾਲ ਨਹੀਂ, ਰੂਹ ਰੂਹ ਨੂੰ ਸਰੀਰਾਂ ਵਿਚੋਂ ਛਾਲਾਂ ਮਾਰ ਮਿਲਦੇ ਹਨ। ਇਹੋ ਜਿਹੇ ਮੇਲੇ, ਸਿਦਕ ਹਨ। ਬਿਨਾਂ ਇਹੋ ਜਿਹੇ ਗੁਰਮੁਖਾਂ ਦੇ ਮਿਲਿਆਂ ਅਕਲ ਮਰਦੀ ਨਹੀਂ, ਫੁਰਨੇ ਮਿਟਦੇ ਨਹੀਂ, ਸ਼ੱਕ ਦੂਰ ਨਹੀਂ ਹੁੰਦੇ, ਭਰਮ ਨਹੀਂ ਜਾਂਦੇ। ਰਾਤ ਬਿਨਾ ਸੂਰਜ ਦੇ ਉਦਯ ਹੋਣ ਦੇ ਕਥਨੀਆਂ ਤੇ ਸੋਚਾਂ ਨਾਲ ਤਾਂ ਨਹੀਂ ਲੋਪ ਹੁੰਦੀ ਤੇ ਜਦ ਸੂਰਜ ਉਦਯ ਹੋ ਜਾਂਦਾ ਹੈ ਤਦ ਰਾਤ ਰਹਿੰਦੀ ਹੀ ਨਹੀਂ। ਮਹਾਂਪੁਰਖਾਂ ਦੇ ਦੀਦਾਰ ਦਰਸ਼ਨ ਵਿਚ ਇਕ ਜੀਵਨ ਰੌ ਹੈ, ਜਿਹੜੀ ਸਾਡੇ ਅੰਦਰ ਆਪ-ਮੁਹਾਰੀ ਵਗਣ ਲੱਗ ਜਾਂਦੀ ਹੈ। ਸਾਡੇ ਨੈਨਾਂ ਵਿਚ ਅਣਡਿੱਠੇ ਸਜਨਾਂ ਤੇ ਰੂਹਾਂ ਦੇ ਦੇਸਾਂ ਦੀਆਂ ਲਿਸ਼ਕਾਂ ਦੇ ਉਡਾਰੂ ਜਿਹੇ ਭਾਵਲੇ ਮਿਲਵੇਂ ਮਿਲਵੇਂ ਪੈਂਦੇ ਹਨ, ਪ੍ਰਤੀਤ ਆਪ-ਮੁਹਾਰੀ ਆਉਂਦੀ ਹੈ। ਜਿਹਨੂੰ ਅਕਲਾਂ

Digitized by Panjab Digital Library | www.panjabdigilib.org

ਵਾਲੇ ਮੌਤ ਸਮਝਦੇ ਹਨ, ਉਹ ਸਿਦਕ ਵਾਲੇ ਹੋਰ ਤਰ੍ਹਾਂ ਵੇਖਦੇ ਹਨ। ਸਾਹਮਣੇ ਜੂ ਉਨ੍ਹਾਂ ਨੂੰ ਲੈਣ ਲਈ ਪ੍ਰਲੋਕ ਦੇ ਦੇਵਤੇ ਆਉਂਦੇ ਹਨ, ਇਹ ਜੀਵਨ ਤਾਂ ਉਨ੍ਹਾਂ ਨੂੰ ਉਸ ਵੇਲੇ ਯਾਤ੍ਰਾ ਦਿਸਦੀ ਹੈ।

ਸਿਮਰਣ ਅਥਵਾ ਯਾਦ ਇਲਾਹੀ ਜੀਵਨ ਰੂਹਾਨੀ ਹੈ। ਜਦ ਪਿਆਰਾ ਸਾਹਮਣੇ, ਤਦ ਪਿਆਰ ਦੇ ਦਰਸ਼ਨ ਦਾ ਨਸ਼ਾ ਰੋਮ ਰੋਮ ਵਿਚ ਵਸਦਾ ਹੈ ਹੱਡੀ ਹੱਡੀ ਵਿਚ ਕੂਕ ਹੁੰਦੀ ਹੈ। ਸਰੀਰਾਂ ਥੀਂ ਉੱਠ ਰੂਹਾਂ ਦੇ ਮੇਲੇ ਹਨ ਤੇ ਸਰੀਰਾਂ ਦੇ ਵੀ ਮੇਲੇ ਹਨ। ਰੂਹ ਮਿਲੇ ਪਾਛੇ ਸਰੀਰਾਂ ਦੀ ਛੋਹ ਵੀ ਗਾੜ੍ਹਾ ਏਕਤਾ ਦਾ ਮੇਲਾ ਹੈ। ਤੇ ਜੇ ਰੂਹ ਨਾ ਹੀ ਮਿਲੇ ਤਦ ਸਰੀਰਾਂ ਦੇ ਮੇਲੇ ਕੋਈ ਮੇਲਾ ਨਹੀਂ। ਮਨ ਮਿਲੇ ਦੇ ਮੇਲੇ ਹੁੰਦੇ ਹਨ, ਤਨ ਮਿਲੇ ਦੀਆਂ ਸਦਾ ਬਿਰਹਾਂ ਦੇ ਦਰਦ ਤੇ ਮਾਯੂਸੀਆਂ ਹੀ ਹਨ, ਤੇ ਜਦ ਪਿਆਰਾ ਓਹਲੇ ਹੋਵੇ ਤਦ ਓਹਦੀ ਯਾਦ, ਹੱਡੀਆਂ ਵਿਚ ਗੂੰਜੇ, ਇਹ ਯਾਦ ਸਿਮਰਣ ਪਿਆਰ ਦਾ ਦੂਜਾ ਰਸਰੂਪ ਰੂਪ ਹੈ।

ਸੁਰਤਿ ਨੂੰ ਅੰਦਰੋਂ ਹੀ ਕੜਾਕਾ ਵੱਜਿਆ, ਕੁਛ ਹੋਇਆ ਹਾਲਤ ਓਹੋ ਹੀ ਹੋ ਗਈ ਜਿਹੜੀ ਪਿਆਰੇ ਦੀ ਹਜ਼ੂਰੀ ਵਿਚ ਹੁੰਦੀ ਸੀ, ਜਿਹੜੇ ਪ੍ਰਤੱਖ ਮਿਲਿਆ ਦੇ ਰਸ ਸਨ। ਓਹੋ ਪ੍ਰਭਾਵ, ਓਹੋ ਦਿਵਯ ਠੰਢ, ਉਹ ਰੂਹਾਨੀ ਚਾਨਣ, ਸਰੀਰ ਤਾਂ ਕਦੀ ਨਹੀਂ ਅੱਗੇ ਵੀ ਮਿਲੇ ਸਨ, ਸੋ ਅੱਜ ਵੀ ਸਰੀਰ ਤਾਂ ਓਥੇ ਦਾ ਓਥੇ ਹੀ ਪਿਆ ਰਿਹਾ। ਇਹ ਕੌਣ ਆ ਗਿਆ ਕਿ ਸੁਰਿਤ ਨੇ ਕੜਾਕਾ ਖਾਧਾ। ਓਹੋ ਰਸ ਹੋ ਗਿਆ ਬਸ ਯਾਦ ਵਿਚ ਕੁਛ ਗੁੰਮਿਆ ਨਹੀਂ, ਪਿਆਰਾ ਯਾਦ ਵਿਚ ਨਾਮ ਹੋ ਗਿਆ ਤੇ ਨਾਮ ਕਿਹੜਾ? ਉਹ ਜਿਹੜਾ ਰੱਬ ਰੂਪ ਆਦਮੀ ਬਣ ਆਇਆ, ਜਿਹੜਾ ਇਕ ਵੇਰੀ ਮਿਲਿਆ ਤੇ ਫਿਰ ਕਦੀ ਨਾ ਵਿਛੜਿਆ। ਜਿਸ ਕਦੀ ਨਾ ਛੱਡਿਆ ਮੇਰੇ ਰੂਹ ਦਾ ਰੂਹ ਸੁਆਸ ਦਾ ਸੁਆਸ, ਮੇਰੀ ਜਿੰਦ ਦੀ ਜਿੰਦ, ਮੇਰੇ ਕੂੜ ਦਾ ਸੱਚ ਮੇਰੇ ਸੱਚ ਦਾ ਸੱਚ, ਅਕਪਟਤਾ, ਸਿਦਕ, ਧਿਆਨ, ਸਿਮਰਣ ਤੇ ਨਾਮ ਇਹ ਹਨ ਸਭ ਥੀ ਉੱਚੇ ਤੇ ਤੀਬਰ ਪਿਆਰ ਦੇ ਵਿਕਾਸ ਤੇ ਪ੍ਰਕਾਸ਼, ਜਿਹਨੂੰ ਮਜ਼੍ਹਬ ਕਹਿਣਾ ਲੋੜੀਏ।

ਮਜ਼੍ਹਬ ਪਿਆਰ ਵਾਂਗ, ਭਾਵ ਵਾਂਗ, ਸਰੀਰਕ ਦੁਖ ਸੁਖ-ਸੁਭਾ ਵਾਂਗ, ਜੀਵਨ-ਹਿਲ ਵਾਂਗ, ਜੀਵਨ ਭੁੱਖ ਵਾਂਗ ਸਭ ਨਾਲ ਕਿਸੇ ਨਾ ਕਿਸੇ ਰੂਪ ਅੰਦਰ, ਅੰਸ਼, ਮਾਤ੍ਰ, ਇਕ ਕਸਰ ਇਸ਼ਾਰਿਆਂ ਵਾਂਗ ਸਭ ਪਾਸ ਹੁੰਦਾ ਹੈ ਤੇ ਓਸੇ ਦੇ ਆਸਰੇ ਜੀਵਨ ਲੰਘਦਾ ਹੈ। ਬਿਨਾ **ਸਿਮਰਣ**, ਨਾਮ, ਧਿਆਨ, ਦੇ ਕੋਈ ਪ੍ਰਾਣੀ ਜੀ ਹੀ ਨਹੀਂ ਸਕਦਾ, ਪਰ ਹਰ ਇਕ ਦੇ ਹਿੱਸੇ ਓਨਾ ਹੀ ਆਇਆ ਹੋਇਆ ਹੈ ਜਿੰਨੀ ਜੀਵਨ ਦੀ ਅੱਗ ਉਸ ਵਿਚ ਪ੍ਰਦੀਪਤ ਹੈ। ਇਕ **ਸ਼ੇਰਨੀ** ਜਿਹੜੀ ਇੰਨੀ ਭਿਆਨਕ ਹੈ, ਕਿ ਇਹਨਾਂ ਨੂੰ ਮਾਰ ਕੇ ਉਨ੍ਹਾਂ ਦੀ ਰੱਤ ਪੀਂਦੀ ਹੈ, ਮੁੜ ਮੁੜ ਪਿੱਛੇ ਮੁੜ ਆਪਣੇ ਬੱਚਿਆਂ ਵਲ ਵੇਖਦੀ ਹੈ, ਉਨ੍ਹਾਂ ਨੂੰ ਦੁੱਧ ਪਿਲਾਂਦੀ ਹੈ, ਉਨ੍ਹਾਂ ਨੂੰ ਕਿਉਂ ਨਹੀਂ ਮਾਰਦੀ? ਓਨੀ ਦਯਾ ਉਸ ਵਿਚ ਸਹਿਜ ਸੁਭਾ ਕਿਉਂ ਹੈ? ਤੇ ਦੂਜੇ ਪਾਸੇ ਹੈਵਾਨਾਂ ਦੇ ਦੇਸ਼ ਵਿਚ ਇਕ ਦਯਾ ਦਾ ਇਤਬਾਰ ਆਉਂਦਾ ਹੈ, ਉਹ ਉਸ ਸ਼ਿਕਾਰੀ, ਰਾਜਾ ਸ਼ਿਕਾਰੀ ਦੇ ਚਿੱਲੇ ਚਾੜ੍ਹੇ ਬਾਣ ਤੇ ਹਿਰਨ ਦੇ ਵਿਚ ਆਪਣਾ ਦਿਵਯ ਪ੍ਰਕਾਸ਼ਮਾਨ ਸਰੀਰ ਰੱਖਦਾ ਹੈ, "ਮੈਨੂੰ ਮਾਰ ਪਰ ਇਹਨੂੰ ਨਾ ਮਾਰ" ਕਹਿੰਦਾ ਨਹੀਂ, ਪਰ ਰਾਜੇ ਦਾ ਬਾਣ ਡਿੱਗ ਪੈਂਦਾ ਹੈ, ਰਾਜੇ ਦਾ ਰੂਹ ਚਰਨ ਸ਼ਰਨ ਆਉਂਦਾ ਹੈ। ਸ਼ੇਰਨੀ ਦੀ ਦਯਾ ਆਪਣੇ ਬੱਚਿਆਂ ਲਈ ਤੇ ਬੁੱਧ ਦੇਵ ਦੀ ਦਯਾ ਹਿਰਨੀ ਦੇ ਬੱਚਿਆਂ ਲਈ, ਦੋਵੇਂ ਕਾਦਰ ਦੀ ਕੁਦਰਤ ਹਨ। ਸ਼ੇਰਨੀ ਦੀ ਜਿੰਦ

Digitized by Panjab Digital Library | www.panjabdigilib.org

ਹਿਰਨ ਨੂੰ ਮਾਰ ਕੇ ਖਾਣ ਦੀ ਮਜਬੂਰੀ ਵਿਚ ਕੈਦ ਹੈ ਪਰ ਉਸ ਜੇਹਲਖਾਨੇ ਦੀ ਇਕ ਖਿੜਕੀ ਹੈ ਆਪਣੇ ਬੱਚਿਆਂ ਦਾ ਪਿਆਰ, ਉਨ੍ਹਾਂ ਦਾ ਧਿਆਨ, ਸਿਮਰਣ ਤੇ ਉਸਨੂੰ ਭਾਵੇਂ ਕਿੱਥੇ ਚਲੀ ਜਾਵੇ ਆਪਣੇ ਬਚੇ ਯਾਦ ਹਨ।

ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨ ਕਰਿਆ॥'

ਇਹ ਕੂੰਜਾਂ ਜਿਹੜੀਆਂ ਰੂਸ ਦੇ ਠੰਢੇ ਸਾਈਬੇਰੀਆ ਥੀਂ ਉੱਡ ਕੇ ਪੰਜਾਬ ਵਿਚ ਆਉਂਦੀਆਂ ਹਨ, ਸ਼ਾਇਦ ਚੋਗਾ ਹੀ ਚੁੱਗਣ, ਇਨ੍ਹਾਂ ਸੋਹਣੇ ਉਡਾਰੂ ਮਹਿਮਾਨਾਂ ਲਈ ਉਪਰਲਾ ਵਚਨ ਹੋਇਆ। ਇਹ ਸਿਮਰਨ ਹੈਵਾਨਾਂ, ਪੰਛੀਆਂ ਮਨੁੱਖਾਂ ਵਿਚ ਸਭ ਵਿਚ ਪਾਇਆ ਜਾਂਦਾ ਹੈ। ਇਹ ਮਜ਼੍ਹਬ ਦਾ ਕੰਮ ਹੈ। ਸੁਬਕਤਗੀਨ ਨੂੰ ਜਦ ਹਿਰਨੀ ਘੋੜੇ ਮਗਰ ਆਉਂਦੀ ਉੱਪਰ ਤਰਸ ਆਇਆ ਤੇ ਉਹਦਾ ਬਚਾ ਛੱਡ ਦਿੱਤਾ, ਹੋਰ ਉਰੇ ਕਿਸੀ ਪਿਆਰੇ ਦੇ ਸਿਮਰਣ ਦੀ ਘੜੀ ਉਸ ਉਪਰ ਆਈ, ਉਹਦੀ ਉਹੋ ਨਿਮਾਜ਼ ਦੀ ਘੜੀ ਸੀ। ਦਿਨ ਵਿਚ ਪੰਜ ਵੇਰੀ! ਨਹੀਂ ਜੇ ਜੀਵਨ ਵਿਚ ਇਕ ਵੇਰੀ ਵੀ ਨਿਮਾਜ਼ ਇਹੋ ਜਿਹੀ ਪੜ੍ਹੀ ਜਾਵੇ ਤੇ ਮਾਸ ਦੀਆਂ ਕੈਦਾਂ ਵਿਚ ਪਏ ਬੰਦੇ ਸ਼ੇਰਨੀ ਦੀ ਪਿਆਰ ਦੀ ਘੜੀ ਵਾਂਗ ਕਿਸੀ ਖੁਲ੍ਹ ਜਾਣ ਵਾਲੀ ਖਿੜਕੀ ਥੀਂ ਅਜ਼ਲ ਦੇ ਪਿਆਰ ਦਾ ਝਾਕਾ ਜੇ ਕਦੀ ਆਵੇ ਤਦ ਸਿਮਰਨ ਦਾ ਸਵਾਦ ਬਝਦਾ ਹੈ। ਰਾਮ ਕ੍ਰਿਸ਼ਨ ਪਰਮ ਹੰਸ ਨੇ ਕਿਧਰੇ ਲਿਖਿਆ ਹੈ, ਜੋ ਹਰੀ ਦਾ ਨਾਮ ਲੈ ਇਕ ਵੇਰੀ ਵੀ ਜੀਵਨ ਵਿਚ ਰੂਹ ਦੇ ਰੋਮਾਂ ਦੇ ਦਰ ਖੁੱਲ ਜਾਣ ਤਾਂ ਅਹੋ ਭਾਗ! ਜਿਹੜਾ ਟੱਬਰ ਟੋਰ ਵਾਲਾ ਬੰਦਾ ਆਪਣੇ ਟੱਬਰ ਦੀ ਪਾਲਣਾ ਕਰ ਰਿਹਾ ਹੈ। ਆਪਾ ਸਹਿਜ ਸੁਭਾ ਇਕ ਨਿੱਕੀ ਜਿਹੀ ਖਿੱਚ ਵਿਚ ਵਾਰ ਰਿਹਾ ਹੈ, ਭਾਵੇਂ ਸ਼ੇਰਨੀ ਦੇ ਸਹਿਜ ਸੁਭਾ ਮਾਰ ਕੇ ਅਹਾਰ ਕਰਨ ਵਾਂਗ ਉਹਦਾ ਜੀਵਨ ਕਿੰਨਾ ਹੀ ਕੈਦ ਹੈ, ਤਦ ਵੀ ਉਹਦਾ ਆਪਣੇ ਬਾਲ ਬੱਚੇ ਦਾ ਨਿੱਕਾ ਨਿੱਕਾ ਸਿਮਰਣ ਯਾਦ ਭੁੱਲ ਵਿਚ ਵੀ ਜਾਰੀ ਹੈ, ਲਗਾਤਾਰ ਹੈ, ਇਹੋ ਹੀ ਉਹਦਾ ਮਜ਼੍ਹਬ ਹੈ ਤੇ ਜਿਹੜਾ ਉਹ ਧੱਕੋਧੱਕੀ ਗਿਰਜੇ ਯਾ ਮਸਜਦਿ ਯਾ ਠਾਕਰਦੁਆਰੇ ਜਾਂਦਾ ਹੈ, ਓਹ ਇਕ ਆਪਣੇ ਆਪ ਨਾਲ ਧੋਖਾ ਹੈ।

ਅਸੀ ਹੈਰਾਨ ਹਾਂ ਕਿ **ਅਲੀ** ਜਿਸ ਹਜ਼ਰਤ ਸਾਹਿਬ ਦੇ ਦੀਦਾਰ ਪਹਿਲਾਂ ਕੀਤੇ, ਯਾ ਹੋਰ ਚਾਰ ਯਾਰ ਪਿਆਰੇ ਜਿਨ੍ਹਾਂ ਓਨ੍ਹਾਂ ਦੇ ਦਰਸ਼ਨ ਕੀਤੇ, ਓਨ੍ਹਾਂ ਲਈ ਇਸਲਾਮ ਕੀ ਅਦਭੁਤ ਪਿਆਰ ਹੋਣਾ ਹੈ? **ਖਲੀਫਿਆਂ** ਦੇ ਨਿਰਮਾਣ ਜੀਵਨ ਤੇ ਉਨ੍ਹਾਂ ਦੀਆਂ ਪਿਆਰ ਵਿਚ ਤੜਪਦੇ ਦਿਲਾਂ ਦੀ ਬੇਚੈਨ ਚੰਗਾਰੀਆਂ ਥੀਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ **ਇਸਲਾਮ** ਦਾ ਕਿੰਨਾ ਰਸ ਆਇਆ ਹੋਣਾ ਹੈ, ਉਸ ਰਸ ਵਿਚ ਉਨ੍ਹਾਂ ਆਪਣਾ ਸਭ ਕੁਛ ਵਾਰ ਦਿੱਤਾ। ਵਾਰ ਦੇਣਾ ਗਲਤ ਹੈ, ਉਨ੍ਹਾਂ ਪਾਸ ਉਸ ਰਸ ਵਿਚ ਹੋਰ ਸਭ ਕੁਛ ਛੁਟ ਗਿਆ ਜਿਸ ਤਰ੍ਹਾਂ ਗਾੜ੍ਹੀ ਨੀਂਦਰ ਆਵਣ ਪਰ ਸਾਡਾ ਸਰੀਰ ਤੇ ਸਾਡੇ ਪਿਆਰੇ ਸਾਰੇ ਅਸਾਂ ਥੀ ਛੁੱਟ ਜਾਂਦੇ ਹਨ। ਜਿਵੇਂ ਮੌਤ ਅਚਾਣੱਚਕ ਆਣ ਪਰ ਸਭ ਸਾਡੀਆਂ ਮਲਕੀਅਤਾਂ ਇਥੇ ਹੀ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਇਸਲਾਮ ਦੀ ਪਹਿਲੀ ਖੁਸ਼ੀ ਓਹੋ

Digitized by Panjab Digital Library | www.panjabdigilib.org

ਹੀ ਮੌਤ ਵਰਗੀ ਖੁਸ਼ੀ ਹੋਈ ਹੋਣੀ ਹੈ ਨਾ ਜਿਹੜੀ ਈਸਾ ਨੂੰ ਵੇਖ ਕੇ ਮੇਰੀ ਮੈਗਡਾਲੀਨ ਨੂੰ ਹੋਈ ਸੀ, ਜਿਹੜੀ ਬੁੱਧ ਦੇ ਦਰਸ਼ਨ ਕਰਕੇ ਸਾਰੇ ਏਸ਼ੀਆ ਨੂੰ ਇਕ ਵੇਰੀ ਹੋਈ ਸੀ। ਬੱਸ ਘੜੀ ਦੀ ਘੜੀ ਨਵੇਂ ਦਰਸ਼ਨ ਕਿਸੀ ਮਜ਼੍ਹਬ ਦੇ ਕਿਸੀ ਕਿਸੀ ਕਿਸੀ ਨੂੰ ਮਨੁੱਖ ਦੇ ਜੀਵਨ ਇਤਿਹਾਸ ਵਿਚ ਹੁੰਦੇ ਹਨ ਤੇ ਜਦ ਉਹ ਦਰਸ਼ਨ ਹੋ ਜਾਣ ਤਦ ਓਹ ਸਭ ਥੀਂ ਉਚੇ ਸੁੱਚੇ ਸੱਚੇ ਸੋਹਣੇ ਸੱਚ ਦੇ ਦੀਦਾਰ ਹੁੰਦੇ ਹਨ ਕਿ ਬੰਦਾ ਓਸ ਸ਼ਮਾ ਦਾ ਪਰਵਾਨਾ ਹੋ ਜਾਂਦਾ ਹੈ। ਮਜ਼੍ਹਬ ਇਕ ਬੜੀ ਕੀਮਤੀ ਅੰਦਰ ਆਏ ਰੱਬ ਦੀ ਹਜ਼ੂਰੀ ਤੇ ਦਰਸ਼ਨ ਦੀ ਸਿੱਕ ਸਿਮਰਣ, ਧਿਆਨ ਸਿਦਕ, ਨਾਮ ਹੈ, ਕਿ ਆਦਮੀ ਦਾ ਨਾ ਕੇਵਲ ਜੀਵਨ ਬਲਕਿ ਕੁਲ ਦਿੱਸਦਾ ਪਿੱਸਦਾ ਜਗਤ ਇਕ ਪਿਆਰੇ ਦਾ ਪਿਆਰ ਮੰਦਰ ਹਰੀ ਮੰਦਰ ਹੋ ਜਾਂਦਾ ਹੈ।

'ਇਹ ਜਗਤ ਹਰਿ ਕਾ ਰੂਪ ਹੈ
ਹਰਿ ਰੂਪ ਨਦਰੀ ਆਇਆ।'

ਨੈਣਾਂ ਵਿਚ ਵੱਸਦਾ ਹੈ, ਨੈਮ ਖੁਲ੍ਹ ਹਨ, ਤਦ ਓਹੋ ਛਹਿਬਰ ਲਾਈ ਅਨੁਰਾਗ ਰੂਪ ਫੈਲਿਓ ਅਨੁਰਾਗ, ਦਿੱਸਦਾ ਹੈ। ਆਪ ਦਾ ਹੱਡੀ ਮਾਸ ਪਿਆਰਾ ਲਗਦਾ ਹੈ, ਸਭ ਜਗਤ ਪਿਆਰਾ ਲਗਦਾ ਹੈ, ਮਿਠਾ ਲੱਗਦਾ ਹੈ, ਕਦੀ ਤ੍ਰਾਸ, ਉਦਾਸੀ ਘ੍ਰਿਣਾ, ਨਫ਼ਰਤ, ਮਾਯੂਸੀ, ਬੇਉਮੈਦੀ ਪਾਸ ਨਹੀਂ ਫਟਕ ਸਕਦੀ।

ਸਭ ਥੀਂ ਪਿਆਰੀ ਵਸਤੂ ਇਉਂ ਇਹ ਮਜ਼੍ਹਬ ਦੀ ਵਸਤੂ ਹੈ :—

'ਟੂਣੇ ਕਾਮਨ ਕਰਕੇ ਨੀ,
ਮੈਂ ਪਿਆਰਾ ਯਾਰ ਮਨਾਵਾਂਗੀ।
ਲਾ ਮਕਾਨ ਦੀ ਪੌੜੀ ਉੱਪਰ,
ਚੜ੍ਹ ਕੇ ਢੋਲਾ ਗਾਵਾਂਗੀ।
ਸੂਰਜ ਅਗਨ ਅਸਪੰਦ ਤਾਰੇ,
ਮੈਂ ਤਾਂ ਇਹੋ ਜੋਤ ਜਗਾਵਾਂਗੀ।।'

ਅਚਰਜਤਾ ਦਾ ਰੰਗ ਨਿੱਤ ਨਵਾਂ ਵਿਸਮਦ ਤੇ ਤੀਖਣ ਪਿਆਰ ਦੀ ਉਨਮਾਦ ਅਵਸਥਾ ਅੰਦਰ ਡਾਂਦੀ ਹੈ।

ਮਜ਼੍ਹਬ ਮਹਾਂਪੁਰਖਾਂ ਦੀ ਦਾਤ ਹੈ—

'ਏਹੁ ਪਿਰਮ ਪਿਆਲਾ ਖਸਮ ਦਾ
ਜੈ ਭਾਵੈ ਤਿਸੁ ਦੇਇ।।'

ਜਿਹੜੀ ਦਾਤ ਹੈ, ਜਿਹੜੀ ਕਿਸੇ ਦੀ ਮਿਹਰ ਨੇ ਸਾਡੀ ਝੋਲੀ ਪਾਈ ਹੈ, ਪਰ ਉਹ ਟੋਲ, ਸਾਧਨ, ਆਪਣੀਆਂ ਛਾਲਾਂ ਮਾਰਣ ਨਾਲ ਕਿਸ ਤਰ੍ਹਾਂ ਸਾਨੂੰ ਮਿਲ ਸਕਦੀ ਹੈ? ਕਿਸੀ ਆਜੜੀ ਦੇ ਬਕਰੀ ਦੇ ਖੁਰ ਨੂੰ ਮੇਖ ਲਗੀ ਹੋਈ ਸੀ, ਬੀਆਬਾਨਾਂ ਵਿਚ ਫਿਰਦੀ ਦਾ ਖੁਰ ਪਾਰਸ ਨੂੰ ਲਗਾ, ਮੇਖ ਸੋਨੇ ਵਾਂਗ ਚਮਕਣ ਲੱਗ ਗਈ। ਲੱਗਾ ਆਜੜੀ ਅਨੇਕ ਪੱਥਰਾਂ ਵਿਚ ਪਾਰਸ ਨੂੰ ਢੂੰਢਣ, ਪਰ ਸਾਰੀ

Digitized by Panjab Digital Library | www.panjabdigilib.org

ਉਮਰ ਢੂੰਡ ਕਰਦਾ ਪਾਗਲ ਹੋ ਗਿਆ ਪਾਰਸ ਤਾਂ ਨਾ ਲੱਭਾ, ਤੇ ਉਹ ਕਿਹੜਾ ਨੇਮ ਹੈ ਜਿਸ ਨਾਲ ਉਹਦੀ ਭੇਡ ਦੀ ਮੇਖ ਦੀ ਰੇਖ ਜਾਗੀ, ਜੋ ਚੀਜ ਭੇਡ ਨੂੰ ਛੋਹ ਗਈ, ਉਹ ਉਹਦੇ ਮਾਲਕ ਨੂੰ ਨਾ ਪ੍ਰਾਪਤ ਹੋਈ।

ਇਉਂ ਮਜ਼੍ਹਬ ਦਾਤ ਹੈ। ਇਕ ਆਵੇਸ਼ ਹੈ, ਇਹ ਸਕੂਲਾਂ ਵਿਚ ਪੜ੍ਹਾਯਾ ਨਹੀਂ ਜਾ ਸਕਦਾ ; ਇਹ ਉਪਦੇਸ਼ਕਾਂ ਦੇ ਵਖਿਆਨਾਂ ਨਾਲ ਸਿਖਾਯਾ ਨਹੀਂ ਜਾ ਸਕਦਾ, ਇਹ ਮੌਲਵੀਆਂ, ਮੌਲਾਣਿਆਂ, ਪਾਦਰੀਆਂ ਤੇ ਭਾਈਆਂ ਦੇ ਮਜ਼੍ਹਬੀ ਪੋਥੀਆਂ ਦੀਆਂ ਵਾਹਜ਼ਾਂ ਨਾਲ ਸਮਝ ਆ ਨਹੀਂ ਸਕਦਾ। ਹਾਰ ਕੇ ਜਦ ਮਨੁੱਖ ਨਹੀਂ ਬਣਾ ਸੱਕਦੇ, ਇਹ ਵਿਚਾਰੇ ਹਸਪਤਾਲ ਤੇ ਯਤੀਮ ਖਾਨੇ ਤੇ ਸਕੂਲ ਤੇ ਗਿਰਜੇ ਖੋਹਲਣ ਦੀ ਕਰਦੇ ਹਨ। ਈਸਾ ਨੇ ਤਾਂ ਆਪਣਾ ਸੁਨੇਹਾ ਅੱਖ ਦੀ ਮਟਕ ਵਿਚ ਬ੍ਰਿਛ ਹੇਠ ਬੈਠਿਆਂ ਦੇ ਦਿੱਤਾ ਤੇ ਇਥੋਂ ਰਾਈਮਜ਼ ਜਿਹੇ ਸੋਹਣੇ ਗਿਰਜੇ ਹੁੰਦਿਆਂ ਭਰਾਵਾਂ ਦੀਆਂ ਤੋਪਾਂ ਇਕ ਦੂਜੇ ਨੂੰ ਮਾਰਣ ਲਈ ਚਲੀਆਂ ਤੇ ਗਿਰਜੇ ਨੂੰ ਵੀ ਪਾਰ ਬੁਲਾਯਾ, ਮਜ਼੍ਹਬ ਕਿਥੇ ? ਜਦ ਭਰਾ ਭਰਾ ਨਾਲ ਲੜਦੇ ਹਨ ਤੇ ਲੋਕੀ ਆਪਣੇ ਨੀਵੇਂ ਤੇ ਕਮੀਨੇ ਜਜ਼ਬਿਆਂ ਨੂੰ ਉਲਾਂਭਾ ਨਹੀਂ ਦਿੰਦੇ, ਮਜ਼੍ਹਬਾਂ ਨੂੰ ਕੋਸਦੇ ਹਨ। ਮਜ਼੍ਹਬ ਤਾਂ ਕਦੀ ਬਹੁਵਚਨ ਹੋ ਹੀ ਨਹੀਂ ਸਕਦਾ ਮਜ਼੍ਹਬ ਤਾਂ ਸਦਾ ਇਕ ਹੈ :—

ਹਿੰਦੂ ਔ ਤੁਰਕ ਕੋਊ ਰਾਫਜ਼ੀ ਈਮਾਮ ਸਾਫ਼ੀ,
ਮਾਨ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕੋ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

ਮਜ਼੍ਹਬ ਜਿਹੜਾ ਇਨ੍ਹੇਂ ਪਿਆਰ ਦੇ ਸਮੁੰਦਰ ਸਾਡੇ ਅੰਦਰ ਸੁਟਦਾ ਹੈ, 'ਮੈਂ ਉਹ ਹਾਂ ਕਿ ਪਿਆਰ ਦੇ ਸਮੁੰਦਰ ਰੇਹੜਾਂਗਾ ਤੇ ਆਪ ਪਿਛੇ ਰਹਾਂਗਾ।' ਉਹ ਮਜ਼੍ਹਬ ਜਿਹਦੀਆਂ ਨਿੱਕੀਆਂ ਰੇਸ਼ਮ ਡੋਰੀਆਂ ਵਾਂਗ ਨਿੱਕੀਆਂ ਨਿੱਕੀਆਂ ਸੁਨਿਹਰੀ ਚਮਕਦੀਆਂ ਲਕੀਰਾਂ ਸਾਡੇ ਸਾਧਾਰਣ ਜੀਵਨ ਵਿਚ ਵਗਦੀਆਂ ਹਨ ਤੇ ਅਸੀਂ ਉਨ੍ਹਾਂ ਦੇ ਮੱਧਮ ਜਿਹੇ ਪ੍ਰਕਾਸ਼ ਦੇ ਆਸਰੇ ਜੀਉਂਦੇ ਹਾਂ, ਜੇ ਓਹ ਕਦੀ ਸਾਡੇ ਅੰਦਰ ਵਾਸ ਕਰੇ ਤਦ ਅਸੀਂ ਤਾਂ ਮਰ ਜਾਂਦੇ ਹਾਂ, ਦੇਵਤੇ ਸਾਡੇ ਮਨ ਤੇ ਸਰੀਰ ਤੇ ਸੁਰਤਿ ਵਿਚ ਆਨ ਵਸਦੇ ਹਨ। ਧਰਤੀ ਹੋਰ ਹੋ ਜਾਂਦੀ ਹੈ, ਉਸ ਮਜ਼੍ਹਬ ਦਾ ਨਾਮ ਲੈ ਕੇ ਲੋਕੀ ਲੋੜਦੇ ਹਨ—ਰੱਬ ਇੱਕ ਬਾਣੀ ਇਕ, ਬੰਦਾ ਇਕ ਓਹੋ ਹੀ ਤੇ ਫਿਰ ਜੰਗ, ਮਜ਼੍ਹਬ ਕਿੱਥੇ ? ਇਹ ਦਾਤ ਇੰਨੀ ਅਮੋਲਕ ਹੈ ਕਿ ਇਹਦਾ ਵਿਅਰਥ ਨਾਮ ਲੈਣਾ ਸ਼ੀਲਤਾ ਤੇ ਸੁਹਿਰਦਤਾ ਦੇ ਵਿਰੁੱਧ ਹੈ।

ਮਾਲ੍ਹ ਤੁੱਟੀ ਚਰਖਾ ਕਿੰਵ ਚਲੇ ? ਮਜ਼੍ਹਬ ਬਿਨਾ ਪਿਆਰ ਸੰਸਾਰ ਵਿਚ ਕਦ ਆ ਸਕਦਾ ਹੈ ? ਛੱਡ ਕੇ ਦੇਖੋ ਕੀ ਹਾਲ ਹੁੰਦਾ ਹੈ ਤੇ ਐਵੇਂ ਫ਼ਜ਼ੂਲ ਮਜ਼੍ਹਬ ਦਾ ਨਾਂ ਲੈ ਲੈ ਸ਼ੇਰਨੀ ਵਾਂਗ ਸ਼ਿਕਾਰ ਚੜ੍ਹ

Digitized by Panjab Digital Library | www.panjabdigilib.org

ਚੜ੍ਹ ਆਪਣੇ ਬੱਚੇ ਮੁੜ ਆਣ ਪਾਲਣੇ ਨੂੰ ਮਨੁੱਖ ਦਾ ਮਜ਼੍ਹਬ ਕਿਉਂ ਕਹਿਣਾ? ਮਨੁੱਖ ਦਾ ਮਜ਼੍ਹਬ ਤਾਂ ਹੈਵਾਨ ਨੂੰ ਛੋਹ ਕੇ ਦੇਵਤਾ ਕਰਦਾ ਹੈ, ਹਾਲੇ ਅਸੀਂ ਮਨੁੱਖਾਂ ਜਨਮ ਤਕ ਹੀ ਨਹੀਂ ਅੱਪੜੇ। ਸਾਡਾ ਮਜ਼ਹਬ ਕੀ ਤੇ ਬਹਿਸ ਇੰਨੇ ਉਚੇ ਮਜ਼ਮੂਨ ਤੇ ਕੀ?

ਠੀਕ ਹੈ ਜਾਨਵਰਾਂ ਦੇ ਸਰੀਰ ਥੀਂ ਤਾਂ ਅਸੀਂ ਉਡ ਆਏ ਪਰ ਮਨੁੱਖਾਂ ਦੀ ਸ਼ਕਲ ਵਿਚ ਹਾਲੇ ਅਸੀਂ ਸ਼ੇਰ, ਕੁੱਤੇ, ਬਘਿਆੜ, ਲੂੰਬੜ ਆਦਿ ਹੀ ਹਾਂ। ਈਸਪ ਦੀਆਂ ਕਹਾਣੀਆਂ ਸਾਡੀ ਫਿਤਰਤ ਦੀਆਂ ਕਹਾਣੀਆਂ ਹਨ, ਸਾਡੇ ਮਜ਼੍ਹਬ ਕਿੱਥੇ? ਪਰ ਇਹ ਜ਼ਰੂਰ ਹੈ ਕਿ ਕਦੀ ਕਦੀ ਸਾਡੇ ਵਿਚੋਂ ਕੋਈ ਕੋਈ ਮਜ਼੍ਹਬ ਅਥਵਾ ਨਾਮ ਦੇ ਦਰਸ਼ਨ ਕਰਦਾ ਹੈ ਤੇ ਉਹ ਫਿਰ ਕਦੀ ਨਹੀਂ ਭੁਲਦਾ। ਉਹ ਸਾਡੇ ਵਿਚੋਂ ਸਾਧ, ਬੰਦਾ, ਖੁਦਾ, ਪਰ-ਉਪਕਾਰੀ ਹੋ ਜਾਂਦਾ ਹੈ, ਉਹਦੀ ਨਿਗਾਹ ਨਿਹਾਲ ਕਰਦੀ ਹੈ।

ਠੀਕ ਐਮਰਸਨ ਨੇ ਕਿਹਾ ਹੈ ਕਿ ਤੂੰ ਜਾਣੇਂਗਾ, ਕਿ ਤੂੰ ਬੜਾ ਚੱਲ ਆਯਾ ਹੈਂ, ਰੂਹਾਨੀ ਮੰਜ਼ਲਾਂ ਮਾਰ ਆਯਾ ਹੈਂ, ਸਦੀਆਂ ਤੂੰ ਚਲਦਾ ਰਿਹਾ ਹੈਂ ਪਰ ਸਦੀਆਂ ਮਗਰੋਂ ਇਕ ਦਿਨ ਅਚਾਣਚੱਕ ਤੈਨੂੰ ਪਤਾ ਲੱਗੇਗਾ, ਕਿ ਤੂੰ ਤਾਂ ਓਥੇ ਹੀ ਖੜਾ ਹੈਂ, ਜਿੱਥੋਂ ਚੱਲਿਆ ਸੈਂ। ਰੂਹਾਨੀ ਅਥਵਾ ਮਜ਼੍ਹਬੀ ਤਰੱਕੀ ਤਾਂ ਕਿਸੀ ਦੀ ਨਦਰ ਨਾਲ ਹੋਵੇਗੀ, **ਨਾਨਕ ਨਦਰੀ ਨਦਿਰ ਨਿਹਾਲ**। ਮਜ਼੍ਹਬ ਇਕ ਜੀਣ ਥੀਣ ਦੇ ਰਸਿਕ ਪ੍ਰਕਾਸ਼ ਦਾ ਸਦਾ ਚਲਦਾ ਚੱਕਰ ਹੈ। ਦੇਵੀ ਦੇਵਤਿਆਂ ਦੀ ਛਾਯਾ, ਮਨੁੱਖ ਦੀ ਛਾਯਾ, ਹਰ ਕਿਸੀ ਦੀ ਆਪਣੀ ਆਪਣੀ ਸ਼ਖਸੀਅਤ ਦੀ ਅੰਮ੍ਰਿਤ ਛਾਯਾ ਹੈ, ਇਸ ਬਿਨਾ ਕੋਈ ਰਹਿ ਨਹੀਂ ਸਕਦਾ, ਜੀ ਨਹੀਂ ਸਕਦਾ, ਮਜ਼੍ਹਬ ਨੂੰ ਤਦ ਤਕ ਹੀ ਭੁਲੇਖੇ ਨਾਲ ਇਕ ਸਾਧਨ ਦੱਸਿਆ ਜਾਂਦਾ ਹੈ, ਜਦ ਤੱਕ ਕੋਈ ਪੂਰਣਤਾ ਅਨੁਭਵ ਨਹੀਂ ਕਰ ਲੈਂਦਾ, ਪਰ ਜੋ ਪੂਰਣ ਪੁਰਖ ਹਨ, ਉਨ੍ਹਾਂ ਦਾ ਮਜ਼੍ਹਬ ਓਹ ਤਾਂ ਨਹੀਂ ਜੋ ਚੋਰ ਯਾਰ ਨੂੰ ਸੁਧਾਰਣ ਖਾਤਰ ਵਰਣਨ ਕੀਤਾ ਜਾਂਦਾ ਹੈ। ਨਿਰੋਲ ਐਬਸੋਲੂਟ ਮਜ਼੍ਹਬ ਤਾਂ ਕੋਈ ਅੰਦਰ ਦੀ ਸੂਰਜ ਦੇ ਆਪਣੇ ਪ੍ਰਕਾਸ਼ ਵਾਂਗ ਕੋਈ ਚੀਜ਼ ਹੈ, ਜਿਸ ਥੀਂ ਸੂਰਜ ਵੱਖਰਾ ਕੀਤਾ ਜਾ ਨਹੀਂ ਸਕਦਾ। ਬੰਦੇ ਜਾ ਮਜ਼੍ਹਬ ਅਸਲੀ ਓਹ ਨਹੀਂ ਜੋ ਉਹ ਕਰਦਾ ਹੈ, ਜਾਂ ਜੋ ਉਸ ਥੀਂ ਕਰਾਇਆ ਜਾਂਦਾ ਹੈ। ਅਸਲੀ ਮਜ਼੍ਹਬ ਉਸਦਾ ਉਹ ਹੈ, ਜਿਸ ਬਿਨਾਂ ਉਹ ਜੀ ਹੀ ਨਹੀਂ ਸਕਦਾ, ਉਸਦੇ ਸਹਿਜ-ਸੁਭਾ ਆਪ ਹੋਏ ਬਿਨਾਂ ਉਹ ਰਹਿ ਹੀ ਨਹੀਂ ਸਕਦਾ। ਇਹ ਹਸਤੀ ਦਾ ਕੋਈ ਗੂਹੜਾ ਅੰਦਰਲਾ ਰਾਜ਼ ਹੈ, ਭੇਤ ਹੈ। ਇਹ ਕੋਈ ਅੰਦਰ ਦੀ ਮਰਮ ਹੈ, ਜਿਹਦੀ ਖੁਸ਼ਬੂ ਸਭ ਨੇਕੀਆਂ, ਅਸ਼ਰਾਫਤਾਂ ਤੇ ਪਿਆਰ ਹਨ ਤੇ ਕੁੱਲ ਮਿਤ੍ਰਤਾ ਤੇ ਹੋਰ ਸੋਹਣੇ ਭਾਵ ਹਨ, ਮਿੰਨਤ ਮਾਖਿਓਂ ਸਭ ਚੀਜ਼ਾਂ ਦਾ ਰੂਹ ਹੈ, ਬੜਾ ਔਖਾ ਤੇ ਬੜਾ ਹੀ ਸੁਖਾਲਾ ਹੈ। ਜਿਸ ਤਰ੍ਹਾਂ ਮੈਂ ਆਪ ਸਭ ਆਪਣੀਆਂ ਸਮਝਾਂ ਥੀਂ ਪਰੇ ਹਾਂ, ਪਰ ਦੋਹਾਂ ਬਾਹਾਂ ਆਪਣੀਆਂ ਨਾਲ ਇਹ ਕਹਿਕੇ ਕਿ ਇਹ ਮੈਂ ਘੁਟ ਆਪੇ ਨੂੰ ਜੱਫੀ ਪਾਂਦਾ ਹਾਂ, ਤਿਵੇਂ ਹੀ ਮਜ਼੍ਹਬ ਮੇਰੀ ਹਸਤੀ ਦਾ ਕੋਈ ਮਰਮੀ ਭੇਤ ਹੈ, ਜਿਹੜਾ ਸਮਝ ਨਹੀਂ ਆਉਂਦਾ ਪਰ ਜਿਸ ਨੂੰ ਮੈਂ ਆਪਣੇ ਹੋਠਾਂ ਦੇ ਦੱਬ ਹੇਠ ਮਹਿਸੂਸ ਕਰਕੇ ਆਪਣੇ ਬਚਨਾਂ ਨੂੰ ਸੁਰਤ ਨਾਲ ਜੋੜ ਸਕਦਾ ਹਾਂ, ਦੇਖ ਨਹੀਂ ਸਕਦਾ, ਪਰ ਆਪਣੇ ਨੈਣਾਂ ਦੇ ਛੱਪਰਾਂ ਹੇਠ ਓਸ ਊਰਧ ਕੰਵਲ ਨੂੰ ਛੋਹ ਸਕਦਾ ਹਾਂ ਤੇ ਕਪਾਟ ਖੁਲ੍ਹ ਜਾਂਦੇ ਹਨ, ਜੋਰ ਟੁੱਟ ਜਾਂਦੇ ਹਨ ਤੇ ਉਸ ਪਿਆਰੇ ਦੇ ਦੀਦਾਰ

Digitized by Panjab Digital Library | www.panjabdigilib.org

ਬਿਨ ਦੇਖੇ ਇਕ ਛੋਹ ਜਿਹੀ ਨਾਲ ਹੋ ਜਾਂਦੇ ਹਨ। ਸਪਰਸ਼ ਨਹੀਂ ਹੋ ਸਕਦਾ ਪਰ ਰੋਮ ਰੋਮ ਵਿਚ ਕਿਸੀ ਅਣਡਿੱਠੇ ਦੇ ਆਲਿੰਗਨ ਨਾਲ ਮੇਰਾ ਮਨ ਤੇ ਸਰੀਰ ਅੰਮ੍ਰਿਤ ਨਾਲ ਭਰ ਜਾਂਦੇ ਹਨ :—

ਗੁਰਮੁਖਿ ਰੰਗ ਚਲੂਲਿਆ ਮੇਰਾ ਮਨੁ ਤਨੁ ਭਿੰਨਾ॥
ਜਨੁ ਨਾਨਕੁ ਮੁਸਕਿ ਝਕੋਲਿਆ ਸਭ ਜਨਮੁ ਧਨ ਧੰਨਾ॥

ਮਜ਼੍ਹਬ **ਕਾਇਦੇ, ਇਖਲਾਕ**, ਇਹ ਕਰੋ ਇਹ ਨਾ ਕਰੋ ਦੀ ਦੁਨੀਆਂ ਦੀ ਦੁਕਾਨਦਾਰੀ ਦੀਆਂ ਮੁਰਤਬ ਸ਼ੁਦਾ ਫਹਰਿਸਤਾਂ ਥੀਂ ਪਰੇ, ਇਕ ਕਿਸੀ ਅਦ੍ਰਿਸ਼ਟ ਦੀ ਟੇਕ ਵਿਚ ਜੁੜੀ ਸੁਰਤਿ ਦਾ ਪ੍ਰਕਾਸ਼ ਹੈ। ਇਕ ਕਿਸੀ ਪਿਆਰ ਕੇਂਦਰ ਵਿਚ ਜੀਵਨ ਥੀਣ, ਹੋਣ, ਰਹਿਣ, ਬਹਿਣ ਦੀ ਸਹਿਜ-ਸੁਭਾ ਕੀਰਤੀ ਹੈ ਇਸ ਵਿਚ ਕੋਈ **ਦਿਖਾਵਾ, ਬਣਾਵਟ** ਕੋਈ **ਯਤਨ**, ਜਬਰ, ਤੇ ਕਸ਼ਟਾਂ, ਤਪਾਂ, ਦੀ ਸਿਖਾਵਟ ਦਾ ਕੋਈ ਅਸਰ ਨਹੀਂ। ਕੁਦਰਤ ਦੀਆਂ ਅਣਗਿਣਤ ਤਾਕਤਾਂ ਤੇ ਜ਼ਿੰਦਗੀ ਨੂੰ ਵਿਕਾਸ ਦੇਣ ਦੀਆਂ ਤਾਕਤਾਂ ਦੇ ਸਮੂਹਾਂ ਦੇ ਸਮੂਹ ਦੇ 'ਜ਼ੋਰ' ਨਾਲ ਭਰੀ, ਭਾਵੇਂ ਮੇਰੀ ਸਹਿਜ-ਸੁਭਾਵਤਾ ਹੋਵੇ, ਪਰ ਮੇਰਾ ਮਜ਼੍ਹਬ ਓਹੋ ਸਹਜ ਸੁਭਾ ਸੁਹਜ ਹੈ, ਜਿਸ ਵਿਚ ਦਿਉਦਾਰ ਜਦ ਖੜਾ ਹਵਾ ਨਾਲ ਲਗ ਲਗ ਬਰਫਾਨੀ ਪਹਾੜਾਂ ਤੇ ਝੂਮ ਰਿਹਾ ਹੈ। ਅਸੀਂ ਤਾਂ ਉਸ ਸਹਿਜ-ਸੁਭਾ, ਸਾਦਾ, ਬਿਨਾ ਜੋਰ ਲਾਏ ਦੇ ਉਸ ਉੱਤਰ ਆਈ ਅਵਸਥਾ ਉਨਮਾਦ ਨੂੰ ਮਜ਼੍ਹਬ ਕਰਕੇ ਦੇਖ ਰਹੇ ਹਾਂ। ਹਾਏ! ਮੈਂ ਉਸੀ ਖ਼ੁਸ਼ੀ ਵਿਚ ਕਿਸ ਤਰ੍ਹਾਂ ਝੂਮਾਂ ਤੇ ਪਸਾਰੀ ਪਾਸੋਂ ਨੁਸਖ਼ੇ ਬਣਵਾਕੇ ਖਾਣੇ ਸ਼ੁਰੂ ਕਰਾਂ, ਕਿ ਇਉਂ ਉਹ ਦਿਉਦਾਰ ਵਾਲਾ ਉਨਮਾਦ ਆਵੇ, ਸੋ ਦੇਖ ਲਵੋ, ਕੁਦਰਤ ਦੇ ਅਸਗਾਹ ਤੇ ਅਨੰਤ ਵਿਚ ਇਨ੍ਹਾਂ ਨੁਸਖਿਆਂ ਦਾ ਕੀ ਕੰਗਲਾ ਜਿਹਾ ਪਰੀਣਾਮ ਹੈ?

*******

Digitized by Panjab Digital Library | www.panjabdigilib.org

# ਆਰਟ

ਅਸੀਂ ਹਿੰਦੁਸਤਾਨ ਵਿਚ ਅਕਲੀ ਚਾਲਾਕੀਆਂ ਵਲ ਇਵੇਂ ਪਏ ਹਾਂ ਕਿ ਸਾਨੂੰ ਨਾ ਖੁਦਾ ਹੀ ਮਿਲਿਆ ਹੈ, ਸਨਮ, ਨਾ ਇਸ ਜੀਵਨ ਦਾ ਸੁਖ ਪ੍ਰਾਪਤ ਹੋਇਆ ਹੈ ਤੇ ਨਾ ਅਗਲੀ ਦੁਨੀਆਂ ਦਾ ਹੀ ਕੁਛ ਪਤਾ ਲੱਗਾ ਹੈ, ਭਾਵੇਂ ਅਸੀ ਆਪਣੇ ਆਪ ਨੂੰ ਲਗਾਤਾਰ ਸਦੀਆਂ ਥੀਂ ਧੋਖਾ ਦਈ ਆ ਰਹੇ ਹਾਂ, ਕਿ ਅਸੀ ਬੜੀ ਅਗੰਮ ਦੀ ਰੂਹਾਨੀਅਤ ਨੂੰ ਪਹੁੰਚ ਪਏ ਹਾਂ। ਇਹ ਸਾਡਾ ਅਕਲੀ ਬੁਖਾਰ ਤਦ ਉਤਰਦਾ ਹੈ ਜਦ ਅਸੀ ਜਾਪਾਨ ਜੈਸੇ ਮੁਲਕ ਜਾ ਕੇ ਦੇਖੀਏ ਕਿ ਲੋਕੀ ਕਿਸ ਤਰ੍ਹਾਂ ਰਹਿੰਦੇ ਬਹਿੰਦੇ ਹਨ। ਉਨ੍ਹਾਂ ਆਪਣੇ ਬਾਗ ਕਿਸ ਤਰ੍ਹਾਂ ਸੁਰਗ ਦੇ ਨੰਦਨ-ਬਣ ਵਾਂਗ ਸਜਾਏ ਹੋਏ ਹਨ। ਉਨ੍ਹਾਂ ਨੇ ਕੁਦਰਤ ਨੂੰ ਕਿਸ ਤਰ੍ਹਾਂ ਆਪਣੇ ਅੰਦਰ ਵਸਾਯਾ ਹੋਇਆ ਹੈ ਤੇ ਆਪ ਉਸ ਅੰਦਰ ਵਸੇ ਹੋਏ ਹਨ ਤੇ ਉਨ੍ਹਾਂ ਦਾ ਜੀਵਨ ਕਿਸ ਤਰ੍ਹਾਂ ਮੌਤ ਥੀਂ ਅਭੈ ਹੈ ਤੇ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਤੇ ਦੋਸਤੀਆਂ ਤੇ ਪਿਆਰ ਆਪੋ ਵਿਚ ਕਿਸ ਤਰ੍ਹਾਂ ਫੁਲ ਵਰਗੇ ਕੋਮਲ ਤੇ ਫੁਲਾਂ ਵਾਂਗ ਸੁਹਣੇ ਤੇ ਸੁਬਕ ਹਨ। ਜੇ ਉਨ੍ਹਾਂ ਨੂੰ ਪੁਛੋ ਰੱਬ ਕੀ ਹੈ? ਦੁਨੀਆਂ ਕਦ ਬਣੀ ਹੈ? ਕਿੰਝ ਬਣੀ ਹੈ? ਕਿਸ ਬਣਾਈ ਹੈ? ਤਦ ਵੱਡੇ ਥੀਂ ਵੱਡਾ ਜਾਪਾਨ ਦਾ ਦਾਨਾ ਸਿਰ ਨੂੰ ਖੁਰਕ ਕੇ ਬਾਲਕ ਵਾਂਗ ਬਿਹਬਲ ਜਿਹਾ ਹੋ ਜਾਂਦਾ ਹੈ ਤੇ ਹੈਰਾਨ ਹੁੰਦਾ ਹੈ, ਕਿ ਕੋਈ ਇਹੋ ਜਿਹੇ ਵੱਡੇ ਸਵਾਲਾਂ ਤੇ ਗੱਲ ਕਰਨ ਦਾ ਹੀਯਾ ਹੀ ਕੀਕਰ ਕਰਦਾ ਹੈ ? ਨਿਮ੍ਰਤਾ, ਮਿਠਾ ਬੋਲਣਾ ਤੇ ਅਦਬ ਉਸ ਵਿਚ ਦੇਵਤਿਆਂ ਵਰਗਾ ਹੈ। ਉਸਦਾ ਪਰਛਾਵਾਂ ਕੋਈ ਨਹੀਂ, ਤੇ ਉਹਦਾ ਪਿਆਰ ਬ੍ਰਿਛਾਂ, ਫੁੱਲਾਂ ਨਾਲ ਤੀਬਰ ਇਸ਼ਕ ਦੇ ਦਰਜੇ ਤਕ ਸਹਿਜ ਸੁਭਾ ਅਪੜਿਆ ਹੋਇਆ ਹੈ। ਕੋਈ ਸਵਾਣੀ ਘਰ ਵਿਚ ਫੁੱਲਾਂ ਬਿਨਾਂ ਜੀ ਨਹੀਂ ਸਕਦੀ। ਜਾਪਾਨ ਵਿਚੋਂ ਜੇ ਸਾਰੇ ਫੁੱਲ ਪਦਮ ਤੇ ਚੈਰੀ ਉਡਾ ਦਿਤੇ ਜਾਣ, ਤਦ ਮੇਰਾ ਖਿਆਲ ਹੈ ਜਾਪਾਨੀ ਕੌਮ ਮਰ ਜਾਏਗੀ। ਕੌਮ ਦੀ ਜਿੰਦ ਫੁੱਲਾਂ ਵਿਚ ਹੈ, ਉਨ੍ਹਾਂ ਦੇ ਪਰਬਤ ਉਨ੍ਹਾਂ ਨੂੰ ਆਪੇ ਵਾਂਗ ਪਿਆਰੇ ਹਨ, ਫੁਜੀਯਾਮਾ ਦੀ ਬਰਫਾਨੀ ਤੇ ਦਿਵਯ ਚੋਟੀ ਜਾਪਾਨੀਆਂ ਦੇ ਪੱਖਿਆਂ ਉਪਰ ਹਰ ਇਕ ਦੇ ਹਥ ਵਿਚ ਹੈ, ਦਿਲ ਵਿਚ ਹੈ, ਜਾਪਾਨ ਦੇ ਸਮੁੰਦ੍ਰ ਤੇ ਕਿਸ਼ਤੀਆਂ ਉਨ੍ਹਾਂ ਆਪਣੇ ਸੁਰਤਿ ਵਿਚ ਇਸ ਧਿਆਨ ਨਾਲ ਬੰਨ੍ਹੀਆਂ ਹੋਇਆ ਹਨ ਕਿ ਅਜ-ਕਲ ਜਿੱਥੇ ਜਾਪਾਨ ਦਾ ਨਾਮ ਜਾਂਦਾ ਹੈ, ਉੱਥੇ ਉਨ੍ਹਾਂ ਦੇ ਸਮੁੰਦਰ ਤੇ ਕਿਸ਼ਤੀਆਂ ਦੇ ਝਾਕੇ ਸੋਹਣੀਆਂ ਤਸਵੀਰਾਂ ਵਿਚ ਲਹਿਰਦੇ ਪਹਿਲਾਂ ਅੱਪੜਦੇ ਹਨ। ਆਪ ਦੇ ਪੰਛੀ ਆਪ ਦੇ ਮਨ ਵਿਚ ਫਿਰਦੇ ਹਨ, ਉਨ੍ਹਾਂ ਦੇ ਫੰਗਾਂ ਦੀ ਉਲਾਰ, ਉਨ੍ਹਾਂ ਦਾ ਇਲਾਹੀ ਰਾਗ, ਆਪ ਮੂਰਤੀਮਾਨ ਕਰਕੇ ਸਿੱਧੇ ਸਾਦੇ ਖਿੱਚੇ ਚਿਤ੍ਰਾਂ ਨੂੰ ਜਾਨ ਪਾ ਦਿੰਦੇ ਹਨ।



Digitized by Panjab Digital Library | www.panjabdigilib.org

ਹੱਥ ਕੋਈ ਵੇਹਲਾ ਨਹੀਂ ਰਹਿੰਦਾ। ਬਤਖਾਂ ਪਾਣੀਆਂ ਵਿਚ ਤਰਦੀਆਂ, ਚਿਤ੍ਰ ਵਿਚ ਹਿਲਦੀਆਂ ਦਿਸਦੀਆਂ ਹਨ। ਇਉਂ ਜਾਪਾਨ ਦੇ ਹੱਥਾਂ ਵਿਚ ਕਰਤਾਰੀ ਕਿਰਤ ਹੈ ਪਰ ਸ਼ਾਂਤੀ ਬੁੱਧਮਤ ਦੇ ਨਿਰਵਾਨ ਵਾਲੀ ਇੰਨੀ ਹੈ ਕਿ ਆਪ ਦੇ ਘਰ ਆਏ ਆਪ ਦੇ ਜਜ਼ੀਰੇ ਦੇ ਅੰਦਰ ਆਣ ਲਹਿਰੇ ਸਮੁੰਦਰ (Inland Sea) ਇਕ ਮਾਨ ਸਰੋਵਰ ਹੈ, ਇਥੇ ਪਛਮੀ ਪਾਰਖੀ ਆ ਕੇ ਜਾਪਾਨ ਦੀ ਸ਼ਾਂਤੀ ਦਾ ਭਾਨ ਕਰਦੇ ਹਨ। ਉਹ ਕਿਨਾਰੇ ਪੁਰ ਬਾਂਸ ਤੇ ਕੱਖਾਂ ਦੀਆਂ ਚਮਕਦੀਆਂ ਝੁਗੀਆਂ ਜੇਹੜੀਆਂ ਜਾਪਾਨੀ ਚਿਤ੍ਰਾਂ ਵਿਚ ਬਰਲਿਨ ਯਾ ਨਿਊਯਾਰਕ ਦੇਖੀਆਂ ਸਨ ਹੂ-ਬਹੂ-ਓਹੋ ਹੀ ਚਿਤ੍ਰ ਰੂਪ ਚਮਕਦੀ ਸਾਦਗੀ ਵਿਚ ਸਮੁੰਦਰ ਦੇ ਕਿਨਾਰੇ ਪਿੰਡ ਰੂਪ ਵਿਚ ਹਨ। ਕਾਮਾਕੁਰਾ ਤੇ ਏਨੋਸ਼ੀਆ ਆਦਿ, ਨਿਕੋ ਤੇ ਹਾਕੋਨੋ ਆਦਿ ਜਿਸ ਤਰ੍ਹਾਂ ਚਿਤ੍ਰ ਵਿਚ ਦੇਖੇ ਸਨ, ਉਸੀ ਤਰ੍ਹਾਂ ਹਨ। ਇਕ ਸ਼ਾਂਤੀ, ਜੀਦੀ ਸ਼ਾਂਤੀ ਸਾਰੇ ਦੇਸ਼ ਵਿਚ ਜਿੰਝ ਚੰਨੇ ਦੀ ਚਾਨਣੀ ਰਾਤੀ ਝੁੱਗੀਆਂ ਤੇ ਜੰਗਲਾਂ ਉੱਪਰ ਪੈ ਕੇ ਉਨ੍ਹਾਂ ਨੂੰ ਅਪੂਰਵ ਸ਼ਾਂਤ ਵਿਚ ਧੋ ਦਿੰਦੀ ਹੈ, ਇਸ ਤਰ੍ਹਾਂ ਦਿਨ ਦਿਹਾੜੀ ਉਸ ਅੱਧੀ ਰਾਤ ਚਾਨਣੀ ਦਾ ਸ਼ਾਂਤ ਪ੍ਰਭਾਵ ਹੈ। ਫਜ਼ੂਲ ਗਲ ਕੋਈ ਨਹੀਂ ਕਰਦਾ, ਖਾਹਮਖਾਹ ਕੋਈ ਸ਼ੋਰ ਨਹੀਂ, ਬੱਚਾ ਕੋਈ ਰੋਂਦਾ ਨਹੀਂ, ਜਨਾਨੀ ਲੜਦੀ ਨਹੀਂ, ਖਾਵੰਦ ਕੋਈ ਜਨਾਨੀ ਤੇ ਗੁੱਸੇ ਨਹੀਂ ਹੁੰਦਾ। ਕਾਮ, ਕ੍ਰੋਧ, ਲੋਭ, ਅਹੰਕਾਰ ਸਭ ਹਨ, ਪਰ ਸ਼ਾਂਤ ਰਸ ਦੇ ਹਨ, ਸਤੋਗੁਣ ਜੀਵਨ ਵਿਚ ਘੁਲਿਆ ਹੋਇਆ ਹੈ, ਰਜੋਗੁਣ ਕਦੀ ਕਦੀ ਆਉਂਦਾ ਹੈ ਤੇ ਉਸ ਦਾ ਜ਼ੋਰ ਸਾਰਾ ਕਿਸੀ ਦੀ ਆਪਣੀ ਨਿਮਾਣੀ( ਜਿੰਦ ਤੇ ਪੈਂਦਾ ਹੈ, ਦੂਸਰੇ ਕਿਸੀ ਨੂੰ ਖੇਚਲ ਨਹੀਂ ਦਿਤੀ ਜਾਂਦੀ। ਜਾਪਾਨ ਦੇ ਵਜ਼ੀਰ-ਆਜ਼ਮ ਸਾਇਕੋ ਦਾ ਲਿਖਿਆ ਹੈ, ਘੜੀਆਂ ਹੀ ਆਪਣੇ ਮਿਤ੍ਰਾਂ ਦੇ ਦਰਵਾਜ਼ੇ ਉੱਪਰ ਜਾ ਕੇ ਬਾਹਰ ਖੜਾ ਰਹਿੰਦਾ ਸੀ ਮਤੇ ਬੂਹਾ ਖੋਹਲਣ ਨਾਲ ਤੇ ਬੂਹੇ ਨਾਲ ਲੱਗੀ ਪਿੱਤਲ ਦੀ ਘੰਟੀ ਵਜਣ ਨਾਲ ਮੇਰੇ ਅੰਦਰ ਬੈਠੇ ਮਿਤ੍ਰਾਂ ਦੇ ਅੰਤ੍ਰੀਵ ਦੇ ਸੁਖ ਤੇ ਚੁੱਪ ਵਿਚ ਕੋਈ ਖਲਲ ਪਵੇ। ਅਹਿੰਸਾ ਦੀ ਹੱਦ ਹੋ ਗਈ, ਨਿਰਵਾਨ ਦਾ ਪਤਾ ਸਾਰੇ ਮੁਲਕ ਦੇ ਨਿੱਕੇ ਵੱਡੇ ਨੂੰ ਲਗ ਗਿਆ, ਮੌਤ ਥੀਂ ਪਰੇ ਦੇਸ਼ ਹਨ, ਉਨ੍ਹਾਂ ਨਾਲ ਸਿਦਕ ਦੇ ਰਾਹੀਂ ਆਵਾ-ਜਾਈ ਸਭ ਲਈ ਖੁਲ੍ਹ ਗਈ, ਬਾਗ ਤੇ ਜੰਗਲ ਘਰਾਂ ਵਿਚ ਆ ਵੱਸੇ ਤੇ ਆਪਣੀ ਏਕਾਂਤ ਘਰਾਂ ਨੂੰ ਦੇਣ ਲਗ ਪਏ ਤੇ ਘਰ ਉੱਠ ਕੇ ਆਪਣੀ ਫੰਗਾਂ ਵਰਗੀਆਂ ਫੁੱਲਾਂ ਦੀਆਂ ਪੰਖੜੀਆਂ ਵਰਗੀਆਂ ਦੀਵਾਰਾਂ ਸਮੇਤ ਜੰਗਲਾਂ ਤੇ ਨੰਦਨ ਬਾਗਾਂ ਵਿਚ ਜਾ ਵੱਸੇ ਤੇ ਓਥੇ ਸ਼ਹਿਰਾਂ ਦੀ ਚਹਿਲ ਬਹਿਲ ਲੱਗਣ ਲਗ ਗਈ। ਆਦਮੀ ਇਕ ਇਕ ਆਪ ਕੁਦਰਤ ਧਾਰੀ ਹੋ ਗਿਆ ਤੇ ਕੁਦਰਤ ਆਦਮੀ ਧਾਰੀ ਬਣ ਗਈ।

ਇਉਂ ਜਾਪਾਨ ਸਦੀਆਂ ਤਕ ਬੁੱਧ ਮਤ ਨੂੰ ਪਾ ਕੇ ਚੁੱਪ ਰਿਹਾ ਜਿਵੇਂ ਪੱਤੀਆਂ ਵਿਚ ਢੱਕੀ ਗੁਲਾਬ ਦੀ ਡੋਡੀ। ਗੁਲਾਬ ਦੀ ਡੋਡੀ ਜੀਵਨ-ਚੰਚਲਤਾ ਵਿਚ ਵੀ ਸੁਫਨੇ ਰਸ ਵਿਚ ਟਿਕੀ ਹੋਈ ਹੈ, ਜਦ ਬਸੰਤ ਦਾ ਸੁਗੰਧਿਤ ਸ੍ਵਾਸ ਕਿਧਰੇ ਆਣ ਲਗਦਾ ਹੈ, ਕਰਾਮਾਤ ਵਾਂਗੂੰ ਇਕ ਦਮਬਦਮ ਵਿਚ ਸਾਰਾ ਖਿੜਿਆ ਫੁੱਲ ਬਣ ਪ੍ਰਕਾਸ਼ਦੀ ਹੈ। ਗੁਲਾਬ ਦੀ ਡੋਡੀ ਦੀ ਨੀਂਦਰ ਯੋਗ ਦੀ ਨੀਂਦਰ ਹੈ, ਗੁਲਾਬ ਦੀ ਡੋਡੀ ਸੱਚੀ ਸਮਾਧੀ ਵਿਚ ਹੈ। ਜੀਵਨ ਚੁੱਪ ਹੈ, ਠੀਕ ਉਸੀ ਤਰਾਂ ਜਾਪਾਨ ਆਪਣੇ ਅੰਦਰ ਹੀ ਬੁੱਧ ਦੇਵ ਦੇ ਨਿਰਵਾਨ ਤੇ ਨਿਰਵਾਨ ਦੀ ਸਮਾਧੀ ਦੇ ਆਨੰਦ ਨੂੰ ਜਰਦਾ ਰਿਹਾ ਤੇ ਜਦ ਬਾਹਰ ਆਇਆ ਤਾਂ ਸਾਰਾ ਜਾਪਾਨ ਮੰਦਰਾਂ, ਬੁੱਧ ਦੇ ਸੋਹਣੇ ਬੁੱਤਾਂ, ਆਪਣੀ ਰਸਿਕ ਕਿਰਤ ਦੀਆਂ ਅਨੇਕ ਗੁਲਕਾਰੀਆਂ, ਆਪਣੇ ਬਣਾਏ ਨੰਦਨ ਬਾਗ, ਆਪਣੇ ਸਜਾਏ ਬਣ, ਸਾਰੇ ਇਕ ਸਹਸ੍ਰ ਦਲ ਕੰਵਲ

Digitized by Panjab Digital Library | www.panjabdigilib.org

ਵਾਂਗ ਖਿੜਿਆ ਦਿੱਸਿਆ। ਆਪ ਦੇ ਬਾਗਾਂ ਵਿਚ ਸਦੀਆਂ ਦੇ ਭਾਵ ਨਾਲ ਧੋਤੇ ਪਿਆਰ ਕਾਂਬਿਆ ਨਾਲ ਪੱਥਰ ਦੀਆਂ ਪੌੜੀਆਂ ਬਣਾ ਰਖੀਆਂ ਹਨ ਤੇ ਉਨ੍ਹਾਂ ਦੇ ਸਾਹਮਣੇ ਸੇਧ ਵਿਚ ਪੱਥਰਾਂ ਦਾ ਰਾਹ ਬਣਾਇਆ ਹੈ ਤੇ ਰਾਹ ਦੇ ਦੋਵੇਂ ਪਾਸੇ ਪੱਥਰਾਂ ਦੀਆਂ ਲਾਲਟੈਨਾਂ, ਪੱਥਰ ਦੇ ਥੰਮਾਂ ਤੇ ਰੱਖੀਆਂ ਹਨ। ਸਦੀਆਂ ਥੀਂ ਬਣੀਆਂ ਹਨ, ਸਦੀਆਂ ਥੀਂ ਉਸ ਉੱਪਰ ਬੁੱਧ ਦੇ ਪਿਆਰੇ ਭਗਤ ਸਦਾ ਟੁਰਦੇ ਰਹੇ ਹਨ, ਪੌੜੀਆਂ ਚੜ੍ਹਦੇ ਰਹੇ ਹਨ, ਜਾ ਕਿੱਥੇ ਰਹੇ ਹਨ ? ਜਿੱਥੇ ਯਾਤ੍ਰੂ ਜਾਂਦੇ ਹਨ, ਇਹ ਪੌੜੀਆਂ ਚੜ੍ਹਨਾ ਹੀ ਧਰਮ ਹੈ ਕਿਧਰੇ ਨ ਅਪੜਨਾ ਹੀ ਰਸ ਦਾ ਇਨਤਜ਼ਾਰ ਹੈ। ਸੱਦਯਾਂ ਚੈਰੀ ਦੇ ਫੁੱਲਾਂ ਦੀਆਂ ਪੱਖੜੀਆਂ ਨੂੰ ਬਸੰਤ-ਹਵਾਵਾਂ ਉਨ੍ਹਾਂ ਰਾਹਾਂ ਤੇ ਵਿਛਾਂਦੀਆਂ ਹਨ ਤੇ ਸਾਵੀ ਮਖਮਲ ਵਾਂਗ ਕਾਈ ਪੱਥਰਾਂ ਉੱਪਰ ਜੰਮ ਰਹੀ ਹੈ, ਉਸ ਵਿਚ ਸੱਦਯਾਂ ਦੇ ਪਿਆਰ ਦੀ ਖ਼ੁਸ਼ਬੂ ਹੈ। ਕਈ ਵੇਰੀ ਇਨ੍ਹਾਂ ਲੰਮੀਆਂ ਸੱਦਯਾਂ ਵਿਚ ਸ਼ਾਮਾਂ ਵੇਲੇ ਭਗਤਾਂ ਨੇ ਲਾਲਟੈਨਾਂ ਵਿਚ ਦੀਵੇ ਬਾਲੇ, ਲੱਖਾਂ ਵੇਰੀ ਇੱਥੇ ਨਮੋ-ਬੁੱਧ ਦੇ ਮੰਤ੍ਰਾਂ ਦੇ ਪਾਠ ਹੋਏ। ਅਜ ਇਨ੍ਹਾਂ ਭਾਵਾ ਤੇ ਭਾਵਨਾਂ ਦੇ ਸਮੂਹ ਦੇ ਅਮਲਾਂ ਨੇ ਇਨ੍ਹਾਂ ਪੱਥਰਾਂ ਨੂੰ ਵੀ ਇਉਂ ਜਾਪਦਾ ਹੈ, ਨਿਰਵਾਨ ਦਾ ਸੁਖ ਦੇ ਦਿੱਤਾ ਹੈ। ਪੱਥਰ ਰੂਹ ਹੋ ਗਏ ਹਨ। ਜਦ ਪੱਛਮੀ ਲੋਕੀ ਇਥੇ ਆਉਂਦੇ ਹਨ ਤਦ ਵੇਖ ਵੇਖ ਹੈਰਾਨ ਹੁੰਦੇ ਹਨ ਕਿ ਪੱਥਰ, ਇਕ ਇਕ ਪੱਥਰ, ਕਿਸ ਤਰ੍ਹਾਂ ਮੰਦਰ ਰੂਪ ਹੋ ਰਹੇ ਹਨ, ਨੰਗੇ ਪੈਰ ਇਨ੍ਹਾਂ ਪੁਰ ਜਾਣ ਤੇ ਰੂਹ ਕਰਦਾ ਹੈ, ਇਨ੍ਹਾਂ ਨੂੰ ਚੁੰਮਣ ਨੂੰ ਦਿਲ ਕਰਦਾ ਹੈ, ਇਨ੍ਹਾਂ ਪੌੜੀਆਂ ਨੂੰ ਮੱਥਾਂ ਟੇਕਣ ਤੇ ਦਿਲ ਕਰਦਾ, ਮਲੋ-ਮਲੀ ਸ਼ਾਂਤ ਰਸ ਹੁੰਦਾ ਹੈ, ਮਲੋ-ਮਲੀ ਪੂਜਾ ਦੇ ਭਾਵ ਨਾਲ ਜਕੜੇ ਜਾਂਦੇ ਹਨ, ਹਿਲਣ ਤੇ ਦਿਲ ਨਹੀਂ ਕਰਦਾ, ਸਮਾਧੀ ਜੇਹੀ ਛਾਂਦੀ ਹੈ ਪਰ ਇਸ ਸਾਦਾ ਜੇਹੀ ਥਾਂ ਤੇ ਅਨੇਕ ਰੂਹਾਂ ਦੇ ਪਿਆਰਾਂ ਦੇ ਮੀਂਹ ਪਏ ਹਨ, ਅਨੇਕ ਰੂਹਾਂ ਦੀ ਸਮਾਧੀ ਇਥੇ ਵੱਸਦੀ ਹੈ, ਉਹ ਅਦ੍ਰਿਸ਼ਟ ਤਾਂ ਦਿਸਦਾ ਨਹੀਂ ਪਰ ਅਸਰ ਇਹ ਹੈ।

ਇਕ ਜਾਪਾਨ ਦੀ **ਗਾਉਣ ਵਾਲੀ** ਨਾਯਕਾ (ਗੈਸ਼ਾ) ਨੂੰ ਇਨ੍ਹਾਂ ਮੁਤਬਰਕ ਪੌੜੀਆਂ ਨੂੰ ਵੇਖਕੇ ਓਹ ਅਨੰਦ ਮਿਲਦਾ ਹੈ, ਜੋ ਇੱਕ ਜਾਪਾਨ ਦੇ ਬਾਦਸ਼ਾਹ ਦੀ ਮਲਕਾ ਨੂੰ ਇਸ ਸਿਮ੍ਰਨ ਦੇ ਸੰਗ੍ਰੇ ਦੇ ਪ੍ਰਭਾਵ ਹੇਠ ਗੈਸ਼ਾ ਦੇ ਨੈਣ ਇਲਾਹੀ ਰਸ ਦੇ ਅਥਰੂਆਂ ਨਾਲ ਸਜਲ ਹੁੰਦੇ ਹਨ। ਖੜੀ **ਓਏਨੋ** ਦੇ ਚੈਰੀ ਬਾਗ ਵਿਚ, ਉਨ੍ਹਾਂ ਪੁਰਾਣੀਆਂ ਪੌੜੀਆਂ ਤੇ ਕਹਿੰਦੀ ਹੈ, "ਨਮੋ ਬੁੱਧਾ!" ਤੇ ਆਖਦੀ ਹੈ, "ਹੇ ਮਾਲਕ! ਮੈਂ ਨਿਕਾਰੀ ਵੀ ਤੇਰੇ ਵੱਲ ਜਾਂਦੇ ਰਾਹ ਦੀ ਪੌੜੀਆਂ ਤੇ ਖੜੀ ਹਾਂ, ਸਦਾ ਤੇਰੇ ਵੱਲ ਜਾ ਰਹੀਆਂ ਹਨ, ਸੁਖੀ ਵੱਸਣ ਉਹ, ਜਿਨ੍ਹਾਂ ਇਹ ਪੌੜੀਆਂ ਹਰ ਖਾਸ ਆਮ ਵਾਸਤੇ ਬਣਾ ਦਿੱਤੀਆਂ, ਰਾਹ ਬਣਾ ਦਿੱਤੇ ਤੇ ਸਬ ਕੋਈ ਤੇ ਮੈਂ ਵੀ ਇਨ੍ਹਾਂ ਰਾਹਾਂ ਤੇ ਟੁਰ ਸੱਕਦੇ ਹਾਂ, ਮੈਂ ਵੀ ਆਪਣੇ ਨੈਣ ਆਪ ਵੱਲ ਮੋੜ ਸਕਦੀ ਹਾਂ, ਨੈਣ ਮੇਰੇ ਆਪ ਦੇ ਪਦਮ ਚਰਣਾਂ ਨੂੰ ਛੋਹ ਸਕਦੇ ਹਨ, ਮੇਰੇ ਨਿਮਾਣੀ ਦੇ ਦਿਲ ਥੀਂ ਅਸੀਸ ਨਿਕਲਦੀ ਹੈ, ਮੈਂ ਕੀ ਭੇਟ ਕਰ ਸਕਦੀ ਹਾਂ ? ਆਪ ਦੇ ਇਹ ਚੈਰੀ ਦੇ ਫੁੱਲਾਂ ਦੇ ਬਾਗ ਵਿਚੋਂ ਫੁੱਲ ਤੋੜ ਕੇ ਦੇਵਾਂ, ਮੈਂ ਤਾਂ ਸਾਰੇ ਬਾਗ ਇਹ ਸਾਰੇ ਮਿਲਖ ਫੁੱਲਾਂ ਦੇ ਆਪ ਦੇ ਅਰਪਣ ਕਰਦੀ ਹਾਂ।" ਓਧਰ ਇਕ ਮਹਾਰਾਨੀ ਐਮਪ੍ਰੈਸ **ਕੋਮੀਓ** ਬੁਧ ਮਤ ਤੇ ਘੋਲ ਘੁਮਾਈ ਹੋਈ ਆਪਣੀ ਲੜਕੀ ਸਮੇਤ ਜਿਹਦਾ ਨਾਮ **ਕੋਕਿਨ** ਸੀ ਤੇ ਜੋ ਓਹਦੇ ਬਾਦ ਤਖਤ ਤੇ ਬੈਠੀ, ਬੁਧ ਦੇ ਮੰਦਰ ਬਣਵਾ ਰਹੀ ਹੈ। ਆਪ ਖੜੀ ਹੋਈ ਹੈ ਤੇ ਪੱਥਰ ਘੜੇ ਜਾ ਰਹੇ ਹਨ ਤੇ

Digitized by Panjab Digital Library | www.panjabdigilib.org

ਘਾੜਤ ਕਰਨ ਵਾਲਿਆਂ ਦੇ ਹੱਥਾਂ ਵਿਚ ਫੜੇ ਲੋਹੇ ਦੇ ਹਥਿਆਰ ਲੱਗ ਕੇ ਪੱਥਰਾਂ ਵਿਚੋਂ ਅਰਦਾਸ ਵਰਗੇ ਕਾਂਬੇ ਨਿਕਲ ਰਹੇ ਹਨ। ਇਕ ਅਨੋਖੇ ਜੋਸ਼ ਵਿਚ ਐਮਪ੍ਰੇਸ ਦੀ ਛਾਤੀ ਫਟ ਕੇ ਇਹ ਅਰਦਾਸ ਨਿਕਲਦੀ ਹੈ, "ਇਹ ਸ਼ਬਦ ਜੋ ਇਨ੍ਹਾਂ ਔਜ਼ਾਰਾਂ ਨਾਲ ਇੱਥੇ ਹੋ ਰਿਹਾ ਹੈ, ਇਹੋ ਮੁਬਾਰਕ ਗੂੰਜ ਸੁਰਗਾਂ ਵਿਚ ਗੂੰਜੇ, ਇਹੋ ਮੁਬਾਰਕ ਆਵਾਜ਼ ਧਰਤੀ ਦੇ ਦਿਲ ਨੂੰ ਪਿਆਰ ਚੀਰਾਂ ਪਾਣ, ਪਿਤਾਵਾਂ ਮਹਾਂ ਪਿਤਾਵਾਂ ਦੀ ਖਾਤਰ ਇਹ ਉਹੀ ਮਾਵਾਂ ਮਹਾਂ ਮਾਵਾਂ ਦੀ ਖਾਤਰ ਇਹ ਹੋਵੇ, ਸਰਬਤ ਦੇ ਭਲੇ ਲਈ ਇਹ ਹੋਵੇ !" ਤੇ ਇਹੋ **ਐਮਪ੍ਰੇਸ ਮਾਂ** ਇਕ ਸਾਦਾ ਕਵਿਤਾ ਲਿਖਦੀ ਹੈ ! ਜਦ ਉਹ ਫੁੱਲ ਬੁੱਧ ਨੂੰ ਚੜ੍ਹਾਨ ਦੇ ਜੋਸ਼ ਵਿਚ ਆਉਂਦੀ ਹੈ, "ਜੇ ਮੈਂ ਤੋੜਾਂ ਤਦ ਮੇਰੇ ਹੱਥ ਦੀ ਮੈਲ ਫੁੱਲਾਂ ਨੂੰ ਮੈਲਾ ਕਰੇਗੀ, ਇਸ ਕਰਕੇ ਮੈਂ ਇਨ੍ਹਾਂ ਹਰੇ ਖੇਤਾਂ ਵਿਚ ਖੜੀ ਹਵਾ ਨਾਲ ਹਿਲਦੇ ਫੁੱਲਾਂ ਨੂੰ ਆਦ ਜੁਗਾਦ ਤੇ ਹੁਣ ਦੇ ਬੁੱਧਾਂ ਨੂੰ ਚੜ੍ਹਾਂਦੀ ਹਾਂ।"

ਬੁੱਧ ਦੇ ਨਿਰਵਾਨ ਦੇ ਸਮੇਂ ਵਿਚ ਅਨੇਕ ਡੋਡੀਆਂ ਦਾ ਖਿੜਿਆਂ ਹੋਇਆ ਫੁੱਲ ਵਰਗਾ ਜਾਪਾਨ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਏਸ਼ੀਆ ਦੇ ਹੋਰ ਮੁਲਕਾਂ ਖਾਸ ਕਰ ਹਿੰਦੁਸਤਾਨ ਦੇ ਕਾਲੇ ਹਨੇਰੇ ਤਲੇ ਦੇ ਚਿੱਕੜਾਂ ਵਿਚ ਉੱਗਿਆ ਇਕ ਫੁੱਲ ਦਾ ਬ੍ਰਿਛ ਟੇਢਾ ਹੋ ਸੂਰਜ ਦੀ ਸੁਨਹਿਰੀ ਕਿਰਣ ਨੂੰ ਟੋਲਦਾ ਪੇਚ ਜਿਹੇ ਖਾਂਦਾ ਤਿਬੱਤ, ਚੀਨ, ਮਲਾਯਾ ਦੇ ਜਜ਼ੀਰਿਆਂ ਉੱਪਰੋਂ ਹੁੰਦਾ ਆਖਰ ਜਾਪਾਨ ਵਿਚ ਜਾ ਕੇ ਖਿੜਿਆ ਤੇ ਓਥੇ ਇਹਦੇ ਫੁੱਲਾਂ ਦਾ ਕੋਈ ਅੰਤ ਨਾ ਰਿਹਾ। ਸੋ ਜਦ ਕਦੀ ਏਸ਼ੀਆ ਦੇ **ਆਰਟ** ਦਾ ਪ੍ਰਭਾਵ ਦੇਖਣਾ ਹੋਵੇ, ਤਦ ਜਾਪਾਨ ਦੇ **ਆਰਟ** ਵਿਚ ਹੀ ਦੇਖ ਸਕੀਦਾ ਹੈ, ਤੇ ਆਰਟ ਸਭ ਥੋਂ ਪਹਿਲਾਂ ਲੋਕਾਂ ਦੇ ਆਪਣੇ ਜੀਵਨ ਵਿਚ ਆਉਂਦਾ ਹੈ ਉੱਥੇ ਰਸ ਰੂਪ ਹੋ ਸਿੰਜਰਦਾ ਹੈ, ਝਰਦਾ ਹੈ ਤੇ ਜਦ ਗਿਰਾ ਵਿਚੋਂ ਦੀ ਫੁੱਟਦਾ ਹੈ ਤਦ ਉਹ ਕਵਿਤਾ ਹੈ, ਜਦ ਹੱਥਾਂ ਵਿਚ ਦੀ ਫੁੱਟਦਾ ਹੈ ਤਦ ਉਹ ਚਿਤ੍ਰਕਾਰੀ, ਪੱਥਰਾਂ ਦੇ ਬੁੱਤ ਤੇ ਚਿਤ੍ਰ ਬਣਾਣ ਵਿਚ ਪੂਰਣਤਾ ਨੂੰ ਪ੍ਰਾਪਤ ਹੁੰਦਾ ਹੈ। ਜਦ ਦਿਲ ਵਿਚੋਂ ਫੁੱਟਦਾ ਹੈ ਤਦ ਭਗਤੀ ਹੋ ਨਿਬੜਦਾ ਹੈ, ਤੇ ਮਨੁੱਖਾਂ ਜੁੜੇ ਸਮੂਹਾਂ ਦੇ ਦਿਲ ਵਿਚ ਦੀ ਫੁਟਦਾ ਹੈ, ਤਦ ਉਨ੍ਹਾਂ ਦੇ ਰਹਿਣ ਵਾਲੀ ਧਰਤ ਅਕਾਸ਼ ਨੂੰ ਅਨੋਖੇ ਗਹਿਣੇ ਪਾ ਇਉਂ ਸਜਾ ਦਿੰਦਾ ਹੈ, ਜਿਵੇਂ ਦੇਵੀ ਦੇਵਤਿਆਂ ਦਾ ਸੁਰਗ। ਇਹੋ ਹੈ ਸੋ ਬੁੱਧ ਜੀ ਦਾ ਨਿਰਵਾਨ ਰਸ ਤੇ ਅਲੌਕਿਕ ਸਮਾਧੀ ਜਾਪਾਨ ਦੇ ਸਮੂਹਾਂ ਪਰ ਅੰਮ੍ਰਿਤ ਵਰਖਾ ਵਾਂਗ ਪਈ ਤੇ ਨਿਰਾ ਇਕ ਇਕ ਹੀ ਨਿਹਾਲ ਨਹੀਂ ਹੋਇਆ, ਸਾਰੀ ਕੌਮ ਦੀ ਕੌਮ ਵੱਡਾ ਨਿਕਾ, ਪਾਪੀ ਪੁੰਨੀ ਸਭ ਨਿਹਾਲ ਹੋਏ ਤੇ ਸੱਦਯਾਂ ਇਹ ਗੁਣ ਉਹ ਆਪਣੇ ਅੰਦਰ ਸਿੰਜਰਦੇ ਰਹੇ। ਹੁਣ ਰਸਿਕ ਸ਼ਖਸ਼ੀਅਤ ਸਦਾ ਕਰਤਾਰੀ ਹੁੰਦੀ ਹੈ, ਜਿਵੇਂ ਸੋਖ ਦੀ ਕੁਦਰਤ ਕਰਤਾਰੀ ਹੋ ਇਪ, ਸੁਹਜ, ਧਰਮ, ਦਇਆ, ਦਰਦ ਆਦਿ ਦੀ ਉਪਜਾਊ ਹੈ, ਤਿਵੇਂ ਮਨੁੱਖ ਵੀ ਕੁਦਰਤ ਵਾਂਗ ਕਰਤਾਰੀ ਤੇ ਉਪਜਾਊ ਹੋਣ ਬਿਨਾ ਰਹਿ ਨਹੀਂ ਸਕਦਾ। ਆਰਟ ਕਈ ਤਰ੍ਹਾਂ ਦੀ ਰਸਿਕ ਕਿਰਤ ਹੈ, ਜਿਵੇਂ ਪਰਬਤਾਂ ਥੀਂ ਰਵਾਨਾ ਹੋਇਆ ਦਰਿਆ ਬਾਗਾਂ ਵਿਚ ਫੁੱਲ ਤੇ ਫਲ ਉਪਜਾਊ ਹੈ, ਤਿਵੇਂ ਇਹ ਦਿਵਯ ਇਨਸਾਨੀਅਤ ਦਾ ਦਰਿਆ ਜਦ ਕੌਮਾਂ ਦੇ ਦਿਲਾਂ ਵਿਚੋਂ ਉਨ੍ਹਾਂ ਦੀ ਤੀਬਰ ਸੰਗਿਮ ਦੇ ਦੀਵਾਰਾਂ ਤੇ ਦਰਵਾਜ਼ਿਆਂ ਦੇ ਕੁਫਲ ਤੋੜ ਕੇ ਬਾਹਰ ਨਿਕਲਦਾ ਹੈ, ਤਦ ਰਸਿਕ ਕਿਰਤ ਦੀਆਂ ਅਨੇਕ ਤੇ ਸਮੂਹੀ ਕਰਾਮਾਤਾਂ ਵਿਚ ਬਦਲਦਾ ਹੈ ਪਰ ਕੇਵਲ ਉਸ ਹਾਲਤ ਵਿਚ ਜਦ ਭਗਤੀ ਧਜਾਨੀ ਹੋਵੇ, ਸਮਾਧੀ ਸ਼ਖਸੀ ਹੋਵੇ, ਪਿਆਰ ਕਿਸੀ ਆਦਰਸ਼ ਮਨੁੱਖ ਦਾ

Digitized by Panjab Digital Library | www.panjabdigilib.org

ਹੋਵੇ। ਜਿਸ ਤਰ੍ਹਾਂ ਬੁੱਧ ਮਤ ਵਿਚ ਬੁੱਧ ਜੀ ਦਾ, ਜਿਸ ਤਰ੍ਹਾਂ ਈਸਾਈ ਮਤ ਵਿਚ ਈਸਾ ਜੀ ਦਾ, ਤੇ ਸਿੱਖ ਮਤ ਵਿਚ ਗੁਰੂ ਸਾਹਿਬਾਨ ਦਾ, ਬਿਨਾਂ ਇਸ ਉੱਚੀ ਦਿਵਯ, ਗੁਰਮੁਖ ਦੀ ਪੂਜਾ ਦੇ ਧਯਾਨ ਦੇ ਸਿਮਰਣ ਤੇ ਨਾਮ ਦੇ ਆਰਟ ਨਹੀਂ ਉਪਜਦਾ। ਨਿਰਗੁਣ ਬ੍ਰਹਮ ਦਾ ਧਯਾਨ ਜਿਸ ਤਰ੍ਹਾਂ ਦੇ ਪੁਰਾਣੇ ਬ੍ਰਾਹਮਣਾਂ ਨੇ ਚਲਾਇਆ ਸ਼ੂਨਯ ਦਾ ਧਯਾਨ ਹੈ ਉਥੇ ਨਾਮ ਰੂਪ ਮਿਥਯਾ ਹੋਇਆ, ਓਥੇ ਦੇਵੀ ਦੇਵਤਾ ਸੋਹਣਾ ਕੋਝਾ ਹੋਇਆ ਹੀ ਕੋਈ ਨਾ, ਓਥੇ ਆਰਟ ਨਹੀਂ ਉਪਜਦਾ, ਨਾ ਕਿਰਤ ਉਪਜਦੀ ਹੈ, ਓਥੇ ਆਲਸ, ਮੌਤ ਤੇ ਅਪੇਖਯਾ ਆਦਿ ਸ਼ਖ਼ਸੀ ਔਗੁਣ ਤੇ ਕੌਮੀ ਮੌਤ ਆਉਂਦੀ ਹੈ। ਬ੍ਰਾਹਮਣਾਂ ਦੇ ਨਿਰਗੁਣ ਬ੍ਰਹਮ ਦੀ ਫਿਲਾਸਫੀ ਦੇ ਚਿੰਤਨ ਕਰਕੇ ਹੀ ਬੁੱਧ ਦੇਵ ਦਾ ਧਯਾਨ ਇਸ ਮੁਲਕ ਵਿਚ ਨਾ ਠਹਿਰ ਸੱਕਿਆ, ਉਹ ਇਸ ਚੌਗਿਰਦੇ ਵਿਚ ਜੀ ਹੀ ਨਹੀਂ ਸਕਿਆ। ਈਸਾ ਤੇ ਉਹਦੇ ਹਵਾਰੀਆਂ ਨੇ ਪੈਲਸਟੀਨ ਵਿਚ ਜਾ ਪਨੀਰੀ ਗੱਡੀ ਤੇ ਯੂਰਪ ਵਿਚ ਥੋਹੜੇ ਚਿਰ ਲਈ ਉਹੋ ਬੁੱਧ ਦੇਵ ਦੀ ਸ਼ਖ਼ਸੀ ਭਗਤੀ ਵਾਲਾ ਰਸ ਸਿੰਜਰਿਆ ਤੇ ਇਟਲੀ ਦਾ ਆਰਟ ਉਪਜਿਆ; ਤੇ ਮੁੜ ਪੰਜਾਬ ਦੀ ਧਰਤੀ ਵਿਚ ਗੁਰੂ ਸਾਹਿਬਾਨ ਨੇ ਉਹੋ ਨਾਮ ਸਿਮਰਣ ਤੇ ਸ਼ਖ਼ਸੀ ਧਯਾਨ ਅਨੰਤ ਦੀ ਪਿਛੋਕੜ ਨੂੰ ਸਾਹਮਣੇ ਉਗਾ ਕਰਕੇ ਆਦਿ ਕੀਤਾ। ਇਸ ਅਨੰਤ ਦੀ ਪਿਛੋਕੜ ਨਾਲ ਸ਼ਖ਼ਸੀ ਧਯਾਨ ਅਨਤ ਨੂੰ ਸੰਭਾਲ ਸਕਦਾ ਹੈ, ਪਰ ਬ੍ਰਾਹਮਣਾਂ ਤੇ ਬ੍ਰਹਮ ਆਦਿ ਦੇ ਪੁਰਾਣੇ ਫਿਲਸਫੇ ਨੇ ਗੁਰੂ ਸਾਹਿਬਾਨ ਦੇ ਬਾਗ ਨੂੰ ਉੱਗਣ ਹੀ ਨਾ ਦਿੱਤਾ, ਕੁਛ ਦੇਸ ਦੇ ਰਾਜਿਆਂ ਨੇ ਸਿੱਖੀ ਨੂੰ ਮਾਰਿਆ ਤੇ ਅੰਦਰੋਂ ਬ੍ਰਾਹਮਣਾਂ ਦੇ ਸ਼ਾਸਤ੍ਰਾਂ ਨੇ ਜ਼ਹਿਰ ਦਿੱਤਾ। ਹੁਣ ਆਸ਼ਾ ਹੈ ਜੇ ਨਾਮ-ਲੇਵਾ ਜਾਪਾਨ (ਨਵੇਂ ਜਾਪਾਨ ਦੇ ਨਹੀਂ, ਓਥੇ ਵੀ ਹੁਣ ਉਹ ਗੱਲ ਪੱਛਮੀ ਮੁਲਕਗੀਰੀ ਤੇ ਡਾਲਰ ਪੂਜਾ ਦੇ ਖੌਹਰੇਪਨ ਨੇ ਸ਼ਾਯਦ ਗੁੰਮ ਕਰ ਦੇਣੀ ਹੈ) ਤੇ ਇਟਲੀ ਦੇ ਪੁਰਾਣੇ ਜੀਵਨ ਤੇ ਆਰਟ ਨੂੰ ਅਨੁਭਵ ਕਰਕੇ, ਉਸ ਥੀਂ ਮਗਰ ਸ਼ਾਯਦ ਗੁਰੂ ਸਾਹਿਬਾਨ ਦਾ ਸੱਜਰਾ ਤੇ ਨਵੇਂ ਜ਼ਮਾਨੇ ਦਾ ਕੁਦਰਤ ਦਾ ਆਰਟ ਤੇ ਮਜ਼੍ਹਬ ਸਮਝ ਸਕਣ ਤੇ ਹੋ ਸਕਦਾ ਹੈ, ਕਿ ਉਨ੍ਹਾਂ ਗੰਭੀਰ ਜੀਵਨ ਦੇ ਰਾਜ਼ਾਂ ਨੂੰ ਲੱਭ ਕੇ ਗੁਰੂ ਸਾਹਿਬਾਨ ਦੇ ਆਦਰਸ਼ ਦੁਨੀਆਂ ਨੂੰ ਦਸ ਸਕਣ। ਪਰ ਬੜੀ ਹੀ ਸਮੂਹਾਂ ਦੀਆਂ ਕੌਮਾਂ ਦੀ ਤਿਆਰੀ ਤੇ ਪਿਆਰ ਤੇ ਭਗਤੀ ਦੀ ਲੋੜ ਹੈ। ਅੱਕਲਾ ਦੁੱਕਲਾ ਜੇ ਸਮਝਿਆ ਵੀ ਤਦ ਕੀ ? ਗੁਰੂ ਸਾਹਿਬਾਨ ਦੇ ਆਦਰਸ਼ ਇਕ ਵਿਚ ਨਹੀਂ, ਸਮੂਹਾਂ ਵਿਚ ਖਿੜ ਸਕਦੇ ਹਨ। ਸ਼ਾਯਦ ਨਿਰੋਲ ਬੁੱਧ ਦੇ ਨਿਰਵਾਨ ਬ੍ਰਿਛ ਵਾਂਗ ਗੁਰਸਿੱਖੀ ਦਾ ਬ੍ਰਿਛ ਵੀ ਕਿਸੀ ਨਵੇਂ ਸਮੁੰਦਰ ਥੀਂ ਜੰਮੇ, ਮੁਲਕ ਵਿਚ ਕੋਈ ਟਾਹਣ ਫੁੱਲ ਲਿਆ ਕੇ ਮੁੜ ਦੁਨੀਆਂ ਨੂੰ ਨਿਹਾਲ ਕਰ ਸੱਕੇ।

ਏਸ਼ੀਆ ਦੇ ਆਰਟ ਅਥਵਾ ਰਸਿਕ ਕਿਰਤ ਦੇ ਵਿਕਾਸ ਲਈ ਜ਼ਰੂਰੀ ਹੈ, ਕਿ ਧਯਾਨ ਦੇ ਸਿਦਕ ਵਿਚ ਇਹ ਪੱਕਾ ਪ੍ਰਤੀਤ ਹੋਵੇ ਕਿ ਦੇਵੀ ਦੇਵਤਿਆਂ ਦੀ ਦੁਨੀਆਂ ਹੈ, ਬੁੱਧ ਦੇਵ ਜੀ ਦਾ ਸੁਰਗ ਜਿੱਥੇ ਬੁੱਧ ਆਦਿ ਜੁਗਾਦਿ ਰਹਿੰਦੇ ਹਨ, ਅਥਵਾ ਗੁਰੂ ਸਾਹਿਬਾਨ ਦਾ ਪਰਲੋਕ ਜਿੱਥੇ—

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤ ਅਨੂਪ ॥
ਤਾਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ ॥

Digitized by Panjab Digital Library | www.panjabdigilib.org

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ 36 ॥
ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨਾ ਕਥਨੇ ਜਾਹਿ ॥

ਮੁੜ ਉਹ ਸੋਹਣੇ ਧਯਾਨ ਸਿੱਧ ਹੋ ਸਾਡੇ ਦਿਲਾਂ ਦੇ ਅਕਾਸ਼ ਵਿਚ ਆਣ ਸਾਨੂੰ ਆਪਣੀ ਸੋਹਣੀਆਂ ਸੂਰਤਾਂ ਨਾਲ ਠੰਢ ਪਾਣ। "ਰਾਗ ਰਤਨ ਪਰਵਾਰ ਪਰੀਆਂ ਸਬਦ ਗਾਵਣ ਆਈਆਂ" ਤੇ ਉਨ੍ਹਾਂ ਦੇ ਰੂਪ, ਰਾਗ, ਰੰਗ ਸਾਡੀ ਸੁਰਤਿ ਨੂੰ ਭਰਨ ਸਾਡੀ ਸੁਰਿਤ ਉਹ ਰੂਪ ਦੇ ਸਮੁੰਦਰਾਂ ਨੂੰ ਆਪਣੇ ਅੰਦਰ ਸਮਾਵੇ, ਸਦੀਆਂ ਤਕ ਇਹ ਵਾਕਫੀਅਤ ਪੂਰਣ ਹੋਵੇ, ਤੇ ਫੁਟ ਫੁਟ ਕੇ ਪਦਮ ਦੇ ਫੁੱਲਾਂ ਵਾਂਗ ਫਿਰ ਉਹ ਖੁਸ਼ੀ, ਰਸ ਤੇ ਧਯਾਨ ਮੂਰਤਾਂ ਸਾਡੇ ਅੰਦਰੋਂ ਬਾਹਰ ਆ ਕੇ ਸਾਡੇ ਰਹਿਣ ਵਾਲੇ ਸਥਾਨਾਂ ਮੁਲਕਾਂ ਨੂੰ ਅਨੇਕ ਰੂਪਾਂ ਦੇ ਸਿੰਗਾਰ ਨਾਲ ਸਿੰਗਾਰਣ। ਇਨ੍ਹਾਂ ਦਰਸ਼ਨਾਂ, ਸਪਾਧੀਆਂ, ਰਸਾਂ ਨਾਲ ਸਾਡੀ ਹੱਡੀ ਮਾਸ ਮਿੱਝ ਧਯਾਨ ਵਿਚ ਵੱਸੇ, ਰੂਪ ਨਾਮ ਰਸ ਗੰਧ ਸਪਰਸ਼ ਦੇ ਓੜਕ ਦਿਵਯ ਸੁਖਾਂ ਨਾਲ ਦਿਵਯ ਹੋ ਵੰਝੇ, ਦਿਲ ਦੀ ਵਸਤੀ ਵੱਸੇ। ਪਰੀਆਂ ਦੇਵੀ ਦੇਵਤਿਆਂ ਦੀ ਚਹਿਲ ਬਹਿਲ ਹੋਵੇ, ਇਉ ਅੰਦਰ ਸਮਾਧੀ ਦਾ ਜੀਵਨ, ਚੁੱਪ, ਰਸਿਕ ਕਿਰਤ ਦੀ ਖੇਡ ਸਦੀਆਂ ਤਕ ਸਾਨੂੰ ਲੁਕਾਈਆਂ ਡੋਡੀਆਂ ਵਾਂਗ ਜੋਬਨ ਦਾ ਰੰਗ ਦੇਕੇ ਇਕ ਬਸੰਤ ਦੇ ਦਿਨ ਸਾਨੂੰ ਖਿੜੇ ਕੰਵਲਾਂ ਵਾਂਗ, ਗੁਲਾਬਾਂ ਵਾਂਗ ਬਾਹਰ ਕੱਢੇ। ਇਹ ਪਤਾ ਨਹੀਂ ਕਿ ਉਹ ਬਾਹਰ ਨਿਕਲਣਾ ਹੈ ਕਿ ਹੋਰ ਅੰਤਰੀਵ ਵਿਚ ਜਾ ਕੇ ਰੱਬ ਨਾਲ ਇਕ ਹੋਣਾ ਹੈ। ਗੁਲਾਬ ਦਾ ਖਿੜਿਆ ਫੁੱਲ ਤਾਂ ਮੰਜ਼ਲ ਮਕਸੂਦ ਤੇ ਪਹੁੰਚ ਗਿਆ, ਪਰ ਬਣਾਂ ਨੂੰ, ਬਾਗਾਂ ਨੂੰ, ਪਰਬਤਾਂ ਨੂੰ ਦਰਿਆਵਾਂ ਨੂੰ, ਧਰਤਿ ਨੂੰ, ਅਕਾਸ਼ ਨੂੰ, ਇਨ੍ਹਾਂ ਸਮੂਹਾਂ ਨੂੰ ਤਾਂ ਆਦਮੀਆਂ ਧਯਾਨ ਸਥਿਤ ਰਸਿਕ ਨੇ ਪਹੁੰਚਾਣਾ ਹੈ ; ਤੇ ਤੀਸਰੀ ਗੱਲ ਇਹ ਹੈ, ਕਿ ਸ਼ਰੀਰ ਤੇ ਸ਼ਰੀਰਕ ਜੀਵਨ ਨੂੰ ਸੁੱਚਾ, ਸੱਚਾ, ਸੁਥਰਾ, ਸੋਹਣਾ ਬਨਾਣ ਲਈ ਅੰਦਰ ਇਕ ਬੇਚੈਨੀ ਹੋਵੇ ਕਿ ਸ਼ਹਿਰ ਸਾਡੇ ਹਰੀ ਮੰਦਰ ਹੋਣ, ਬਣ ਸਾਡੇ ਨੰਦਨ ਬਾਗ ਹੋਣ, ਪਰਬਤ ਸਾਡੇ ਭਰਾ ਹੋਣ ਤੇ ਰਾਹ ਸਾਡੇ ਪਿਆਰੇ ਦੇ ਦੇਸ਼ ਅਥਵਾ ਨਿਰਵਾਨ ਸੁਖ ਨੂੰ ਲੈ ਜਾਣ ਵਾਲੇ ਹੋਣ।

'ਇਹ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ' ॥

'ਕੁਦਰਤਿ ਦਿਸੈ ਕੁਦਰਤਿ ਸੁਣੀਐ
ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ
ਕੁਦਰਤਿ ਸਰਬ ਆਕਾਰੁ ॥

Digitized by Panjab Digital Library | www.panjabdigilib.org

ਕੁਦਰਤਿ ਵੇਦ ਪੁਰਾਣ ਕਤੇਬਾ
ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ
ਕੁਦਰਤਿ ਸਰਬ ਪਿਆਰੁ" ॥

ਸਾਡੇ ਅੰਦਰ ਨਾਜ਼ਕ ਖਿਯਾਲੀ ਹੋਵੇ ਜਿਹੜੀ ਕਿਸੀ ਕਿਸਮ ਦੀ ਮੈਲ, ਮੰਦਪੁਣਾ, ਕਰੂਪਤਾ, ਕੋਝ ਸਹਾਰ ਨਾ ਸੱਕੇ। ਇਮਾਰਤ ਭੱਦੀ ਜੇਹੀ, ਭੈੜੀ ਜਿਹੀ ਬਣਾ ਨਾ ਸੱਕੇ, ਗਲੀ ਗੰਦੀ ਹੋ ਨਾ ਸੱਕੇ, ਅੰਦਰ ਗੰਦ ਮੰਦ ਨਾ ਹੋਵੇ, ਬਾਹਰ ਨਾ ਹੋਵੇ, ਸਰਲਤਾ ਅੰਦਰ, ਸਾਦਗੀ ਬਾਹਰ, ਨਿਰੀ ਆਪਣੇ ਸਰੀਰ ਦੀ ਪੋਚਾ ਪਾਚੀ ਨਾ ਹੋਵੇ, ਸ਼ਹਿਰ ਦਾ ਸਰੀਰ ਭੀ ਸੋਹਣਾ ਚਮਕੇ ਲਕੀਰ ਕੋਈ ਵਾਹੀ ਨਾ ਜਾਵੇ, ਜਿਹੜੀ ਉਸ ਪਿਆਰੇ ਵਲ ਨਾ ਜਾਵੇ। ਸਾਡੀ ਜਾਤੀ ਦੇ ਤੀਰਥ ਵੇਖੋ ਤਦ ਉਹ ਗੰਦੇ, ਸ਼ਹਿਰ ਗੰਦੇ, ਘਰ ਗੰਦੇ, ਸੁਭਾਉ ਗੰਦੇ, ਰਹਿਣ ਬਹਿਣ ਹੈਵਾਨਾਂ ਵਾਲਾ ਤੇ ਓਥੇ **ਆਰਟ** ਕਿਸ ਤਰ੍ਹਾਂ ਆ ਸਕਦਾ ਹੈ ?

**ਆਰਟ** ਜੀਵਨ ਦਾ ਬੇਚੈਨ ਬਿਹਬਲ ਜਿਹਾ, ਭੈੜੀ ਛੋਹ ਕੋਈ ਸਹਿ ਨਾ ਸੱਕਣ ਵਾਲਾ ਕਰਤਾਰੀ ਉਪਜਾਊ ਸੁਭਾਉ ਹੈ। ਪਰ ਜਿਥੇ ਜੀਵਨ ਥੀਂ ਹੀ ਅਪੇਖਯਾ ਸਿਖਾਈ ਜਾਏ, ਸ਼ਕਤੀ ਮੌਤ ਦਾ ਨਾਮ ਹੋਵੇ, ਸੋਹਣਾ ਹੀ ਕੋਈ ਨਾ ਹੋਵੇ, ਰੱਬ ਵੀ ਇਕ ਸ਼ੇਸ਼ ਸੂਨਯ ਹੋਵੇ, ਓਥੇ ਜੀਵਨ ਦੀ ਇਹ ਕ੍ਰਿਯਾ ਅਸਲ ਵਿਚ ਆ ਨਹੀਂ ਸੱਕਦੀ। ਜੇ ਆਵੇ ਤਦ ਕੋਈ ਸੁਹੱਪਣ ਨੂੰ ਨਹੀਂ ਉਪਜਾ ਸਕਦੀ, ਏਸ਼ੀਆ ਦਾ ਆਰਟ ਬੁੱਧ ਦੇਵ ਦੇ ਸਾਏ ਹੇਠ ਪਲਿਆ, ਵੱਡਾ ਹੋਯਾ ਤੇ ਜੀ ਰਿਹਾ ਹੈ। ਤਿੱਬਤ ਤੇ ਚੀਨ ਵਿਚ ਤਾਂ **ਆਰਟ** ਹੋਵੇ ਥੋੜ੍ਹਾ ਜਿਹਾ, ਤਿੱਬਤ ਦੇ ਆਸਰੇ ਕਸ਼ਮੀਰ ਵਿਚ ਵੀ ਹੋਵੇ ਪਰ ਹਿੰਦੁਸਤਾਨ ਵਿਚ ਕੋਈ ਰੂਪ ਨਾ ਘੜਨ ਹੋਣ, ਤੇ ਜੇ ਮਥਰਾ ਦੇ ਮੰਦਰਾਂ ਵਿਚ ਕ੍ਰਿਸ਼ਨ ਦੀ ਪੂਜਾ ਵੀ ਹੋਵੇ ਤਾਂ ਕੋਈ ਸੋਹਣੇ ਬੁੱਤ ਨਾ ਤ੍ਰਾਸ਼ੇ ਜਾਣ, ਭੈੜੇ ਜਿਹੇ ਕਾਲੇ ਜਿਹੇ ਭੱਦੇ ਜਿਹੇ ਜਰਮਨੀ ਦੇ ਬਣੇ ਚਿਤ੍ਰ ਤੇ ਪੱਥਰ ਦੀਆਂ ਮੂਰਤੀਆਂ ਸਾਡੇ ਦੇਵੀ ਦੇਵਤੇ ਹੋਣ, ਇਹ ਸਭ ਕੁਛ ਦੱਸਦਾ ਹੈ ਕਿ ਸਾਡੀ ਸੁਰਤਿ ਧਿਆਨ ਰਸ ਥੀਂ ਖਾਲੀ ਹੈ, ਸ਼ਖ਼ਸੀ ਪੂਜਾ ਥੀਂ ਵਾਂਜੀ ਹੋਈ ਹੈ, ਸਾਨੂੰ ਉੱਕੇ ਆਰਟ ਆਦਰਸ਼ ਦਿਸ ਹੀ ਕਿਸ ਤਰ੍ਹਾਂ ਸਕਦੇ ਹਨ? ਤੇ ਬੁੱਧ ਮਤ ਜੈਸੇ ਆਰਟਿਸਟਕ ਪਿਆਰ ਸਾਡੀ ਵਰਤਨ ਵਿਚ ਕਿਸ ਤਰ੍ਹਾਂ ਆ ਸੱਕਦੇ ਹਨ ? ਤੇ ਜੇ ਕੁਛ ਸੀ ਕਦੀ ਤਦ ਓਹ ਹੋ ਚੁੱਕੀ ਕੋਈ ਸ਼ਾਨ ਸੀ :—

**ਉਕਾਕੂਰਾ*** ਲਿਖਦਾ ਹੈ, ਅਸ਼ੋਕ ਦੀ ਉੱਚੀ ਸ਼ਾਨ ਤੇ ਪਾਦਸ਼ਾਹੀ ਜੋ ਏਸ਼ੀਆ ਦੇ ਬਾਦਸ਼ਾਹਾਂ ਦਾ ਇਕ ਆਦਰਸ਼ ਨਮੂਨਾ ਹੈ, ਜਿਹਦੇ ਅਹਕਾਮ **ਐਨਟੀਆਕ ਤੇ ਐਲਗਜ਼ੰਡ੍ਰਾ** ਦੇ ਮਹਾਰਾਜਿਆਂ ਥੀਂ ਆਪਣੀ ਈਨ ਮਨਾਉਂਦੇ ਸਨ, ਅਜ ਤਕਰੀਬਨ ਅਸੀ ਭਾਰਹੂਤ ਤੇ ਬੁੱਧ ਗਯਾ ਦੇ ਕਿਰ ਕਿਰ ਕਰਦੇ ਪੱਥਰਾਂ ਵਿਚ ਭੁੱਲ ਚੱਕੇ ਹਾਂ। ਵਿਕ੍ਰਮਾਦਿਤ ਦਾ ਜਵਾਹਰਾਤ ਨਾਲ ਸਜਿਆ ਦਰਬਾਰ ਬਸ ਇਕ ਗੁੰਮ ਗਿਆ ਸੁਫਨਾ ਹੈ, ਐਸਾ ਗੁੰਮਿਆਂ ਹੈ ਕਿ ਕਾਲੀਦਾਸ ਦਾ ਕਾਵਯ ਭੀ ਚੇਤੇ ਨਹੀਂ ਕਰਾ ਸੱਕਦਾ—ਤੇ ਅਸੀ ਜਾਤਾਂ ਦੀਆਂ ਮੁਸੀਆਂ ਦੀਵਾਰਾਂ ਵਿਚ ਇਕ ਗੁਜ਼ਰ ਗਈ ਸ਼ਾਨ ਨੂੰ ਟੋਲਦੇ ਹਾਂ

* ਉਕਾ ਕੁਰਾ ਲੇਖਕ 'Ideals of the East."

Digitized by Panjab Digital Library | www.panjabdigilib.org

ਯਾ ਇਲੋਰਾ ਦੇ ਦੁਖਿਤ ਬੁੱਤਾਂ ਵਿਚ, ਯਾ ਪਹਾੜਾਂ ਵਿਚ ਉੱਕਰੇ ਔੜੀਸਾ ਦੇ ਚਿਤ੍ਰਾਂ ਦੀਆਂ ਚੁਪ ਆਹਾਂ ਵਿਚ, ਤੇ ਯਾ ਹਵਸ ਨਾਲ ਅਸੀ ਪੁਰਾਣੇ **ਆਰਟ** ਨੂੰ ਹਿੰਦੁਸਤਾਨ ਦੇ ਇਕ ਸੋਹਣੇ ਘਰੋਗੀ ਜੀਵਣ ਵਿਚ ਚਮਕਦੇ ਬਰਤਨਾਂ ਦੇ ਰੂਪਾਂ ਵਿਚ ਜਿਨ੍ਹਾਂ ਵਿਚ ਸੁਹੱਪਣ ਉਦਾਸੀਨ ਵੈਰਾਗੀ ਹੋ ਕੇ ਮਜ਼੍ਹਬ ਨਾਲ ਆਲਿੰਗਣ ਕਰ ਰਹੀ ਹੈ, ਵੇਖਦੇ ਹਾਂ।'

ਕੁਛ ਬਾਕੀ ਨਹੀਂ ਰਿਹਾ। ਬ੍ਰਾਹਮਣਾਂ ਨੇ ਅੰਦਰੋਂ ਧਿੱਕਾ ਦਿੱਤਾ ਤੇ ਬਾਹਰ ਵੀ ਆਏ ਵੰਡਾਲਾਂ ਨੇ ਸਾਨੂੰ ਬਾਹਰੋਂ ਮਾਰਿਆ, ਇਸ ਪਛੋਕੜ ਨੂੰ ਕਾਇਮ ਕਰਦੇ ਹੋਏ ਏਸ਼ੀਆਂ ਦੇ ਆਰਟ ਨੂੰ ਉਕਾਕੁਰਾ ਸੋਹਣੇ ਅੱਖਰਾਂ ਵਿਚ ਇਉਂ ਦੱਸਦਾ ਹੈ :—

"**ਆਰਟ** ਇਉਂ ਮਜ਼੍ਹਬ ਦਾ ਇਕ ਘੜੀ ਦੀ ਘੜੀ ਦਾ ਸਾਹ ਲੈਣਾ ਹੈ, ਯਾ ਉਹ ਖਿਣ ਹੈ ਜਿਸ ਵਿਚ ਪ੍ਰੀਤ ਅੱਧੀ ਬੇਹੋਸ਼ ਜਿਹੀ ਅਨੰਤ ਦੇ ਭਾਲ ਦੀ ਯਾਤ੍ਰਾ ਵਿਚ ਜਾਂਦੀ ਠਹਿਰ ਜਾਂਦੀ ਹੈ ਤੇ ਬੜੀ ਮਾਮਤਾ ਨਾਲ ਮੁਕ ਚੁਕੇ ਪਿਛੇ ਨੂੰ ਵੇਖਦੀ ਹੈ ਤੇ ਧੁੰਧਲੇ ਜਿਹੇ ਅਗੇ ਨੂੰ ਲੋਚਦੀ ਹੈ, ਦਿੱਸਣ ਵਾਲੇ ਦਿਸਦੇ—ਕਿਸੇ ਅਣਖੁਲ੍ਹੇ ਜਿਹੇ ਰਾਜ਼ ਦੇ ਇਸ਼ਾਰੇ ਮਾਤ੍ਰ ਦਾ ਸੁਫਨਾ ਇਸ ਥੀਂ ਵਧ ਕੋਈ ਠੋਸ ਚੀਜ਼ ਨਾਂਹ, ਪਰ ਰੂਹ ਦੇ ਹੋਣ ਦਾ ਪੂਰਾ ਇਸ਼ਾਰਾ, ਇਸ ਉੱਚੇ ਸੱਚ ਦੀ ਉੱਤਮਤਾ ਥੀਂ ਘਟ ਨਾਂਹ।'

ਫਿਰ ਆਪ ਜੋਸ਼ ਵਿਚ ਆਏ ਲਿਖਦੇ ਹਨ—

'ਕੁਦਰਤ ਤੇ ਉਹ ਕਾਵਯ ਟੁਕੜੇ ਜਿਥੇ ਉਹ ਆਪਣਾ 'ਆਤਮ-ਸੁਹੱਪਣ' ਰਾਗ ਗਾਂਦੀ ਹੈ, ਕਾਲੇ ਬੱਦਲ ਵਿਚ ਸੁਤੇ ਬਿਜਲੀ ਦੇ ਸ਼ਰਾਰੇ , ਦਿਉਦਾਰਾਂ ਤੇ ਚੀਲਾਂ ਦੇ ਜੰਗਲਾਂ ਦੀ ਬਲਵਾਨ ਚੁੱਪ, ਤਲਵਾਰ ਦੀ ਉਹਨਾਂ ਕੰਪਾਯਮਾਨ ਸਤੋਗੁਣਤਾ, ਕਾਲੇ ਪਏ ਪਾਣੀਆਂ ਵਿਚ ਉੱਠਦੇ ਕੰਵਲ ਫੁੱਲ ਦੀ ਉਹ ਪ੍ਰਿਭਜੋਤ ਪਵਿਤ੍ਰਤਾ, ਉਹ ਪਦਮ ਦੇ ਫੁੱਲਾਂ ਦਾ ਤਾਰਿਆਂ ਵਾਲਾ ਸਵਾਸ, ਕੰਵਾਰੀ ਕੰਨਯਾ ਦੇ ਕੰਵਾਰੀ ਪੋਸ਼ਾਕਾਂ ਉੱਪਰ ਉਹ ਪੁੰਨਯ ਪਿਛੇ ਜਾਨ ਦੇਣ ਵਾਲੀ ਬਹਾਦੁਰੀ ਦੇ ਬੇਗੁਨਾਹ ਖ਼ੂਨ ਦੇ ਦਾਗ, ਵੀਰ ਵਰਿਯਾਮ ਪੁਰਸ਼ ਦੇ ਆਪਣੀ ਬੁਢੀ ਉਮਰ ਵਿਚ ਕੇਰੇ ਅੱਥਰੂ ਜੰਗ ਦੇ ਮਿਲਵੇਂ ਦਰਦ ਤੇ ਡਰ, ਕਿਸੀ ਵੱਡੀ ਸ਼ਾਨ ਦੀ ਢਹਿਣ ਵੇਲੇ ਦੀ ਫਿਕੀ ਪੈਂਦੀ ਰੋਸ਼ਨੀ—ਇਹ ਸਭ **ਆਰਟਿਸਟ** ਦੀ ਸੁਰਤਿ ਦੇ ਚਿੰਨ੍ਹ ਤੇ ਅੰਦਾਜ਼ ਹਨ, ਜਿਨ੍ਹਾਂ ਵਿਚ ਰਸਿਕ ਕਰਤਾਰ ਦੀ ਸੁਰਤਿ ਪਹਿਲਾਂ ਚੁੱਭੀ ਮਾਰ ਕੇ ਫਿਰ ਉੱਪਰ ਆਉਂਦੀ ਹੈ ਤੇ ਆਪਣੇ ਦਰਸ਼ਨ ਕਰਾਣ ਵਾਲੇ ਹੱਥਾਂ ਨਾਲ ਉਸ ਪਰਦੇ ਨੂੰ ਪਰੇ ਕਰਦੀ ਹੈ, ਜਿਸ ਪਰਦੇ ਵਿਚ ਜਗਤ ਦਾ ਰੂਹ ਛੁਪਿਆ ਹੋਇਆ ਹੈ।'

******

Digitized by Panjab Digital Library | www.panjabdigilib.org

# ਵਤਨ ਦਾ ਪਿਆਰ

ਕਿਸੀ ਕਿਸਮ ਦਾ ਕੋਈ ਪਿਆਰ ਜੀਵਨ ਸਦਾ ਸਥਾਈ ਭਾਵ ਨਹੀਂ ਹੋ ਸਕਦਾ, ਜਦ ਤਕ ਆਦਮੀ ਜੀਵਨ ਦੀਆਂ ਡੂੰਘੀਆਂ ਤੈਹਾਂ ਦਾ ਨਿਵਾਸੀ ਨਾ ਹੋਵੇ। ਸਤਹ ਉੱਪਰ ਹਾਸਾ ਖੇਡ ਕਰਨ ਵਾਲੇ ਤੇ ਪਸ਼ੂਆਂ ਵਾਂਗ ਆਪਣਾ ਜੀਵਨ ਆਪਣੀ ਪੇਟ ਪੂਜਾ ਤੇ ਆਪਣੇ ਸਵਾਦ ਖਾਤਰ ਦੂਜਿਆਂ ਨੂੰ ਤੰਗ ਕਰਨ ਵਾਲੇ ਸਤਾਣ ਵਾਲੇ ਤਾਂ ਉਸ **ਮਰਮੀ ਦਰਦ** ਦਾ ਜਿਹੜਾ ਜੀਵਨ ਦੀ ਸਭ ਥੀਂ ਡੂੰਘਾ ਤੈਹ ਵਿਚ ਹੈ, ਹਾਂ ਉਸ **ਜੀ-ਪੀੜਾ** ਦਾ ਸੁਖ ਲੈ ਨਹੀਂ ਸਕਦੇ। ਤੇ ਜਦ ਤਕ ਜੀਵਨ ਦੇ ਦਰਦ ਤਕ ਕੋਈ ਬੰਦਾ ਨਾ ਅੱਪੜੇ, ਉਹ ਕੋਈ ਆਦਰਸ਼ ਕਾਇਮ ਨਹੀਂ ਕਰ ਸਕਦਾ, ਨਾ ਆਪਣੇ ਅਮਲ ਸਿੱਧੇ ਕਰ ਸਕਦਾ ਹੈ, ਨਾ ਪਿਆਰ ਤੇ ਰਸ ਨੂੰ ਮਾਣ ਸਕਦਾ ਹੈ।

ਵਤਨ ਦੇ ਪਿਆਰ ਦਾ ਮੁਢ ਆਪਣੇ **ਘਰ**, ਮਾਂ, ਭੈਣ, ਤੇ ਆਪਣੇ ਬੱਚਿਆ ਦਾ ਗੂਹੜਾ, ਸਾਦਾ, ਪਰ ਅਸਗਾਹ ਜਿਹਾ ਖਸਮਾਨਾ ਹੈ। ਇਸ ਮੁੱਢ ਥੀਂ ਵਤਨ ਦੇ ਪਿਆਰ ਦਾ ਬ੍ਰਿਛ ਉਪਜਦਾ ਹੈ, ਜੇ ਜੜ੍ਹ ਹੀ ਨਾ ਹੋਵੇ ਉਥੇ ਜ਼ਿੰਦਗੀ ਦਾ ਫੈਲਾਓ ਕਿਸ ਤਰ੍ਹਾਂ ਹੋ ਸਕਦਾ ਹੈ ? ਤੇ ਘਰ ਦਾ ਡੂੰਘਾ ਪਿਆਰ ਉਨ੍ਹਾਂ ਲੋਕਾਂ ਵਿਚ ਪੈ ਨਹੀਂ ਸੱਕਦਾ, ਜਿਨ੍ਹਾਂ ਨੇ ਇਹ ਵਿਦਯਾ ਪੜ੍ਹੀ ਹੋਵੇ, ਕਿ ਪੰਜ ਇੰਦ੍ਰੀਆਂ ਦਾ ਜੀਵਨ ਹੀ ਇਕ ਦੁੱਖ ਰੂਪ ਹੈ, ਘਰ ਦਾ ਤਿਆਗ ਹੀ ਆਦਰਸ਼ ਹੈ ਤੇ ਇਸ ਦੁੱਖ ਦੀ ਨਿਵਿਰਤੀ ਵਿਚ ਹੀ ਕਲਿਆਣ ਹੈ। ਜਿਹੜੇ ਇਸ ਤਰ੍ਹਾਂ ਦੀ ਫਿਲਾਸਫੀ ਦੇ ਸਿਖਾਏ ਮਜ਼ਬ ਦੇ ਅੱਡੇ ਚੜ੍ਹੇ ਉਨ੍ਹਾਂ ਨੂੰ ਘਰ ਦਾ ਮੋਹ, ਬਾਲ ਬੱਚੇ ਦਾ ਪਿਆਰ, ਮਾਂ ਭੈਣ, ਇਸਤ੍ਰੀ ਦਾ ਸਤਕਾਰ ਪਾਪ ਜਿਹੇ ਭਾਸਦੇ ਹਨ, ਹਿੰਦੁਸਤਾਨ ਦੇ ਸੰਨਯਾਸੀ ਤੇ ਸਾਧ ਵੈਰਾਗਯ ਤਿਆਗ ਦੀ ਤਾਲੀਮ ਦਿੰਦੇ ਇਸਤ੍ਰੀ ਜਾਤੀ ਨੂੰ ਤ੍ਰਿਸਕਾਰ ਕਰਦੇ ਅਰ ਸਿਖਾਂਦੇ ਆਏ, ਇਥੋਂ ਤਕ ਇਹ ਨਫਰਤ ਫੈਲੀ, ਕਿ ਗੁਰੂ ਨਾਨਕ ਸਾਹਿਬ ਜੀ ਨੂੰ ਇਸ ਦੇ ਬਰਖਿਲਾਫ ਜੰਗ ਕਰਨਾ ਪਿਆ। ਸਾਹਿਬ ਫਰਮਾਂਦੇ ਹਨ—'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡਿ ਮੁਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।'

ਘਰ ਦਾ ਜੀਵਨ ਤੇ ਵਤਨ ਦਾ ਪਿਆਰ ਇਸਤ੍ਰੀ ਜਾਤੀ ਦੇ ਬੇਹਦ ਸਤਕਾਰ ਤੇ ਪਿਆਰ ਬਿਨਾ ਜੀਂਦਾ ਨਹੀਂ ਹੋ ਸਕਦਾ।



Digitized by Panjab Digital Library | www.panjabdigilib.org

ਜਦ ਤਕ ਮਾਂ ਭੈਣ ਤੇ ਇਸਤ੍ਰੀ ਤੇ ਉਨ੍ਹਾਂ ਦੇ ਚੇ ਘਰ ਦੇ ਜੀਵਨ ਦਾ ਤੀਬਰ ਪਿਆਰ ਨਾ ਹੋਵੇ, ਵਤਨ ਦਾ ਪਿਆਰ ਸਥਿਰ ਹੋ ਨਹੀਂ ਸਕਦਾ। ਇ ਪਾਸੇ ਤਾਂ ਜੰਗ ਜਦਲ, ਲਾਲਚ ਤੇ ਮੁਲਕਗੀਰੀ ਦੇ ਅਤਿਆਚਾਰ ਕਰਨ ਦੇ ਸ਼ੌਕ ਵਿਚ ਕੀਤੇ ਜਾਂਦੇ ਹਨ। ਲਖਾਂ ਦੇ ਖ਼ੂਨ ਹੁੰਦੇ ਹਨ, ਜ਼ਾਲਮ ਜਰਵਾਣੇ ਜ਼ੁਲਮ ਤੇ ਜਬਰ ਕਰਦੇ ਹਨ, ਉਨ੍ਹਾਂ ਦਾ ਵੱਡਾ ਅਹੰਕਾਰ ਇੰਨਾ ਹੁੰਦਾ ਹੈ, ਕਿ ਅਨੇਕ ਪਾਪ ਕਰਕੇ ਵੀ ਅਨੇਕ ਜ਼ੁਲਮ ਕਰਕੇ ਵੀ ਨਹੀਂ ਥਕਦਾ, ਇਸ ਵਾਸਤੇ ਕੁਛ ਮਨੁੱਖਾਂ ਦੇ ਸਮੂਹ ਇਸ ਕਰਕੇ ਗੋਲ ਇੱਕਠੇ ਹੋ ਜਾਂਦੇ ਹਨ ਕਿ ਇੱਕਠੇ ਮਿਲ ਕੇ ਮਾਰੀਏ ਤੇ ਖਾਈਏ। ਇਹ ਤਾਂ ਬਘਿਆੜਾਂ ਦਾ ਗੋਲ ਹੋਯਾ, ਉਨ੍ਹਾਂ ਦਾ ਆਪੇ ਵਿਚ ਇੱਕਠਾ ਹੋ ਜਾਣਾ ਇਕ ਹੈਵਾਨੀ ਪੇਸ਼ਾ ਹੋਯਾ। ਇਹੋ ਜਿਹਿਆਂ ਜਰਵਾਣਿਆਂ ਦੀਆਂ ਕੌਮਾਂ ਦਾ ਆਪੋ ਵਿਚ ਸੁਲਹ ਕਰਨੀ ਤੇ ਏਕਤਾ ਕਰਨੀ ਕਿਸੀ ਤਰ੍ਹਾਂ ਸੋਹਣੀ ਚੀਜ਼ ਨਹੀਂ ਹੈ, ਭਾਵ ਉੱਪਰ ਆਖਰ ਨਿਬੇੜੇ ਹਨ। ਪਰ ਜੇ ਬਘਿਆੜਾਂ ਦੇ ਸਾਹਮਣੇ ਨਿਰਬਲ ਮਾਂ, ਭੈਣ, ਇਸਤ੍ਰੀ, ਬੱਚੇ ਖਤਰੇ ਵਿਚ ਹੋਣ ਤੇ ਉਸ ਵੇਲੇ ਵੇਦਾਂਤ ਦੀਆਂ ਗਿਆਨ ਅੱਖਾਂ ਖੋਹਲ ਕੇ ਅੱਖ ਮੀਟ ਲੈਣੀ ਕਿ ਇਹ ਸਭ ਮਿਥਯਾ ਹੈ, ਯਾ ਕਿਸੇ ਉਚੇ ਖਿਆਲ ਦੀ ਬਾਲ ਦੀ ਖਾਲ ਲਾਹਕੇ ਕਹਿਣਾ ਕਿ ਭਾਈ ਹੱਥ ਨਹੀਂ ਉਠਾਣਾ, ਆਪ ਮਰ ਜਾਓ ਇਨ੍ਹਾਂ ਮਸੂਮ ਜ਼ਿੰਦਗੀਆਂ ਨੂੰ ਮਾਰ ਦਿਓ ਪਰ ਬਘਿਆੜਾਂ ਦੇ ਗੋਲ ਉੱਪਰ ਹੱਥ ਨਹੀਂ ਉਠਾਣਾ ਹੈ, ਇਹ ਨਿਰੋਲ ਤੇ ਸੋਲਾਂ ਆਨੇ ਕਾਇਰਤਾ ਹੈ। ਜਿਸਤਰ੍ਹਾਂ ਮੁਲਕਗੀਰੀ ਤੇ ਮਾਸ ਖਾਣ ਦਾ ਲਾਲਚ ਬਘਿਆੜਾਂ ਨੂੰ ਇੱਕਠਾ ਕਰਦਾ ਹੈ, ਉਸੀ ਤਰ੍ਹਾਂ ਇਹੋ ਜਿਹੇ ਬਿਪਤਾ ਦੇ ਵੇਲੇ ਮਨੁੱਖਾਂ ਦੇ ਸਮੂਹਾਂ ਨੂੰ ਆਪਣੇ ਵਤਨ ਦਾ ਪਿਆਰ ਇਕਮੁਠ ਕਰ ਦਿੰਦਾ ਹੈ ਤੇ ਜਿਹੜਾ ਕੰਮ ਇਕ ਨਹੀਂ ਕਰ ਸਕਦਾ, ਉਹ ਸਭ ਮਿਲ ਕੇ ਸਾਧ ਲੈਂਦੇ ਹਨ। ਜਿਸ ਤਰ੍ਹਾਂ ਉਨ੍ਹਾਂ ਬਘਿਆੜਾਂ ਨੂੰ ਚਲਾਣ ਵਾਲੀ ਨਿਰੋਲ ਇਕ ਮਨੁੱਖੀ ਅਣਖ ਹੈ, ਜੋ ਆਪਣੇ ਬੇ ਆਸਰੇ ਪਰੀਵਾਰ ਨੂੰ ਆਸਰਾ ਦਿੰਦੀ ਹੈ ਤੇ ਉਨ੍ਹਾਂ ਦੇ ਡੂੰਘੇ ਪਿਆਰ ਵਿਚ ਤੇ ਇਕ ਆਹਲਾ ਜੋਸ਼ ਵਿਚ ਆਪਣੀ ਜਾਨ ਉੱਪਰ ਖੇਡ ਜਾਂਦੀ ਹੈ। ਇਉਂ ਜਾਨ ਦੇ ਦੇਣਾ ਜਾਨ ਦੀ ਸਭ ਥੀਂ ਵੱਡੀ ਰੱਛਾ ਹੈ।

ਪਰ ਕੀ ਜ਼ੁਲਮ ਕਰਨ ਦੀ ਭੁੱਖ ਵਾਸਤੇ ਜ਼ਾਲਮਾਂ ਦਾ ਇੱਕਠਾ ਹੋ ਦੂਜਿਆਂ ਦੇ ਮੁਲਕ ਤੇ ਘਰ ਸਾਂਭਣ ਤੇ ਲੁੱਟਣ ਦੇ ਰਾਜਸੀ ਇੱਕਠ, ਤੇ ਕੀ ਅੱਗੋਂ ਵਤਨ ਉੱਪਰ ਪਰਵਾਨੇ ਵਾਂਗ ਸ਼ਹੀਦ ਹੋ ਜਾਣ ਵਾਲੇ ਪਿਆਰ ਦੇ ਕੁੱਠੇ ਲੋਕੀ-ਦੋਵੇਂ ਤਦ ਹੀ ਮੁਮਕਿਨ ਹਨ—ਜਦ ਜੀਵਨ ਦੀਆਂ ਤੈਹਾਂ ਵਿਚ ਦੁਖ, ਦਰਦ ਦੀ ਅਸਲੀਅਤ ਵਿਚ ਕੋਈ ਰਹਿੰਦਾ ਹੋਵੇ, ਇਨ੍ਹਾਂ ਜ਼ਾਲਮਾਂ ਦੀਆਂ ਕੜੀਆਂ ਚਟਾਨ ਵਰਗੀਆਂ ਸੁਰਤਾਂ ਵੀ ਖੰਡਾ ਪਕੜਕੇ ਬੜੇ ਵਿਕਾਸ਼ ਵਿਚ ਆਉਂਦੀਆਂ ਹਨ, ਜੀਵਨ ਖੇਤ ਵਿਚ ਇਕ ਤਰ੍ਹਾਂ ਦੀ ਖੇਡ ਕਰਦੀਆਂ ਹਨ, ਦੁਖ ਸਹਿੰਦੀਆਂ ਹਨ, ਮੌਤ ਝਾਗਦੀਆਂ ਹਨ, ਸਭ ਕੁਛ ਆਪਣੇ ਸਿਰੜ ਉੱਪਰ ਵਾਰ ਦਿੰਦੀਆਂ ਹਨ, ਇਕ ਔਗਣ ਕਰਕੇ ਅਨੇਕ ਗੁਣਾਂ ਨੂੰ ਆਪਣੇ ਵਿਚ ਲਿਆਉਂਦੀਆਂ ਹਨ ਅਰ ਉਸ ਔਗਣ ਦਾ ਪਿੱਛਾ ਅਨੇਕ ਨੇਕੀਆਂ ਨੂੰ ਸਾਧ ਕੇ ਕਰੀ ਜਾਂਦੀਆਂ ਹਨ, ਉਨ੍ਹਾਂ ਦਾ ਵੀ ਇਸਦੇ ਇਕ ਪਾਸੇ ਦਾ ਮਨੁੱਖੀ ਆਚਰਣ ਪੈਦਾ ਹੋ ਜਾਂਦਾ ਹੈ। ਤੇ ਜਿਹੜੇ ਉਨ੍ਹਾਂ ਦਾ ਗਰੀਬ ਨਿਮਾਣਾ ਜਿਹਾ ਮੁਕਾਬਲਾ ਕਰ ਦੂਸਰਿਆਂ ਨੂੰ ਸੁਖ ਦੇਣ ਲਈ ਆਪ ਦੁਖ ਝਾਗਦੇ ਹਨ ਯਾ ਜਾਨ ਦੇ ਦਿੰਦੇ ਹਨ, ਉਹ ਵੀ ਖੇਤ੍ਰ ਵਿਚ ਇਕ ਆਲੀਸ਼ਾਨ ਆਦਰਸ਼ਕ ਜੀਵਨ ਤੇ ਆਚਾਰ ਦੀਆਂ ਜੋਤਾਂ ਜਗਾਂਦੇ ਹਨ। ਪਰ ਜਿਹੜੇ ਜੀਵਨ ਦੀਆਂ ਡੂੰਘੀਆਂ ਤੈਹਾਂ ਦੇ ਦੁੱਖਾਂ ਥੀਂ ਕਤਰਾਂਦੇ ਹਨ ਤੇ ਸਤਹ

Digitized by Panjab Digital Library | www.panjabdigilib.org

ਦੀ "ਖਾ ਤੇ ਖੁਸ਼ ਰਹਿ" ਦੀ ਖੁਦਗਰਜ਼ੀ ਵਿਚ ਰਹਿੰਦੇ ਹਨ ਤੇ ਕਿਸੀ ਜੀਵਨ ਦੀ ਮੁਸ਼ਕਲ ਨੂੰ ਹਲ ਕਰਨ ਵਿਚ ਨਹੀਂ ਲੱਗਦੇ, ਪਹਿਨਣ ਤੇ ਖਾਣ ਤੇ ਵਿਸ਼ੇ ਭੋਗਾਂ ਦਿਆਂ ਗੁਲਛਰਿਆਂ ਵਿਚ ਦਿਨ ਤੇ ਰਾਤ ਬਿਤੀਤ ਕਰਦੇ ਹਨ ਤੇ ਦੁਖ, ਸਾਧਨ, ਪੀੜਾ, ਮੁਸ਼ਕਲ ਨੂੰ ਦੇਖ ਆਪਣੀ ਜਾਨ ਬਚਾਣ ਦੀ ਕਰਦੇ ਹਨ, ਨਾ ਉਨ੍ਹਾਂ ਨੂੰ ਮਾਂ ਨਾਲ, ਨਾ ਭੈਣ ਨਾਲ, ਨਾ ਇਸਤ੍ਰੀ ਨਾਲ ਡੂੰਘਾ ਪਿਆਰ ਹੋ ਸੱਕਦਾ ਹੈ, ਤੇ ਨਾ ਜੀਵਨ ਦੀ ਕਮਾਲ ਸਾਦਗੀ—ਜਿਹੜੀ ਸਚੇ ਪਿਆਰ ਨਾਲ ਜਿੰਦ ਜਾਨ ਪ੍ਰਾਣ ਹੋ ਕੇ ਰਹਿੰਦੀ ਹੈ—ਦਾ ਕੁਛ ਪਤਾ ਲਗ ਸਕਦਾ ਹੈ, ਉਹ ਲੋਕੀ ਨੇਕੀ ਦੇ ਆਚਰਣ ਤੇ ਬਦੀ ਦੇ ਆਚਰਣ ਦੋਹਾਂ ਥੀਂ ਖਾਲੀ ਲੋਥਾਂ ਹੁੰਦੀਆਂ ਹਨ। ਇਹੋ ਜਿਹੇ ਲੋਕਾਂ ਵਿਚ ਨਾ ਜ਼ੁਲਮ, ਨਾ ਪਿਆਰ ਲਈ ਜਾਨ ਵਾਰ ਦੇਣ ਦੀ ਬੀਰਤਾ ਆ ਸਕਦੀ ਹੈ। ਜੀਂਦਾ ਜ਼ਾਲਮ ਚੰਗਾ, ਜੀਂਦਾ ਦੁਸ਼ਮਨ ਚੰਗਾ, ਪਰ ਖੁਦਗਰਜ਼ੀ ਵਿਚ ਲਿਬੜਿਆ, ਆਪਣੀ ਚੰਮ-ਖੁਸ਼ੀਆਂ ਵਿਚ ਗਲਤਾਨ ਆਦਮੀ ਇਕ ਲਾਸ਼ ਹੈ।

ਕੌਮ ਦੀ ਕੌਮ ਤਦ ਹੀ ਲਾਸ਼ ਬਣ ਜਾਂਦੀ ਹੈ ਜਦ ਆਦਰਸ਼ ਦੀ ਤੀਬ੍ਰਤਾ, ਜ਼ਿੰਦਗੀ ਦੇ ਦੁਖ ਤੇ ਦਰਦ ਦੀਆਂ ਡੂੰਘਿਆਈਆਂ ਦੀ ਸਾਦਗੀ ਨੂੰ ਲੋਕੀ ਛੱਡ ਦੇਣ।

ਫਰਾਂਸ ਵਿਚ ਜਦ ਬਾਦਸ਼ਾਹਾਂ ਨੇ ਮਹਿਲਾਂ ਨੂੰ ਆਪਣੀ ਐਸ਼ ਦਾ ਸਾਧਨ ਬਣਾ ਲਿਆ ਤੇ ਚੰਮ-ਖੁਸ਼ੀਆਂ ਵਿਚ ਦਿਨ ਰਾਤ ਸ਼ਰਾਬ ਤੇ ਨਾਚ ਵਿਚ ਬਿਤਾਨ ਲੱਗੇ, ਤਾਂ ਇਕ ਭਾਂਬੜ ਮਚਿਆ ਸੀ। ਤੇ ਉਹ ਵੀ ਤਾਂ ਮਚਿਆ ਸੀ, ਕਿ ਮੁਲਖਈਏ ਵਿਚ ਕੋਈ ਆਪਣੇ ਭੁਖੇ ਮਰਦੇ ਬਾਲ ਬੱਚੇ ਦੀ ਅਣਖ ਬਾਕੀ ਸੀ। ਤੇ ਜਿਸ ਮੁਲਕ ਵਿਚ ਰਾਜਾ ਤਾਂ ਇਉਂ ਚੰਮ-ਖੁਸ਼ੀਆਂ ਦਾ ਗਾਹਕ ਹੋਵੇ ਤੇ ਲੋਕੀ ਸਦੀਆਂ ਦੇ ਗਲਤ ਫਿਲਸਫੇ ਨਾਲ ਮਰ ਚੁਕੇ ਹੋਣ, ਓਥੇ ਭਾਂਬੜ ਕਿਸ ਤਰ੍ਹਾਂ ਮਚਣ ਜੇ ਉੱਥੇ ਬਾਲਣ ਨਹੀਂ ਰਿਹਾ। ਤੇ ਐਸੇ ਦੇਸ਼ਾਂ ਵਿਚ ਜਦ ਸੁਰਤਿ ਵਿਚੋਂ ਮਨੁਖਤਾ ਦਾ ਭਾਵ ਹੀ ਉੱਠ ਗਿਆ ਹੋਵੇ ਦੇਸ਼ ਦਾ ਪਿਆਰ ਕਿਸ ਤਰ੍ਹਾਂ ਪ੍ਰਦੀਪਤ ਰਹਿ ਸਕਦਾ ਹੈ ?

ਦੇਸ਼ ਦੇ ਪਿਆਰ ਨੂੰ ਜਗਾਣ ਲਈ ਜ਼ਰੂਰੀ ਹੈ, ਕਿ ਘਰ ਦੇ ਜੀਵਨ ਦੀ ਨੀਹ ਜ਼ਿੰਦਗੀ ਦੀਆਂ ਡੂੰਘੀਆਂ ਤਹਿਆਂ ਉੱਪਰ ਜਾਵੇ।

ਜਨਾਨੀ ਮਰਦ ਨੂੰ ਮਾਸ ਦਾ ਸੋਹਣਾ ਬੁੱਤ ਸਮਝ ਕੇ ਨਾ ਪਿਆਰੇ, ਤੇ ਨਾ ਮਰਦ ਜਨਾਨੀ ਨੂੰ ਮਾਸ ਦਾ ਸੋਹਣਾ ਬੁੱਤ ਸਮਝ ਕੇ ਪਿਆਰੇ, ਕਿਉਂਕਿ ਪਿਆਰ ਦੀ ਤੀਬ੍ਰਤਾ ਤਾਂ ਸੋਹਣੇ ਕੋਝੇ ਨੂੰ ਕਿੱਥੇ ਦੇਖਦੀ ਹੈ? ਰੱਬ ਦੀਆਂ ਬਣਾਈਆਂ ਬਣਤਾਂ ਹਨ, ਜੋ ਸੰਜੋਗਾਂ ਸੇਤੀ ਮਿਲ ਗਿਆ, ਰੱਬ ਨੇ ਮਿਲਾਯਾ ਹੈ, ਤੇ ਸਾਥੀ ਚੰਮ-ਖੁਸ਼ੀ ਦਾ ਨਾ ਹੋਵੇ, ਸਾਥੀ ਇਕ ਦੂਜੇ ਦੇ ਦੁਖ ਦਾ ਹੋਵੇ। ਜ਼ਿੰਦਗੀ ਇਕ ਸਾਂਝਾ ਦੁਖ ਤੇ ਦਰਦ ਹੈ ਤੇ ਉਸ ਦਰਦ ਵਿਚ ਇਕ ਖੜ੍ਹਾ ਹੈ, ਇਕ ਦੂਜੇ ਦੀ ਬਾਂਹ ਫੜਨੀ ਹੈ, ਇਸ ਦਰਦ ਵਿਚ ਇਕ ਦੂਜੇ ਪਾਸੋਂ ਸਾਨੂੰ ਸੁਖ ਦੀ ਕੀ ਆਸ ਹੋ ਸਕਦੀ ਹੈ ? ਮਿਲ ਬੈਠਣ ਦੀ ਘੜੀ ਦੀ ਘੜੀ ਖੁਸ਼ੀ ਇਕ ਅਚੰਬਾ ਹੈ, ਇਥੇ ਤਾਂ ਦਰਦੀਣ ਦਰਦ ਪੀਣ, ਦੁਖ ਸਹਿਣ, ਤੇ ਇਕ ਦੂਜੇ ਦੀ ਬਾਂਹ ਪਕੜਨਾ ਹੀ ਸੱਚ ਹੈ, ਚੁੰਮ-ਖੁਸ਼ੀਆਂ ਤਾਂ ਕੂੜ ਹਨ। ਸੋ ਦਰਦ ਦੀਆਂ ਡੂੰਘਿਆਈਆਂ ਵਿਚ ਜਾ ਕੇ ਘਰ ਨੂੰ ਵਤਨ ਸਾਰਾ ਤੇ ਵਤਨ ਸਾਰਾ ਘਰ ਜੇ ਬਣਾਈਏ, ਤਦ ਮੌਕੇ ਸਿਰ ਸਮਾਂ ਪਾ ਕੇ ਕਦੀ ਉਹ ਆਚਰਣ ਆ ਸਕਦਾ ਹੈ, ਜਿਹੜਾ ਦੇਸ਼ ਨੂੰ ਪਿਆਰ ਕਰਨ ਵਾਲੇ ਜਾਪਾਨੀਆਂ ਯਾਂ ਫਰਾਂਸੀਸੀਆਂ ਯਾਂ ਅੰਗ੍ਰੇਜ਼ਾਂ ਵਿਚ ਦਿਸਦਾ ਹੈ। ਇਸ ਵਾਸਤੇ ਦੇਸ਼ ਦੇ ਪਿਆਰ ਲਈ ਜ਼ਰੂਰੀ ਹੈ, ਕਿ

Digitized by Panjab Digital Library | www.panjabdigilib.org

ਅਸੀਂ ਆਪਣੇ ਪਹਿਨਣ, ਖਾਣ, ਚੰਮ-ਖੁਸ਼ੀ ਖ਼ੁਦਗਰਜ਼ੀ ਤੋਂ ਉੱਠਕੇ ਜੀਵਨ ਦੇ ਦੁਖ ਤੇ ਦਰਦ ਦੀ ਤਹਿ ਵਿਚ ਜੀਵੀਏ। ਗੱਲਾਂ ਨ ਹੋਵਣ, ਸੱਚਾ ਦਰਦ ਹੋਵੇ, ਜੇ ਸਾਡੀ ਮਾਂ ਭੈਣ ਨੂੰ ਦੁਖ ਹੋਵੇ ਤਦ ਸਾਡੇ ਦਿਲ ਨੂੰ ਕੁਛ ਹੋਵੇ, ਤੇ ਜੇ ਉਨ੍ਹਾਂ ਉੱਪਰ ਕੋਈ ਬਿਪਤਾ ਆਵੇ ਤਦ ਅਸੀ ਨਾ ਹੋਣਾ ਸਹਿਜ ਸੁਭਾ ਚੁਣੀਏ, ਸਾਡੀ ਚੋਣ ਸਹਿਜ ਸੁਭਾ ਕੁਰਬਾਨੀ ਦੀ ਹੋਵੇ, ਮਰਣ ਵਿਚ ਸੁਖ ਦਿਸੇ, ਜੀਣ ਵਿਚ ਦੁਖ :—

"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾ ਦਾ ਰਹਿਣਾ ॥
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗੁ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ॥"

ਇਹ ਦੁਖ, ਦਰਦ, ਮੌਤ ਨਾਲ ਤੀਬਰ ਤੇ ਸਹਿਜ-ਸੁਭਾ ਲਾਗ ਹੋਵੇ ਤੇ ਸੁਖ ਥੀਂ ਉਪਰਾਮਤਾ ਹੋਵੇ।

"ਦੁਖ ਦਾਰੂ ਸੁਖ ਰੋਗ ਭਇਆ" ਵਿਚ ਸਾਹਿਬਾਨ ਦਾ ਇਸ਼ਾਰਾ ਹੈ, ਕਿ ਜੀਵਨ ਦੀ ਰੌ ਉਸ ਚੰਚਲ ਚੰਮ-ਖੁਸ਼ੀ ਦੇ ਪਿਆਜ਼ੀ ਤੈਹਾਂ ਵਿਚ ਨਹੀਂ, ਅਸਲ ਜੀਵਨ ਤਾਂ ਇਨ੍ਹਾਂ ਉਚੇ ਤੇ ਤੀਬਰ ਦੁਖਾਂ ਵਿਚ ਹੈ।

ਕਿਹਾ ਹਾਸੂ-ਹੀਣਾ ਕੂੜ ਜਿਹਾ ਸੱਚ ਮੰਨਿਆ ਜਾਂਦਾ ਹੈ ਤੇ ਲੋਕੀ ਸਮਝਦੇ ਹਨ, ਕਿ ਕੌਮ ਗੀਤ ਤੇ ਦੇਸ਼ ਪਿਆਰ ਤੇ ਟੱਪੇ ਬਣਾ ਕੇ ਤੇ ਗਾਉਣ ਨਾਲ ਇਸ ਦੇਸ਼ ਵਿਚ ਇਕ ਵਤਨ ਦਾ ਪਿਆਰ ਉਪਜੇਗਾ। ਜਦ ਓਹੋ ਇਹੋ ਜਿਹੇ ਗੀਤ ਬਨਾਉਣ ਵਾਲੇ ਚੰਮ-ਤੈਹ ਉਪਰ ਸਿਸਕ ਰਹੇ ਹਨ, ਜਦ ਉਨ੍ਹਾਂ ਨੂੰ ਚੰਮ ਥੀਂ ਤਲੇ ਯਾ ਉੱਪਰ ਕੋਈ ਸੱਚ ਹੋਰ ਦਿੱਸਦਾ ਹੀ ਨਹੀਂ। ਗੀਤ ਜਿਹੜੇ ਜਿੰਦ ਪਾਂਦੇ ਹਨ, ਉਹ ਇਸ ਤਰ੍ਹਾਂ ਤੁਕ ਬੰਦੀ ਦੀ ਵਾਕ ਰਚਨਾ ਤਾਂ ਨਹੀਂ ਹੁੰਦੇ, ਉਹ ਤਾਂ ਜੀਂਦੇ ਲੋਕਾਂ ਦੇ ਤੀਬ੍ਰ ਵਚਨ ਹੁੰਦੇ ਹਨ, ਜਿਹੜੇ ਲਗੇ ਬਾਣਾਂ ਵਾਂਗ ਦਿਲਾਂ ਨੂੰ ਘਾਇਲ ਕਰਦੇ ਜਾਂਦੇ ਹਨ। ਜੀਂਦਾ ਉਹ ਹੈ, ਜਿਹੜਾ ਚੰਮ-ਜੀਵਨ ਲਈ ਮਰ ਚੁੱਕਾ ਹੋਵੇ। ਜਿੱਥੇ ਜਿਹੜੀ ਕੋਈ ਸਾਦਗੀ ਰਹੀ ਸਹੀ ਸੀ, ਉਹ ਵੀ ਛੱਡ ਕੇ, ਘਰ ਬਾਹਰ ਥੀਂ ਨਿਕਲ ਚੰਮ ਹੀ ਚੰਮ ਦੀ ਕੂੜ ਨੂੰ ਸੱਚ ਸਮਝ ਚੁਕੇ ਹਨ, ਉਨ੍ਹਾਂ ਨੂੰ ਕੀ ਦੇਸ਼ ਭਗਤੀ ਤੇ ਕੀ ਕੌਣ ਸਿਖਾ ਰਿਹਾ ਹੈ ? ਦੇਸ਼ ਭਗਤੀ ਦਾ ਬੀਜ ਵੀ ਦਿਲਾਂ ਨੂੰ ਚੀਰ ਕੇ ਅੰਦਰ ਜਾ ਪੈਂਦਾ ਹੈ ਤੇ ਸਦੀਆਂ ਉਸਦੇ ਉੱਗਣ ਨੂੰ ਲਗਦੀਆਂ ਹਨ, ਸਦੀਆਂ ਵਧਣ ਨੂੰ ਤੇ ਸਦੀਆਂ ਹੀ ਮੁੜ ਉਖੇੜਨ ਨੂੰ ਲਗਦੀਆਂ ਹਨ। ਨਾ ਸੌਖਾ ਪਿਆਰ ਪੈਂਦਾ ਹੈ ਨਾ ਸੌਖਾ ਨਿਰਮੂਲ ਹੁੰਦਾ ਹੈ। ਕਹਿੰਦੇ ਹਨ, ਫਰਾਂਸੀਸੀ ਚੰਮ-ਸੱਚ ਨੂੰ ਮੰਨਦੇ ਹਨ। ਪਰ ਇਹ ਕਥਨ ਗਲਤ ਹੈ, ਜੇ ਚੰਮ-ਸੱਚ ਨੂੰ ਮੰਨਦੇ ਤਦ ਪਿਛਲੇ ਮਹਾਨ ਯੁੱਧ ਵਿਚ ਇੰਨੇ ਛੇਤੀ ਭੋਗ ਬਿਲਾਸ ਦੇ ਬਿਸਤ੍ਰਿਆਂ ਥੀਂ ਉੱਠਕੇ ਕੀ ਤੀਵੀਂ, ਕੀ ਮਰਦ, ਮੌਤ ਦਾ ਮੂੰਹ ਨਾ ਚੁੰਮਦੇ। ਚੰਮ-ਮਤ ਵਾਲੇ ਤਾਂ ਬਿਸਤ੍ਰਿਆਂ ਵਿਚ ਹੀ ਲੇਟੇ ਰਹਿੰਦੇ

Digitized by Panjab Digital Library | www.panjabdigilib.org

ਤੇ ਪਰਾਏ ਪੁਤਰ ਆ ਕੇ ਉਥੇ ਹੀ ਕੋਹ ਸੁੱਟਦੇ। ਤੇ ਜੇ ਇਹ ਸੱਚ ਹੈ, ਕਿ ਫਰਾਂਸੀਸੀ ਚੰਮ-ਸੱਚ ਨੂੰ ਹੁਣ ਮੰਨਦੇ ਹਨ, ਤਦ ਸਦੀਆਂ ਦਾ ਪਲਿਆ ਦੇਸ਼ ਪਿਆਰ ਸਦੀਆਂ ਵਿਚ ਹੀ ਜਾ ਕੇ ਮਰੇਗਾ। ਸੋ ਜੇ ਉਹ ਚੰਮ-ਸੱਚ ਮੰਨ ਬੈਠੇ ਹਨ, ਤਦ ਉਹ ਪੁਰਾਣਾ ਬਾਪ ਦਾਦੇ ਦਾ ਖਜ਼ਾਨਾ ਖਾ ਰਹੇ ਹਾਂ। ਮੁੱਕਣ ਵਿਚ ਸਮਾ ਲੱਗੇਗਾ। ਇਉਂ ਜਿਨ੍ਹਾਂ ਫਾਤਹ ਕੌਮਾਂ ਨੇ ਓਹ ਸਦੀਆਂ ਦੇ ਖਜ਼ਾਨੇ ਜਮਾ ਕੀਤੇ ਹਨ, ਤ੍ਰਿਹ ਤਾਂ ਚੰਮ-ਸੱਚ ਨੂੰ ਹੀ ਕੁਛ ਸਦੀਆਂ ਮੰਨ ਕੇ ਜੀ ਸੱਕਦੀਆਂ ਹਨ। ਪਰ ਜਿਹੜੀਆਂ ਮਫਤੂਹ ਕੌਮਾਂ ਸਦੀਆਂ ਥੀਂ ਦੀਵਾਲੀਏ ਹੋ ਚੁਕੀਆਂ ਹਨ, ਓਹ ਜਦ ਚੰਮ-ਸੱਚ ਤੇ ਆ ਬੈਠਣ ਤੇ ਆਪਣੀ ਜੜ੍ਹਾਂ ਨੂੰ ਨੰਗਾ ਕਰਕੇ ਹਵਾ ਤੇ ਧੁੱਪ ਲਵਾਣ, ਉਹ ਅਜ ਵੀ ਮੋਏ ਤੇ ਕੱਲ ਵੀ। ਕੀ ਸਾਡੇ ਦੇਸ ਵਿਚ ਇਹ ਫੋਕਾਪਨ ਨਹੀਂ ਰਿਹਾ?

ਹਿੰਦੁਸਤਾਨ ਵਿਚ ਇਸ ਵਾਸਤੇ ਪਰਦ ਦੁੱਖ ਤੇ ਸਾਧਨ ਤੇ ਤਤਿਖਯਾ ਵਿਚ ਦਰਦ ਭਰੇ ਰਹਿਣ ਦੀ ਲੋੜ ਹੈ। ਸਿਰਫ ਇਸ ਅੰਸ਼ ਵਿਚ ਖੱਦਰ ਪਹਿਨਣ ਦੀ ਸਾਦਗੀ, ਤੇ ਹੋਰ ਤਰ੍ਹਾਂ ਦੀਆਂ ਤਤਿਖਯਾ ਜੋ ਨਿਰੇ ਮਖੌਲ ਨਾ ਹੋਣ, ਜੀਵਨ ਦੀ ਡੂੰਘਿਆਈਆਂ ਵਲ ਇਕ ਮੋੜਾ ਹੈ। ਤੇ ਦੇਸ਼ ਦੀ ਭਗਤੀ ਦਾ ਬੀਜ ਤਾਂ ਸਦੀਆਂ ਲੈ ਕੇ ਉੱਗੇਗਾ, ਪਰ ਘਰ ਦੇ ਜੀਵਨ ਨੂੰ ਡੂੰਘਾ ਤੇ ਸਾਦਾ ਕਰੀਏ, ਖਾਣ ਪੀਣ ਪਹਿਨਣ ਵਿਚ ਦੁੱਖ ਸਹੀਏ, ਪਿਆਰ ਸ਼ਕਲਾਂ, ਨਕਲਾਂ, ਪੁਸ਼ਾਕਾਂ, ਸ਼ਰਾਬਾਂ, ਮਜ਼ਾਖਾਂ ਨਾਲ ਨਾ ਪਾਈਏ, ਪਿਆਰ ਨੂੰ ਧਰਤ ਵਿਚ ਡੂੰਘੇ ਬੇਮਲੂਮ ਦੱਬੀਏ, ਮਿਹਨਤ, ਕਿਰਤ ਕਰੀਏ, ਆਪਾ ਕੰਮ ਵਿਚ ਇੰਨਾ ਮਾਰੀਏ ਕਿ ਚੰਮ ਦ੍ਰਿਸ਼ਟੀ ਰਹੇ ਹੀ ਨਾਂਹ।

ਜ਼ਿੰਦਗੀ ਉਨ੍ਹਾਂ ਦੀ ਹੈ, ਜੋ ਜ਼ਿੰਦਗੀ ਨੂੰ ਵਾਰ ਸਕਦੇ ਹਨ, ਚੰਮ-ਸੱਚ ਨੂੰ ਮੰਨਣ ਵਾਲੇ ਸਦਾ ਖਵਾਰ ਹੁੰਦੇ ਹਨ। ਚੰਮ-ਸੱਚ ਵਾਲੇ ਚੰਮ-ਖੁਸ਼ੀ ਦੀ ਸ਼ਰਾਬ ਵਿਚ ਗੜੂੰਦ ਮੋਏ ਕਦੀ ਸੱਚਾ ਪਿਆਰ, ਕੀ ਆਪਣੇ ਆਪ ਦਾ, ਕੀ ਆਪਣੇ ਪਿਆਰਿਆਂ ਦਾ, ਕੀ ਰੱਬ ਦਾ, ਕੀ ਦੇਸ਼ ਦਾ, ਪ੍ਰਤੀਤ ਕਰ ਸੱਕਦੇ ਹਨ? ਕਦੀ ਨਹੀਂ, ਇਨ੍ਹਾਂ ਪਾਸੋ ਕਿਸੀ ਆਸ਼ਾ ਤੇ ਆਦਰਸ਼ ਦੀ ਪੂਰਤੀ ਦੀ ਉਮੈਦ ਕਰਨੀ ਨਿਸਫਲ ਹੈ। ਵੇਲਾ ਹੈ ਕਿ ਸਭ ਹਿੰਦੁਸਤਾਨ ਦੇ ਵਾਸੀ ਚੰਮ-ਸੱਚ ਥੀਂ ਉਦਾਸ ਹੋ ਕੇ ਤੇ ਚੰਮ-ਖੁਸ਼ੀ ਨੂੰ ਮੰਦ ਭਾਗ ਵਾਂਗ ਛੱਡਣ ਦੀ ਖੋ ਪਾਣ ਲੱਗਣ, ਮਤੇ ਕੁਦਰਤ ਦੇ ਖੇਤ੍ਰ ਵਿਚ ਮੁੜ ਗੁੰਮ ਹੋ ਜਾਣ ਨਾਲ, ਮਤੇ ਦਰਦ ਦੇ ਡੂੰਘੇ ਸੱਚ ਦਾ ਇਨ੍ਹਾਂ ਨੂੰ ਭੀ ਮੁੜ ਅਨੁਭਵ ਹੋਵੇ ਤੇ ਜੀਵਨ ਘਰ ਦੇ ਸੁੱਚੇ ਤੇ ਸਾਦੇ ਪਿਆਰਾਂ ਉੱਪਰ ਮੁੜ ਆ ਜਾਵੇ ਤੇ ਇੰਨਾ ਸੱਚਾ ਘਰ ਹੋਵੇ, ਕਿ ਉਹਦੀ ਤਪਿਆ ਲਈ ਵਤਨ ਦਾ ਸੁਫਨਾ ਕਦੀ ਸਾਨੂੰ ਆਣ ਲੱਗੇ !!

*******

Digitized by Panjab Digital Library | www.panjabdigilib.org

# ਇਕ ਜਾਪਾਨੀ ਨਾਇਕਾ ਦੀ ਜੀਵਨ ਕਥਾ

ਹਰ ਇਕ ਦੇਸ਼ ਵਿਚ ਆਪਣੇ ਆਪਣੇ ਤਰਜ਼ ਦੀਆਂ ਚੰਗਿਆਈਆਂ ਤੇ ਬੁਰਿਆਈਆਂ ਹੁੰਦੀਆਂ ਹਨ। ਸਭ ਇਸ ਤਰ੍ਹਾਂ ਦੀਆਂ ਚੀਜ਼ਾਂ ਜੜ੍ਹਾਂ ਵਾਲੀਆਂ ਹੁੰਦੀਆਂ ਹਨ ਤੇ ਅਸੀ ਉਨ੍ਹਾਂ ਦਾ ਉੱਪਰ ਦਾ ਫੈਲਾਓ ਵੇਖ ਕੇ ਮੰਦਾ ਚੰਗਾ ਨਹੀਂ ਕਹਿ ਸਕਦੇ। ਜਿਹੜੀਆਂ ਅਸੀ ਸਦੀਆਂ ਤਕ ਚੰਗਿਆਈਆਂ ਮੰਨਦੇ ਆਏ ਹਾਂ, ਮੁਮਕਿਨ ਹੋ ਸਕਦਾ ਹੈ, ਕਿ ਉਹਦੀਆਂ ਡੂੰਘੀਆਂ ਜੜ੍ਹਾਂ ਬੁਰਿਆਈਆਂ ਵਾਲੀਆਂ ਹੋਣ ਤੇ ਜਿਨ੍ਹਾਂ ਨੂੰ ਅਸੀ ਸਤਹ ਤੇ ਬੁਰਾ ਕਹਿੰਦੇ ਹਾਂ, ਉਹ ਅੰਦਰੋਂ ਜੜ੍ਹਾਂ ਵਿਚ ਚੰਗਿਆਈਆਂ ਹੋਣ। ਜੀਵਨ ਇਕ ਅਸਗਾਹ ਖੇਡ ਹੈ। ਪਤਾ ਨਹੀਂ ਕੌਣ ਕਿਸ ਤਰ੍ਹਾਂ ਆਪਣੇ ਅਸਲੇ ਨੂੰ ਅੱਪੜਦਾ ਹੈ ? ਗੁਲਾਮ ਰੱਖਣ ਦਾ ਰਵਾਜ ਜੜ੍ਹਾਂ ਵਿਚ ਕਿੰਨਾ ਅਦੈਵੀ ਸੀ, ਪਰ ਸਤਹ ਉੱਪਰ ਗੁਲਾਮਾਂ ਦੇ ਓਹ ਓਹ ਗੁਣ ਵੇਖੇ, ਕਿ ਆਦਮੀ ਕਹਿੰਦਾ ਹੈ, "ਗੁਲਾਮੀ ਰਹਿੰਦੀ ਹੀ ਤਾਂ ਅੱਛਾ ਸੀ।" ਮਰਜੀਨਾ ਅਲੀ ਬਾਬਾ ਦੀ ਗੁਲਾਮ ਕਿਸ ਤਰ੍ਹਾਂ ਮਾਲਕ ਦੀ ਵਫਾਦਾਰੀ ਦੇ ਗੁਣ ਨੂੰ ਸਾਰੇ ਮਨੁੱਖ ਇਤਿਹਾਸ ਵਿਚ ਮੂਰਤੀਮਾਨ ਕਰਦੀ ਹੈ। ਜਦ ਆਦਮੀ ਕੁਛ ਨਾ ਕਰ ਸਕੇ, ਮਨ ਦੀ ਤਾਕਤ ਲਾਣ ਦੀ ਥਾਂ ਨਾ ਹੋਵੇ, ਪਿਆਰਿਆਂ ਨੂੰ ਪਾਲਣਾ ਹੈ, ਨਿਰਾ ਸੁੱਕਾ ਟੁੱਕੜ ਦੇਣਾ ਹੈ, ਓਹ ਵੀ ਨਹੀਂ ਮਿਲਦਾ, ਤਦ ਮੈਂ ਆਪ ਕਈ ਵੇਰੀ ਤੀਬ੍ਰ ਇੱਛਾ ਕੀਤੀ ਹੈ, ਕਿ ਕਾਸ਼ ਗੁਲਾਮੀ ਹੁੰਦੀ ਤੇ ਮੈਂ ਆਪਣੇ ਆਪ ਨੂੰ ਵੇਚ ਕੇ ਪਿਆਰਿਆਂ ਦੀ ਸੇਵਾ ਕਰ ਸੱਕਦਾ, ਸਰੀਰ ਦੇ ਮਾਸ ਦਾ ਮੁੱਲ ਤਾਂ ਪੈਂਦਾ ਜੇ ਮਨ ਦੇ ਗੁਣਾਂ ਦਾ ਗਾਹਕ ਕੋਈ ਨਾ ਨਿਕਲਿਆ।

ਪੁਰਾਣੇ* ਜ਼ਮਾਨਿਆਂ ਵਿਚ ਜਾਪਾਨ ਦੀਆਂ ਨਾਇਕਾਂ, ਨੱਚਣ ਵਾਲੀਆਂ ਬਾਲੀਆਂ, ਅਜ ਕਲ ਦੀ ਗੈਸ਼ਾ ਵਾਂਗ ਨਹੀਂ ਸਨ। ਉਨ੍ਹਾਂ ਦੇ ਦਿਲ ਪੱਥਰ ਨਹੀਂ ਸਨ, ਓਹ ਬੜੀਆਂ ਸੋਹਣੀਆਂ ਹੁੰਦੀਆਂ ਸਨ ਤੇ ਉਨ੍ਹਾਂ ਹੱਥ ਵਿਚ ਸੋਨੇ ਦੇ ਪਿਆਲੇ ਹੁੰਦੇ ਸਨ, ਤੇ ਉਨ੍ਹਾਂ ਦਾ ਪਹਿਰਾਵਾ ਰੇਸ਼ਮ ਗੋਟੇ ਕਨਾਰੀ ਵਾਲਾ ਸੀ ਤੇ ਬਾਦਸ਼ਾਹ ਤੇ ਸਾਹਜ਼ਾਦਿਆਂ ਦੇ ਮਹਿਲਾਂ ਵਿਚ ਓਹ ਤਲਵਾਰ ਨੰਗੀ ਦਾ ਨਾਚ ਕਰਦੀਆਂ ਸਨ, ਤੇ ਉਨ੍ਹਾਂ ਦੀ ਆਵਾਜ਼ ਖਾਸ ਸਾਧਨਾਂ ਨਾਲ ਸ਼ਰਾਬ ਦੀ ਸੁਰਾਹੀ ਦੇ ਕੁਲ ਕੁਲ ਵਾਂਗ ਮਿੱਠੀ ਤੇ ਬਰੀਕ ਤੇ ਭਰਵੀਂ ਕੀਤੀ ਜਾਂਦੀ ਸੀ। ਕਹਿੰਦੇ ਹਨ, ਸਿਆਲੇ ਦੀ ਠੰਢ ਵਿਚ ਧੁਰ ਛੱਤ ਨਿੱਕੀਆ ਨਿੱਕੀਆਂ 12, 13 ਸਾਲਾਂ ਦੀ ਕੁੜੀਆਂ ਨੂੰ ਸਵੇਰ ਸਾਰ ਗਾਣਾ ਸਿਖਾਇਆ ਜਾਂਦਾ ਸੀ, ਗਾ ਗਾ ਕੇ

---

* ਮੈਂ ਇਹ ਕਹਾਣੀ ਲਫਕੇਡੀਓ ਹੋਰਨ ਦੇ ਲੇਖਾ ਵਿਚੋਂ ਸੰਕਲਿਤ ਕੀਤੀ ਹੈ—ਪੂਰਣ ਸਿੰਘ।



Digitized by Panjab Digital Library | www.panjabdigilib.org

ਉਨ੍ਹਾਂ ਦੇ ਹੱਥਾਂ ਪੈਰਾਂ ਵਿਚੋਂ ਸਰਦੀ ਨਾਲ ਲਹੂ ਫੁੱਟ ਪੈਂਦਾ ਸੀ ਤੇ ਗਲਾ ਬੰਦ ਹੋ ਜਾਂਦਾ ਸੀ, ਤੇ ਇਉਂ ਕਈ ਚਿਰ ਗਲਾ ਬੰਦ ਰਹਿ ਰਹਿ ਕੇ ਬਹਿ ਬਹਿ ਕੇ ਤਾਕਤ ਪਕੜਦਾ ਸੀ, ਤੇ ਇਹੋ ਜਿਹੀ ਇਕ ਨਾਇਕਾ ਦੀ ਜੀਵਨ ਕਥਾ ਜਾਪਾਨ ਦੇ ਸਾਹਿਤਯ ਵਿਚ ਆਉਂਦੀ ਹੈ।

ਹਾਲੇ ਰੇਲਾਂ ਤਾਰਾਂ ਨਹੀਂ ਸਨ, ਤੇ ਜਾਪਾਨ ਦੇ ਨਵੇਂ ਤੇ ਜਵਾਨ ਚਿਤ੍ਰਕਾਰਾਂ ਦੀ ਰਸਿਕ ਕਿਰਤ **ਆਰਟ** ਦੇ ਸਾਧਨ ਤੇ ਅਭਯਾਸ ਦਾ ਇਕ ਅੰਗ ਹੁੰਦਾ ਸੀ, ਕਿ ਓਹ ਪੈਦਲ ਸਾਰੇ ਦੇਸ਼ ਦਾ ਰਟਨ ਕਰਨ, ਪਰਬਤ ਵੇਖਣ, ਦਰਿਯਾ ਵੇਖਣ, ਮੰਦਰਾਂ ਦੀ ਯਾਤ੍ਰਾ ਕਰਨ ਤੇ ਆਪਣੀ ਸੁਰਤਿ ਨੂੰ ਇਉਂ ਸੋਹਣੀਆਂ ਛਬੀਆਂ ਨਾਲ ਭਰਨ। ਇਉਂ ਬੜਾ ਚਿਰ ਹੋਯਾ ਹੈ, ਕਿ ਇਕ ਜਵਾਨ **ਆਰਟਿਸਟ** ਕਉਟੋ ਸ਼ਹਿਰ ਥੀਂ ਜਿਦੋਂ ਯਾ ਟੋਕਯੋ ਵਲ ਯਾਤ੍ਰਾ ਨੂੰ ਚੱਲਿਆ, ਤੇ ਜਾਪਾਨ ਦੀ ਧਰਤੀ ਨਿੱਕੇ ਨਿੱਕੇ ਪਹਾੜਾਂ ਦੀਆਂ ਚੋਟੀਆਂ ਨਾਲ ਭਰੀ ਪਈ ਹੈ ਤੇ ਚੋਟੀਆਂ ਦੇ ਪਾਸਿਆਂ ਤੇ ਬਾਂਸ ਚੀਲਾਂ ਦੇ ਬ੍ਰਿਛ ਝੁਰਮਟ ਪਾ ਰਹੇ ਹਨ, ਤੇ ਝੋਨੇ ਦੇ ਲਹਿਰਾਂਦੇ ਖੇਤ ਇਕ ਉੱਪਰ ਦੂਜਾ ਉੱਚੇ ਨੀਵੇਂ ਥੜਿਆਂ ਵਾਂਗ ਲਹਿਰਾ ਰਹੇ ਹਨ ਤੇ ਵਿਚ ਵੱਡੀਆਂ ਵੱਡੀਆਂ ਪੀਲੀਆਂ ਟੋਕਰੀਆਂ ਜਿਹੀਆਂ ਸਿਰ ਤੇ ਰਖੀਆਂ ਜਾਪਾਨ ਦੇ ਕ੍ਰਿਸਾਨ ਜ਼ਮੀਨ ਦੇ ਗੰਦਮੰਦ ਚਿੱਕੜ ਵਿਚ ਖੜੇ ਫਸਲਾਂ ਨੂੰ ਖਸਮਾ ਰਹੇ ਹਨ। ਪਰਬਤਾਂ ਦੇ ਸਿਰੇ ਉੱਪਰ ਯਾ ਕੁੱਖਾਂ ਵਿਚ ਘਾਹ ਦੇ ਛੱਤਾਂ ਵਾਲੇ ਕ੍ਰਿਸਾਨਾਂ ਦੇ ਘਰ ਦੇ ਗਰਾਂ ਵੱਸ ਰਹੇ ਹਨ। ਸੋਹਣੀਆਂ ਥਾਵਾਂ ਤੇ ਏਕਾਂਤਾਂ ਵਿਚ ਮੰਦਰ ਬਣੇ ਹਨ। ਹਰ ਥਾਂ ਬੁੱਧ ਦੇ ਬੁਤਮੰਦ ਮੰਦ ਹੱਸ ਰਹੇ ਹਨ ਤੇ ਅਸੀਸਾਂ ਦੇ ਰਹੇ ਹਨ, ਤਾਂ ਵੀ ਜਦ ਸਾਡਾ ਨਵਾਂ ਗੱਭਰੂ ਚਿਤ੍ਰਕਾਰ ਯਾਤ੍ਰੇ ਚੜ੍ਹਿਆ ਤੇ ਹੁਣ ਵੀ ਉਸੀ ਤਰ੍ਹਾਂ ਮੁਲਕ ਦੀ ਕਾਂਯਾ ਤੇ ਨਕਸ਼ਾਂ ਤੇ ਰੰਗ ਓਹੋ ਹੀ ਹੈ। ਇਹ ਨੌਜਵਾਨ ਸੁਖ ਦਾ ਗੋਲਾ ਨਹੀਂ ਸੀ, ਇਸ ਨੇ ਸ਼ਰੀਰ ਨੂੰ ਕਮਾਇਆ ਹੋਇਆ ਸੀ ਤੇ ਦੁਖ ਸਹਾਰਣ ਦਾ ਆਦੀ ਸੀ ਪਰ ਭਾਵੇਂ ਓਹ ਬੜਾ ਚਾਲਤ ਸੀ, ਭਾਵੇਂ ਬੜੀ ਤਤਿਖਯਾ ਵਾਲਾ ਯਾਤਰੂ ਸੀ, ਫਿਰ ਵੀ ਕਦੀ ਕਦਾਂਈ ਕੋਈ ਅੱਗੇ ਨਾ ਡਿੱਠੀ, ਓੜਕ ਇਹੋ ਜਿਹੇ ਸਫਰਾਂ ਵਿਚ ਆਣ ਬਣਦੀ ਹੈ। ਸੂਰਜ ਡੁੱਬ ਗਿਆ ਹੈ ਤੇ ਸਾਡਾ ਨੌਜਵਾਨ ਇਕ ਪਹਾੜੀ ਦੀ ਚੋਟੀ ਉੱਪਰ ਆਪਣਾ ਰਾਹ ਤੱਕ ਰਿਹਾ ਹੈ, ਪੈਂਡਾ ਘਟ ਕਰਨ ਲਈ ਓਹ ਹਿਠਾਂਹ ਵਾਦੀ ਵਿਚ ਜਾ ਕੇ ਦੂਜੀ ਚੋਟੀ ਉੱਪਰ ਚੜ੍ਹਦਾ ਹੈ ਤੇ ਹਨੇਰਾ ਪੈ ਚੁੱਕਾ ਹੈ ਤੇ ਜੰਗਲ ਵਿਚ ਉਸਨੂੰ ਰਾਹ ਭੁੱਲ ਗਿਆ ਹੈ। ਜਾਂਦਿਆਂ ਜਾਂਦਿਆਂ ਰਾਤ ਵੇਲੇ ਇਕ ਨਦੀ ਮਿਲੀ ਪਰ ਓਹ ਇੰਨੀ ਤੇਜ਼ ਸੀ ਕਿ ਉਸਦੇ ਪਾਰ ਜਾ ਨਹੀਂ ਸੀ ਸੱਕਦਾ। ਮੁੜ ਬਿਨਾ ਕਿਸੀ ਰਾਹ ਦੇ ਬੂਟੇ ਬੂਟੀਆਂ ਦੀਆਂ ਜੜ੍ਹਾਂ ਪੱਤੇ ਫੜਦਾ ਇਕ ਪਹਾੜ ਦੀ ਚੋਟੀ ਤੇ ਚੜ੍ਹਿਆ, ਸ਼ਾਇਦ ਕੋਈ ਦੀਵਾ ਦਿੱਸੇ, ਕੋਈ ਸੇਧ ਲੱਭੇ, ਚੰਨ ਸੀ ਨਹੀਂ ਤੇ ਚੀਲਾਂ ਦੇ ਬ੍ਰਿਛਾਂ ਨੇ ਹੋਰ ਵੀ ਹਨੇਰਾ ਕਾਲਾ ਕਰ ਦਿੱਤਾ ਸੀ। ਹਾਰ ਕੇ ਬ੍ਰਿਛਾਂ ਦੇ ਹੇਠ ਰਾਤ ਗੁਜ਼ਾਰਨ ਦੀ ਕੀਤੀ, ਬੈਠਾ ਹੀ ਸੀ, ਕਿ ਦੂਰ ਇਕ ਮੱਧਮ ਜਿਹੀ ਪੀਲੀ ਜਿਹੀ ਰੋਸ਼ਨੀ ਦਿੱਸੀ। ਸਮਝਿਆ ਸ਼ਾਇਦ ਕਿਸੀ ਕ੍ਰਿਸਾਨ ਦਾ ਘਰ ਹੈ ਤੇ ਉਥੇ ਦੀਵਾ ਬਲ ਰਿਹਾ ਹੈ, ਹਿੰਮਤ ਕਰਕੇ ਓਸਦੀ ਸੇਧ ਤੇ ਗ੍ਰਿਆ। ਅੱਧੀ ਰਾਤ ਦੇ ਨੇੜੇ ਸਮਾ ਅੱਪੜ ਪਿਆ ਹੋਇਆ ਸੀ, ਕਿ ਓਹ ਉਸ ਕੱਖਾਂ ਦੀ ਝੁੱਗੀ ਦੇ ਦਰਵਾਜ਼ੇ ਤੇ ਪਹੁਚਾ। ਵੱਡੇ ਦਰਵਾਜ਼ੇ ਜਿਹੜੇ ਪਹਾੜ ਦੀ ਚੋਟੀ ਤੇ ਤੇਜ਼ ਤੁਫਾਨੀ ਹਵਾਵਾਂ ਨੂੰ ਰੋਕਣ ਲਈ ਹੁੰਦੇ ਹਨ, ਬੰਦ ਸਨ ਤੇ ਝੀਤਾਂ ਵਿਚੋਂ ਅੰਦਰੋਂ ਬਲਦੇ ਦੀਵੇ ਦੀ ਪੀਲੀ ਰੋਸ਼ਨੀ ਝਰ ਰਹੀ ਸੀ, ਬੂਹਾ ਕਈ ਵੇਰੀ ਖੜਕਾਇਆ, ਅੰਦਰੋਂ ਕੋਈ ਸੁਰ ਸਰ ਨਹੀਂ ਆਈ। ਕਈ ਵੇਰੀ ਮੁੜ ਜ਼ੋਰ ਨਾਲ ਖੜਕਾਣ ਤੇ ਅੰਦਰੋਂ ਇਕ ਕੋਮਲ ਸੁਰ ਦੀ ਤੀਵੀਂ ਦੀ ਆਵਾਜ਼ ਆਈ, ਜਿਹੜੀ

Digitized by Panjab Digital Library | www.panjabdigilib.org

ਪੁੱਛਦੀ ਹੈ ਕਿ ਖਟਕਾਣ ਵਾਲੇ ਨੂੰ ਕੀ ਲੋੜ ਹੈ ? ਨੌਜਵਾਨ ਚਿਤ੍ਰਕਾਰ ਬਝਕ ਰਹਿ ਗਿਆ, ਆਵਾਜ਼ ਬੜੀ ਮਧੁਰ ਸੀ, ਇੰਨੀ ਮਧੁਰ ਬਿਨਾ ਸਿਖਾਏ ਦੇ ਹੋ ਨਹੀਂ ਸੱਕਦੀ, ਤੇ ਬੋਲੀ ਭੀ ਪੇਂਡੂ ਨਹੀਂ ਸੀ, ਨਿਹਾਇਤ ਸ਼ੁਸਤਾ ਦਾਰੁਲਖਲਾਵੇ ਦੀ ਰਈਸੀ ਬੋਲੀ ਸੀ। 'ਮੈਂ ਹਾਂ ਇਕ ਵਿਦਯਾਰਥੀ ਪਰਬਤਾਂ ਵਿਚ ਰਸਤਾ ਭੁੱਲ ਬੈਠਾ ਹਾਂ ਤੇ ਜੇ ਹੋ ਸੱਕੇ ਤਦ ਰਾਤ ਦਾ ਬਸੇਰਾ ਤੇ ਬਿਛੌਣਾ ਮੰਗਦਾ ਹਾਂ, ਤੇ ਜੇ ਨਾ ਮਿਲ ਸੱਕੇ ਤੇ ਕਿਸੀ ਨਜ਼ਦੀਕ ਪਿੰਡ ਦਾ ਰਾਹ ਦੱਸਿਆ ਜਾਵੇ।' ਅੰਦਰ ਥੀਂ ਆਵਾਜ਼ ਆਈ, 'ਪਰ ਇਧਰ ਤਾਂ ਕਿਸੀ ਪਿੰਡ ਦਾ ਰਾਹ ਹੀ ਨਹੀਂ, ਆਪ ਕਿਸ ਤਰ੍ਹਾਂ ਭੁੱਲ ਗਏ ?' ਉਸਨੇ ਕਿਹਾ :

'ਮੈਂ ਤ੍ਰਾਂ ਵਾਕਫ ਨਹੀਂ। ਮੈਂ ਜਾਤਾ, ਪੈਂਡਾ ਥੋੜ੍ਹਾ ਹੋਊ, ਜੇ ਇਸ ਪਰਬਤ ਥੀਂ ਦੂਜੇ ਪਰਬਤ ਨੂੰ ਸਿੱਧਾ ਲੈ ਲਵਾਂ, ਪਰ ਇਸ ਯਤਨ ਵਿਚ ਮੇਰਾ ਪੈਂਡਾ ਲੰਮਾ ਤੇ ਨਾਮੁਮਕਨ ਹੋ ਗਿਆ ਹੈ।'

'ਪਰ ਆਪ ਜਿਸ ਸੇਧੇ ਆਏ ਹੋ। ਉਸ ਸੇਧੇ ਇਥੇ ਅੱਪੜ ਹੀ ਨਹੀਂ ਸੀ ਸੱਕਦੇ।'

'ਠੀਕ ਹੈ, ਪਰ ਸੇਧਾਂ ਸਾਰੀਆਂ ਇਸ ਹਨੇਰੇ ਵਿਚ ਮਿਸ ਗਈਆਂ। ਓਸ ਨਦੀ ਤੇ ਅਪੜਿਆ ਤੇ ਪਾਰ ਲੰਘ ਹੀ ਨਹੀਂ ਸੀ ਸਕਦਾ, ਸੋ ਮਜਬੂਰਨ ਇਸ ਪਰਬਤ ਤੇ ਚੜ੍ਹਿਆ ਤੇ ਪੂਰਬ ਦਾ ਪੱਛਮ ਤੇ ਪੱਛਮ ਦਾ ਉੱਤਰ ਭੌਂਦਾ ਫਿਰਦਾ ਹਾਂ।'

ਅੰਦਰ ਵੱਸਣ ਵਾਲੀ ਦੀ ਨਿਸ਼ਾ ਹੋ ਗਈ, ਕਿ ਭੁੱਲਿਆ ਹੋਇਆ ਕੋਈ ਅਨਜਾਣ ਵਿਦਯਾਰਥੀ ਹੈ, 'ਅੱਛਾ, ਮੈਂ ਹੁਣੇ ਆਈ,' ਤੇ ਨਾਲੇ ਕਿਹਾ 'ਹੁਣ ਆਪ ਕਿਸੀ ਪਿੰਡ ਅੱਪੜ ਨਹੀਂ ਸੱਕਦੇ ਤੇ ਨਾਲੇ ਰਸਤਾ ਬਿਖੜਾ ਤੇ ਖਤਰਨਾਕ ਹੈ।'

ਥੋੜ੍ਹੇ ਚਿਰ ਪਿੱਛੋਂ ਇਕ ਕਾਗਤ ਦੀ ਲਾਲਟੈਣ ਹੱਥ ਵਿਚ ਲਈ ਇੱਕ ਪ੍ਰਿਭਜੋਤ ਸਵਾਣੀ ਆਈ। ਉਸ ਵੱਡਾ ਤੂਫਾਨੀ ਬੂਹਾ ਖੋਹਲਿਆ ਤੇ ਲਾਲਟੈਣ ਉੱਚੀ ਕਰਕੇ ਅਜਨਬੀ ਮਹਿਮਾਨ ਦੇ ਚੇਹਰੇ ਨੂੰ ਤੱਕਣ ਦੀ ਕੀਤੀ। ਉਹਦਾ ਆਪਣਾ ਚਿਹਰਾ ਲਾਲਟੈਣ ਦੇ ਹਨੇਰੇ ਪਿੱਛੇ ਛੁਪਿਆ ਰਿਹਾ। ਉਹਨੂੰ ਚੰਗੀ ਤਰ੍ਹਾਂ ਗੌਹ ਨਾਲ ਤੱਕਿਆ ਤੇ ਸਹੀ ਕੀਤਾ ਕਿ ਇਸ ਵਿਚ ਧੋਖਾ ਕੋਈ ਨਹੀਂ।

'ਅੱਛਾ ਜ਼ਰਾ ਠਹਿਰੋ, ਮੈਂ ਹੁਣੇ ਹੀ ਹੱਥ ਪੈਰ ਧੋਣ ਲਈ ਜਲ ਲਿਆਉਂਦੀ ਹਾਂ,' ਓਸ ਕਿਹਾ ਤੇ ਅੰਦਰ ਲਗੀ ਗਈ। ਤੌਲੀਆਂ ਤੇ ਚਿਲਮਚੀ ਤੇ ਪਾਣੀ ਲਿਆਈ ਤੇ ਮਹਿਮਾਨ ਨੂੰ ਕਿਹਾ ਆਪ ਹੱਥ ਪੈਰ ਧੋ ਲਵੋ।

ਆਰਟਿਸਟ ਨੇ ਕੱਖਾਂ ਦੀਆਂ ਚਪਲੀਆਂ ਲਾਹੀਆਂ, ਹੱਥ ਪੈਰ ਸੁਚੇਤ ਕੀਤੇ ਤੇ ਅੰਦਰ ਗਿਆ, ਅੰਦਰ ਇਕ ਨਿਹਾਇਤ ਹੀ ਸੁਥਰਾ ਸਾਦਾ ਕਮਰਾ ਓਸ ਨੂੰ ਉਸ ਪ੍ਰਿਭਜੋਤ ਸਵਾਣੀ ਨੇ ਓਹਦੇ ਰਾਤ ਦੇ ਆਰਾਮ ਕਰਨ ਲਈ ਦੱਸਿਆ। ਸਾਰਾ ਤਕਰੀਬਨ ਘਰ ਹੀ ਇਹੋ ਕਮਰਾ ਜੀ, ਪਛੋਕੜ ਨਿੱਕੀ ਜਿਹੀ ਨਾਲ ਲੱਗਦੀ ਰਸੋਈ ਸੀ ; ਤੇ ਰਜਾਈ ਤੇ ਅੱਗ ਸੇਕਣ ਲਈ ਆਪ ਨੂੰ ਉਸ ਸਵਾਣੀ ਨੇ ਦਿੱਤੀ। ਜਦ ਉਹ ਇਹ ਆਉਭਾਗਤ ਕਰ ਰਹੀ ਸੀ, ਇਸ ਨੌਜਵਾਨ ਨੂੰ ਓਹਨੂੰ ਚੰਗੀ ਤਰ੍ਹਾਂ ਵੇਖਣ ਦਾ ਅਵਸਰ ਮਿਲਿਆ, ਇਹਦੇ ਨੈਨ ਉਹਦੇ ਵਿਚ ਗੱਡੇ ਰਹੇ।

ਕੀ ਵੇਖਦਾ ਹੈ? ਕਿ ਓਹਦੀ ਮੀਜ਼ਬਾਨ ਇਕ ਅਤੀ ਸੋਹਣੀ ਪਰੀ-ਨਕਸ਼ ਸਵਾਣੀ ਹੈ ਤੇ ਉਹਦੀ ਚਾਲ, ਬੈਠਕ ਊਠਕ ਬੜੀ ਹੀ ਨਾਜ਼ਕ ਤੇ ਦਿਲ ਲੁਭਾਣ ਵਾਲੀ ਹੈ, ਉਹਦੀ ਉਮਰ ਉਸ

Digitized by Panjab Digital Library | www.panjabdigilib.org

ਕੋਲੋਂ ਸ਼ਾਇਦ ਹੀ 3 ਯਾ 4 ਸਾਲ ਵੱਡੀ ਹੋਵੇ ਪਰ ਉਹ ਬੜੀ ਜਵਾਨ ਤੇ ਜਵਾਨੀ ਦੇ ਪੂਰੇ ਜੋਬਨਾਂ ਵਿਚ ਹੈ। ਜਦ ਇਉਂ ਉਹ ਵੇਖ ਰਿਹਾ ਸੀ ਤਦ ਉਹ ਸਵਾਣੀ ਬੜੀ ਮਿੱਠੀ ਅਵਾਜ਼ ਨਾਲ ਉਹਨੂੰ ਕਹਿੰਦੀ ਹੈ, 'ਮੈਂ ਹੁਣ ਅੱਕਲੀ ਹਾਂ, ਤੇ ਮੈਂ ਨਿਮਾਣੀ ਇਸ ਕੁਟੀਆਂ ਵਿਚ ਮਹਿਮਾਨਾਂ ਦੇ ਸੁਾਗਤ ਕਰਨ ਦੇ ਅਸਮਰਥ ਹਾਂ ਪਰ ਅਜ ਰਾਤੀ ਮੈਨੂੰ ਨਿਸਚਾ ਹੋ ਗਿਆ ਹੈ, ਕਿ ਆਪ ਲਈ ਇਥੋਂ ਕਿਧਰੇ ਓਧਰ ਜਾਣਾ ਖਤਰਨਾਕ ਹੈ। ਇਸ ਪਾਸੇ ਕਈ ਇਕ ਕ੍ਰਿਸਾਨ ਰਹਿੰਦੇ ਹਨ ਪਰ ਇਸ ਵਕਤ ਆਪ ਉਨ੍ਹਾਂ ਪਾਸ ਅੱਪੜ ਨਹੀਂ ਸੱਕਦੇ, ਨਾ ਆਪ ਨੂੰ ਬਿਨਾ ਰਾਹ ਦੱਸਣ ਵਾਲੇ ਦੀ ਮਦਦ ਦੇ ਰਸਤਾ ਹੀ ਲੱਭ ਸਕਦਾ ਹੈ। ਸੋ ਇਸ ਕਰਕੇ ਮੈਂ ਆਪ ਦਾ ਸੁਾਗਤ ਕੀਤਾ ਹੈ, ਆਪ ਨੂੰ ਆਰਾਮ ਤਾਂ ਪੂਰਾ ਇਥੇ ਮਿਲ ਨਹੀਂ ਸੱਕਦਾ, ਪਰ ਮੈਂ ਆਪ ਨੂੰ ਇਕ ਬਿਸਤ੍ਰਾ ਦੇ ਸੱਕਦੀ ਹਾਂ ਤੇ ਆਪ ਮੇਰੀ ਜਾਚੇ ਭੁੱਖੇ ਭੀ ਹੋ, ਜੇ ਇਹ ਲਵੋ ਨਬਾਤਾਤੀ ਬੁੱਧ ਭਿੱਖਿਆ ਦਾ ਭੱਖਣ, ਥੋੜਾ ਜਿਹਾ ਹੈ ਸ਼ਾਇਦ ਆਪ ਦਾ ਗੁਜ਼ਾਰਾ ਰਾਤ ਲਈ ਮਾੜਾ ਮੋਟਾ ਹੋ ਜਾਏ, ਪਰ ਆਪ ਅਜ ਰਾਤ ਇਥੇ ਹਰ ਤਰ੍ਹਾਂ 'ਜੀ ਆਏਂ ਹੋ।'

ਯਾਤਰੂ ਭੁੱਖਾ ਸੀ, ਸਵਾਣੀ ਨੇ ਝਟ ਪਟ ਚੁੱਪ ਚਾਪ ਆਲੂ ਕਚਾਲੂ ਸਾਗ ਆਦਿ ਭੁੰਨ-ਭੰਨ ਕੇ ਤੇ ਇਕ ਪਿਆਲਾ ਉਬਲੇ ਚਾਵਲਾਂ ਦਾ ਆਪਦੇ ਅੱਗੇ ਧਰਿਆ, ਤੇ ਨਿਮਾਣੀ ਰੋਟੀ ਦੀ ਬੜੀਆਂ ਮਾਫ਼ੀਆਂ ਮੰਗੀਆਂ, ਪਰ ਫਿਰ ਉਹ ਕੁਛ ਨਾ ਬੋਲੀ ਤੇ ਜਿੰਨਾ ਚਿਰ ਓਰ ਰੋਟੀ ਖਾਂਦਾ ਰਿਹਾ ਓਸਦੇ ਦਿਲ ਵਿਚ ਖੋਹ ਪੈਂਦੀ ਸੀ ਕਿ ਹਾਇ ਇਹ ਸਵਾਣੀ ਇੰਨੀ ਚੁੱਪ ਤੇ ਉਦਾਸ ਕਿਉਂ ਹੈ? ਤੇ ਜਦ ਓਸ ਕੋਈ ਗੱਲ ਪੁੱਛੀ ਇਸ ਕਰਕੇ ਕਿ ਗੱਲ ਬਾਤ ਅਰੰਭ ਹੋਵੇ ਸਵਾਣੀ ਯਾ ਜਰਾ ਕੁ ਹੱਸ ਛੱਡਦੀ ਯਾ ਸਿਰ ਨੀਵਾਂ ਪਾ ਕੇ ਹਾਂ ਨਾ ਕਰ ਦਿੰਦੀ ਸੀ। ਫਿਰ ਓਹ ਵੀ ਚੁੱਪ ਹੋ ਗਿਆ, ਤੇ ਇਤਨੇ ਚਿਰ ਵਿਚ ਤੱਕ ਲੀਤਾ ਸੀ, ਕਿ ਓਹ ਛੋਟਾ ਘਰ ਬਿਲਕੁਲ ਬੇਦਾਗ ਸਫਾ ਸੀ, ਤੇ ਓਹਦੇ ਬਰਤਨ ਜਿਵੇਂ ਹੁਣ ਬਣੇ ਹਨ। ਥੋੜੀਆਂ ਜਿਹੀਆਂ ਚੀਜ਼ਾਂ ਜੋ ਅੱਗੇ ਪਿੱਛੇ ਪਈਆਂ ਹਨ, ਬੜੀਆਂ ਹੀ ਸੋਹਣੀਆਂ ਤੇ ਮੂੰਹੋ ਬੋਲਦੀਆਂ ਹਨ। ਕਵਿਤਾ ਤੇ ਆਰਟ ਦੇ ਸੰਬੰਧ ਦੀਆਂ ਚੀਜ਼ਾਂ ਤੇ ਚੀਨੀ ਬੋਲੀ ਦੇ ਕਾਵਯ ਮੰਤ੍ਰ ਲਿਖੇ ਲਟਕ ਰਹੇ ਸਨ, ਮਕਾਨ ਤੇ ਇਕ ਕਿਨਾਰੇ ਇਕ ਚੌਕੀ ਸੀ ਤੇ ਉਸ ਉਪਰ ਇਕ ਮੰਦਰ ਦੀ ਸ਼ਕਲ ਦਾ ਦੋ ਦਰਵਾਜ਼ਿਆਂ ਵਾਲਾ ਨਿੱਕਾ ਮੰਦਰ ਖਿਡਾਉਣਾ ਜਿਹਾ ਸੀ, ਤੇ ਦੋਵੇਂ ਨਿੱਕੇ ਦਰਵਾਜ਼ੇ ਖੁੱਲੇ ਹੋਏ ਸਨ ਤੇ ਉਸਦੇ ਸਾਹਮਣੇ ਇਕ ਨਿੱਕਾ ਜਿਹਾ ਦੀਵਾ ਜਗਾਇਆ ਹੋਇਆ ਸੀ, ਤੇ ਫੁੱਲਾਂ ਦਾ ਸੇਹਰਾ ਲਟਕਾਇਆ ਹੋਇਆ ਸੀ। ਇਹ ਸ਼ਾਇਦ ਓਸ ਘਰ ਦਾ ਆਲਾ ਜਿਹਾ ਸੀ ਜਿਸ ਵਿਚ ਕਿਸੇ ਗੁਜ਼ਰ ਗਏ ਮਿਤ੍ਰ ਦੀਆਂ ਨਿਸ਼ਾਨੀਆਂ ਰੱਖਦੇ ਹਨ, ਤੇ ਇਸ ਘਰ ਦੇ ਸ਼ਿਵਾਲੇ ਉੱਪਰ ਇਕ ਬੜੀ ਹੀ ਸੁੰਦਰ ਮਿਹਰ ਦੀ ਦੇਵੀ ਦੀ ਤਸਵੀਰ ਸੀ, ਜਿਸ ਆਪਣੇ ਕੇਸਾਂ ਵਿਚ ਪੂਰਾ ਚੰਨ ਲਟਕਾਇਆ ਹੋਇਆ ਸੀ। ਜਦ ਵਿਦਯਾਰਥੀ ਰੋਟੀ ਖਾ ਚੁੱਕਾ ਤਾਂ ਸਵਾਣੀ ਕਹਿੰਦੀ ਹੈ, 'ਮੈਂ ਆਪ ਨੂੰ ਚੰਗਾ ਬਿਸਤ੍ਰਾ ਨਹੀਂ ਦੇ ਸੱਕਦੀ ਤੇ ਬੱਸ ਇਹ ਇਕੋ ਹੀ ਕਾਗਤ ਦੀ ਬਣੀ ਮੱਛਰਦਾਨੀ ਹੈ। ਇਹ ਬਿਸ੍ਤਾ ਤੇ ਇਹ ਮੱਛਰਦਾਨੀ ਮੇਰੀ ਆਪਣੀ ਹੈ, ਪਰ ਅਜ ਰਾਤ ਮੈਨੂੰ ਕਈ ਇਕ ਕੰਮ ਕਰਨੇ ਹਨ ਤੇ ਮੈਨੂੰ ਸੌਣ ਲਈ ਕੋਈ ਅਵਸਰ ਨਹੀਂ ਮਿਲੇਗਾ, ਇਸ ਲਈ ਆਪ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਵਰਤ ਸਕਦੇ ਹੋ, ਤੇ ਹੁਣ ਮੈਂ ਆਪ ਦੀ ਮਿੰਨਤ ਕਰਦੀ ਹਾਂ, ਕਿ ਆਪ ਅਰਾਮ ਕਰੋ, ਭਾਵੇਂ ਮੈਂ ਨਿਮਾਣੀ ਪਾਸੋਂ ਆਪ ਨੂੰ ਅਰਾਮ ਦੇਣ ਦੇ ਕਾਫੀ ਸਾਮਾਨ ਪੂਰੇ ਨਹੀਂ ਹੋ ਸਕੇ।'

Digitized by Panjab Digital Library | www.panjabdigilib.org

ਪਰ ਨੌਜਵਾਨ ਆਰਟਿਸਟ ਸਮਝ ਗਿਆ ਸੀ, ਕਿ ਉਸ ਅੱਕਲੀ ਸਵਾਣੀ ਪਾਸ ਇਕੋ ਹੀ ਬਿਸਤ੍ਰਾ ਹੈ ਅਰ ਓਹ ਆਪਣਾ ਬਿਸਤ੍ਰਾ ਉਹਨੂੰ ਇਕ ਮੇਹਰਬਾਨੀ ਕਰਕੇ ਦਿੰਦੀ ਹੈ, ਤੇ ਆਪ ਜਗਰਾਤਾ ਕਰਨ ਦਾ ਦਯਾਵਾਨ ਬਹਾਨਾ ਕਰਦੀ ਹੈ। ਇਹ ਦੇਖ ਕੇ ਓਸ ਕਿਹਾ, "ਜੀ ! ਮੈਂ ਤਾਂ ਭੁੰਞੇ ਹੀ ਸੈਂ ਸਕਦਾ ਹਾਂ ਤੇ ਮੈਨੂੰ ਮੱਛਰਾਂ ਦਾ ਕੋਈ ਡਰ ਨਹੀਂ, ਆਪ ਨੂੰ ਕੀ ਐਸਾ ਕੰਮ ਹੈ ਜੋ ਆਪ ਰਾਤ ਸੌਣਾ ਨਹੀਂ ਚਾਹੁੰਦੇ ? ਮੈਨੂੰ ਆਪ ਦੀ ਇੰਨੀ ਖੇਚਲ, ਮੇਰੀ ਖਾਤਰ ਕਰਨਾ ਚੰਗਾ ਨਹੀਂ ਲੱਗਦਾ ਤੇ ਮੇਰੇ ਪਰ ਮਿਹਰਬਾਨੀ ਕਰੋ ਤੇ ਮੈਨੂੰ ਭੁੰਞੇ ਹੀ ਪੈ ਜਾਣ ਦਿਓ, ਮੇਰਾ ਰੂਹ ਆਪ ਦੀ ਇੰਨੀ ਦਯਾ ਬਰਦਾਸ਼ਤ ਨਹੀਂ ਕਰ ਸੱਕਦਾ।"

"ਜੋ ਮੈਂ ਕਹਿੰਦੀ ਹਾਂ, ਓਹ ਆਪ ਨੂੰ ਮੰਨਣਾ ਪਵੇਗਾ, ਦਰ ਹਕੀਕਤ ਮੈਨੂੰ ਕੰਮ ਹੈ ਤੇ ਮੈਂ ਅਜ ਰਾਤ ਨਹੀਂ ਸੈਣਾ।" ਇਹ ਲਫਜ਼ ਇਕ ਵੱਡੀ ਭੈਣ ਦੀ ਹੈਸੀਅਤ ਵਿਚ ਐਸੇ ਪਿਆਰ ਦੇ ਐਸੇ ਦਾਹਵੇ ਨਾਲ ਉਸ ਨੇ ਕਹੇ, ਜੋ ਇਸ ਨੌਜਵਾਨ ਨੂੰ ਸਿਰ ਝੁਕਾ ਕੇ ਮੰਨਣੇ ਪਏ ਤੇ ਆਖਿਆ, "ਕਿ ਇਹ ਉਚਿਤ ਹੈ, ਕਿ ਆਪ ਮੈਨੂੰ ਜੋ ਬੰਦੋਬਸਤ ਮੈਂ ਚਾਹਾਂ, ਉਹ ਆਪਣੇ ਮਹਿਮਾਨ ਲਈ ਕਰਨ ਦੀ ਆਗਿਆ ਦੇਵੋਗੇ ਇਸ ਬੰਦੋਬਸਤ ਵਿਚ ਆਪ ਦਾ ਦਖਲ ਦੇਣਾ ਵਾਜਬ ਨਹੀਂ।"

ਨੌਜਵਾਨ ਚੁਪ ਹੋ ਗਿਆ, ਕਿਉਂਕਿ ਸੈਣ ਵਾਸਤੇ ਕਮਰਾ ਵੀ ਇਕੋ ਸੀ, ਉਸ ਨੇ ਆਪਣੀ ਤੁਲਾਈ ਲਿਆ ਕੇ ਫਰਸ਼ ਉੱਪਰ ਵਿਛਾ ਦਿੱਤੀ ਤੇ ਰਜਾਈ ਰੱਖ ਦਿੱਤੀ।

ਇਕ ਲੱਕੜੀ ਦਾ ਸਿਰਹਾਣਾ ਵੀ ਲਿਆ ਦਿੱਤਾ ਤੇ ਕਮਰੇ ਦੇ ਉਸ ਪਾਸੇ, ਜਿਸ ਪਾਸੇ ਓਹ ਘਰ ਦਾ ਨਿੱਕਾ ਜਿਹਾ ਮੰਦਰ ਪਿਆ ਹੋਇਆ ਸੀ, ਓਸ ਅੱਗੇ ਇਕ ਸਕ੍ਰੀਨ (ਪਰਦਾ) ਖੜਾ ਕਰ ਦਿਤਾ, ਓਹਦਾ ਪਾਸਾ ਵੱਖਰਾ ਇਉਂ ਕਰ ਦਿੱਤਾ ਤੇ ਆਖਿਆ ਕਿ ਹੁਣ ਆਪ ਥੱਕੇ ਹੋ ਬ੍ਰਾਜ ਮਾਓ ਤੇ ਸੌਂ ਜਾਓ, ਇਹ ਇੱਛਿਆ ਇਸ ਤਰ੍ਹਾਂ ਪ੍ਰਗਟ ਕੀਤੀ, ਕਿ ਓਹ ਦਰ ਹਕੀਕਤ ਓਹਨੂੰ ਸੈਂ ਜਾਣ ਦਾ ਹੁਕਮ ਦੇ ਰਹੀ ਹੈ, ਤਾ ਕਿ ਓਹ ਉਹਦੇ ਰਾਤ ਦੇ ਕੰਮਾਂ ਵਿਚ ਕਿਸ ਤਰ੍ਹਾਂ ਦਾ ਦਖਲ ਦੇ ਨਾ ਸਕੇ।

ਨੌਜਵਾਨ ਬਿਸਤਰੇ ਵਿਚ ਵੜ ਗਿਆ, ਭਾਵੇਂ ਉਹਦਾ ਰੂਹ ਦੁਖੀ ਸੀ, ਕਿ ਕਿਸ ਤਰ੍ਹਾਂ ਸਵਾਣੀ ਨੇ ਆਪਣਾ ਬਿਸਤਰਾ ਉਹਨੂੰ ਦੇ ਦਿੱਤਾ, ਤਾਂ ਵੀ ਲੇਟਦੇ ਸਾਰ ਸੌਂ ਗਿਆ, ਬਹੁਤ ਥੱਕਾ ਹੋਇਆ ਸੀ।

ਪਰ ਥੋੜ੍ਹਾ ਚਿਰ ਹੀ ਸੁੱਤਾ ਹੋਣਾ ਹੈ, ਕਿ ਇਕ ਅਨੋਖੀ ਜਿਹੀ ਅਵਾਜ਼ ਨੇ ਓਹਨੂੰ ਜਗਾ ਦਿੱਤਾ ਤੇ ਉਹ ਅਚੰਭਾ ਹੋ ਕੇ ਸੁਨਣ ਲਗ ਪਿਆ, ਕਿ ਅਵਾਜ਼ ਕੀ ਹੈ ਤੇ ਕਿਥੋਂ ਆ ਰਹੀ ਹੈ? ਅਵਾਜ਼ ਪੈਰਾਂ ਦੀ ਸੀ, ਪਰ ਪੈਰ ਚੱਲ ਨਹੀਂ ਰਹੇ, ਕੋਈ ਆ ਜਾ ਨਹੀਂ ਰਿਹਾ। ਇਉਂ ਜਾਪੇ ਜਿਵੇਂ ਕੋਈ ਘਬਰਾਹਟ ਵਿਚ ਤ੍ਰਿਖੇ ਪੈਰ ਰੱਖ ਰਿਹਾ ਹੈ, ਸੋਚਿਆ ਕਿ ਸ਼ਾਇਦ ਘਰ ਵਿਚ ਚੋਰ ਨਾ ਆ ਵੜੇ ਹੋਣ, ਉਸ ਨੂੰ ਆਪਣੇ ਲਈ ਤਾਂ ਕੋਈ ਡਰ ਨਾ ਲੱਗਾ, ਕਿਉਂਕਿ ਓਸ ਪਾਸ ਲੁਟੇ ਜਾਣ ਨੂੰ ਸੀ ਹੀ ਕੁਛ ਨਹੀਂ, ਪਰ ਸਵਾਣੀ ਦੀ ਖ਼ਾਤਰ ਕੁਛ ਭੈ ਭੀਤ ਹੋਇਆ। ਮੱਛਰਦਾਨੀ ਵਿਚ ਇਕ ਲੱਕੜ ਦੀ ਜਾਲੀ ਜਿਹੀ ਨਾਲ ਭਰਿਆ ਸੁਰਾਖ ਸੀ, ਉਸ ਦੀ ਰਾਹੀਂ ਦੇਖਣ ਲੱਗਾ ਪਰ ਅੱਗੇ ਓਹ ਪਰਦਾ ਸੀ ਕੁਛ ਵੇਖ ਨਾ ਸੱਕਿਆ, ਜੋ ਹੋ ਰਿਹਾ ਸੀ ਸਕ੍ਰੀਨ ਦੇ ਪਿਛੇ ਹੋ ਰਿਹਾ ਸੀ। ਉਸ ਨੇ ਉੱਚੀ ਰੌਲਾ

Digitized by Panjab Digital Library | www.panjabdigilib.org

ਪਾਣ ਦੀ ਸੋਚੀ ਪਰ ਫਿਰ ਸੋਚਿਆ ਕਿ ਜਦ ਤੱਕ ਸਾਰੀ ਗੱਲ ਦਾ ਪਤਾ ਨਾ ਲੱਗੇ ਸਵਾਣੀ ਦੀ ਜਾਨ ਦੀ ਰੱਛਿਆ ਇਸ ਵਿਚ ਹੈ ਕਿ ਓਹ ਉਚਾ ਨਾ ਬੋਲੇ। ਪਰ ਓਹ ਅਵਾਜ਼ ਜਿਹੜੀ ਸੁਣਾਈ ਦੇ ਰਹੀ ਸੀ ਬਰਾਬਰ ਜਾਰੀ ਰਹੀ ਤੇ ਹੋਰ ਵਧ ਉਸਦੀ ਹੈਰਾਨੀ ਵਧਦੀ ਗਈ। ਆਖ਼ਰ ਰਹਿ ਨਾ ਸਕਿਆ, ਜੋ ਕੁਛ ਹੋਵੇ ਉਹ ਉੱਠ ਕੇ ਵੇਖੇਗਾ, ਕਿ ਕਿਸ ਤਰ੍ਹਾਂ ਓਹ ਆਪਣੀ ਦਯਾਵਾਨ ਮਾਲਕਾ ਦੀ ਜਾਨ ਦੀ ਹਿਫਾਜ਼ਤ ਕਰ ਸਕਦਾ ਹੈ। ਜਲਦੀ ਨਾਲ ਕੱਪੜੇ ਪਾ ਕੇ, ਓਸ ਮੱਛਰਦਾਨੀ ਵਿਚੋਂ ਨਿਕਲ ਕੇ ਓਹ ਸਕ੍ਰੀਨ ਤਕ ਬਿਨਾ ਖੜਾਕ ਕੀਤੇ ਦੇ ਜਾ ਅੱਪੜਿਆ ਤੇ ਝਾਤੀ ਪਾ ਕੇ ਵੇਖਿਆ। ਜੋ ਓਸ ਵੇਖਿਆ ਉਸ ਨੇ ਓਹਨੂੰ ਬੜਾ ਅਚਰਜ ਕੀਤਾ।

ਕੀ ਸੀ? ਓਹੋ ਹੀ ਪ੍ਰਿਭਜੋਤ ਸਵਾਣੀ ਬੜੇ ਹੀ ਸੋਹਣੇ ਗੋਟੇ ਕਨਾਰੀ ਵਾਲੇ ਕੱਪੜੇ ਪਾਏ ਉਸ ਮੰਦਰ ਜਿਹੇ ਅੱਗੇ ਇਕ ਅਚਰਜ ਨ੍ਰਿਤਯ ਕਰ ਰਹੀ ਹੈ। ਓਹ ਸਵਾਣੀ ਆਪ ਇਕ ਅਮੁਲ ਨਾਚ ਨੱਚ ਰਹੀ ਹੈ, ਪੁਸ਼ਾਕ ਉਸ ਸਿਹਾਣ ਲਈ ਕਿ ਨ੍ਰਿਤਯ ਕਰਨ ਵਾਲੀ ਨਾਇਕਾ ਦੀ ਹੀ ਹੈ, ਪਰ ਇਹੋ ਜਿਹੀ ਕੀਮਤੀ ਪੁਸ਼ਾਕ ਓਸ ਅੱਗੇ ਕਦੀ ਨਹੀਂ ਵੇਖੀ ਸੀ, ਤੇ ਬੜੀਆਂ ਨਾਇਕਾਂ ਦੇ ਨਾਚ ਦੇਖੇ ਸਨ ਪਰ ਇਹੋ ਜਿਹਾ ਨਾ ਨਾਚ ਨਾ ਰੰਗ, ਨਾ ਰਸ ਕਿਧਰੇ ਵੇਖਿਆ ਸੀ। ਅਜੀਬ ਘੜੀ ਸੀ, ਓਹ ਆਪਣੇ ਨਾਚ ਵਿਚ ਲੀਨ ਹੈ ਅਰ ਇਹ ਆਪਣੀ ਅੱਖ ਕਿਧਰੇ ਉੱਪਰ ਉਠਾ ਨਹੀ ਸਕਦਾ ਇਹਦਾ ਰੂਹ ਤਿਥੇ ਬੱਝ ਗਿਆ। ਪਹਿਲਾਂ ਤਾਂ ਪੁਰਾਣੇ ਜਾਪਾਨ ਦੇ ਵਹਿਮ ਜਿਹੇ ਓਹਨੂੰ ਡਰਾਣ ਲੱਗੇ, ਕਿ ਸ਼ਾਇਦ ਇਹ ਕੋਈ ਭੂਤ ਪ੍ਰੇਤ ਹੀ ਨਾ ਹੋਵੇ, ਪਰ ਬੁੱਧ ਦਾ ਉਹ ਨਿੱਕਾ ਜਿਹਾ ਘਰ ਦਾ ਮੰਦਰ ਵੇਖ ਕੇ ਓਹਨੂੰ ਤੱਸਲੀ ਹੋਈ, ਕਿ ਐਸੀ ਪਾਕ ਹਜ਼ੂਰੀ ਵਿਚ ਕੋਈ ਔਰ ਗੈਰ ਆ ਨਹੀਂ ਸਕਦਾ। ਨਾਲੇ ਓਹਨੂੰ ਇਹ ਵੀ ਖਿਆਲ ਹੋਇਆ, ਕਿ ਇਹ ਉਸ ਰਾਜ਼ ਨੂੰ ਵੇਖ ਰਿਹਾ ਹੈ ਜਿਹਦੀ ਆਗਿਆ ਨਹੀਂ ਸੀ ਕਿ ਉਹ ਵੇਖੇ, ਪਰ ਉਸ ਨਾਚ ਤੇ ਰਸ ਤੇ ਚੁਪ ਰਾਗ ਦਾ ਅਸਰ ਉਸ ਉੱਪਰ ਹੋਰ ਡੂੰਘਾ ਹੁੰਦਾ ਗਿਆ ਤੇ ਓਥੋਂ ਹਿੱਲਣ ਜੋਗਾ ਹੀ ਨਾ ਰਿਹਾ, ਓਹ ਵੀ ਵੇਖਣ ਵਿਚ ਬੱਸ ਅੱਖਾਂ ਹੀ ਹੋ ਗਿਆ। ਅਚਾਣਚੱਕ ਉਸ ਸਵਾਣੀ ਨੇ ਜਦ ਨਾਚ ਬੰਦ ਕੀਤਾ, ਆਪਣੀ ਪੁਸ਼ਾਕ ਉਤਾਰੀ ਤੇ ਉਹਨੂੰ ਦੇਖ ਕੇ ਓਹ ਬੜੀ ਚੌਕੀ ਤੇ ਉਸ ਵਲ ਘੂਰ ਕੇ ਦੇਖਣ ਲੱਗ ਪਈ।

ਨੌਜਵਾਨ ਨੇ ਝੱਟ ਮਾਫ਼ੀ ਮੰਗਣ ਦੀ ਕੀਤੀ। ਓਸ ਜੋ ਬੀਤਿਆ ਸੀ, ਸੋ ਕਹਿ ਸੁਣਾਇਆ, ਕਿਸ ਤਰ੍ਹਾਂ ਇਸ ਸੋਹਣੇ ਤੇ ਅਚੰਭਾ ਕਰਨ ਵਾਲੇ ਖੜਾਕ ਨੇ ਓਹਦੀ ਨੀਂਦਰ ਖੋਹਲੀ! ਓਹ ਕਿਉਂ ਨਾ ਚਿੱਲਾਇਆ ਤੇ ਚੁਪਕੇ ਉੱਠ ਕੇ ਸਕ੍ਰੀਨ ਵਲ ਆਇਆ ਤੇ ਫਿਰ ਉਸ ਰਸ ਮਗਨਤਾ ਵਿਚ ਹਿੱਲ ਨਾ ਸੱਕਿਆ।

'ਮੈਨੂੰ ਤੁਸੀਂ ਮਾਫ਼ ਕਰਨਾ, ਪਰ ਹੁਣ ਮੈਂ ਪੁੱਛੇ ਬਿਨਾ ਰਹਿ ਨਹੀਂ ਸਕਦਾ, ਕਿ ਆਪ ਕੌਣ ਹੋ ਅਰ ਆਪਦੀ ਕਹਾਣੀ ਕੀ ਹੈ? ਆਪ ਇਸ ਸਾਰੇ ਮੁਲਕ ਵਿਚ ਮੇਰੀ ਜਾਚੇ ਅਦੁਤੀ ਨ੍ਰਿਤਯ ਦੀ ਮਲਕਾ ਹੋ ਤੇ ਆਪ ਇੱਥੇ ਕਿਸ ਤਰ੍ਹਾਂ ਆਏ, ਸੱਚ ਤਾਂ ਇਹ ਹੈ ਕਿ ਮੈਂ ਦਾਰੁਲਖਿਲਾਫੇ ਦੀਆਂ ਸਭ ਚੋਣਵੀਆਂ ਨੱਚਣ ਵਾਲੀਆਂ ਵਿਚ ਆਪ ਦੇ ਉਨਰ ਦਾ ਮੁਕਾਬਲਾ ਕਰਨ ਵਾਲੀ ਕੋਈ ਨਹੀਂ ਡਿੱਠੀ।'

ਪਹਿਲਾਂ ਤਾਂ ਸਵਾਣੀ ਗੁੱਸੇ ਹੀ ਸੀ, ਪਰ ਜਦ ਓਹ ਇਹ ਕਹਿਕੇ ਮਾਫ਼ੀ ਮੰਗ ਕੇ ਚੁੱਪ ਹੋਇਆ, ਤਦ ਉਹਦੇ ਮੂੰਹ ਤੇ ਵੀ ਮੁੜ ਅਨਾਇਤ ਆਈ, ਆਪ ਹੱਸ ਕੇ ਓਹਦੇ ਕੋਲ ਹੀ ਓਥੇ

Digitized by Panjab Digital Library | www.panjabdigilib.org

ਬਹਿ ਗਈ, ਕਹਿਣ ਲੱਗੀ, 'ਨਹੀਂ! ਮੈਂ ਤੇਰੇ ਪਰ ਖਫ਼ਾ ਨਹੀਂ, ਪਰ ਮੈਨੂੰ ਮੰਦਾ ਜ਼ਰੂਰ ਲੱਗਾ ਹੈ, ਕਿ ਆਪ ਨੇ ਮੈਨੂੰ ਨੱਚਦਿਆਂ ਕਿਉਂ ਵੇਖਿਆ? ਆਪ ਨੂੰ ਮੈਂ ਤਾਂ ਪਾਗਲ ਜਿਹੀ ਲੱਗੀ ਹੋਵਾਂਗੀ ਕਿ ਆਪ-ਮੁਹਾਰੀ ਕਲਮੁਕੱਲੀ ਨੱਚਣ ਲੱਗ ਪਈ ਹਾਂ, ਹੁਣ ਆਪ ਨੂੰ ਇਸ ਸਾਰੀ ਗੱਲ ਦਾ ਭੇਤ ਦੱਸਣਾ ਹੀ ਪਿਆ।'

'ਮੇਰੀ ਕਹਾਣੀ ਇੰਨੀ ਹੀ ਹੈ, ਕਿ ਮੈਂ ਓਹ— ਨਾਇਕਾ ਹਾਂ", ਇਹ ਨਾਮ ਮਸਹੂਰ ਸੀ ਤੇ ਨੌਜਵਾਨ ਨੂੰ ਵੀ ਇਹਦੇ ਨਾਮ ਦੀ ਸ਼ੁਹਰਤ ਦਾ ਪਤਾ ਸੀ, ਕਿਉਂਕਿ ਓਹ ਸਾਰੇ ਮੁਲਕ ਵਿਚ ਹਰ ਦਿਲ ਨੂੰ ਮੋਹਿਤ ਕਰਨ ਵਾਲੀ ਨਾਚ ਬਾਲਿਕਾ ਸੀ। 'ਮੈਂ ਜਦ ਆਪਣੇ ਪੂਰੇ ਜੋਬਨ ਵਿਚ ਸੀ ਤੇ ਮੇਰਾ ਉਨਰ ਵਿਖਯਾਤ ਸੀ, ਮੇਰੇ ਰੂਹ ਨੂੰ ਇਕ ਨੌਜਵਾਨ ਨੇ ਮੋਹਿਆ, ਮੈਂ ਉਸ ਨਾਲ ਸਭ ਸ਼ੁਹਰਤ ਰਾਜ, ਭਾਗ, ਸੁਖ, ਮਹਿਲ ਛੋੜ ਕੇ ਨੱਸ ਆਈ, ਭਾਵੇਂ ਮੇਰੇ ਪਿਆਰੇ ਪਾਸ ਕੋਈ ਧਨ ਨਹੀਂ ਸੀ ਪਰ ਸਾਡੇ ਪਾਸ ਕਾਫ਼ੀ ਸੀ, ਆਪਣੇ ਗਰੀਬੀ ਵਿਚ—ਪਰ ਪਿਆਰ ਵਿਚ—ਜੀਣ ਨੂੰ। ਉਹ ਪਿਆਰਾ ਮੇਰਾ ਬੜਾ ਖੁਸ਼ ਹੁੰਦਾ ਸੀ, ਜਦ ਮੈਂ ਉਹਦੇ ਸਾਹਮਣੇ ਨੱਚਦੀ ਸਾਂ, ਇਸ ਘਰ ਵਿਚ ਤੇ ਇਸ ਏਕਾਂਤ ਵਿਚ, ਕੁਛ ਇਕ ਚਿਰ ਅਸੀਂ ਦੋਵੇਂ ਇਕ ਦੂਜੇ ਲਈ ਜੀਂਦੇ ਸਾਂ। ਸਾਡਾ ਸਾਰਾ ਜਗਤ ਇਕ ਦੂਜੇ ਲਈ ਅਸੀਂ ਆਪ ਸਾਂ। ਓਹ ਮੈਨੂੰ ਪਿਆਰਦਾ ਨਹੀਂ ਸੀ, ਮੈਨੂੰ ਪੂਜਦਾ ਸੀ, ਅਰ ਬੇਹੱਦ ਓਹਦਾ ਪਿਆਰ ਸੀ। ਮੈਂ ਨਿਮਾਣੀ ਕਿਸ ਜੋਗ ਸਾਂ, ਮੈਨੂੰ ਇੰਨਾ ਪਤਾ ਸੀ, ਕਿ ਮੇਰਾ ਨਾਚ ਓਹਨੂੰ ਰੀਝਾਂਦਾ ਸੀ। ਸੋ ਮੈਂ ਉਹਨੂੰ ਰੀਝਾਣ ਦੀ ਕਰਦੀ ਸਾਂ। ਹਰ ਸ਼ਾਮ ਓਹ ਕੋਈ ਨਾ ਕੋਈ ਸੁਰ ਰਾਗ ਦੀ ਛੇੜਦਾ ਸੀ ਤੇ ਮੈਂ ਉਸ ਸੁਰ ਉੱਪਰ ਨੱਚਦੀ ਸਾਂ। ਇਕ ਦੂਜੇ ਨੂੰ ਅਸੀਂ ਤਕ ਤਕ ਜੀਂਦੇ ਸਾਂ, ਪਰ ਇਕ ਸਿਆਲੇ ਕੁਛ ਚਿਰ ਹੀ ਹੋਇਆ ਹੈ, ਕਿ ਆਪ ਨੂੰ ਸੱਦਾ ਆ ਗਿਆ, ਮੈਂ ਜਿੰਨੀ ਵਾਹ ਲੱਗੀ ਸੇਵਾ ਕੀਤੀ ਪਰ ਮੇਰੀ ਭੁਜ਼ੀ ਵਿਅਰਥ ਗਈ, ਆਪ ਸਦਾ ਲਈ ਮੈਥੀਂ ਜੁਦਾ ਹੋ ਗਏ।'

ਨੌਜਵਾਨ ਸਮਝ ਗਿਆ, ਕਿ ਹੁਣ ਇਹ ਅਜ ਰਾਤ ਦਾ ਨਾਚ ਗੁਜ਼ਰ ਗਏ ਪਿਆਰੇ ਨੂੰ ਰੀਝਾਣ ਦਾ ਤਰਲਾ ਸੀ, ਤੇ ਓਹ ਬੁੱਧ ਦਾ ਨਿੱਕਾ ਜਿਹਾ ਮੰਦਰ ਓਹਦੀ ਯਾਦ ਵਿਚ ਰਚਿਆ ਹੋਇਆ ਹੈ, ਇਸ ਵਿਚ ਓਸ ਪਿਆਰੇ ਦਾ ਨਾਮ ਤੇ ਕੁਛ ਉਹਦੀਆਂ ਚੀਜ਼ਾਂ ਰੱਖੀਆਂ ਹੋਈਆਂ ਹਨ ਤੇ ਉਸਦੀ ਯਾਦ ਵਿਚ ਇਹ ਇਕ ਤਰ੍ਹਾਂ ਦਾ ਪਿਆਰ ਸ਼ਰਾਧ ਸੀ, ਜਿਹੜਾ ਉਸਨੇ ਇਸ ਤਰ੍ਹਾਂ ਵੇਖਿਆ।

ਸਵਾਣੀ ਨੇ ਚਾਹ ਬਣਾਈ, ਅਰ ਦੋਹਾਂ ਪੀਤੀ ਤੇ ਫਿਰ ਉਸਨੇ ਕਿਹਾ ਕਿ ਹੁਣ ਆਪ ਸੌਂ ਜਾ..।

ਨੌਜਵਾਨ ਨੇ ਕਿਹਾ 'ਆਪ ਮੈਨੂੰ ਮਾਫ਼ੀ ਦੇਣਾ, ਕਿ ਮੈਂ ਇਸ ਤਰ੍ਹਾਂ ਆਪਦੇ ਮੁਤੱਬਰਕ ਨਾਚ ਨੂੰ ਵੇਖ.. ਲਈ ਮਜਬੂਰ ਹੋਇਆ।' ਓ.. ਕਹਿਣ ਲੱਗੀ, 'ਨਹੀਂ, ਸਗੋਂ ਆਪਨੇ ਮਾਫ਼ੀ ਦੇਣੀ, ਕਿ ਮੈਂ ਨੇ ਆਪਦੀ ਨੀਂਦਰ ਉਕਤਾਈ। ਪਹਿਲਾਂ .. ਮੈਂ ਉਡੀਕ ਕਰਦੀ ਰਹੀ, ਜਦ ਆਪ ਘੂਕ ਸੌਂ ਗਏ ਸੋ, ਤਦ ਮੈਂ ਬਿਨਾਂ ਬਾਹਲੇ ਖੜਾਕ ਦੇ ਆਰੰ.. ਕੀਤੀ ਸੀ, ਪਰ ਆਪ ਨੂੰ ਵਿਖੇਪਤਾ ਹੋਈ ਹੈ।'

ਇਉਂ ਮਾਫ਼ੀਆਂ ਮੰਗਦਾ ਓਹ ਮਜ.. ਮੁੜ ਕਾਗਜ਼ ਦੀ ਮੱਛਰਦਾਨੀ ਹੇਠ ਜਾ ਲੇਟਿਆ ਤੇ ਖੂਬ ਸੌਂ ਗਿਆ। ਦਿਨ ਕਾਫ਼ੀ ਚੜ੍ਹ ਆਇਆ .. ਜਦ ਓਹ ਸਵੇਰੇ ਜਾਗਿਆ। ਜਦ ਉਹ ਉੱਠਿਆ,

Digitized by Panjab Digital Library | www.panjabdigilib.org

ਤਾਂ ਜਿਸ ਤਰ੍ਹਾਂ ਰਾਤੀਂ ਇਕ ਸਾਦਾ ਜਿਹਾ ਭੋਜਨ ਉਸ ਲਈ ਬਣਾਇਆ ਸੀ, ਉਸੀ ਤਰ੍ਹਾਂ ਦਾ ਸਾਦਾ ਭੋਜਨ ਸਵਾਣੀ ਨੇ ਬਣਾ ਕੇ ਤਿਆਰ ਕੀਤਾ ਸੀ ਤੇ ਆਪ ਦੇ ਅੱਗੇ ਬੜੀ ਖਾਤਰ ਤੇ ਆਜਜ਼ੀ ਨਾਲ ਰੱਖਿਆ। ਰਾਤੀ ਤਾਂ ਓਹ ਭੁੱਖਾ ਸੀ ਬਿਨਾ ਸੋਚੇ ਖਾ ਗਿਆ ਸੀ, ਪਰ ਸਵੇਰੇ ਉਸ ਨੂੰ ਸੋਚ ਆਈ ਕਿ ਸ਼ਾਇਦ ਆਪ ਓਹ ਰਾਤੀ ਭੁੱਖੀ ਹੀ ਰਹੀ ਹੈ ਤੇ ਹੋਵੇ ਨਾ ਹੋਵੇ, ਕਿ ਹੁਣ ਵੀ ਓਹ ਉਸਦੇ ਹਿੱਸੇ ਨੂੰ ਖਾ ਨਾ ਜਾਵੇ, ਉਸ ਬੜਾ ਥੋੜਾ ਖਾ ਕੇ ਵਿਦਿਆ ਹੋਣ ਦੀ ਕੀਤੀ।

ਪਰ ਜਦ ਓਸ ਖੀਸੇ ਵਿਚ ਹੱਥ ਪਾਏ, ਕਿ ਕੁਛ ਉਸ ਦੀ ਸੇਵਾ ਤੇ ਰੋਟੀ ਆਦਿ ਲਈ ਭੇਟਾ ਕਰ ਜਾਵੇ, ਤਦ ਸਵਾਣੀ ਬੋਲੀ "ਜੋ ਕੁਛ ਮੈਂ ਆਪ ਨੂੰ ਦੇ ਸਕਦੀ ਹਾਂ, ਓਹ ਕਿਸੀ ਲਾਇਕ ਨਹੀਂ ਤੇ ਜੋ ਵੀ ਸੀ, ਤਦ ਓਹ ਮੈਂ ਆਪ ਪਰ ਤਰਸ ਖਾ ਕੇ ਕੀਤਾ ਹੈ, ਉਸਦਾ ਮੁੱਲ ਦੇਣਾ ਆਪ ਨੂੰ ਉੱਚਿਤ ਨਹੀਂ। ਸੋ ਮੇਰੀ ਇੰਨੀ ਹੀ ਪ੍ਰਾਰਥਨਾ ਹੈ, ਕਿ ਆਪ ਨੂੰ ਜੋ ਤਕਲੀਫ ਇੱਥੇ ਰਾਤ ਰਹਿਣ ਵਿਚ ਹੋਈ ਹੋਵੇ, ਉਹਦੀ ਖਿਮਾ ਬਖਸ਼ਣੀ ਤੇ ਨਿਰਾ ਇਹ ਚੇਤੇ ਰੱਖੋਗੇ ਕਿ ਆਪ ਨੂੰ ਇਕ ਐਸੀ ਨਿਮਾਣੀ ਦੀ ਕੁੱਲੀ ਵਿਚ ਰਹਿਣਾ ਪਿਆ, ਤੇ ਮੇਰੇ ਪਾਸ ਸਿਵਾਏ ਪਿਆਰ ਤੇ ਸ਼ੁਭ ਸੰਕਲਪ ਦੇ ਹੋਰ ਦੇਣ ਜੋਗਾ ਕੁਛ ਨਹੀਂ ਸੀ," ਉਸ ਨੇ ਫਿਰ ਵੀ ਕੋਸ਼ਿਸ਼ ਕੀਤੀ, ਕਿ ਕੁਛ ਭੇਟਾ ਓਹ ਦੇ ਸਕੇ ਪਰ ਜਦ ਤੱਕਿਆ ਕਿ ਓਹਦੇ ਜਤਨ ਨਾਲ ਉਹਦਾ ਸੋਹਣਾ ਪਰ ਉਦਾਸ ਚਿਹਰਾ ਦੁਖਿਤ ਹੋ ਰਿਹਾ ਹੈ, ਤਦ ਉਸ ਇਹ ਗੱਲ ਛੱਡ ਦਿੱਤੀ ਤੇ ਬੜੇ ਨਰਮ ਤੇ ਦਰਦ ਭਰੇ ਸ਼ਬਦਾਂ ਵਿਚ ਵਿਦਾ ਲਈ। ਉਹਦੇ ਦਿਲ ਵਿਚ ਉਹਦਾ ਸੁਹਣੱਪ ਤੇ ਉਹਦੀ ਉਦਾਸੀ ਦੋਵੇਂ ਖੁੱਭ ਰਹੇ ਸਨ ਤੇ ਉਹਦੇ ਦੁੱਖ ਦੀ ਪੀੜਾ ਉਸ ਨੂੰ ਭੀ ਹੋ ਰਹੀ ਸੀ।

ਸਵਾਣੀ ਨੇ ਉਹਨੂੰ ਰਾਹ ਦਸਿਆ ਤੇ ਬੜਾ ਚਿਰ ਖਲੋ ਕੇ ਦੇਖਦੀ ਰਹੀ, ਜਦ ਤਕ ਪਹਾੜ ਥੀਂ ਉਤਰ ਕੇ ਓਹ ਓਹਲੇ ਨਹੀਂ ਹੋ ਗਿਆ ਸੀ।

ਇਕ ਘੰਟੇ ਦੇ ਬਾਦ ਉਸ ਨੂੰ ਓਹ ਸ਼ਾਹ ਰਾਹ—ਜਿਸ ਉੱਪਰ ਓਹ ਕੱਲ ਆ ਰਿਹਾ ਸੀ—ਮਿਲ ਗਿਆ, ਪਰ ਇਥੇ ਅੱਪੜ ਕੇ ਸਖਤ ਮੰਦਾ ਲੱਗਾ ਸੂ, ਕਿ ਹਾਏ "ਆਪਣਾ ਨਾਮ ਭੀ ਉਸ ਨੂੰ ਦੱਸ ਨਾ ਆਯਾ" ਥੋੜਾ ਚਿਰ ਦੋ ਦਿਲੀਆਂ ਵਿਚ ਪਿਆ ਰਿਹਾ, ਪਰ ਫਿਰ ਕਹਿਣ ਲੱਗਾ, "ਕੀ ਹੋਇਆ, ਮੇਰੇ ਨਾਮ ਦਾ ਕੀ ਪ੍ਰਯੋਜਨ ਹੈ? ਮੈਂ ਤਾਂ ਸਦਾ ਇਉਂ ਹੀ ਗਰੀਬ ਰਹਿਣਾ ਹੈ, ਮੈਂ ਓਹਦੀ ਕੀ ਮਦਦ ਕਰ ਸਕਦਾ ਹਾਂ, ਗਰੀਬਾਂ ਦੇ ਨਾਮ ਦੱਸੇ ਨਾ ਦੱਸੇ ਇਕੋ ਗੱਲ ਹੈ", ਇਉਂ ਆਪਣੇ ਮਨ ਦਾ ਸਮਝੌਤਾ ਕਰਕੇ ਰਾਹ ਪੈ ਗਿਆ।

ਇਹ ਨੌਜਵਾਨ ਆਰਟਿਸਟ ਸਮਾ ਪਾ ਕੇ ਬੜਾ ਵਿਖਯਾਤ ਚਿਤ੍ਰਕਾਰ ਹੋਇਆ ਤੇ ਬਾਦਸ਼ਾਹਾਂ ਦੇ ਸ਼ਹਿਰ ਦਾ ਨਗੀਨਾ ਸੀ। ਸ਼ਾਹਜ਼ਾਦੇ ਇਕ ਦੂਜੇ ਨਾਲ ਇਸ ਚਿਤ੍ਰਕਾਰ ਨੂੰ ਸਤਿਕਾਰਨ ਤੇ ਵਡਿਆਨ ਵਿਚ ਰੀਸ ਕਰਦੇ ਸਨ ਤੇ ਇਸ ਪਾਸ ਧਨ ਅਮੇਟਵਾਂ ਆ ਗਿਆ। ਦਾਰੁਲਖਿਲਾਫੇ ਵਿਚ ਇਕ ਬੜੇ ਆਲੀਸ਼ਾਨ ਮਹਿਲ ਵਿਚ ਇਹ ਰਹਿੰਦਾ ਸੀ, ਪਰ ਹੁਣ ਬੜਾ ਹੋ ਚੁਕਾ ਸੀ, ਸਾਰੇ ਮੁਲਕ ਦੇ ਨੌ-ਜਵਾਨ ਆਰਟਿਸਟ ਇਸ ਦੇ ਆਕੇ ਸ਼ਾਗਿਰਦ ਬਣਦੇ ਸਨ ਤੇ ਇਸ ਪਾਸ ਰਹਿੰਦੇ ਸਨ, ਤੇ ਇਹਦੇ ਗੁਲਾਮਾਂ ਵਾਂਗ ਇਸ ਦਾ ਹੁਕਮ ਮੰਨਦੇ ਸਨ, ਸਾਰੀ ਵਲਾਇਤ ਵਿਚ ਬਸ ਇਕ ਇੰਹ ਅਦੁਤੀ ਚਿਤ੍ਰਕਾਰ ਸੀ।

Digitized by Panjab Digital Library | www.panjabdigilib.org

ਇਕ ਦਿਨ ਇਸ ਦੇ ਦਰਵਾਜ਼ੇ ਤੇ ਇਕ ਬੁੱਢੀ ਜਿਹੀ ਜਨਾਨੀ ਆਈ ਤੇ ਦੁਾਰਪਾਲਾਂ ਨੂੰ ਕਹਿਣ ਲੱਗੀ, ਮੈਂ ਚਿਤ੍ਰਕਾਰ ਨੂੰ ਮਿਲਣਾ ਹੈ, ਦੁਾਰਪਾਲਾਂ ਨੇ ਦੇਖਿਆ ਇਕ ਮੰਗਤੀ ਜਿਹੀ ਛੱਜ ਛੱਜ ਲੀਰਾਂ ਲਮਕਦੀ ਰੁਲਦੀ ਖੁਲਦੀ ਕੋਈ ਹੈ, ਸੋ ਉਨ੍ਹਾਂ ਪ੍ਰਵਾਹ ਨਾ ਕੀਤੀ ਤੇ ਓਹਨੂੰ ਆਖਣ ਲੱਗੇ ਤੂੰ ਕਿਸ ਲਈ ਮਾਲਕ ਨੂੰ ਮਿਲਣਾ ਚਾਹੁੰਦੀ ਹੈਂ, ਤੇ ਉਹ ਉੱਤਰ ਦਿੰਦੀ ਸੀ। 'ਮੇਰਾ ਕੰਮ ਆਪ ਨਾਲ ਹੀ ਹੈ, ਤੁਸਾਂ ਨੂੰ ਦੱਸ ਨਹੀਂ ਸਕਦੀ' ਤੇ ਇਉਂ ਓਹ ਓਹਨੂੰ ਟਾਲ ਦਿੰਦੇ ਸਨ ਤੇ ਕਈ ਵੇਰੀ ਇਹ ਕਹਿਕੇ ਟਾਲ ਦਿੰਦੇ ਸਨ, ਕਿ ਓਹ ਸ਼ਹਿਰ ਵਿਚ ਹੀ ਨਹੀਂ, ਬਾਹਰ ਗਿਆ ਹੋਇਆ ਹੈ।

ਓਹ ਬੁੱਢੀ ਮੁੜ ਮੁੜ ਆਉਂਦੀ ਸੀ ਤੇ ਹਰ ਵੇਰੀ ਓਹਨੂੰ ਕੋਈ ਨਾ ਕੋਈ ਕੂੜ ਬੋਲ ਕੇ ਟਾਲ ਦਿੱਤਾ ਜਾਂਦਾ ਸੀ। 'ਅੱਜ ਓਹ ਵੱਲ ਨਹੀਂ' 'ਅੱਜ ਓਹ ਖੜਾ ਰੁੱਝਾ ਹੋਇਆ ਹੈ', 'ਅੱਜ ਬੜੇ ਮਹਿਮਾਨ ਆਏ ਹੋਏ ਹਨ, ਮਿਲ ਨਹੀਂ ਸਕਦਾ।' ਪਰ ਓਹ ਬੁੱਢੀ ਆਉਂਦੀ ਹੀ ਰਹੀ, ਓਸ ਵੀ ਪਿੱਛਾ ਨਾ ਛੱਡਿਆ, ਤੇ ਹਰ ਰੋਜ਼ ਠੀਕ ਓਸੇ ਵੇਲੇ ਆਉਂਦੀ ਸੀ ਤੇ ਉਹਦੀ ਕਮਰ ਤੇ ਨਿੱਕਾ ਜਿਹਾ ਬੱਝਾ ਹੋਇਆ ਬੁਚਕਾ ਹੁੰਦਾ ਸੀ। ਆਖਰਕਾਰ ਨੌਕਰਾਂ ਨੂੰ ਵੀ ਤਰਸ ਆਇਆ ਤੇ ਉਨ੍ਹਾਂ ਜਾ ਕੇ ਆਪਣੇ ਮਾਲਕ ਨੂੰ ਕਿਹਾ "ਜਨਾਬ! ਅੱਜ ਕਿੰਨੇ ਚਿਰਾਂ ਥੀਂ ਇਕ ਬੁਢੀ ਰੋਜ਼ ਠੀਕ ਓਸੇ ਵਕਤ ਆਪ ਨੂੰ ਮਿਲਣ ਆਉਂਦੀ ਹੈ, ਅਸਾਂ ਗਰੀਬ ਮੰਗਤੀ ਸਮਝ ਕੇ ਕਈ ਚਿਰਾਂ ਥੀਂ ਟਾਲਿਆ ਹੈ, ਪਰ ਓਹ ਆਪ ਦੇ ਮਿਲੇ ਬਗੈਰ ਨਹੀਂ ਰਹੇਗੀ ਤੇ ਓਹ ਕਹਿੰਦੀ ਹੈ, ਕਿ ਜੋ ਗੱਲ ਓਸ ਕਰਨੀ ਹੈ ਆਪ ਨਾਲ ਕਰਨੀ ਹੈ, ਸਾਨੂੰ ਕੁਛ ਨਹੀਂ ਦੱਸਦੀ, ਜੇ ਓਹ ਫਿਰ ਆਵੇ ਤਾਂ ਆਪ ਦਾ ਕੀ ਹੁਕਮ ਹੈ?

"ਤੁਸਾਂ ਪਹਿਲੇ ਇਸ ਬਾਬਤ ਮੈਨੂੰ ਕਿਉਂ ਨਹੀਂ ਆ ਕੇ ਦੱਸਿਆ?', ਤੇ ਇਹ ਕਹਿ ਕੇ ਆਪ ਉਠ ਕੇ ਦਰਵਾਜਿਓਂ ਬਾਹਰ ਜਾ ਕੇ ਓਸ ਬੁੱਢੀ ਨੂੰ ਬੜੀ ਹੀ ਮੇਹਰਬਾਨੀ ਨਾਲ ਮਿਲਿਆ, ਕਿਉਂਕਿ ਓਹਨੂੰ ਆਪਣੀ ਗਰੀਬੀ ਦੇ ਦਿਹਾੜੇ ਯਾਦ ਸਨ, ਤੇ ਪੁਛਿਆ, ਕਿ ਕੀ ਓਸ ਨੂੰ ਕੋਈ ਚੀਜ਼ ਲੋੜ ਹੈ? ਰੁਪਏ ਪੈਸੇ ਕੱਪੜੇ ਖਾਣਾ ਪੀਣਾ ਕੁਛ। ਉਸ ਨੇ ਉੱਤਰ ਦਿੱਤਾ, "ਜੀ ਮੈਨੂੰ ਹੋਰ ਕੁਛ ਲੋੜ ਨਹੀਂ, ਮੇਰਾ ਸੰਕਲਪ ਹੈ ਕਿ ਆਪ ਮੈਨੂੰ ਚਿਤ੍ਰਕਾਰ ਬਣਾ ਦੇਵੋਂ"। ਉਹਦੀ ਇਹ ਕਾਂਖਯਾ ਉੱਪਰ ਚਿਤ੍ਰਕਾਰ ਨੂੰ ਅਚਰਜ ਹੋਇਆ ਤੇ ਉਸ ਨੂੰ ਕਿਹਾ ਕਿ ਅੰਦਰ ਆ ਜਾਓ ਤੇ ਆਪਣੇ ਨਾਲ ਸਤਿਕਾਰ ਨਾਲ ਲੈ ਗਿਆ। ਬੁਢੀ ਨੇ ਬਹਿ ਕੇ, ਸਾਹ ਲੈ ਕੇ ਓਸ ਆਪਣੇ ਬੱਧੇ ਬੁਚਕੇ ਦੀਆਂ ਗੰਢਾਂ ਖੋਹਲੀਆਂ ਤੇ ਉਸ ਵਿਚੋਂ ਇਕ ਪੁਰਾਣੀ ਜਰ ਜਰ ਹੋਈ ਕਿਧਰੋਂ ਫਟੀ, ਕਿਧਰੋਂ ਚਮਕਦੀ ਗੋਟੇ ਕਨਾਰੀ ਵਾਲੀ ਪੁਰਾਣੇ ਜ਼ਮਾਨੇ ਦੀ ਪਿਸ਼ਵਾਜ਼ ਕੱਢੀ ਤੇ ਬੜੇ ਪਿਆਰ ਨਾਲ ਉਹਦੇ ਵੱਟਾਂ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਤੇ ਜਿਉਂ ਜਿਉਂ ਓਹ ਬੁਢੀ ਇਸ ਪਿਸ਼ਵਾਜ਼ ਨੂੰ ਖੋਹਲਦੀ ਤੇ ਸਵਾਰਦੀ ਸੀ, ਤਿਉਂ ਤਿਉਂ ਓਸ ਚਿਤ੍ਰਕਾਰ ਉਸਤਾਦ ਨੂੰ ਅਚਾਨਚੱਕ ਆਪਣੇ ਜਵਾਨੀ ਦੀ ਯਾਤਰਾ ਦਾ ਚੇਤਾ ਆਇਆ, ਓਹਦੇ ਸਾਹਮਣੇ ਯਾਦ ਨੇ ਇਕ ਕੜਾਕਾ ਖਾਧਾ ਤੇ ਓਹੋ ਪਹਾੜ, ਓਹੋ ਰਾਤ, ਓਹੋ ਰਾਹ ਭੁਲਣਾ, ਓਹੋ ਦੀਵੇ ਦੀ ਮੱਧਮ ਰੌਸ਼ਨੀ, ਓਹੋ ਉਹਦਾ ਬਾਹਰ ਜਾ ਕੇ ਬੂਹਾ ਠਕੋਰਨਾ, ਓਹੋ ਓਸ ਪ੍ਰਿਭਜੋਤ ਸਵਾਣੀ ਦਾ ਲਾਲਟੈਣ ਲੈ ਕੇ ਬਾਹਰ ਆਉਣਾ, ਓਹ ਸਭ ਕੁਛ ਚੇਤੇ ਆ ਗਿਆ, ਨਹੀਂ ਸਾਹਮਣੇ ਪ੍ਰਤੱਖ ਧਿਆਨ ਵਿਚ ਸਾਖਯਾਤ ਉਹ ਨਜ਼ਾਰਾ ਦਿਸ ਪਿਆ। ਉਸ ਬੁੱਢੀ ਨੂੰ ਬੜੀ ਹੀ ਹੈਰਾਨੀ ਹੋਈ, ਜਦ ਯਕਾਯਕ ਚਿਤ੍ਰਕਾਰ ਉਸਤਾਦ, ਜੋ ਹੁਣ ਸਾਹਜ਼ਾਦਿਆਂ ਤੇ ਬਾਦਸ਼ਾਹਾਂ ਦਾ ਮਾਨਨੀਯ ਉਸਤਾਦ ਸੀ, ਉਸ ਅੱਗੇ

Digitized by Panjab Digital Library | www.panjabdigilib.org

ਬੜੇ ਅਦਬ ਨਾਲ ਝੁਕਿਆ ਤੇ ਬੜੀ ਆਜਜ਼ੀ ਨਾਲ ਹੱਥ ਜੋੜ ਕੇ ਮਾਫੀ ਮੰਗਣ ਲੱਗ ਪਿਆ, 'ਮੇਰੀ ਬੇਅਦਬੀ ਨੂੰ ਮਾਫ਼ ਕਰਨਾ, ਮੇਰੀ ਕਰਖਤਗੀ ਨੂੰ ਖਿਮਾ ਕਰਨਾ, ਕਿ ਮੈਂ ਇਕ ਖਿਣ ਦੀ ਖਿਣ ਲਈ ਆਪਦਾ ਚੇਹਰਾ ਨਹੀਂ ਪਛਾਣ ਸਕਿਆ, ਪਰ ਮੈਂ ਵੀ ਤੇ ਮੇਰੀ ਯਾਦ ਵੀ ਕੀ ਕਰ ਸਕਦੀ ਸੀ? ਇਸ ਗੱਲ ਨੂੰ ਅੱਜ ਚਾਲੀ ਸਾਲ ਲੰਘ ਗਏ ਹਨ, ਜਦ ਇਕ ਦੂਜੇ ਨੂੰ ਅਸੀਂ ਮਿਲੇ ਸਾਂ। ਹੁਣ ਮੈਨੂੰ ਠੀਕ ਯਾਦ ਆ ਗਿਆ ਹੈ, ਆਪ ਨੇ ਬੜੀ ਮਿੱਠੀ ਕ੍ਰਿਪਾਲਤਾ ਨਾਲ ਮੈਨੂੰ ਆਪਣਾ ਮਿਹਮਾਨ ਕੀਤਾ ਸੀ, ਮੈਂ ਤਦ ਆਪ ਦਾ ਨਾਚ ਤਕਿਆ ਸੀ ਤੇ ਆਪ ਨੇ ਤਦੋਂ ਮੈਨੂੰ ਆਪਣੀ ਵਿਥਿਆ ਸੁਣਾਈ ਸੀ, ਆਪ ਵਿਖ੍ਯਾਤ ਤੇ ਅਦੁਤੀ ਨਾਇਕਾ ਹੋ ਤੇ ਮੈਨੂੰ ਆਪਦਾ ਨਾਮ ਹੁਣ ਤੱਕ ਨਹੀਂ ਭੁੱਲਾ।'

ਜਦ ਓਸ ਇਹ ਗੱਲ ਕਹੀ, ਤਦ ਮਾਈ ਨੂੰ ਕੁਛ ਵੀ ਚੇਤੇ ਨਹੀਂ ਆਉਂਦਾ ਸੀ, ਅਵਸਥਾ ਵਡੇਰੀ ਹੋ ਚੁਕੀ ਸੀ, ਯਾਦ-ਦਾਸ਼ਤ ਕਾਇਮ ਨਹੀਂ ਸੀ, ਪਰ ਜਦ ਹੋਰ ਨਰਮੀ ਤੇ ਪਿਆਰ ਨਾਲ ਗੱਲਾਂ ਕਰਨ ਲਗਾ, ਤੇ ਹੋਰ ਨਿੱਕੀਆਂ ਨਿੱਕੀਆਂ ਗੱਲਾਂ ਉਸ ਚੇਤੇ ਕਰਾਈਆਂ ਤਦ ਆਖਰ ਉਸ ਨੂੰ ਵੀ ਚੇਤਾ ਆ ਗਿਆ ਤੇ ਨੈਨ ਹੰਝੂਆਂ ਨਾਲ ਭਰ ਕੇ ਬੋਲੀ, 'ਠੀਕ ਓਹ ਦਿਵਯ ਪੁਰਖ, ਜਿਹੜਾ ਸਾਡੀਆਂ ਅਰਦਾਸਾਂ ਸੁਣਦਾ ਹੈ, ਓਸ ਆਪ ਮੈਨੂੰ ਆਪ ਦੇ ਘਰ ਦਾ ਰਾਹ ਦੱਸਿਆ ਹੈ, ਪਰ ਜਦ ਮੇਰੇ ਨਿਮਾਣੇ—ਕਿਸੇ ਜੋਗੇ ਨਾਂਹ ਘਰ ਵਿਚ ਆਪ ਨੇ ਚਰਣ ਪਾਏ ਸਨ—ਤਦ ਮੈਂ ਇਹੋ ਨਿਮਾਣੀ ਸਾਂ, ਜੋ ਹੁਣ ਹਾਂ। ਮੈਨੂੰ ਇਹ ਮਾਲਕ ਨਾਥ ਬੁਧ ਦੀ ਇਕ ਕਰਾਮਾਤ ਦਿੱਸਦੀ ਹੈ, ਕਿ ਆਪ ਨੂੰ ਮੈਂ ਨਿਮਾਣੀ ਦਾ ਵੀ ਇਉਂ ਚੇਤਾ ਆ ਗਿਆ ਹੈ, ਸ਼ੁਕਰ! ਸ਼ੁਕਰ।'

ਇਹ ਕਹਿ ਕੇ ਫਿਰ ਓਸ ਆਪਣੀ ਉਸ ਥੀਂ ਪਿਛੇ ਗੁਜਰੀ ਜੀਵਨ ਦੀ ਕਥਾ ਸੁਣਾਈ। ਕਿਸ ਤਰ੍ਹਾਂ ਗਰੀਬੀ ਕਰਕੇ ਉਸ ਨੂੰ ਓਹ ਪਰਬਤਾਂ ਵਾਲਾ ਮਕਾਨ ਵੇਚਣਾ ਪਿਆ, ਤੇ ਮੁੜ ਇਸ ਬਾਦਸ਼ਾਹਾਂ ਦੇ ਸ਼ਹਿਰ ਵਿਚ, ਜਿਥੇ ਇਕ ਦਿਨ ਵੱਡੀ ਮਸ਼ਹੂਰ ਸੀ, ਵਾਪਸ ਔਣਾ ਪਿਆ। ਘਰ ਵਿਕ ਜਾਣ ਦਾ ਓਹਨੂੰ ਬੜਾ ਮੰਦਾ ਲੱਗਾ ਸੀ ਤੇ ਦੁਖ ਹੋਇਆ ਸੀ, ਪਰ ਹੁਣ ਸਭ ਥੀਂ ਵੱਡਾ ਦੁਖ ਇਹ ਹੈ, ਕਿ ਉਹ ਉਸੀ ਤਰ੍ਹਾਂ ਆਪਣੇ ਪਿਆਰੇ ਦੀ ਯਾਦ ਵਿਚ ਉਸ ਨਿਕੇ ਜਿਹੇ ਬੁਧ ਦੇ ਮੰਦਰ ਅੱਗੇ ਨਾਚ ਨਹੀਂ ਕਰ ਸਕਦੀ ਤੇ ਆਪਣੇ ਸੁਰਗ ਗਏ ਪਿਆਰੇ ਨੂੰ ਓਸ ਤਰ੍ਹਾਂ ਰੀਝਾ ਨਹੀਂ ਸਕਦੀ ਤੇ ਇਸ ਕਰਕੇ ਓਹ ਚਾਹੁੰਦੀ ਹੈ, ਕਿ ਓਹਦੀ ਤਸਵੀਰ ਓਸੇ ਪਿਸ਼ਵਾਜ਼ ਵਿਚ ਜਿਹੜੀ ਓਹ ਨਾਲ ਲਿਆਈ ਹੈ, ਬਣ ਜਾਵੇ, ਕਿ ਹੋਰ ਨਹੀਂ ਤਾਂ ਓਹ ਆਪਣੀ ਓਸ ਪਿਆਰੇ ਦੀ ਯਾਦ ਦੇ ਬੁੱਧ ਮੰਦਰ ਦੇ ਸਾਹਮਣੇ ਲਟਕਾ ਸਕੇ। ਉਸ ਅਰਦਾਸ ਕੀਤੀ ਸੀ, ਕਿ ਓਹਦਾ ਇਹ ਸੰਕਲਪ ਪੂਰਣ ਹੋਵੇ ਤੇ ਉਸੇ ਦੇਵ ਨੇ ਇਹ ਪ੍ਰੇਰਣਾ ਕੀਤੀ ਹੈ ਤਾਂ ਹੀ ਉਸ ਪਾਸ ਆਈ ਹੈ, ਕਿ ਕੋਈ ਮਾੜਾ ਚਿਤ੍ਰਕਾਰ ਸਿਵਾਇ ਉਹਦੇ, ਉਸ ਆਲੀਸ਼ਾਨ ਰੀਝ ਦਾ ਚਿਤ੍ਰ ਖਿੱਚ ਹੀ ਨਹੀਂ ਸਕਦਾ। ਉਸਤਾਦ ਨੇ ਇਹ ਸਭ ਵਿਥਯਾ ਬੜੀ ਗਹੁ ਨਾਲ ਸੁਣੀ ਤੇ ਬੜੀ ਹਮਦਰਦੀ ਨਾਲ ਉਸ ਨੂੰ ਰੀਝਾਣ ਦੀ ਕਰਦਾ ਰਿਹਾ, ਤੇ ਬੋਲਿਆ 'ਜਿਹੜੀ ਤਸਵੀਰ ਬਣਵਾਉਣੀ ਆਪ ਚਾਹੁੰਦੇ ਹੋ ਉਹ ਮੈਂ ਬੜੀ ਹੀ ਖੁਸ਼ੀ ਨਾਲ ਬਣਾਵਾਂਗਾ। ਅਜ ਮੈਨੂੰ ਇਕ ਹੋਰ ਚਿਤਰ ਦੇ ਪੂਰਾ ਕਰਨ ਦੀ ਕਾਹਲ ਹੈ ਤੇ ਜੇ ਆਪ ਕਲ ਇਸ ਵੇਲੇ ਆਓ, ਤਦ ਜਿਸ ਤਰ੍ਹਾਂ ਆਪ ਚਾਹੋਗੇ ਤੇ ਜੋ ਮੇਰੇ ਪਾਸੋਂ ਹੋ ਸਕਿਆ ਮੈਂ ਕਰਾਂਗਾ।'

Digitized by Panjab Digital Library | www.panjabdigilib.org

ਫਿਰ ਓਹ ਬੋਲੀ 'ਪਰ ਇਕ ਗੱਲ ਮੈਂ ਆਪ ਹਜ਼ੂਰ ਨੂੰ ਦੱਸੀ ਨਹੀ, ਜਿਹੜੀ ਗੱਲ ਮੈਨੂੰ ਦੁੱਖੀ ਕਰਦੀ ਹੈ ਤੇ ਓਹ ਇਹ ਹੈ, ਕਿ ਆਪਦੀ ਇਸ ਮੇਹਰਬਾਨੀ ਲਈ ਮੇਰੇ ਪਾਸ ਆਪ ਨੂੰ ਦੇਣ ਲਈ ਕੁਛ ਹੈ ਨਹੀਂ ਸਿਵਾਏ ਇਸ ਪੁਰਾਣੀ ਤੇ ਪੁਰਾਣੀ ਕਤਹ ਦੀ ਪਿਸ਼ਵਾਜ਼ ਦੇ, ਤੇ ਇਨ੍ਹਾਂ ਦਾ ਹੁਣ ਕੋਈ ਮੁੱਲ ਨਹੀਂ ਭਾਵੇਂ ਕਿਸੀ ਵਕਤ ਇਹ ਬਹੁ-ਮੁੱਲੀ ਚੀਜ਼ ਸੀ ਤੇ ਫਿਰ ਵੀ ਆਪ ਹਜ਼ੂਰ ਮੇਰੇ ਉੱਪਰ ਕਿਰਪਾ ਕਰਕੇ ਇਹੋ ਤਿਲ ਫੁਲ ਲੈ ਕੇ ਮੇਰੇ ਉੱਪਰ ਦਯਾ ਕਰੋਗੇ ਤੇ ਸ਼ਾਇਦ ਆਪ ਦੇ ਅਜਾਇਬ ਘਰ ਵਿਚ ਇਹਦੀ ਥਾਂ ਇਸ ਲਈ ਹੋ ਜਾਵੇ, ਕਿ ਹੁਣ ਉਹ ਨਾ ਉਹ ਨੱਚਣ ਵਾਲੀਆਂ ਰਹੀਆਂ ਹਨ, ਨਾ ਇਸ ਤਰ੍ਹਾਂ ਦੀਆਂ ਪੁਸ਼ਾਕਾਂ ਤੇ ਪਿਸ਼ਵਾਜ਼ਾਂ, ਇਕ ਅਜੂਬਾ ਤਾਂ ਬਣ ਹੀ ਸਕਦੀ ਹੈ।'

'ਨਹੀਂ ਨਹੀਂ, ਆਪ ਇਸ ਮਾਮਲੇ ਤੇ ਕੋਈ ਸੋਚ ਨਾ ਕਰੋ, ਮੈਨੂੰ ਤਾਂ ਆਪ ਦੀ ਨਿੱਕੀ ਜਿਹੀ ਇਹ ਸੇਵਾ ਕਰਨ ਵਿਚ ਪੁਰਾਣਾ ਜ਼ਮਾਨਾ ਯਾਦ ਆਉਂਦਾ ਹੈ ਤੇ ਆਪ ਦਾ ਕੀਤਾ ਮੈਂ ਕਦੀ ਮੁਕਾ ਨਹੀਂ ਸਕਦਾ, ਸੋ ਕਲ ਮੈਂ ਜ਼ਰੂਰ ਕੰਮ ਸ਼ੁਰੂ ਕਰਾਂਗਾ।'

ਇਸ ਤਿੰਨ ਵੇਰੀ ਸਿਰ ਝੁਕਾ ਕੇ ਸ਼ੁਕਰ ਗੁਜ਼ਾਰੀ ਕੀਤੀ ਤੇ ਕਿਹਾ 'ਆਪ ਹਜ਼ੂਰ ਮੈਨੂੰ ਮਾਫ਼ ਕਰਨਾ ਤੇ ਮੈਂ ਇਕ ਗੱਲ ਹੋਰ ਵੀ ਕਹਿਣੀ ਹੈ, ਉਹ ਹੈ, ਕਿ ਮੈਂ ਇਹ ਨਹੀਂ ਚਾਹੁੰਦੀ ਕਿ ਆਪ ਮੇਰੇ ਅੱਜ ਦੀ ਸ਼ਕਲ ਦਾ ਤੇ ਅਜ ਦੀ ਪੁਸ਼ਾਕ ਵਿਚ ਚਿਤ੍ਰ ਬਣਾਓ, ਮੈਂ ਚਾਹੁੰਦੀ ਹਾਂ ਕਿ ਮੇਰੇ ਜੋਬਨ ਮਤੀ ਦਾ ਓਹੋ ਰੂਪ, ਜੋ ਆਪ ਨੇ ਉਸ ਰਾਤ ਵੇਖਿਆ ਸੀ, ਓਹੋ ਹੀ ਬਣਾਓ।'

ਉਸ ਕਿਹਾ 'ਠੀਕ ਮੈਨੂੰ ਉਹ ਚੰਗੀ ਤਰ੍ਹਾਂ ਯਾਦ ਹੈ, ਯਾਦ ਹੀ ਨਹੀਂ, ਮੇਰੇ ਧਿਆਨ ਵਿਚ ਹੈ, ਸੋ ਮੈਂ ਓਹ ਹੀ ਚਿਤ੍ਰ ਬਣਾਵਾਂਗਾ।'

ਇਸ ਵਾਕ ਲਈ ਜਦ ਉਸ ਬੁੱਢੀ ਸਵਾਣੀ ਨੇ ਸ਼ੁਕਰ ਗੁਜ਼ਾਰੀ ਕੀਤੀ ਤਦ ਉਸਦੀ ਮੂੰਹ ਦੀਆਂ ਝੁਰਲੀਆਂ ਤੇ ਲਾਲੀ ਭਾ ਮਾਰਨ ਲੱਗ ਗਈ ਤੇ ਬਿਹਬਲ ਹੋ ਕੇ ਬੋਲੀ 'ਮੈਨੂੰ ਹੁਣ ਆਪ ਨੇ ਸੋਹਣਾ ਕਰਨਾ ਹੈ, ਜੋ ਮੈਂ ਉਸ ਪਿਆਰੇ ਨੂੰ ਸੋਹਣੀ ਲੱਗਾਂ, ਜਿਸ ਦੇ ਪਿਆਰ ਵਿਚ ਮੈਂ ਸਾਰਾ ਜੀਵਨ ਨਾਚ ਕੀਤਾ ਹੈ, ਹੁਣ ਮੈਨੂੰ ਨਹੀਂ, ਹਜ਼ੂਰ ਦੀ ਰਸਿਕ ਕਿਰਤ ਨੂੰ ਦੇਖ ਕੇ ਖੁਸ਼ ਹੋਵੇਗਾ ਤੇ ਓਹ ਪਿਆਰਾ ਮੈਨੂੰ ਮਾਫ਼ ਕਰਸੀ, ਕਿ ਮੈਂ ਹੁਣ ਓਸ ਅੱਗੇ ਨੱਚ ਨਹੀਂ ਸਕਦੀ।'

ਫਿਰ ਉਸ ਚਿਤ੍ਰਕਾਰ ਆਚਾਰਯ ਨੇ ਓਹਨੂੰ ਤਸੱਲੀ ਦਿੱਤੀ ਕਿ 'ਆਪ ਕਲ ਆਵੇ, ਮੈਂ ਆਪਦੀ ਓਹੋ ਜੋਬਨ ਮੱਤੀ ਛਬੀ ਮੁੜ ਚਿਤ੍ਰਾਂਗਾ ਤੇ ਮੈਂ ਓਨਾ ਹੀ ਉਨਰ ਤੇ ਵਕਤ ਤੇ ਰੀਝ ਆਪ ਦੇ ਚਿਤ੍ਰ ਤੇ ਲਾਵਾਂਗਾ ਜਿਹੜਾ ਮੈਂ ਬਾਦਸ਼ਾਹਜ਼ਾਦਿਆਂ ਦੇ ਮਹਿੰਗੇ ਥੀਂ ਮਹਿੰਗੇ ਕੰਮ ਤੇ ਖਰਚਦਾ ਹਾਂ। ਆਪ ਕੋਈ ਫਿਕਰ ਤੇ ਸ਼ੱਕ ਨਾ ਕਰਨਾ, ਆਪ ਨੇ ਕਲ ਆ ਜਾਣਾ।'

ਮੁਕੱਰਰ ਵਕਤ ਤੇ ਓਹ ਦੂਸਰੇ ਭਲਕ ਆਈ, ਤੇ ਚਿਤ੍ਰਕਾਰ ਨੇ ਨਰਮ ਸੁਫੇਦ ਰੇਸ਼ਮ ਤੇ ਉਹਦਾ ਚਿਤ੍ਰ ਖਿੱਚਿਆ ਪਰ ਇਹ ਚਿਤ੍ਰ ਉਹਦੀ ਹੁਣ ਦੀ ਸ਼ਕਲ ਦਾ ਨਹੀਂ ਸੀ, ਇਹ ਓਹ ਝਾਕਾ ਸੀ, ਜੋ ਆਪ ਨੇ ਉਸ ਰਾਤ ਦੇਖਿਆ ਸੀ। ਪੰਛੀ ਵਾਂਙੂ ਸ਼ੋਖ ਨੈਨੀ, ਬਾਂਸ ਦੀ ਟਹਿਣੀ ਵਾਂਙੂੰ ਪਤਲੀ ਯੁਵਤੀ ਤੇ ਸੋਨੇ ਤੇ ਰੇਸ਼ਮ ਦੀ ਪੁਸ਼ਾਕ ਪਾਈ ਇਕ ਸੁਰਗ ਦੀ ਦੇਵੀ ਵਾਂਗ ਚਮਕਦੀ ਐਸੀ ਫੱਬੀ ਸੀ, ਕਿ ਅੱਖ ਦੇਖ ਕੇ ਚੁੰਧਿਆਂਦੀ ਸੀ। ਓਸ ਉਸਤਾਦ ਦੇ ਬੁਰਸ਼ ਦੀ ਕਲਾ ਨਾਲ ਗਿਆ ਗੁਜ਼ਰਿਆ

Digitized by Panjab Digital Library | www.panjabdigilib.org

ਜੋਬਨ ਮੁੜ ਵਾਪਸ ਆਇਆ, ਉਹ ਮੁਰਝਾ ਗਿਆ ਸੁਹਣੱਪ ਫਿਰ ਟਹਿਕਿਆ ਤੇ ਉਹ ਗੁਜ਼ਰ ਚੁਕੀ ਨਾਜ਼ਨੀਨ ਦਾ ਸਾਰਾ ਨਾਜ਼ ਮੁੜ ਪ੍ਰਤੱਖ ਦਿੱਸਿਆ। ਜਦ ਓਹ ਤਸਵੀਰ ਬਣ ਗਈ ਤੇ ਓਸ ਆਪਣੀ ਮੁਹਰ ਉਸ ਉੱਪਰ ਲਾ ਦਿੱਤੀ ਤੇ ਰੇਸ਼ਮੀ ਕੱਪੜੇ ਵਿਚ ਜੜ ਦਿੱਤੀ ਤੇ ਸੀਡਾਰ ਦੇ ਰੂਲਿਆਂ ਵਿਚ ਦੰਦ-ਖੰਡ ਦੇ ਲਾਟੂਆਂ ਨਾਲ ਠੀਕ ਜੜ ਕੇ ਸਜਾ ਦਿੱਤੀ ਤੇ ਰੇਸ਼ਮੀ ਡੋਰਾ ਵੀ ਲਾ ਦਿੱਤਾ, ਜਿਸ ਨਾਲ ਉਹਨੂੰ ਲਟਕਾਣਾ ਸੀ ਤੇ ਸੁਫੈਦ ਲਕੜ ਦੇ ਬਕਸ ਵਿਚ ਮੁੜ ਸਾਰੀ ਨੂੰ ਬੰਦ ਕਰ ਦਿੱਤਾ, ਇਉਂ ਮੁਕੰਮਲ ਕਰ ਉਸ ਸਵਾਣੀ ਦੇ ਭੇਟਾ ਕੀਤੀ।

ਨਾਲੇ ਉਸ ਨੇ ਆਪਣੀ ਚਾਹ ਪ੍ਰਗਟ ਕੀਤੀ ਕਿ ਉਹਦੇ ਗੁਜ਼ਾਰੇ ਲਈ ਕੁਛ ਮਾਯਾ ਵੀ ਨਾਲ ਭੇਟਾ ਕਰੇ, ਪਰ ਇਹ ਉਸ ਸਵਾਣੀ ਨੇ ਨਾ ਮਨਜ਼ੂਰ ਕੀਤੀ।

ਓਹ ਰੋ ਕੇ ਬੋਲੀ, "ਨਹੀਂ ਮੈਨੂੰ ਇਸ ਮਾਯਾ ਦੀ ਲੋੜ ਨਹੀਂ, ਬਸ ਮੇਰੀ ਲੋੜ ਇਹ ਚਿਤ੍ਰ ਸੀ, ਸੋ ਆਪ ਨੇ ਬਣਾ ਦਿੱਤੀ ਹੈ। ਇਸ ਦੀ ਪ੍ਰਾਪਤੀ ਲਈ ਮੈਂ ਅਰਦਾਸਾਂ ਕੀਤੀਆਂ ਸੋ ਮੇਰੀਆਂ ਅਰਦਾਸਾਂ ਕਬੂਲ ਹੋ ਗਈਆਂ ਹਨ, ਤੇ ਹੁਣ ਇਉਂ ਨਿਰਸੰਕਲਪ ਹੋ ਕੇ ਮੈਨੂੰ ਮਰ ਕੇ ਬੁੱਧ ਦੇ ਰਾਹ ਉੱਪਰ ਜਾਣਾ ਮੁਸ਼ਕਲ ਨਹੀਂ ਹੋਵੇਗਾ, ਤੇ ਬੱਸ ਇਕ ਅਫ਼ਸੋਸ ਹੈ, ਕਿ ਆਪ ਨੂੰ ਇਸ ਬੜੇ ਕੰਮ ਲਈ ਮੇਰੇ ਪਾਸ ਦੇਣ ਨੂੰ ਕੁਛ ਨਹੀਂ ਹੈ, ਤੇ ਇਹੋ ਨਾਇਕਾ ਦੀ ਪਿਸ਼ਵਾਜ਼ ਹੈ, ਜੇ ਆਪ ਕਬੂਲ ਕਰੋ ਤਦ ਮੈਂ ਬੜੀ ਪ੍ਰਸੰਨ ਹੋਵਾਂਗੀ ਤੇ ਅਰਦਾਸ ਕਰਾਂਗੀ ਕਿ ਆਪ ਨੂੰ ਆਪ ਦੀਆਂ ਜੀਵਨ ਦੀਆਂ ਸਾਰੀਆਂ ਆਸਾਂ ਮੁਰਾਦਾਂ ਪੂਰੀਆਂ ਹੋਣ।"

ਚਿਤ੍ਰਕਾਰ ਨਰਮੀ ਨਾਲ ਕਹਿੰਦਾ ਹੈ, "ਮੈਂ ਤਾਂ ਕੁਛ ਨਹੀਂ ਕੀਤਾ, ਜੋ ਆਪ ਮੈਨੂੰ ਉਸਦੀ ਕੀਮਤ ਦੇਣ ਲਈ ਇਤਨੇ ਬਿਹਬਲ ਹੋ, ਦਰਹਕੀਕਤ ਮੈਂ ਕੁਛ ਨਹੀਂ ਕੀਤਾ, ਪਰ ਜੇ ਆਪਦੀ ਖ਼ੁਸ਼ੀ ਹੈ ਤਦ ਮੈਂ ਇਹ ਬਹੁਮੁੱਲੀ ਕੀਮਤੀ ਅਜੂਬਾ ਪਿਸ਼ਵਾਜ਼ ਆਪਦੀ ਸ੍ਵੀਕਾਰ ਕਰਦਾ ਹਾਂ, ਇਹਨੂੰ ਦੇਖ ਕੇ ਮੈਨੂੰ ਆਪ ਨਾਲ ਬਿਤਾਈਆਂ ਓਹ ਸੋਹਣੀਆਂ ਘੜੀਆਂ ਯਾਦ ਆਵਣਗੀਆਂ ਤੇ ਮੈਨੂੰ ਆਪ ਯਾਦ ਆਵੋਗੇ, ਕਿਸ ਤਰ੍ਹਾਂ ਆਪ ਨੇ ਆਪਣਾ ਭੋਜਨ ਬਿਸਤ੍ਰਾ ਆਦਿ ਸਭ ਮੈਨੂੰ ਦੇ ਦਿੱਤਾ, ਤੇ ਮੇਰੇ ਲਈ ਜੋ ਕਿਸੀ ਲਾਇਕ ਨਹੀਂ ਹਾਂ, ਨਾ ਸਾਂ, ਤੇ ਫਿਰ ਆਪ ਨੇ ਮੇਰੇ ਪਾਸੋਂ ਆਪਣੀ ਕ੍ਰਿਪਾਲਤਾ ਦਾ ਮੁੱਲ ਕੋਈ ਨਹੀਂ ਲਿਆ ਸੀ, ਤੇ ਓਸ ਆਪਣੀ ਮੇਹਰਬਾਨੀ ਦਾ ਹੁਣ ਤਕ ਤੇ ਸਦਾ ਮੈਂ ਆਪ ਦਾ ਰਿਣੀ ਹਾਂ, ਪਰ ਹੁਣ ਦੱਸੋ ਕਿ ਆਪ ਦਾ ਨਿਵਾਸ ਕਿਥੇ ਹੈ? ਤਾਂ ਕਿ ਮੈਂ ਕਦੀ ਇਸ ਤਸਵੀਰ ਨੂੰ ਆਪਣੀ ਥਾਂ ਤੇ ਲਟਕਿਆ ਜਾ ਕੇ ਵੇਖਾਂ।"

ਪਰ ਗਰੀਬ ਜਿਹੇ ਸ਼ਬਦਾਂ ਵਿਚ ਇਸ ਸਵਾਲ ਦਾ ਉੱਤਰ ਉਸ ਸਵਾਣੀ ਨੇ ਟਾਲਵਾਂ ਜਿਹਾ ਦਿੱਤਾ, "ਮੇਰੀ ਥਾਂ ਆਪ ਦੇ ਆਵਣ ਤੇ ਦੇਖਣ ਯੋਗ ਨਹੀਂ ਓਹ ਥਾਂ ਆਪਦੇ ਲਾਇਕ ਨਹੀਂ।" ਇਹ ਕਹਿਕੇ ਫਿਰ ਮੁੜ ਝੁਕੀ, ਸ਼ੁਕਰਗੁਜ਼ਾਰੀ ਕੀਤੀ ਤੇ ਅੱਖਾਂ ਵਿਚ ਡਲ ਡਲ ਕਰਦੇ ਅਣਕਿਰੇ ਅਥ੍ਰੂਆਂ ਨਾਲ ਗੱਚ ਜਿਹੇ ਵਿਚ ਟੁਰ ਗਈ।

ਜਦ ਓਹ ਚਲੀ ਗਈ, ਤਦ ਉਸਤਾਦ ਨੇ ਆਪਦੇ ਸ਼ਾਗਿਰਦਾਂ ਵਿਚੋਂ ਇਕ ਨੂੰ ਬੁਲਾਇਆ ਤੇ ਕਿਹਾ, "ਉਸ ਸਵਾਣੀ ਦੇ ਮਗਰ ਮਗਰ ਛੇਤੀ ਜਾਹ ਤੇ ਉਹਨੂੰ ਪਤਾ ਵੀ ਨਾ ਲੱਗੇ, ਕਿ ਤੂੰ

Digitized by Panjab Digital Library | www.panjabdigilib.org

ਉਹਦੇ ਪਿੱਛੇ ਪਿੱਛੇ ਆ ਰਿਹਾ ਹੈਂ, ਮਲਕੜੇ ਜਾਵੀਂ ਤੇ ਪੈਨੂੰ ਆਣ ਕੇ ਪਤਾ ਦੇਵੀਂ, ਕਿ ਉਹ ਕਿੱਥੇ ਰਹਿੰਦੀ ਹੈ?' ਇਉਂ ਓਹ ਨੌਜਵਾਨ ਬੇ ਮਲੂਮਾ ਜਿਹਾ ਉਹਦੇ ਪਿੱਛੇ ਪਿੱਛੇ ਗਿਆ ਤੇ ਜਦ ਓਹ ਮੁੜਿਆ, ਤਦ ਗਲ ਕਰਦਿਆਂ ਇਉਂ ਕੁਛ ਹੱਸਿਆ ਤੇ ਸ਼ਰਮਾਇਆ, ਜਿਵੇਂ ਇਕ ਬੜੀ ਨਾਵਾਜਬ ਜਿਹੀ ਕੋਈ ਗੱਲ ਕਰਨ ਲੱਗਾ ਹੈ।

'ਹੇ ਖਾਵੰਦ! ਮੈਂ ਉਸ ਬੁੱਢੀ ਦੇ ਮਗਰ ਮਗਰ ਗਿਆ, ਪਰ ਓਹ ਤਾਂ ਸ਼ਹਿਰੋਂ ਬਾਹਰ ਉਸ ਸੁੱਕੇ ਨਾਲੇ ਵਲ ਉੱਥੇ ਗਈ, ਜਿੱਥੇ ਮੁਜਰਮ ਨੂੰ ਫਾਂਸੀ ਲਾਈ ਜਾਂਦੀ ਹੈ ਤੇ ਉਥੇ ਇਕ ਨਿੱਕੀ ਜਿਹੀ ਝੁੱਗੀ ਹੈ, ਉਸ ਵਿਚ ਓਹ ਰਹਿੰਦੀ ਹੈ, ਬੜੀ ਭੈੜੀ ਗੰਦੀ ਜਿਹੀ ਵੈਰਾਨ ਥਾਂ ਹੈ।' ਚਿਤ੍ਰਕਾਰ ਨੇ ਉੱਤਰ ਦਿੱਤਾ "ਕੁਛ ਭੀ ਹੈ, ਓਸ ਥਾਂ ਕਲ ਸਵੇਰੇ ਮੈਨੂੰ ਤੂੰ ਲੈ ਜਾਈਂ, ਹਾਂ ਉਸੀ ਗੰਦੀ ਵੈਰਾਨ ਥਾਂ ਤੇ ਮੈਂ ਜਾਣਾ ਹੈ, ਜਦ ਤਕ ਮੈਂ ਜੀਂਦਾ ਹਾਂ, ਓਹ ਸਵਾਣੀ ਕਿਸੀ ਤਰ੍ਹਾਂ ਖਾਣ ਪਾਣ ਦੇ ਦੁਖ ਨਹੀਂ ਪਾਏਗੀ।'

ਇਹ ਕਹਿ ਕੇ ਓਸ ਨੇ ਉਨ੍ਹਾਂ ਸਾਰਿਆਂ ਨੂੰ ਉਸਦੀ ਕਥਾ ਸੁਣਾਈ ਤੇ ਸਾਰੇ ਸੁਣਕੇ ਅਜੀਬ ਰੰਗ ਵਿਚ ਰੰਗੇ ਗਏ। ਤੇ ਮੁੜ ਦੂਸਰੇ ਦਿਨ ਸੂਰਜ ਚੜ੍ਹਨ ਥੀਂ ਇਕ ਘੰਟਾ ਪਿੱਛੇ ਓਹ ਉਸਤਾਦ ਤੇ ਉਹਦਾ ਚੇਲਾ ਓਸ ਸੁੱਕੇ ਨਾਲੇ ਵਲ ਜਾ ਰਹੇ ਹਨ, ਉਥੇ ਜਾ ਰਹੇ ਹਨ, ਜਿੱਥੇ ਸ਼ਹਿਰ ਦੇ ਕੰਗਲੇ ਰਹਿੰਦੇ ਹਨ, ਤੇ ਓਸ ਝੁੱਗੀ ਪਾਸ ਜਾ ਪਹੁੰਚੇ। ਇਕੋ ਭਿੱਤ ਦਾ ਦਰਵਾਜ਼ਾ ਬੰਦ ਸੀ। ਉਸ ਚਿਤ੍ਰਕਾਰ ਨੇ ਭਿੱਤ ਖੜਕਾਇਆ ਉੱਤਰ ਕੋਈ ਨਹੀਂ, ਜਦ ਭਿੱਤ ਖੋਹਲਿਆ ਤਦ ਵੀ ਕੋਈ ਅਵਾਜ਼ ਨਹੀਂ ਆਈ, ਤਦ ਓਹ ਅੰਦਰ ਗਿਆ। ਮੁੜ ਉਹੋ ਲੂੰ ਕੰਡੇ ਯਾਦ ਹੋਏ, ਓਹੋ ਨਜ਼ਾਰਾ ਚੇਤੇ ਆਇਆ, ਜਿਸ ਤਰ੍ਹਾਂ ਓਹਦੇ ਪਰਬਤਾਂ ਉੱਪਰ ਝੁੱਗੀ ਵਿਚ ਓਹ ਜਵਾਨੀ ਵਿਚ ਗਿਆ ਸੀ। ਜਦ ਅੰਦਰ ਜਾ ਕੇ ਤੱਕਿਆ, ਤਦ ਓਹ ਸਵਾਣੀ ਇਕ ਮਾੜੀ ਪੁਰਾਣੀ ਫਟੀ ਜਿਹੀ ਰਜਾਈ ਵਿਚ ਲਪੇਟੀ ਇਉਂ ਲੇਟੀ ਹੋਈ ਸੀ, ਕਿ ਸੁੱਤੀ ਹੋਈ ਹੈ ਤੇ ਸਾਹਮਣੇ ਇਕ ਟੁੱਟੀ ਜਿਹੀ, ਗੰਦੀ ਜਿਹੀ ਅਲਮਾਰੀ ਉੱਪਰ ਉਹੋ ਬੁੱਧ ਦੇਵ ਦੇ ਮੰਦਰ ਦੀ ਪ੍ਰਤਿਮਾ ਸੀ ਤੇ ਉਸ ਵਿਚ ਉਹਦੇ ਪਿਆਰੇ ਦੀਆਂ ਨਿੱਕੀਆਂ ਜਿਹੀਆਂ ਪੁਰਾਣੀਆਂ ਨਿਸ਼ਾਨੀਆਂ ਧਰੀਆਂ ਸਨ। ਇਹ ਉਹੋ ਹੀ ਪ੍ਰਤਿਮਾਂ ਸੀ ਜਿਹੜੀ 40 ਬਰਸ ਪਹਿਲੇ ਓਸ ਉਥੇ ਉਹਦੀ ਪਰਬਤਾਂ ਦੀ ਝੁੱਗੀ ਵਿਚ ਤੱਕੀ ਸੀ, ਤੇ ਜਿਸਦੇ ਸਾਹਮਣੇ ਇਕ ਦੀਵਾ ਜਗ ਰਿਹਾ ਸੀ। ਸਿਰਫ ਓਸ ਉੱਪਰ ਦੀਵਾਰ ਤੇ ਮਿਹਰ ਦੀ ਦੇਵੀ ਦੀ ਤਸਵੀਰ ਕੋਈ ਨਹੀਂ ਸੀ। ਪਰ ਓਸ ਪ੍ਰਤਿਮਾ ਦੇ ਸਾਹਮਣੇ ਦੀਵਾਰ ਤੇ ਉਹਦੀ ਆਪਣੀ ਬਣੀ ਤਸਵੀਰ ਲਟਕ ਰਹੀ ਸੀ। ਇਉਂ ਦਿੱਸਦਾ ਕਿ ਓਹੋ ਰਾਤ ਹੈ ਤੇ ਉਹ ਆਪ ਉਸ ਅੱਗੇ ਉਸੇ ਰੰਗ ਵਿਚ ਨੱਚ ਰਹੀ ਹੈ।

ਇਸ ਝੁੱਗੀ ਵਿਚ ਹੋਰ ਕੁਛ ਨਹੀਂ ਸੀ, ਇਕ ਇਸਤ੍ਰੀ ਭਿਖਸ਼ੂਣੀ ਦਾ ਲਿਬਾਸ ਸੀ ਤੇ ਇਕ ਭਿਖਸ਼ੂਣੀ ਦੀ ਸੋਟੀ ਤੇ ਇਕ ਭਿੱਛਿਆ ਦਾ ਪਿਆਲਾ ਸੀ।

ਪਰ ਇਹ ਚਿਤ੍ਰਕਾਰ ਇਨ੍ਹਾਂ ਚੀਜ਼ਾ ਨੂੰ ਨੀਝ ਲਾਕੇ ਦੇਖਣ ਦਾ ਸਰ ਨਹੀਂ ਸੀ ਕਰ ਸਕਦਾ। ਉਹ ਤਾਂ ਬਿਹਬਲ ਸੀ ਕੇ ਛੇਤੀ ਉਸ ਸੁੱਤੀ ਹੋਈ ਨੂੰ ਜਗਾਏ ਤੇ ਖ਼ੁਸ਼ ਕਰ ਕਿ ਓਹ ਉਸ ਪਾਸ ਮਹਿਮਾਨ ਹੋਇਆ ਹੈ। ਤ੍ਰੈ ਚਾਰ ਵੇਰੀ ਉਸ ਉਹਦਾ ਨਾਮ ਲੈ ਕੇ ਮਿੱਠੀ ਮਿੱਠੀ ਅਵਾਜ਼ ਦਿੱਤੀ ਪਰ ਓਹ ਨਾ ਜਾਗੀ।

Digitized by Panjab Digital Library | www.panjabdigilib.org

ਅਚਾਣਚੱਕ ਉਸਨੂੰ ਪਤਾ ਲੱਗਾ, ਕਿ ਓਹੋ! ਇਹ ਤਾਂ ਚਲ ਬਸੀ ਹੈ। ਹੈਰਾਨ ਹੋ ਕੇ ਉਹਦੇ ਮੁਖ ਵਲ ਵੇਖਦਾ ਹੈ ਤੇ ਦੇਖਦਾ ਹੈ ਕਿ ਹੁਣ ਇਸ ਆਖਰੀ ਨੀਂਦਰ ਵਿਚ ਓਨੀ ਬੁੱਢੀ ਨਹੀਂ ਦਿੱਸਦੀ, ਜਿੰਨੀ ਕਲ ਸੀ, ਉਹਦੀ ਜਵਾਨੀ ਨੂੰ ਯਾਦ ਦਿਲਾਣ ਵਾਲਾ ਇਕ ਅਕਹਿ ਜਿਹਾ ਮਿੱਠਾ ਰੂਪ ਉਸ ਚਿਹਰੇ ਉੱਪਰ ਚੜ੍ਹਿਆ ਦਿੱਸਿਆ, ਉਹ ਗਮ ਦੀਆਂ ਕਰਖਤ ਲਕੀਰਾਂ ਮੁਲਾਇਮ ਹੋ ਗਈਆਂ ਸਨ, ਤੇ ਝੁਰਲੀਆਂ ਅਜਬ ਤਰ੍ਹਾਂ ਸਾਫ਼ ਹੋ ਗਈਆਂ ਸਨ, ਤੇ ਇਹ ਸੁਹੱਪਣ ਉਸ ਉੱਪਰ ਉਸ ਥੀਂ ਵਡੇ ਮਾਲਕ ਚਿਤ੍ਰਕਾਰ ਦੀ ਛੋਹ ਨਾਲ ਆਣ ਛਾਯਾ ਸੀ।

ਇਹ ਕਥਾ ਪੜ੍ਹ ਕੇ ਕੌਣ ਕਹਿ ਸਕਦਾ ਹੈ ਕਿ ਮਜ਼੍ਹਬ ਕੋਈ ਚੀਜ਼ ਨਹੀਂ ? ਤੇ ਪੰਜਾਬ ਦੇ ਸਿੱਖਾਂ ਨੂੰ ਜੋ ਦਸਵੇਂ ਪਾਤਸ਼ਾਹ ਆਪਣੀਆਂ ਨਿਸ਼ਾਨੀਆਂ ਤੇ ਆਪਣਾ ਵਚਨ ਗੁਰੂ ਗ੍ਰੰਥ ਸਾਹਿਬ ਦੇ ਗਏ ਹਨ, ਉਨ੍ਹਾਂ ਦੀ ਪੂਜਾ, ਸੱਚੀ ਪੂਜਾ ਕੋਈ ਵਹਿਮ ਹੈ ਤੇ ਪਿਆਰੇ ਦੀਆਂ ਨਿਸ਼ਾਨੀਆਂ ਅੱਗੇ ਜੀਵਨ ਨਾਚ ਕਰਨਾ ਕਿਸੀ ਤਰ੍ਹਾਂ ਦੀ ਬੁੱਤ ਪੂਜਾ, ਵਰਗੇ ਵਹਿਮ ਹਨ ?

ਜਿਹੜੇ ਇਹੋ ਜਿਹੀਆਂ ਗੱਲਾਂ ਕਰਦੇ ਹਨ ਯਾ ਪਾਪ ਪੁੰਨਯ ਆਦਿ ਦੀਆਂ ਬਹਿਸਾਂ ਕਰ ਕਰ ਕੋਈ ਨੇਮ ਤੇ ਅਸੂਲ ਕਾਇਮ ਕਰਦੇ ਹਨ, ਉਨ੍ਹਾਂ ਨੇ ਜੀਵਨ ਦੇ ਦੁੱਖਾਂ ਦੇ ਹੜ੍ਹ ਨਹੀਂ ਤੱਕੇ। ਪਰ ਹਾਏ ਉਹ ਦਿਲ ਦਾ ਨਾਚ ਹੋਵੇ, ਉਹ ਰੀਝ ਹੋਵੇ, ਉਹ ਸਾਰੀ ਉੱਮਰ ਦੀ ਲਗਾਤਾਰ ਤੀਬ੍ਰਤਾ ਹੋਵੇ !

********

Digitized by Panjab Digital Library | www.panjabdigilib.org

# ਆਪਣੇ ਮਨ ਨਾਲ ਗੱਲਾਂ

ਹੁਣ ਤਾਂ ਮੇਰੇ ਤੇ ਮਿਹਰ ਕਰੋ, ਮੈਨੂੰ ਛੱਡੋ, ਆਪ ਨੇ ਮੈਨੂੰ ਬੜਾ ਭੁਲਾਇਆ। ਆਖਰ ਆਪ ਕੀ ਕਹਿੰਦੇ ਹੋ ? ਜੇ ਮੈਂ ਰੱਬ ਨੂੰ ਆਖਾਂ, ਅਰਦਾਸ ਕਰਾਂ ਕਿ ਮੈਨੂੰ ਉਨ੍ਹਾਂ ਉਲਝਣਾਂ ਵਿਚੋਂ ਕੱਢੋ ਜਿਸ ਵਿਚ ਆਪ ਨੇ ਪਾਇਆ ਤਦ ਆਪ ਘੜੀ ਦੀ ਘੜੀ ਟਿਕ ਜਾਂਦੇ ਹੋ। ਕਈ ਵੇਰ ਆਪ ਨੇ ਖੂਹ ਵਿਚ ਸੁੱਟਿਆ, ਕਈ ਵੇਰੀ ਅਰਦਾਸ ਕੀਤੀ, ਕਈ ਵੇਰੀ ਰੱਬ ਜੀ ਆਏ, ਉਨ੍ਹਾਂ ਦੇ ਹੱਥ ਚਿੱਕੜ ਨਾਲ ਲਿੱਬੜੇ ਮੈਨੂੰ ਭੁੱਲੇ ਨੂੰ ਕੱਢਿਆ, ਫਾਥੇ ਨੂੰ ਆਜ਼ਾਦ ਕੀਤਾ, ਸੰਕਲਪ ਮੇਰੇ ਅਨੇਕ, ਉਨ੍ਹਾਂ ਸੰਕਲਪਾਂ ਦੀ ਪੂਰਤੀ ਦਾ ਮੀਂਹ ਪਾਇਆ, ਪਰ ਆਪ ਆਪਣੀਆਂ ਸ਼ੈਤਾਨੀਆਂ ਸ਼ਰਾਰਤਾਂ ਥੀਂ ਬਾਜ ਨਾ ਆਏ। ਕੀ ਗਯਟੇ ਦੇ ਫਾਊਸਟ ਵਿਚ ਸ਼ੈਤਾਨ ਦੇ ਰੂਪ ਦੀ ਛਾਯਾ ਆਪਦਾ ਹੀ ਇਕ ਵਟਾਂਦਰਾ ਤਾ ਨਹੀਂ ?

ਉਹ ਬਚਪਣ ਹੀ ਚੰਗਾ ਸੀ, ਜਦ ਆਪ ਨਾਲ ਵਾਕਫੀਅਤ ਨਹੀਂ ਹੋਈ ਸੀ। ਚੰਨ ਨੂੰ ਵੇਖ ਕੇ ਘਾਹ ਉੱਪਰ ਪਿਆ ਹੀ ਅੰਗੂਠਾ ਮੂੰਹ ਵਿਚ ਪਾਇਆ ਮੈਂ ਹੱਸਦਾ ਸਾਂ। ਦੁੱਖ ਕੀ ਸਨ ? ਬੱਸ ਇਕ ਭੁੱਖ, ਜਦ ਭੁੱਖ ਲਗਦੀ ਸੀ, ਤਦ ਰੋ ਦਿੰਦਾ ਸਾਂ। ਮਾ ਬਿਚਾਰੀ ਮਮਤਾ ਦੀ ਮਾਰੀ ਦੁੱਧ ਪਿਲਾ ਦਿੰਦੀ ਸੀ, ਸਾਫ ਸੁਥਰਾ ਵੀ ਕਰ ਜਾਂਦੀ ਸੀ, ਇਕ ਪੂਰੀ ਸੰਨਿਆਸ ਅਵਸਥਾ ਸੀ, ਆਪਣਾ ਦੇਹ ਅਧਯਾਸ ਕੋਈ ਨਹੀਂ ਸੀ।

ਜਦ ਮਾਂ ਦੀ ਕੁੱਛੜ ਥੀਂ ਉੱਤਰ ਆਪਣੇ ਪੈਰੀਂ ਚੱਲਣ ਲੱਗਾ, ਤਦ ਵੀ ਜ਼ਿੰਦਗੀ ਕੋਈ ਵਬਾਲ ਨਹੀਂ ਸੀ ਦਿੱਸਦੀ, ਤੜਾਗੀ ਵਿਚ ਨਿੱਕੀਆਂ ਨਿੱਕੀਆਂ ਚਾਂਦੀ ਦੀਆਂ ਘੁੰਘਰੀਆਂ ਲੱਗੀਆਂ ਵਜਦੀਆਂ ਜਾਂਦੀਆਂ ਸਨ, ਜਦ ਮੈਂ ਟੁਰਦਾ ਸੀ ਆਵਾਜ਼ ਸੋਹਣਾ ਲਗਦਾ ਸੀ, ਮੈਂ ਦੌੜਦਾ ਖੁਸ਼ ਹੁੰਦਾ ਸੀ, ਦੁਨੀਆ ਬਸ ਮੇਰੇ ਆਪਣੇ ਮਚਾਏ ਸ਼ੋਰ ਸੀ, ਮੈਂ ਹੈਰਾਨ ਹੁੰਦਾ ਸਾਂ ਕਿ ਇਹ ਲੋਕੀ ਕਿਧਰ ਭੱਜੀ ਫਿਰਦੇ ਹਨ? ਸਭ ਕੁਛ ਤਾਂ ਮੇਰੇ ਕਦਮ ਕਦਮ ਚਲਣ ਵਿਚ ਹੱਸਣ ਵਿਚ ਤੇ ਜ਼ਮੀਨ ਤੇ ਪੈ ਲੇਟ ਕੇ ਖਿੜ ਖਿੜ ਦਿੱਸਣ ਵਿਚ ਹੈ।

ਸੋ ਬਹਿਸ਼ਤ ਮੇਰਾ ਹਾਲੇ ਵੀ ਨਹੀਂ ਸੀ ਮੈਥੀਂ ਖੁਸਿਆ, ਜੇ ਆਪ ਨੇ ਖਿਸਕਾਣਾ ਆਰੰਭ ਦਿਤਾ ਸੀ ਤਾਂ ਵੀ ਮੈਨੂੰ ਪਤਾ ਨਹੀਂ ਸੀ ਲੱਗਾ।



Digitized by Panjab Digital Library | www.panjabdigilib.org

ਬਾਲਪਣ ਗਿਆ, ਲੜਕਪਣ ਆਯਾ। ਮਾਪਿਆਂ ਨੇ ਪੜ੍ਹਣ ਪਾਇਆ, ਕਦੀ ਮਸੀਤੇ ਘਲਿਆ, ਕਦੀ ਧਰਮਸਾਲੇ, ਅੱਖਰ ਅਣੋਖੇ ਲੱਗੇ, ਤੇ ਮੁੜ ਮੁੜ ਬੋਲ ਬੋਲ ਮੁੜ ਮੁੜ ਲਿਖ ਲਿਖ ਕੇ, ਮਸੇਂ ਸਿੰਞਾਤੇ, ਇਕ ਦੁਨੀਆਂ ਸੀ, ਵੱਡੀ ਇਕ ਕਿਤਾਬ ਕੋਈ 100 ਸਫੇ ਦੀ 18″ × 22 ਸਾਈਜ਼ ਦੀ—ਭਾਵੇਂ ਜ਼ਿਲਾ ਹਜ਼ਾਰੇ ਦੀ ਮਿਸਲ ਬੰਦੋਬਸਤ ਹੀ ਹੋਵੇ—ਪਈ ਸੀ, ਤੇ ਚਾਈਂ ਚਾਈਂ ਮੈਂ ਕੁਛ ਡਰਦਾ ਡਰਦਾ, ਕੁਛ ਦਲੇਰੀ ਕਰਕੇ, ਖੋਹਲ ਕੇ ਸਿੰਞਾਤੇ ਹਰਫਾਂ ਨੂੰ ਵੇਖਦਾ ਸੀ, ਜਿਸ ਤਰ੍ਹਾਂ ਲੰਡਨ ਜੈਸੇ ਸ਼ਹਿਰ ਵਿਚ ਫਿਰ ਫਿਰ ਜਦ ਕੋਈ ਆਪਣਾ ਜਾਣ ਪਛਾਣ ਮਿਲੇ ਤੇ ਖੁਸ਼ੀ ਹੁੰਦੀ ਹੈ, ਉਵੇਂ ਉਨ੍ਹਾਂ ਹਰਫਾਂ ਦੇ ਜੰਗਲ ਵਿਚ ਜਦ ਅਲਫ਼ ਯਾ ਬੇ ਦੇ ਦਰਸ਼ਨ ਹੁੰਦੇ ਸਨ, ਤਦ ਮਾਂ ਤੇ ਪਿਉ ਦੋਹਾਂ ਨੂੰ ਖੁਸ਼ੀ ਵਿਚ ਚੀਖ਼ਾਂ ਮਾਰੀਦਾ ਸੀ ਕਿ ਉਹ "ਅਲਫ਼" ਮਿਲੀ ਉਹ "ਬੇ" ਮਿਲੀ, ਤੇ ਇਉਂ ਕਿਤਾਬਾਂ ਵਿਚ ਬੰਦੇ ਮਿਲਣ ਲਗ ਗਏ। ਇਹ ਸ਼ਹਿਰਾਂ ਵਰਗੀਆਂ ਚੀਜ਼ਾਂ ਸਨ, ਪਰ ਭਲੇ ਕਦੀ ਨਾ ਸੇ। ਮੌਲਵੀ ਜੀ ਸਾਹਿਬ ਘੋੜੇ ਤੇ ਜਾ ਰਹੇ ਹਨ, ਉਹ ਲੰਮੀ ਦਾਹੜੀ, ਸੋਹਣੀ ਪਗੜੀ ਤੇ ਉਹ ਮੌਲਵੀਆਂ ਵਾਲਾਂ ਵੱਟਿਆ ਜਿਹਾ ਮੂੰਹ ਦਿੱਸ ਪੈਂਦਾ ਸੀ, ਜੇ ਮਾਲੀ ਕੋਲ ਜਾ ਖਲੋਤੇ ਹਾਂ, ਤਾਂ ਉਸ ਵਿਚਾਰੇ ਕੋਈ ਗੱਲ ਹੀ ਦੱਸੀ ਤੇ ਸਾਡੀਆਂ ਖੁਸ਼ੀਆਂ ਉਸੇ ਪਰ ਸਨ, ਓਹ ਪਿਉ ਆਇਆ ਹੈ ਤੇ ਇਕ ਬੱਲਾ ਤੇ ਗੇਂਦ ਲੈ ਆਇਆ ਹੈ, ਬੱਸ ਦੋਹਾਂ ਜਹਾਨਾਂ ਦਾ ਰਾਜ ਮਿਲ ਗਿਆ—ਮਾਂ, ਅਜ ਇਨਸਪੈਕਟਰ ਨੇ ਸਕੂਲ ਆਉਣਾ ਹੈ ਤੇ ਵੱਡੇ ਮਾਸਟਰ ਨੇ ਆਖਿਆ ਹੈ, ਪਗੜੀਆਂ ਗੁਲਾਬੀ ਹੋਣ, ਕੋਟ ਪੀਲੇ ਹੋਣ ਤੇ ਪਜਾਮੇ ਚਿੱਟੇ ਹੋਣ, ਸਲੇਟ ਨਵੀਂ ਹੋਵੇ, ਸਲੇਟ ਪਿਨਸਲ ਹੋਵੇ।" ਮਾਂ ਨੇ ਭੈਣਾਂ ਨੂੰ ਕਿਹਾ, "ਗੰਗਾ ਉੱਠੀ, ਲਾਜ ਉਠੀ।" ਉਨ੍ਹਾਂ ਨੇ ਸਭ ਕਪੜੇ ਬਣਾ ਦਿਤੇ, ਬਸਤਾ ਪੂਰਾ ਕਰ ਦਿੱਤਾ। ਗਈ ਗਵਾਚੀ ਚੀਜ਼ਾਂ ਬਜ਼ਾਰੋਂ ਮੰਗਾ ਵਿਚਾਰੀਆਂ ਵੀਰ ਨੂੰ ਤੋਰਿਆ ਤੇ ਹੁਣ ਇਹ ਪਤਾ ਨਹੀਂ ਕਿ ਇਨਸਪੈਕਟਰ ਸਾਹਿਬ ਪੁਛਿਆ ਕੀ? ਤੇ ਓਹ ਗੱਲ ਕੀ ਸੀ ਜਿਸ ਲਈ ਸਾਡੇ ਕਪੜਿਆਂ ਤੇ ਬਸਤਿਆਂ ਦੀ ਦੁਨੀਆ ਇਉਂ ਮਾਸਟਰ ਸਾਹਿਬ ਨੇ ਉਲਟ ਪੁਲਟ ਕਰਾਈ, ਪਰ ਇੰਨਾ ਯਾਦ ਹੈ ਕਿ ਬੂੰਦੀ ਦੇ ਲੱਡੂ ਪੰਜ ਪੰਜ ਮਿਲੇ ਸਨ ਤੇ ਬਸ ਖੁਸ਼ੀ ਪੂਰੀ ਹੋ ਚੁਕੀ ਸੀ। ਸਾਥੀਆਂ ਖਾਣ ਨ ਦਿਤੇ, ਕਿਸੀ ਗੁੱਸੇ ਹੋ ਕੇ ਤੇ ਕਿਸੇ ਮਿਠੇ ਬਚਨ ਕਹਿ ਕੇ, ਕਿਸੇ ਥੱਪੜ ਮਾਰ ਕੇ, ਕਿਸੇ ਪਗੜੀ ਜਿਹੜੀ ਢਿੱਲੀ ਹੋ ਗਈ ਸੀ, ਚੰਗੀ ਤਰਾਂ ਮੁੜ ਬੰਨ੍ਹ ਕੇ ਸਾਡੇ ਲੱਡੂ ਮਿਤ੍ਰਾਂ ਨੇ ਉਡਾਏ, ਪਰ ਓਸੇ ਖੁਸ਼ੀ ਵਿਚ ਘਰ ਗਏ। ਭੈਣਾਂ ਨੇ "ਜੀ ਆਇਆਂ" ਨੂੰ ਕਿਹਾ, ਦਿਨ ਇਉਂ ਲੰਘੇ। ਅੱਧੀ ਰਾਤ ਤਕ ਨਿਕੇ ਨਿਕੇ ਦੀਵੇ ਬਾਲ ਕੇ ਪੜ੍ਹਦੇ ਰਹੇ, ਸਵਾਲ ਕੱਢਦੇ ਰਹੇ, ਜਮਾਤਾਂ ਚੜ੍ਹਦੇ ਰਹੇ ਤੇ ਥੋੜ੍ਹੀ ਜਿਹੀ ਕੀਰਤੀ ਆਪਣੇ ਸ਼ਹਿਰ ਵਿਚ ਸੀ, ਕਿ ਮੁੰਡਾ ਕਿੰਨਾ ਸੋਹਣਾ ਹੈ ਤੇ ਕਿੰਨਾ ਮਿਹਨਤੀ ਹੈ, ਤੇ ਕੋਈ ਕਹਿੰਦਾ ਸੀ, ਚੁੱਪ ਕਿਉਂ ਹੈ ਤੇ ਕੋਈ ਕਹਿੰਦਾ ਸੀ ਬੜਾ ਸ਼ਰਾਰਤੀ ਹੈ।

ਆਪਣੇ ਥੀਂ ਵਡਿਆਂ ਦੇ ਸਾਹਮਣੇ ਭਲੇ ਮਾਣਸ ਤੇ ਚੁਪ ਤੇ ਆਪਣੇਂ ਜਿਹੇ ਨਾਲ ਓਹ ਊਧਮ ਮਚਾਣਾ ਕਿ ਬਸ ਧਰਤੀ ਨੂੰ ਉਲਟ ਕੇ ਅਸਮਾਨ ਹੀ ਬਣਾ ਦੇਣਾ ਹੈ। ਮੈਨੂੰ ਚੇਤੇ ਨਹੀਂ ਆਪ ਨਾਲ ਤਦ ਤਕ-ਜਦ ਤਕ ਕਿਤਾਬਾਂ ਦੇ ਸ਼ਹਿਰਾਂ ਵਿਚ ਰਹਿੰਦੇ ਸਾਂ—ਜਾਣ ਪਹਿਚਾਣ ਨਹੀਂ ਸੀ ਤੇ ਆਪ ਉਨ੍ਹਾਂ ਸ਼ਹਿਰਾਂ ਨੂੰ ਸ਼ਾਇਦ ਕਦੀ ਨਹੀਂ ਗਏ।

ਮੁਕਦੀ ਗੱਲ "ਜਾ ਕੁਆਰੀ ਤਾਂ ਚਾਉ ਵੀਆਹੀ ਤਾਂ ਮਾਮਲੇ।"

Digitized by Panjab Digital Library | www.panjabdigilib.org

ਪਤਾ ਨਹੀਂ ਆਦਮ ਹਵਾ ਦੀ ਕਹਾਣੀ ਮੇਰੀ ਹੀ ਤਾਂ ਕਹਾਣੀ ਨਹੀਂ ਤੇ ਓਹ ਭਰਮਾਣ ਵਾਲੇ ਆਪ ਹੀ ਤਾਂ ਨਹੀਂ ਸਾਓ, ਜਿਵੇਂ ਮਾਰਕਟਵੇਨ ਆਪਣੀ ਸੋਹਣੀ ਤੇ ਹਸਾ ਹਸਾ ਮਾਰਣ ਵਾਲੀ ਪੋਥੀ (Diary of Adam) ਵਿਚ ਚਿਤ੍ਰ ਖਿਚਿਆ ਹੈ। ਕੁਛ ਘਬਰਾਹਟ ਤਦ ਦੀ ਆਰੰਭ ਹੋਈ, ਜਦ ਪਿੱਪਲ ਹੇਠ ਓਹ ਦੇਖੀ ਜਿਹੜੀ ਅੱਗੇ ਵਾਕਫ ਨਹੀਂ ਸੀ। ਓਹ ਹੱਸੀ ਤੇ ਤੁਸਾਂ ਆਖਿਆ ਖਲੋ ਜਾ ਤੇ ਮੈਂ ਖਲੋ ਗਿਆ, "ਇਹ ਕੌਣ ਸੀ ?" ਮਾਰਕਟਵੇਨ ਦੇ ਆਦਮੀ ਨੂੰ ਵੀ ਮੇਰੇ ਵਰਗਾ ਘਬਰਾ ਪਿਆ, ਪਰ ਘਬਰਾ ਵਿਚ ਦਰਦ ਵੀ ਸੀ, ਦਰਦੀਣ ਵੀ ਸੀ, ਕੁਛ ਖਿੱਚ ਵੀ ਸੀ, ਚਾ ਵੀ ਸੀ, ਸਵਾਦ ਵੀ ਸੀ ਤੇ ਬੰਧਨ ਵੀ ਸੀ, ਬੜੀ ਕੁਛ ਮਿਲਵੀਂ ਜਿਹੀ ਅਵਸਥਾ ਸੀ ਪਰ ਭੈ ਨਹੀਂ ਸੀ। ਉਨ੍ਹਾਂ ਨੈਨਾਂ ਵਿਚ ਇਕਰਾਰ ਸੀ ਕਿ ਜੀਣ ਸੱਚਾ ਉਨ੍ਹਾਂ ਨੈਨਾ ਵਿਚ ਹੈ, ਮੇਰੇ ਦਿਲ ਦੀ ਧੜਕ ਵਿਚ ਜੀਣ ਨਹੀਂ। ਸੋ ਜਦ ਕੇ ਓਹ ਤੱਕੇ ਤਦ ਦੇ ਪਿਛੇ ਪਿਛੇ ਰਹਿਣ ਵਾਲੇ ਆਪਣੇ ਪਰਛਾਵੇਂ ਵਾਂਗ ਆਪ ਪਤਾ ਨਹੀਂ ਕਿਥੋਂ ਉਗਮ ਪਏ ਤੇ ਸਾਡੇ ਨਾਲ ਨਾਲ ਰਹੇ। ਸੋ ਜੋ ਜੋ ਤੁਸੀਂ ਕਹੀ ਗਏ, ਅਸੀਂ ਮੰਨੀ ਗਏ। ਆਪ ਦੇ ਦਿਤੇ ਤੇ ਸਿਖਾਏ ਗਿਆਨ ਦਾ ਇਹ ਫਲ ਹੋਇਆ, ਕਿ ਬਚਪਣ ਵਾਲਾ ਸੰਨਿਆਸ ਤੇ ਸਰੀਰ ਦੀ ਬੇਸੁਧ ਦੀ ਪੂਰਣ ਅਵਸਥਾ ਗਈ, ਜਾ ਚੁਕੀ ਸੀ, ਬਾਲਪਣ ਦਾ ਸਾਡਾ ਸੰਸਾਰ ਮੁੱਕਾ, ਲੜਕਪਣ ਦੀ ਦੁਨੀਆ—ਕਿਤਾਬਾਂ ਦੇ ਸ਼ਹਿਰਾਂ, ਮਹਲਾਂ ਦੇ ਸੈਰ ਹੋ ਚੁੱਕੇ, ਆਪ ਦੇ ਕਹਿਣੇ ਬਮੂਜਬ ਆਪੇ ਦੀ ਗਿਆਤ ਹੋਈ, ਸ਼ੀਸ਼ੇ ਵਿਚ ਮੂੰਹ ਤਕਿਆ, ਅੱਖਾਂ, ਭਰਵੱਟੇ ਕਪੋਲ, ਹੋਠ ਤਕੇ, ਆਪ ਹੀ ਤਕੇ, ਆਪ ਹੀ ਹੱਸੇ ਖੁਸ਼ ਹੋਏ, ਡੌਲੇ ਤੱਕੇ, ਕਪੜੇ ਪਾਏ, ਪੱਗਾਂ ਬਧੀਆਂ, ਜਾਤਾ ਅਸੀ ਵੀ ਕੋਈ ਹਾਂ। ਹੋਏ ਤਾਂ ਹੀ ਨਾ ਓਹ ਪਿੱਪਲ ਹੇਠ ਜਾਂਦੀ ਸੁੰਦਰੀ ਸਾਨੂੰ ਵੇਖ ਹੱਸੀ ਤੇ ਸਾਨੂੰ ਚਾਹਿਆ, ਗਿਆਨ ਆਇਆ ਤੇ ਸਾਡਾ ਅੰਦਰਲਾ ਸੁਰਗ ਉੱਡ ਗਿਆ। ਹੁਣ ਸੁਰਗ ਉਸ ਸੁੰਦਰੀ ਦੇ ਨੈਨਾਂ ਵਿਚ ਸੀ। ਅਗੇ ਅਗੇ ਓਹ ਮਗਰ ਮਗਰ ਅਸੀ ਤੇ ਸਾਡੇ ਮਗਰ ਮਗਰ ਤੁਸੀ। ਸਾਰੀ ਉਮਰ ਬੀਤੀ ਆਰੀ ਸੰਭਲ ਚਲੋ ਨੰਦ ਲਾਲਾ ਜੋ ਬੀਤੀ ਸੋ ਬੀਤੀਂ ਪਰ ਨਹੀਂ, ਆਪ ਪਿੱਛਾ ਨਹੀਂ ਛੱਡਦੇ।

ਜਦ ਬਿਪਤਾ ਆਈ, ਤੁਸਾਂ ਆਖਿਆ ਕਰੋ ਰੱਬ ਨੂੰ ਯਾਦ, ਤੇ ਆਪ ਉਸ ਵੇਲੇ ਛਾਈਂ ਮਾਈਂ ਜਰੂਰ ਹੋ ਗਏ। ਰੱਬ ਜੀ ਤਾਂ, ਇਉਂ ਦਿਸਦਾ ਹੈ, ਕਿ ਸਦਾ ਉਡੀਕਵਾਨ ਹਨ, ਕਿ ਕਿਹੜੇ ਵੇਲੇ ਕੋਈ ਬੁਲਾਵੇ ਤੇ ਓਹ 'ਧਾਏਂ ਪਿਆਦੇ ਧਾਏ।' ਸੋ ਬੜਿਆਂ ਬੜਿਆਂ ਜਾਲਾਂ ਵਿਚ ਫਸਿਆਂ ਨੂੰ ਮੈਨੂੰ ਤੇ ਉਸ ਸੁੰਦਰੀ ਨੂੰ ਰੱਬ ਨੇ ਕੱਢਿਆ, ਪਰ ਜਦ ਜਰਾ ਸੁਰਤਿ ਆਈ, ਕੋਈ ਨਾ ਕੋਈ ਸੰਕਲਪ, ਸੁਹਣਾ ਰਾਮ ਬਣ ਵਿਚ ਆਏ "ਸੁਨਹਿਰੀ ਹਿਰਨ" ਵਾਂਗ, ਆਪ ਨੇ ਆ ਖੜਾ ਕੀਤਾ, ਮੁੜ ਉਹੋ ਹੀ ਗੱਲ, ਉਹੋ ਹੀ ਆਪ ਦੇ ਚੁਹਲ, ਚਲੋ ਭਾਈ ਇਸ ਹਿਰਨ ਨੂੰ ਮਾਰੋ, ਹਜ਼ਾਰਾਂ ਦਲੀਲਾਂ ਆਪ ਨੇ ਸਾਹਮਣੇ ਲਿਆ ਖੜੀਆਂ ਕੀਤੀਆਂ। ਐਸੇ ਦਲਾਂ ਦੇ ਦਲ ਆਏ ਕਿ ਮੁੜ ਕੋਈ ਪੇਸ਼ ਨਾ ਗਈ, ਧਨੁਖ ਤੇ ਤੀਰ ਲੈ ਮੁੜ ਚੱਲੇ ਅਸੀ, ਹਰਨ ਗਿਆ ਅੱਗੇ ਅੱਗੇ ਤੇ ਅਸੀ ਖਵਾਰ ਹੋਏ ਡੂੰਗਰਾਂ ਬੇਲਿਆਂ ਤੇ ਜੂਹਾਂ ਵਿਚ, ਹਾਰ ਕੇ ਝਖ ਮਾਰ ਕੇ ਥੱਕ ਕੇ ਟੁੱਟ ਕੇ ਸ਼ਾਮਾਂ ਨੂੰ ਘਰ ਆਏ, ਆਪ ਉਸ ਵਕਤ ਫਿਰ ਛਾਈਂ ਮਾਈਂ। ਮੁੜ ਸਾਡਾ ਇਕ ਇੱਕਲਾ ਰੱਬ ਮੁੜ ਉਹੋ ਰੂਹ ਦੀ ਅਰਾਧਨਾ, ਓਏ 'ਹਉ ਸੰਮਲਿ ਥਕੀ ਜੀ ਉਹ ਕਦੇ ਨਾ ਬੋਲੇ ਕਉਰਾ।' ਰਬ ਜੀ ਨੂੰ ਜਦ ਅਰਾਧਿਆ ਉਹੋ ਠੰਡ, ਉਹੋ ਮਿਠਾਸ, ਉਹੋ ਦਯਾ, ਉਹੋ ਨਰਮੀ, ਉਹੋ ਪਰਉਪਕਾਰ, ਉਹੋ ਤਰਸ, ਉਹ ਜੀਵਨ ਦੀ ਕਣੀ ਦਾ ਮੁੜ ਦਾਨ ਅਤੇ ਜਦ ਪ੍ਰਭਾਤ ਦਿਲ ਦੇ ਕਲਸ ਉਤੇ ਆਈ, ਸਾਡੇ ਅੰਦਰ ਦੇ ਮੰਦਰ ਦੇ ਕਲਸ ਉਸ

Digitized by Panjab Digital Library | www.panjabdigilib.org

ਪ੍ਰਿਭਜੋਤ ਦਿਵਯ ਸੋਨੇ ਨਾਲ ਚਮਕੇ, ਆਪ ਪੂਜਾ ਦੀ ਘੜੀ ਵੀ ਆਨ ਖੜੇ ਹੋ, ਨਿਤ ਨਵਾਂ ਸੰਕਲਪ ਰਚ ਕੇ ਸਾਹਮਣੇ ਕੀਤਾ। ਹੁਣ ਕੀ? "ਬੁਰਾ ਸਾਡਾ ਹਾਲ ਬਣਾਇਆ ਇਨ੍ਹਾਂ ਬਿਦੇਸੀਆਂ।" ਉਮਰਾ ਦਾ ਸੂਰਜ ਢਲ ਗਿਆ ਪਰ ਆਪ ਦੀ ਇਹ ਸੰਕਲਪ ਮਾਯਾ ਨਾ ਮੁਕੀ ਪਰ ਨਾ ਮੁੱਕੀ ਅਜ ਇਹ, ਕਲ ਓਹ, ਕਦੀ ਹਿਮਾਲਾ ਨੂੰ ਚੀਰੇ, ਗੰਗਾ ਲਿਆਵੇ, ਹੁਣ ਇਹਨੂੰ ਸੁਕਾਵੇ, ਹੁਣ ਮੀਂਹ ਦੀ ਲੋੜ ਹੈ, ਨਹੀਂ ਹੁਣ ਧੁਪ ਦੀ ਲੋੜ ਹੈ। ਅਜ ਕੱਪੜਾ ਤੇ ਕਲ ਗਹਿਣਾ ਅਜ ਮਕਾਨ ਤੇ ਕਲ ਮੰਦਰ, ਆਖਰ ਜਿਵੇਂ ਭਰਥਰੀ ਜੀ ਨੇ ਲਿਖਿਆ, ਓ ਮਨਾ ਮੇਰਿਆ ਸਾਡਾ ਕੀ ਬਣਾਇਆ ਈ :—

ਤਪ ਨ ਤਪੇ ਅਸਾਂ ਨੇ, ਤਪਾਂ ਸਾਨੂੰ ਤਪ ਲਿਆ ਈ॥
ਭੋਗ ਨ ਭੋਗੇ ਅਸਾਂ ਨੇ, ਭੋਗਾਂ ਨੇ ਭੋਗ ਲਿਆ ਈ॥
ਇੱਛਾ ਨ ਪੂਰੀਆਂ ਸਾਥੀ, ਇਛਾਵਾਂ ਨੇ ਪੂਰ ਲਿਆ ਈ॥

ਹੁਣ ਕੇਸ ਧੌਲੇ ਹੋ ਗਏ ਹਨ, ਸ਼ਰੀਰ ਝੁਰਲੀ ਖਾ ਚੁੱਕਾ ਹੈ, ਪਰ ਆਪ ਉਪਸਥਿਤ ਹੋ। ਉਹ ਸੁੰਦਰੀ ਜਿਹੜੀ ਸਾਡੇ ਨਾਲ ਚੰਗੀ ਨਿਭੀ, ਸਾਡੇ ਸੁਭਾਉ ਦੀ ਤੱਤ ਠੰਢ ਊਚ ਨੀਚ ਸਭ ਕੁਛ ਸਿਹਾ, ਆਪਣੀ ਜਿੰਦ ਜਾਣ ਅਸਾਥੀਂ ਵਾਰੀ, ਘੋਲ ਘੁਮਾਈ, ਜਦ ਕਦੀ ਬੀਮਾਰ ਹੋਏ ਸਾਰੀਆਂ ਰਾਤਾਂ ਜਾਗੀ, ਸਾਡੀ ਸੇਵਾ ਲਈ ਤਪ ਸਾਧੇ, ਜੋਗ ਕਮਾਏ, ਆਪਣਾ ਸਾਰਾ ਜੀਵਨ ਸਾਡੀ ਖਾਤਰ ਹਲਾਲ ਕਰ ਦਿਤਾ, ਉਹ ਤਾਂ ਉਹ ਜੰਗਲ ਵਿਚ ਸਿੰਨੀਆਂ ਲੱਕੜਾ ਚੁਣ ਰਹੀ ਹੈ, ਕਿ ਰਾਤ ਦੀ ਰੋਟੀ ਪੱਕੇ। ਤੇ ਆਪ ਸਾਨੂੰ ਮੁੜ ਕਿਸੀ ਨਵੇਂ ਪਿੱਪਲ ਹੇਠ ਇਕ ਹੋਰ ਖੜੀ ਦੱਸ ਰਹੇ ਹੋ, ਠੀਕ! ਆਪ ਸੁਫਨੇ ਜਿਹੇ ਵਿਚ ਮਰਦੀ ਵੇਰ ਚੇਤੇ ਕਰਾ ਰਹੇ ਹੋ ਕਿ ਓਹ ਓਹ ਸੀ ਤੇ ਉਸ ਵਲ "ਮੁੜ ਮੁੜ ਤਕੇ" ਓਹ ਪਰੇ ਖੜਾ ਇਕ ਗੱਭਰੂ ਇਹ ਅਸੀ ਸਾਂ, ਤੇ ਆਪ ਦੀ ਅਗਵਾਨੀ ਤੇ ਸਲਾਹ ਮਸ਼ਵਰੇ ਵਿਚ ਦੇਖੋ ਅਸੀ ਕਿਸ ਮੂੰਹ ਨਾਲ ਆਪਣੇ ਰੱਬ ਦੀ ਦਰਗਾਹੇ ਜਾ ਰਹੇ ਹਾਂ। ਆਪ ਜੇਕਰ ਨਾ ਕੁਛ ਇਹੋ ਜਿਹਾ ਸਬਕ ਦਿੰਦੇ ਤਦ ਤਾਂ ਪਤਾ ਲੱਗਦਾ ਕਿ ਆਪ ਬੀ ਬੁੱਢੇ ਹੋ ਚੁਕੇ ਹੋ ਤੇ ਕੁਛ ਹਮਦਰਦੀ ਉਨ੍ਹਾਂ ਨਾਲ ਆਈ, ਜਿਨ੍ਹਾਂ ਨੂੰ ਆਪ ਨੇਹੇ ਇੰਨਾ ਬੇ-ਰਹਿਮੀ ਨਾਲ ਕੋਹਿਆ ਹੈ, ਪਰ ਨਹੀਂ ਆਪ ਹਾਲੇ ਵੀ ਕੁਛ ਮੁਸਕਰਾ ਰਹੇ ਹੋ ਅਰ ਆਪ ਲੱਛਣਾਂ ਬ੍ਰਿਤੀ ਨਾਲ ਇਸ਼ਾਰਾ ਕੰਨੀ ਪਾ ਰਹੇ ਹੋ ਕਿ ਕਾਸ਼ ਉਹ ਅਬਲਾ ਸਾਨੂੰ ਪਿਆਰ ਕਰੇ ; ਤੇ ਇੰਨੇ ਵਿਚ ਹੀ ਮੈਂ ਉਸ ਪਿੱਪਲ ਹੇਠ ਜਾਂਦਾ ਹਾਂ ਤੇ ਆਪਣੀ ਚਿੱਟੀ ਦਾਹੜੀ ਨਾਲ ਉਸ ਸੁੰਦਰੀ ਨਾਲ ਕੁਛ ਗੱਲਾਂ ਕਰਨਾ ਹੀ ਚਾਹੁੰਦਾ ਹਾਂ ਕਿ ਓਹ ਡਰ ਕੇ ਨੱਸ ਜਾਂਦੀ ਹੈ ਤੇ ਮੈਂ ਪਿੱਪਲ ਹੇਠ ਬੈਠ ਕੇ ਸੁੰਦਰੀ ਦੇ ਪਿਆਰ ਸੋਹਲੇ ਜੋੜਨ ਲੱਗਦਾ ਹਾਂ। ਮਨ ਜੀ, ਆਦਤਾਂ ਆਪ ਨੇ ਜੇਹੜੀਆਂ ਪਾਈਆਂ, ਸੋ ਹੁਣ ਕਿਧਰੇ ਜਾਣ ਨਹੀਂ ਦਿੰਦੀਆਂ, "ਛੋੜ ਖੂਬਾਂ ਸੇ ਚਲੀ ਚਾਏ" ਆਪ ਕਹਿ ਰਹੇ ਹੋ, ਪਿਆਰ ਨਹੀਂ ਤਾਂ ਦੁਸ਼ਮਨੀ ਹੀ ਸਹੀ, ਪਰ ਆਪ ਦਾ ਕੀ ਕਸੂਰ ਹੈ, ਕਸੂਰ ਤਾਂ ਸਾਡਾ ਹੈ ਜੋ ਆਪ ਦੇ ਪਿੱਛੇ ਲੱਗੇ ? ਆਪ ਕੋਈ ਬਾਹਰੋਂ ਤਾਂ ਨਹੀਂ ਆਏ ਸਾਉ। ਮੇਰੇ ਅੰਦਰ ਦੀ ਹੀ ਬੀਮਾਰੀ ਹੋ, ਸੋ ਇੰਨੀ ਅਵਾਜਾਰੀ ਕਿਸ ਗੱਲ ਦੀ ਸੀ, ਕਿ ਸੰਕਲਪਾਂ ਦੀ ਖੇਹ ਛਾਨਣ ਟੁਰ ਪਏ, ਆਪਣੇ ਰੱਬ ਨੂੰ ਕੰਡ ਦਿੱਤੀ, ਆਪਾ ਕੁਛ ਜੋਖ ਕੇ ਕੁਛ ਆਪਣੀਆਂ ਅਕਲਾਂ-ਨਾਲ ਸੋਚ ਕੇ ਕੁਛ ਦਾਨਾਈ ਦੀ ਚੋਣਾਂ ਕਰਕੇ ਰੱਬ ਨੂੰ ਭੁਲਾ ਬੈਠੇ। ਭੁਲਾ ਕੇ ਇਤਫਾਕ ਨਾਲ ਕਿਸੀ ਚੰਗੇ ਸਿੱਟੇ ਤੇ ਅੱਪੜ ਪੈਂਦੇ ਤਦ ਵੀ ਕੁਛ ਧਰਾਸ ਹੁੰਦੀ, ਪਰ ਸੰਕਲਪ ਜਿਹੜੇ ਇਵੇਂ ਲੁਭਾਇਮਾਨ ਦਿੱਸਦੇ ਸਨ ਜਦ ਹੱਥ ਵਿਚ ਫੜੇ ਤਦ ਖੇਹ ਹੋ ਗਏ। ਕਦੀ ਹੋਸ਼ ਨਾ ਆਈ ਤੇ ਜਦ ਸਭ ਸੋਚਾਂ ਨੂੰ ਤਿਆਗ ਕਰਨ ਦੀ ਕੀਤੀ ਤੇ ਸੰਕਲਪਾਂ

Digitized by Panjab Digital Library | www.panjabdigilib.org

ਥੀਂ ਇਕਾਂਤ ਠਾਨੀ, ਤਦ ਹੁਣ ਸੰਕਲਪਾਂ ਨੇ ਹੋਰ ਤੇ ਇਸੇ ਪਾਸੇ ਦੇ ਰੂਪ ਧਾਰੇ, ਚਲੋ ਹਥ ਵਿਚ ਕਾਸਾ ਲੈ ਫਕੀਰ ਰਮਤੇ ਬਣੀਏ ਤੇ ਆਪਣੇ ਰੱਬ ਨੂੰ ਰੀਝਾਈਏ :—

> 'ਸਿਜਦਾ ਕਰੂੰਗਾ ਤੁਝੇ ਹਾਥ ਧੋ ਕਰ ਦੁਨੀਆਂ ਸ।
> ਮੈਂ ਵਹੁ ਨਹੀਂ ਕਿ ਯਾਦ ਕਰੂੰ ਬੇਵਜ਼ੁ ਤੇਰੀ ॥

ਕਈ ਵੇਰੀ ਇਹੋ ਜਿਹੀ ਵਹਿਸ਼ਤ ਛਾਈ ਕਿ ਕੱਪੜੇ ਫਾੜ ਘਰੋਂ ਬਾਹਰੋਂ, ਕੰਮੋਂ ਕਾਜੋਂ, ਬਾਲ ਬੱਚੇ ਥੀਂ ਨੱਸ ਕੇ ਹੈਵਾਨਾਂ ਵਾਂਗ ਜੰਗਲਾਂ ਵਿਚ ਜਾ ਵੱਜੇ ਕਿ ਰੱਬ ਨੂੰ ਟੋਲੀਏ, ਪਰ ਧੋਖੇ ਖਾ ਖਾ ਕੁਛ ਆਪਣੇ ਅਸਲੇ ਦੀ ਸੋ ਲੱਗ ਚੁੱਕੀ ਸੀ ਤੇ ਆਪਣਾ ਪੁਰਾਣਾ ਉਹੋ ਹੀ ਮਨ ਐਸੇ ਗੇਰੂ ਕਪੜੇ ਪਾਏ, ਭਸਮ ਰਮਾਏ, ਹੱਥ ਵਿਚ ਠੂਠਾ ਲਿਆ, ਸਾਧ ਦੇ ਰੂਪ ਵਿਚ ਬੇਰੂਪੀਏ ਵਾਂਗ ਸਿਆਣ ਲਿਆ, ਹੱਸਿਆ ਤੇ ਛਾਈ ਮਾਈ ਹੋ ਗਿਆ। ਮੁਦਤਾਂ ਲੰਘ ਗਈਆਂ, ਸਿਰ ਤਲੇ ਸੁੱਟੇ ਬੈਲ ਵਾਂਗੂੰ ਹਲ ਅੱਗੇ ਜੁਤ ਟੁਰ ਪਿਆ। ਸੰਕਲਪ ਕੀ ਕਰਨ ਗੱਲ ਤਾਂ ਕਿਧਰੇ ਹੋਰਥੇ ਮੁਕਦੀ ਹੈ।

ਪਰ ਕਈ ਮਿਤ੍ਰ ਆਏ, ਭਾਈ ਤੂੰ ਚੰਗਾ ਲਿਖਨਾ ਹੈਂ, ਤੂੰ ਚੰਗਾ ਬੋਲਨਾ ਹੈ, ਤੇਰੀ ਬੜੀ ਲੋੜ ਹੈ, ਬੈਲ ਦੀ ਲੋੜ ਨਹੀਂ, ਘੋੜੇ ਦੀ ਲੋੜ ਹੈ। ਨਾ ਮੁਨਕਰ ਕੀਤੀ, ਆਜਜ਼ੀ ਕੀਤੀ, ਮੈਂ ਕਿਸ ਜੋਗ ਸਭ ਨੂੰ ਕਿਹਾ, ਅੰਦਰੋਂ ਕੁਛ ਖੁਸ਼ ਹੋਇਆ ਕਿ ਹੋਸੀ ਇਹ ਨਿਕੰਮਾ ਜਿਹਾ ਬੁੱਢਾ ਸ਼ਰੀਰ ਭੀ ਆਖਰ ਕਿਸੇ ਜੋਗ ਨਿਕਲਿਆ, ਇਹ ਤਾਂ ਇੰਨਾਂ ਲੋਕਾਂ ਦਾ ਸੰਕਲਪ ਹੈ, ਸਾਡਾ ਤਾਂ ਨਹੀਂ। ਇਹ ਤਾਂ ਕੋਈ ਵਾਹਿਗੁਰੂ ਦੀ ਹੀ ਮਰਜ਼ੀ ਹੈ, ਉਹ ਤਾਂ ਵਕਤ ਟਾਲਿਆ ਪਰ ਲੱਗੇ ਸੋਚਣ ਕਿ ਪੰਜਾਲੀ ਹੁਣ ਗਲੋਂ ਲਾਹ ਹੀ ਦੇਈਏ ਤਦ ਠੀਕ ਹੈ, ਅਕਾਲ ਹੁਕਮ ਇਹ ਹੈ।

ਪਰ ਫੇਰ ਮਿਹਰ ਹੋਈ ਤੇ ਸਾਹਮਣੇ ਹੰਸੂ ਹੰਸੂ ਕਰਦਾ ਉਹੋ ਆਪਣਾ ਪੁਰਾਣਾ ਮਿਤ੍ਰ ਸਾਖਯਾਤ ਆਪ ਉਨ੍ਹਾਂ ਸਮੂਹਾਂ ਦੇ ਸੰਕਲਪ ਵਿਚ ਖੜੇ ਦਿੱਸੇ। ਨਾ ਭਾਈ, ਬਹੁਤ ਲੰਘ ਗਈ ਹੁਣ ਥੋੜ੍ਹੀ ਰਹਿ ਗਈ ਹੈ :—

> 'ਸਾਰੀ ਉਮਰ ਗੁਨਾਹਾਂ ਬੀਤੀ ।
> ਆਗੇ ਸੰਭਲ ਚਲੋ ਨੰਦ ਲਾਲਾ ਜੋ ਬੀਤੀ ਸੋ ਬੀਤੀ ॥'

ਤੇ ਆਪ ਨੇ ਕੀ ਅੱਖੜਖਾਨੀ ਚੁੱਕੀ ਹੈ, ਚਲੋ ਭਾਈ ਧਰਮ ਪ੍ਰਚਾਰ ਕਰੀਏ। ਇਹ ਵੀ ਆਪ ਦੀ ਖੇਡ ਹੈ, ਕਿਉਂ ? ਇਹ ਰੱਬ ਦੀ ਮਿਹਰ ਹੈ ਕਿ ਜਦ ਬਾਲਕ ਵਾਂਗ ਰੋਯਾ ਓਹ ਮਾਂ ਵਾਂਗ ਦੌੜ ਕੇ ਆਏ, ਪਿਆਰ ਕੀਤਾ, ਸਾਫ ਸੁਥਰਾ ਕੀਤਾ, ਖੀਰ ਪਿਆਲਿਆ, ਲੋਰੀ ਦਿੱਤੀ, ਸਵਾ ਦਿੱਤਾ। ਪਰ ਸਾਡੇ ਅਮਲ ਤਾਂ ਇਹ ਹਨ ਕਿ ਰੋਜ਼ ਤੋਬਾ ਤੇ ਰੋਜ ਯਾਰੀ, 'ਹੇ ਰੱਬਾ! ਜੇ ਐਤਕੀ ਬਚਾ ਲਵੇਂ ਤੇ ਸਦਾ ਫਿਰ ਤੇਰੀ ਨੌਕਰੀ ਕਰਨੀ। ਜੇ ਇਸ ਔਕੜੋਂ ਕੱਢ ਲਵੇਂ ਤੇ ਤੇਰੇ ਬੂਹੇ ਤੇ ਬੁਹਾਰੀ ਸਦਾ ਦੇਵਾਂਗਾ। ਹੇ ਰੱਬ! ਜੇ ਮੇਰੀ ਇਸਤ੍ਰੀ ਹੁਣ ਵੱਲ ਕਰ ਦੇਂ ਤਦ ਮੈਂ ਆਪਣਾ ਸਾਰਾ ਜੀਵਨ ਤੇਰੇ ਵਿਹੜੇ ਵਿਚ ਗੁਜ਼ਾਰਾਂਗਾ। ਰੱਬ ਜੀ! ਜੇ ਇਸ ਸ਼ਰਮਸਾਰੀ ਬਦਨਾਮੀ ਥੀਂ ਬਚਾਵੇਂ, ਜੇ ਇਸ ਵੇਰੀ ਮੇਰਾ ਪਰਦਾ ਢੱਕ ਦੇਵੇਂ, ਮੈਂ ਇਕ ਅਜਾਣੀ ਇਸਤ੍ਰੀ ਨੂੰ ਜਿਸ ਮੇਰੇ ਤੇ ਭਰੋਸਾ ਕੀਤਾ ਉਸ ਕੀ ਧੋਖਾ ਦਿਤਾ ਹੈ। ਪਿਆਰ ਦੇ ਥਾਂ ਮੈਂ ਉਸ ਨਾਲ ਧ੍ਰੋਹ ਕਮਾਯਾ ਹੈ, ਤੇ ਹੁਣ ਲੋਕੀ ਕੀ ਆਖਣਗੇ ਜੇ ਮੇਰਾ ਪਾਜ ਖੁਲ੍ਹ ਗਿਆ। ਮੇਰੇ ਬਾਲ ਬੱਚੇ ਕੀ ਆਖਣ ਗੇ, ਜੇ ਮੈਂ ਚੁਰਾਹੇ ਵਿਚ ਖੜਾ ਕਰ ਦਿਤਾ, ਤੇ ਸਾਰਾ ਸ਼ਹਿਰ ਮੇਰੇ ਪੁਰ ਥੁੱਕੇਗਾ। ਹੇ

Digitized by Panjab Digital Library | www.panjabdigilib.org

ਰੱਬਾ! ਮੇਰੇ ਇਸ ਕਰਮ ਉੱਪਰ ਆਪਣੀ ਚਾਦਰ ਦੇਹ, ਮੇਰੀ ਲਾਜ ਰਖ ਇਹ ਭੇਤ ਮੇਰਾ ਕਿਸੇ ਨੂੰ ਪਤਾ ਨਾ ਲਗੇ।

'ਜੇ ਇਹ ਕਰਾਮਾਤ ਕਰੋ ਤਦ ਮੈਂ ਫਿਰ ਕਦੀ ਨਾ ਮੁਖ ਮੋੜਸਾਂ, ਹੇ ਰੱਬਾ ! ਮੈਂ ਇਕਰਾਰ ਕਰ ਬੈਠਾ ਹਾਂ । ਜੇ ਪੂਰਾ ਨਾ ਕਰਾਂ ਤਦ ਮੈਨੂੰ ਤੇ ਸਾਰੇ ਮੇਰੇ ਪਲੇ ਲਗਿਆਂ ਨੂੰ ਦੁੱਖ ਹੁੰਦਾ ਰਹੇਗਾ। ਇਹ ਕਰਾਮਾਤ ਕਰੇ, ਮੇਰਾ ਇਹ ਇਕਰਾਰ ਪੂਰਾ ਕਰ ਦਿਓ, ਇਹ ਹੁੰਡੀ ਜ਼ਰੂਰੀ ਤਰ ਜਾਏ, ਤੇ ਫਿਰ ਮੈਂ ਜੇ ਕਾਫਰ ਹੋਵਾਂ ਤਦ ਮੈਨੂੰ ਕੋਈ ਥਾਂ ਢੋਈ ਨਾ ਦੇਵੇ। ਹੇ ਰੱਬਾ ਬਿਗੜੀ ਮੈਥੀਂ ਤੁਸੀਂ ਸਵਾਰ ਦਿਓ, ਤੇਰਾ ਜੂ ਹੋਇਆ, ਆਪ ਦੇ ਨਾਮ ਬਿਰਦ ਦੀ ਖਾਤਰ ਮੇਰੀ ਰੱਖ ਵਿਖਾਵੇ। ਹੇ ਰੱਬਾ ! ਇਕ ਸੰਕਲਪ ਬਸ ਆਖਰੀ ਹੈ, ਇਹ ਪੂਰਣ ਹੋਵੇ ਤਦ ਮੈਂ ਸਦਾ ਆਪ ਦੀ ਚਰਣ ਧੂੜ ਵਿਚ ਨਿਵਾਸ ਕਰਾਂਗਾ।'

ਇਉਂ ਹੀ ਸਾਰੀ ਉਮਰ ਲੰਘ ਗਈ। ਰੱਬ ਨੇ ਹਰ ਵੇਲੇ ਸਭ ਕੁਛ ਕੀਤਾ। ਸ਼ਰਮ, ਸ਼ਾਨ, ਇੱਜ਼ਤ ਸਭ ਕੁਛ ਹੱਥ ਦੇ ਰੱਖਿਆ, ਪਾਪ ਬਖਸ਼ੇ, ਗੁਨਾਹਾਂ ਉੱਪਰ ਪਰਦੇ ਪਾਏ, ਦੁਸ਼ਮਨਾਂ ਨੂੰ ਟਾਲਿਆ, ਦੁੱਖਾਂ ਨੂੰ ਪਰੇ ਕੀਤਾ, ਰੱਬ ਨੇ ਸਭ ਕੁਛ ਕੀਤਾ, ਜੋ ਕੀਤਾ ਰੱਬ ਨੇ ਕੀਤਾ। ਮੈਂ ਪਾਮਰ ਪਾਸੋਂ ਕੁਛ ਵੀ ਨਾ ਹੋ ਸੱਕਿਆ। ਸਾਰੀ ਉਮਰ ਪਿੱਛੋਂ ਉਹੋ ਕੁੱਤੇ ਦਾ ਕੁੱਤਾ, ਉਹੋ ਹੀ ਭੁੱਖ ਟੁਕੜ ਦੀ, ਉਹੋ ਹੀ ਭੋਗ ਦੀ, ਉਹੋ ਲਾਲਸਾ ਚੋਰੀ ਦੀ, ਯਾਰੀ ਦੀ ਉਹੋ ਹੀ ਆਦਤਾਂ, ਆਪ ਨੂੰ ਵੱਡਾ ਦੂਜੇ ਨੂੰ ਨੀਵਾਂ ਸਮਝਣ ਦੀਆਂ, ਉਹੋ ਹੀ ਜੋ ਕੁਛ ਪਹਿਲੇ ਦਿਨ, ਜਦ ਥੀ ਸੁਰਗ ਥੀਂ ਉਥਾਨ ਸੀ, ਹੁਣ ਤਕ ਹੈ।

ਹੁਣ ਅਜ ਜਦ ਇਹ ਲਿਖ ਰਿਹਾ ਹਾਂ, ਸ਼ਾਮ ਦਾ ਵੇਲਾ ਹੈ, ਮੀਂਹ ਆਪਣਾ ਤੇਜ਼ ਛੜਾਕਾ ਦੇ ਕੇ ਹਟਿਆ ਹੈ। ਕਾਲੇ ਬੱਦਲ ਹਾਲੇ ਅਸਮਾਨ ਵਿਚ ਫਿਰ ਰਹੇ ਹਨ ਤੇ ਸੂਰਜ ਨੇ ਪੱਛਮ ਵਿਚ ਇੰਨੀ ਗੂਹੜੀ ਲਾਲੀ ਦੀ ਛਟਾ ਕੀਤੀ ਹੈ ਕਿ ਅੱਖ ਵੇਖ ਕੇ ਹੈਰਾਨ ਹੈ ਕਿ ਇਕ ਦੁਨੀਆ ਵਿਚ ਕਿਸ ਤਰ੍ਹਾਂ ਲਾਲ ਗੁਲਾਬਾਂ ਦੇ ਖਿੜੇ ਫੁੱਲਾਂ ਦੇ ਹੜ੍ਹ ਆ ਗਏ। ਸੋਹਣੀ ਏਕਾਂਤ ਹੈ, ਨਹੀਂ ਏਕਾਂਤ ਨਹੀਂ। ਬੱਦਲ ਹਨ ਨ੍ਹਾਤੇ ਧੋਤੇ ਬਿਰ੍ਛ ਕੋਈ ਕੋਈ ਇਉਂ ਖੜੇ ਹਨ ਜਿਵੇਂ ਕ੍ਰਿਸਾਨ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਹਨ। ਅਨੇਕਾਂ ਘਾਹ ਦੇ ਬੂਟੇ ਆਪਣੇ ਪ੍ਰਾਪਤ ਫੁੱਲਾਂ ਨੂੰ ਹਵਾ ਵਿਚ ਉਛਾਲ ਰਹੇ ਹਨ।

ਸੂਰਜ ਨੇ ਆਪਣੇ ਲਾਲ ਫੁਲਵਾੜੀ ਦੀ ਮਹਿਮਾ ਬੜੇ ਉੱਚੀ ਸੁਰ ਦੇ ਰਾਗ ਦੀ ਤਰ੍ਹਾਂ ਇਕ ਅਲਾਪ ਰੂਪ ਵਿਚ ਸਜਾਈ ਹੈ। ਇਹ ਏਕਾਂਤ ਨਹੀਂ, ਬੜੀ ਗਹਿਮਾ ਗਹਿਮ ਹੈ ਤੇ ਇਹ ਸਭ ਕੁਛ ਵੇਖ ਕੇ ਮੈਂ ਕਿਹਾ—'ਹੇ ਮਨ ਜੀ! ਤੁਸੀਂ ਜੋ ਉੱਚੇ ਉਪਦੇਸ਼ ਕਰਨ ਚੜ੍ਹਨ ਦੀ ਅਜ ਵੀ ਮਿੱਤ ਦਿੰਦੇ ਸੋ, ਇਹ ਦੱਸੋ ਕਿ ਸੂਰਜ ਤੇ ਆਪਣੇ ਦਿਲ ਦੇ ਪੋਸਤ ਵਰਗੇ ਲਾਲ ਫੁੱਲਾਂ ਨਾਲ ਅਕਾਸ਼ ਸੁਹੱਪਣ ਨਾਲ ਭਰ ਦੇਵੇ ਅਰ ਮੇਰੇ ਪਾਸ ਅਜ ਇਕ ਕੰਵਲ ਵੀ ਖਿਲਿਆ ਨਾ ਹੋਵੇ, ਮੇਰੇ ਦਿਲ ਦੀ ਮੰਦਰ ਦਾ ਦੀਵਾ ਭੀ ਬੁਝਿਆ ਹੋਵੇ। ਮੈਨੂੰ ਸੰਕਲਪ ਉੱਠਣ ਕਿ ਚਲੋ ਉਪਦੇਸ਼ ਕਰੀਏ ਭਾਵੇਂ ਆਪ ਏਕਾਂਤ ਵਿਚ ਇਸ ਵਸੋਂ ਨੂੰ ਇਕਾਂਤ ਮੰਨਦੇ, ਇਕ ਵਹਿਮ ਜਿਹੇ ਵਿਚ ਆਪਣੇ ਦਿਲ ਨੂੰ ਮਿਤਰਾਂ ਦੇ ਮਿਲਣ ਗਿਲਣ ਦੇ ਸ਼ੋਕ ਵਿਚ ਹੋਵਾਂ।'

ਓਹੋ ਓਹੋ ! ਇਹ ਵੀ ਆਪ ਦਾ ਸੰਕਲਪ ਹੀ ਹੈ, ਮੈਂ ਨਿਕਾਰਾ ਕੀ ਤੇ ਉਪਦੇਸ਼ ਕੀ ? ਪੱਥਰ ਕਿਥੇ ਤੇ ਹੀਰਾ ਬਾਦਸ਼ਾਹਾਂ ਦੇ ਤਾਜਾਂ ਵਿਚ ਲਗਣ ਕਿਥੇ ? ਓਹ ਮੈਂ, ਜਿਹੜਾ, ਕਿਸੀ ਨਾਲ ਇਕ ਮਿੱਠੀ ਸਰਲ-ਸਾਦਾ ਮਿਤ੍ਰਤਾ ਨਾਲ ਨਾ ਨਿਭ ਸਕਿਆ। ਸਦਾ ਆਪਣੇ ਸੁਖ ਲਈ ਦੂਜਿਆਂ ਨੂੰ

Digitized by Panjab Digital Library | www.panjabdigilib.org

ਦੁਖ ਦਿੰਦਾ ਰਿਹਾ, ਆਪਣੇ ਵਹਿਮ ਮਗਰ ਲਗ ਕੇ ਦੂਜਿਆਂ ਦੀ ਆਜ਼ਾਦੀ ਖੋਂਹਦਾ ਰਿਹਾ, ਮੈਂ ਜੇ ਆਪ ਥੀਂ ਬਚ ਕੇ ਹੁਣ ਵੀ ਬਚਸਾਂ ਤਦ ਓਹ ਸਚਾ ਪਾਤਸ਼ਾਹ ਮਾਫ਼ ਕਰ ਦੇਵੇਗਾ, ਉਥੇ ਤਾਂ ਸਦਾ ਮਿਹਰਾਂ ਬਖਸ਼ਸ਼ਾਂ ਹੀ ਹਨ ਗੱਲ ਇੰਨੀ ਹੀ ਹੈ ਕਿ :—

**ਸੰਕਲਪ** ਚੰਗੇ ਬੁਰੇ ਅੰਦਰ ਦੇ ਮੰਦਰ ਸੁਰਗਾਂ ਥੀਂ ਮੱਲੋ-ਮੱਲੀ ਉਥਾਨ ਕਰਦੇ ਹਨ ਬਾਹਰ ਲਿਆ ਸੁਟਦੇ ਹਨ, ਤੇ ਬਸ ਕਿਰਕਟ ਦੀ ਖੇਡ ਵਾਲੀ ਗੱਲ ਹੈ ਕਿ ਸਜਨਾਂ ਸੈਂਟਰ ਥੀਂ ਜਰਾ ਬਾਹਰ ਹੋਜਾ ਤੇ ਮੋਯਾ। ਇਉਂ ਸਾਰੀ ਉਮਰ ਮਰ ਮਰ ਕੇ ਵੀ ਹਾਲੇ ਜ਼ਿੰਦਗੀ ਦੀ ਸੋਝੀ ਨਹੀਂ ਹੋਈ, ਰਬ ਪਾਸ ਖੜਾ ਹੈ ਤੇ ਹੱਥ ਵਿਚ ਤਾਕਤ ਨਹੀਂ, ਕਿ ਆਪਣਾ ਬੂਹਾ ਹੀ ਚਾ ਖੋਹਲਾਂ। ਜੀਭ ਹਿਲਦੀ ਨਹੀਂ ਕਿ ਆਖਾਂ ਆਓ ਇਸ ਨਿਮਾਣੀ ਝੁਗੀ ਢੱਠੀ, ਬੇਹਾਲ ਹੋਈ ਝੁੱਗੀ ਵਿਚ ਚਰਣ ਪਾਓ।

ਸੋ ਹੈ ਭਾਵੇਂ ਬੁਢੇਪੇ ਦੀ ਗੱਲ, ਪਰ ਸੱਚ ਇਹ ਹੈ ਕਿ ਬੈਲ ਬਣੀਏ ਪੰਜਾਲੀ ਪਾਈਏ। ਹੂੰ ਵੀ ਦ ਦਾ ਹੂੰ, ਜਿਧਰ ਖਸਮ ਦੀ ਰਜ਼ਾ ਉਧਰ ਹਾਲੀਆਂ ਹਲ ਵਾਹਣਾ।

ਮਨ ਜੀ ! ਆਪ ਵੀ ਨਿੱਸਲ ਹੋ ਬਹਿ ਜਾਓ। ਇਹ ਘੋੜ ਦੌੜ ਛੱਡੋ, ਬਦਲ ਦੇ ਰੂਪ ਵਿਚ ਜੀਵਨ, ਬਾਕੀ ਤਾਂ ਨਿਰੀ ਮੌਤ ਜੇ। ਜਿਹੜੀ ਖੁਸ਼ੀ ਹੈ ਓਹ ਪੀੜਾ ਹੈ, ਜਿਹੜੀ ਕਾਮਯਾਬੀ ਹੈ ਓਹ ਸੱਚ ਥੀਂ ਵਿਛੋੜਾ ਹੈ। ਜਿਹੜੀ ਤਰੱਕੀ ਹੈ, ਓਹ ਹੀਰਾ ਰੂਹ ਦਾ ਮੁੜ ਪੱਥਰ ਹੋ ਜਾਣਾ ਹੈ।

ਸੱਚ ਪੁੱਛੋ, ਤਦ ਕਿਸ ਕਰਕੇ ਆਪ ਸਦਾ ਅਨੇਕ ਰੰਗ ਰੰਗ ਦੇ ਫੰਗ ਮੇਰੀ ਪਗੜੀ ਓਤੇ ਲਟਕਾਂਦੇ ਰਹੇ ਹੋ। ਅੰਦਰ ਵੜ ਕੇ ਅਜ ਤਕਿਆ ਜੇ? ਦਿਲ ਵਿਚ ਇਕ ਕਲੀ ਵੀ ਖਿੜੀ ਹੋਈ ਨਹੀਂ, ਕੀ ਇਹ ਜੀਵਨ ਹੈ?

ਫੁੱਲਾਂ ਦੇ ਗੀਤ ਗਾਉਣੇ ਤੇ ਆਪਣੇ ਅੰਦਰ ਦੇ ਨੰਦਨ ਬਨ ਵਿਚ ਸ਼ੁਨਯ ਹੋਣੇ, ਬੱਸ ਹੁਣ ਮੋਇਆਂ ਨੂੰ ਕਿਉਂ ਛੇੜਦੇ ਹੋ। ਅਜ 48 ਸਾਲ ਵਿਚੋਂ 12 ਸਾਲ ਯਾ 15 ਸਾਲ ਕੱਢ ਦਿਓ, 35 ਸਾਲ ਜੋ ਸੰਕਲਪਾਂ ਦੇ ਮਗਰ ਲੱਗਿਆਂ ਕੁਛ ਨਹੀਂ ਬਣਿਆ, ਜੋ ਬਣਿਆ ਹੈ ਤਦ ਉਨ੍ਹਾਂ ਹੀ ਵਿਗਾੜਿਆ ਹੈ। ਕਿਸੇ ਨਾਲ ਆਖਰ ਨਾ ਨਿਭੀ, ਕੀ ਬਣਿਆ, ਸੋ ਹੁਣ ਮਰ ਜਾਓ ਮਤੇ ਮਰ ਕੇ ਕੁਛ ਸਿਧ ਹੋਵੇ। ਸਿੱਧ ਨਾ ਹੋਵੇ ਹੁਣ ਅਗੋਂ ਖੇਹ ਤਾਂ ਨਾ ਛਾਣੀਏ, ਘੱਟਾ ਤਾਂ ਮੂੰਹ ਤੇ ਨਾ ਪਵੇ, ਸੂਰਜ ਨੂੰ ਤੱਕੀਏ, ਚੰਨ ਨਾਲ ਹੱਸੀਏ, ਮਤੇ ਸਾਡੇ ਦਿਲ ਦਾ ਚੰਨ ਆਪ ਹੀ ਚੜ੍ਹ ਪਵੇ, ਸਾਡੀ ਵੀ ਈਦ ਦਾ ਦਿਨ ਆਵੇ ਤੇ ਓਹ ਮੌਤ ਸੁਭਾਗੀ ਹੋਵੇ ਜੋ ਸਰੀਰ ਦੇ ਮੁੜਨ ਉੱਤੇ ਆਪਣੇ ਗੁੰਮੇ ਸੁਰਗ ਨੂੰ ਮੁੜ ਪ੍ਰਾਪਤ ਹੋ ਸਕੀਏ।

*********

Digitized by Panjab Digital Library | www.panjabdigilib.org

# ਕਿਰਤ

ਪਿਆਰ ਤੇ ਮਿਤ੍ਰਤਾ ਤੇ ਹੋਰ ਦਿਵਯ ਗੁਣਾਂ ਨੂੰ ਆਪਣੇ ਵਿਚ ਆਵੇਸ਼ ਰੂਪ ਵਿਚ ਪੜ੍ਹਣ ਲਈ ਤੇ ਫਿਰ ਆਪਣੇ ਅੰਦਰ ਧਾਰਣ ਕਰਨ ਲਈ ਤੇ ਮੁੜ ਉਨ੍ਹਾਂ ਨੂੰ ਵੀ ਅੰਦਰੋਂ ਬਾਹਰ ਇਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਣ ਲਈ, ਆਦਮੀ ਨੂੰ ਕਦੀ ਨਿਕੰਮਾ ਨਹੀਂ ਰਹਿਣਾ ਚਾਹੀਦਾ, ਜਿਸ ਦੇ ਹੱਥ ਵਿਚ ਕਿਰਤ ਨਹੀਂ ਓਹ ਨਿਕੰਮਾ ਆਦਮੀ ਹੈ ਅਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।

ਇਕ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸ ਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਪਾਮਰ ਕਰਮ ਕਰਨ ਦੀ ਵੇਹਲ ਹੀ ਨਹੀਂ ਲੱਗਦੀ—ਸਿਆਣਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ—ਇਸ ਕਥਨ ਵਿਚ ਬੜਾ ਸੱਚ ਭਰਿਆ ਪਿਆ ਹੈ।

ਹੁਣ ਤੁਸੀਂ ਆਪਣੇ ਦੇਸ ਤੇ ਜਾਪਾਨ ਦੇ ਦੇਸ ਦਾ ਜੇ ਮੁਕਾਬਲਾ ਕਰੋ, ਤਦ ਪਤਾ ਲੱਗਦਾ ਹੈ ਕਿ ਉਥੇ ਕਿਸੀ ਨੂੰ ਮਨਘੜਤ ਖਿਆਲਾਂ ਤੇ ਵਿਚਾਰਾਂ ਦੀ ਕੂੜੀ ਗਿਆਨ-ਗੋਦੜੀ ਦੀਆਂ ਮਾਨਸਿਕ ਚੰਚਲਤਾ ਦੀਆਂ ਖੇਡਾਂ ਕਰਨ ਦੀ ਵਿਹਲ ਨਹੀਂ, ਓਹ ਚਿਤ੍ਰਵਤ ਆਪਣੇ ਕੰਮਾਂ ਵਿਚ ਲੱਗੇ ਹਨ। ਇਕ ਤਰਖਾਣ ਜੋ ਆਪਣੇ ਹੱਥ ਨਾਲ ਲੱਕੜੀ ਨੂੰ ਰੂਪ ਦੇ ਰਿਹਾ ਹੈ, ਇਕ ਲੋਹਾਰ ਜੋ ਗਰਮ ਲੋਹੇ ਨੂੰ ਸਾਧ ਰਿਹਾ ਹੈ, ਇਕ ਚਿਤ੍ਰਕਾਰ ਜਿਹੜਾ ਧਿਆਨ ਵਿਚ ਕਿਸੀ ਦੇਖੀ ਚੀਜ਼ ਨੂੰ ਅਮਰ ਕਰ ਰਿਹਾ ਹੈ, ਭਾਵੇਂ ਓਹ ਸਿਰਫ਼ ਰੰਗ ਰੂਪ ਤੇ ਪ੍ਰਭਾਉ ਨੂੰ ਅਮਰ ਕਰ ਰਿਹਾ ਹੈ, ਉਨ੍ਹਾਂ ਨੂੰ ਅਥਕ ਕਿਰਤ ਕਰਨ ਥੀਂ ਉਪਜੀ ਸਹਿਜ ਸਮਾਧੀ ਦੇ ਸੁਖ ਥੀਂ ਵਿਹਲ ਹੋ ਹੀ ਨਹੀਂ ਸੱਕਦੀ ਕਿ ਓਹ ਕਿਸੇ ਦ੍ਵੈਤ ਤੇ ਦੁੱਖ ਦੇ ਨਿਕੰਮੇ ਵਾਦ ਵਿਵਾਦ ਵਿਚ ਪੈਣ, ਉਹ ਗੱਲਾਂ ਕਰਨ ਵਾਲਿਆਂ ਨੂੰ ਕੁਛ ਪਾਗਲ ਸਮਝਦੇ ਹਨ। ਓਹ ਸਮਾ ਜਿਹੜਾ ਨੈਨਾਂ ਪ੍ਰਾਣਾਂ ਨਾਲ ਕੁਛ ਸਾਧ ਸੱਕਦਾ ਹੈ, ਓਹ ਵਿਅਰਥ ਨਿਕੰਮੇ ਮਨ ਦੇ ਭੇਰੇ ਖਿਆਲ ਉਡਾਰੀਆਂ, ਮਸਲੇ ਬਾਜੀਆਂ, "ਰੱਬ ਹੈ, ਨਹੀਂ ਹੈ" "ਚਿੱਟਾ ਹੈ, ਕਾਲਾ ਹੈ" ਆਦਿ ਵਿਚ ਵੰਜਾਣ ਕਿਹੜੀ ਸਿਆਨਪ ਹੈ ? ਸੁਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ। ਮਾਨਸਕਿ ਚਿਤਵਨ ਕਿੰਨਾ ਹੀ ਉੱਚਾ ਹੋਵੇ, ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ, ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ ਜਿਸ ਤਰ੍ਹਾਂ ਬ੍ਰਿਛਾਂ ਉੱਤੇ ਫਲ ਫੁੱਲ ਆਣ ਲੱਗਦੇ



Digitized by Panjab Digital Library | www.panjabdigilib.org

ਹਨ, ਸਿਦਕ ਤੇ ਪਿਆਰ ਤੇ ਰੱਬ ਦੀ ਰੱਬਤਾ ਵਿਚ ਜੀਣ ਲੱਗ ਜਾਂਦੀ ਹੈ। ਈਸਾਈ ਮਤ ਬਾਦਸ਼ਾਹੀ ਮਹੱਲਾਂ ਵਿਚ ਟੌਲਸਟਾਏ ਨੂੰ ਨਜ਼ਰ ਨਹੀਂ ਸੀ ਆਇਆ ਪਰ ਭੋਲੇ ਭਾਲੇ ਰੂਸ ਦੇ ਕ੍ਰਿਸਾਨਾਂ ਦੇ ਵਹਿਮਾਂ ਦੇ ਹਨੇਰੇ ਵਿਚ ਬਿਜਲੀ ਲਿਸ਼ਕ ਦੀਆਂ ਧਾਰੀਆਂ ਸੱਚੇ ਸਿਦਕ ਦੀ ਓਹਨੂੰ ਨਜ਼ਰ ਆਈਆਂ। ਕ੍ਰਿਸਾਨ ਜ਼ਿਮੀਂਦਾਰ ਜਿਹੜੇ ਹਲ ਵਾਹੁੰਦੇ ਤੇ ਮਜ਼ੂਰੀਆਂ ਕਰਦੇ ਹਨ, ਉਨ੍ਹਾਂ ਵਿਚ ਸਹਿਜ ਸੁਭਾ ਦਯਾ, ਉਦਾਰਤਾ, ਤਿਆਗ, ਰਜ਼ਾ ਆਦਿ ਮਹਾਨ ਗੁਣਾਂ ਦੀ ਛਾਯਾ ਹੁੰਦੀ ਹੈ। ਕਿਸੀ ਅਮੀਰ ਦੇ ਦਿਲ ਵਿਚ ਨੁਕਸਾਨ ਉਠਾ ਕੇ ਰਜ਼ਾ ਦਾ ਨੁਕਤਾ ਨਹੀਂ ਆਉਂਦਾ। ਪਰ ਮੈਂ ਕਿਰਤੀ ਕ੍ਰਿਸਾਨਾਂ ਕੀ ਸਿੱਖ ਤੇ ਕੀ ਮੁਸਲਮਾਨ ਤੇ ਕੀ ਹਿੰਦੂ ਸਭ ਨੂੰ ਵੇਖਿਆ ਹੈ ਕਿ ਓਹ ਬੜੇ ਬੜੇ ਨੁਕਸਾਨ ਨੂੰ ਰੱਬ ਦੀ ਰਜ਼ਾ ਦੇ ਨੁਕਤੇ ਵਿਚ ਗੁਜ਼ਾਰ ਦਿੰਦੇ ਹਨ, ਓਹ ਗਮ ਤੇ ਦੁੱਖ ਦੀ ਓਨੀ ਕਾਂਬ ਨਹੀਂ ਖਾਂਦੇ ਜਿੰਨੀ ਅਕਲਾਂ ਵਾਲੇ ਤੇ ਬਹੁ ਸੋਚਾਂ ਵਾਲੇ ਨਿੱਕੇ ਨਿੱਕੇ ਨੁਕਸਾਨ ਵੀ ਬਿਨਾਂ ਸ਼ਿਕਵੇ ਦੇ ਬਰਦਾਸ਼ਤ ਨਹੀਂ ਕਰ ਸੱਕਦੇ ; ਤੇ ਖਲਵਾੜੇ ਵਿਚ ਬੈਠਾ ਕ੍ਰਿਸਾਨ ਜਿਸ ਖੁਲ੍ਹੇ ਦਿਲ ਤੇ ਉਦਾਰਤਾ ਨਾਲ ਦਾਨ ਕਰਦਾ ਹੈ ਓਹ ਅਕਲ ਵਾਲਾ ਤੇ ਸੋਚਾਂ ਵਾਲਾ ਮਾਨਸਿਕ ਆਦਮੀ ਨਹੀਂ ਕਰ ਸੱਕਦਾ। ਜਿਸ ਤਰ੍ਹਾਂ ਗਊ ਵਿਚ ਬੱਚੇ ਨੂੰ ਪਿਆਰ ਕਰਨ ਦਾ ਸਹਿਜ ਸੁਭਾ ਗੁਣ ਹੈ ਤੇ ਕੁਦਰਤ ਤੇ ਜੀਵਨ ਵਿਚ ਆਖਰ ਦਿਬ੍ਯਤਾ ਦਾ ਲਛਣ ਦਰਸਾਉਂਦਾ ਹੈ ਤਿਵੇਂ ਕ੍ਰਿਸਾਨ ਮਿਹਨਤ ਕਰਨ ਵਾਲਾ ਕੁਦਰਤ ਦੇ ਇਸ ਨੇਮ ਦਾ ਦਰਸ਼ਨ ਕਰਾਉਂਦਾ ਹੈ ਕਿ ਹੱਥ ਪੈਰ ਤੋਂ ਜੋ ਕੋਈ ਕਾਰ ਕਰੇ ਤੇ **ਚੀਤ** ਆਪ ਮੁਹਾਰਾ ਨਿਰੰਜਣ ਨਾਲ ਜੁੜਣ ਲੱਗ ਜਾਂਦਾ ਹੈ ਤੇ ਸਮਾ ਪਾ ਕੇ ਕਿਰਤ ਹੀ ਪੂਜਾ ਹੋ ਜਾਂਦੀ ਹੈ। **ਕਾਰਲਾਈਲ** ਨੇ ਠੀਕ ਵਰਨ ਕੀਤਾ ਹੈ, ਕਿ ਇਹੋ ਜਿਹੀ ਰਜ਼ਾ, ਸਹਿਜ-ਸੁਭਾ ਰੱਬਤਾ ਦੀ ਚੁੱਪ ਸਿਦਕ ਵਿਚ ਜੀਦੀ ਥੀਦੀ **ਕਿਰਤ** ਰੱਬ ਦੀ ਪੂਜਾ ਤੁਲ੍ਯ ਹੈ।

ਇਹ ਦੱਸਣ ਦੀ ਕੀ ਲੋੜ ਹੈ ? ਕਿ ਸਮੁੰਦਰਾਂ ਵਿਚ ਕੋਰਲ ਕੀੜੇ ਨਿੱਕੀ ਨਿੱਕੀ ਕਿਰਤ ਨਾਲ ਪਹਾੜ ਖੜੇ ਕਰ ਦਿੰਦੇ ਹਨ ਤੇ ਸਮੁੰਦ੍ਰਾਂ ਵਿਚ ਕੋਰਲ ਟਾਪੂ ਬਣ ਜਾਂਦੇ ਹਨ। ਸੋ ਕਿਰਤੀ ਦਾ ਇਕ ਇਹ ਵੀ ਸੁਭਾ ਹੁੰਦਾ ਹੈ ਕਿ ਓਹ ਨਿਰਮਾਣ ਹੋ ਕੇ ਲੱਗਾ ਰਹਿੰਦਾ ਹੈ ਤੇ ਉਹਦੇ ਕੰਮ ਵਿਚ ਬਰਕਤ ਪਾਣ ਵਾਲਾ ਕੋਈ ਹੋਰ ਹੁੰਦਾ ਹੈ। ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ-ਸੁਭਾ ਇਹ ਅਨੁਭਵ ਹੁੰਦਾ ਹੈ, ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ ਫਲ ਦੇਣ ਵਾਲਾ ਕੋਈ ਹੋਰ ਹੈ। ਸੋ ਇਸ ਸਿਦਕ ਵਿਚ ਉਸ ਅੰਦਰ ਚੰਚਲ ਮਨਾਂ ਤੇ ਅਨੇਕ ਚਿੰਤਾ ਵਾਲੇ ਬੇ ਆਸਰਾ ਹੋ ਚੁਕੇ ਮਨਾਂ ਵਾਲੀ ਲੋਭ ਲਾਲਚ ਦੀ ਬ੍ਰਿਤੀ ਨਹੀਂ ਹੁੰਦੀ। ਥੋੜੇ ਵਿਚ ਸਬਰ ਬਹੁਤ ਹੁੰਦਾ ਹੈ, ਤੇ ਇਹ ਚਮਕਦੀ ਉੱਚੀ [illegible]ਤਿ ਦਾ ਚੋਟੀ ਦਾ ਰਸਿਕ ਅਨੁਭਵ ਹੈ—

ਗੋ ਧਨ ਗਜ ਧਨ ਬਾਜ ਧਨ ਔਰ ਰਤਨ ਧਨ ਖਾਨ ॥
ਜਬ ਆਵੇ ਸੰਤੋਖ ਧਨ ਸਭ ਧਨ ਧੂਲ ਸਮਾਨ ॥

ਆਪਣੇ ਕਸਬ ਵਿਚ, ਹਰ ਇਕ [illegible]ਤਤੀ ਦੇ ਅੰਦਰ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ। ਉਹ ਚਿਤ੍ਰਕਾਰ ਆਪਣੇ ਬਣਾਏ ਚਿਤ੍ਰ [illegible] ਰੰਗ ਵੇਖ ਵੇਖ ਵਿਗਸਦਾ ਹੈ, ਓਹਨੂੰ ਕਿਥੇ ਫ਼ੁਰਸਤ ਹੈ, ਕਿ ਉਹ ਆਪਣੇ ਕੱਪੜਿਆਂ ਦੀਆਂ [illegible]ਵਟਾਂ ਵਲ ਤੱਕੇ ਯਾ ਆਪਣੇ ਖੁਦ ਬਣ ਗਏ ਵੈਰੀਆਂ ਦੀਆਂ ਚੋਟਾਂ ਦਾ ਖਿਆਲ ਕਰੇ, ਨਸ਼ੇ ਵਿ[illegible] [illegible]ਦਮੀ ਦੁਨੀਆ ਤੇ ਆਪਣੇ ਚੁਗਿਰਦੇ ਦੀ ਪਰਵਾਹ

Digitized by Panjab Digital Library | www.panjabdigilib.org

ਕਰਦਾ ਹੈ? ਸੋ ਕੰਮ ਵਿਚ ਲੱਗੇ ਆਦਮੀ ਸਹਿਜੇ ਹੀ ਕੁਛ ਆਪੇ ਦਾ ਰਸ ਮਾਣਦੇ ਹਨ, ਅਰ ਉਹ ਨਿੰਦਿਆ ਉਸਤਤ ਦੋਹਾਂ ਥੀਂ ਅਤੀਤ ਜਿਹੇ ਹੁੰਦੇ ਹਨ ; ਤੇ **ਰਸਿਕ ਕਿਰਤਾਂ** ਨੂੰ ਛੱਡ ਵੀ ਦੇਈਏ ਸਾਧਾਰਣ ਸੁੱਚੀ ਹੱਥਾਂ ਪੈਰਾਂ ਦੀ ਕਿਰਤ ਤੇ ਕਸਬ ਵਾਲੇ ਆਪ ਵਿਚ ਬੱਚੇ ਵਾਂਗ ਅਬੋਝ ਅਵਸਥਾ ਵਿਚ ਟਿਕੇ ਰਹਿੰਦੇ ਹਨ। ਇਕ ਅਮੀਰ ਮੋਟਰ ਤੇ ਇਕ ਵੇਰੀ ਜਾ ਰਿਹਾ ਸੀ, ਮੈਂ ਵਿਚ ਬੈਠਾ ਸਾਂ ਤੇ ਅਗੇ ਇਕ ਬੁੱਢਾ ਗਰੀਬ ਗਵਾਲੀਅਰ ਦਾ ਕ੍ਰਿਸ਼ਨ ਠੁਮਕ ਠੁਮਕ ਆਪਣੀ ਲਯ ਵਿਚ ਜਾ ਰਿਹਾ ਸੀ। ਮੋਟਰ ਦੀ ਟੱਕਰ ਲੱਗ ਗਈ, ਮੋਟਰ ਵਾਲੇ ਸੱਜੇ ਤੇ ਓਹ ਖੱਬੇ ਹੋਯਾ, ਉਸ ਖੱਬੇ ਪਰਤਾਈ ਤੇ ਉਹ ਸੱਜੇ ਹੋਯਾ! ਇਸ ਘਬਰਾਹਟ ਵਿਚ ਟੱਕਰ ਓਹਨੂੰ ਲੱਗੀ, ਗਰੀਬ ਕਿਰਤੀ ਢਹਿ ਪਿਆ। ਅਮੀਰ ਨੇ ਮੋਟਰ ਖੜੀ ਕੀਤੀ, ਓਹ ਇਉਂ ਪਿਆ ਸੀ ਜਿਵੇਂ ਕਿਸੀ ਬ੍ਰਿਛ ਨੂੰ ਟੱਕਰ ਲੱਗੀ ਸੀ। ਕੁਛ ਵੀ ਨਹੀਂ ਕੂਇਆ, ਅਸਾਂ ਸਮਝਿਆਂ ਟੰਗ ਟੁੱਟ ਗਈ ਤੇ ਹਸਪਤਾਲ ਲੈ ਗਏ, ਓਹ ਡਾਕਟਰ ਅਗੇ ਵੀ ਇਉਂ ਪੈ ਗਿਆ ਜਿਵੇਂ ਕੋਈ ਲੱਠ ਹੁੰਦੀ ਹੈ। ਡਾਕਟਰ ਨੇ ਹਿਲਾ ਚਿਲਾ ਕੇ ਵੇਖਿਆ ਤੇ ਕਿਹਾ ਕਿ ਟੁੱਟਿਆ ਕੁਛ ਨਹੀਂ, ਉਸ ਬੇ ਜ਼ਬਾਨ ਨੇ ਨਾ ਕੋਈ ਸ਼ਕਾਯਤ ਕੀਤੀ ਨਾ ਕੁਛ ਕੂਯਾ। ਜੇ ਕੋਈ ਅਨੇਕ ਚਿੰਤਨ ਵਾਲਾ ਹੁੰਦਾ ਤੇ ਹੋਰ ਕੁਛ ਨਹੀਂ ਤਦ ਸ਼ਾਕੀ ਤਾਂ ਜ਼ਰੂਰ ਹੁੰਦਾ। ਇਹ ਸ਼ਿਕਵਾ ਵੀ ਨਾ ਕਰਨਾ ਕੋਈ ਜਹਾਲਤ ਦੀ ਗੱਲ ਨਹੀਂ, ਇਹ ਕਿਰਤ ਦਵਾਰਾ ਸਹਿਜ ਸੁਭਾ ਟਿਕੇ, ਭਾਵੇਂ ਭੋਲੇ ਭਾਵ ਵਿਚ ਟਿਕੇ ਮਨ ਦਾ ਲੱਛਣ ਹੈ। ਸੋ ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ।

ਜਦ ਅਮੀਰ ਲੋਕ ਹੱਦ ਥੀਂ ਵਧ ਅਤਯਾਚਾਰ ਕਰਦੇ ਹਨ, ਤਦ ਰੱਬ ਵਲੋਂ ਹੀ ਕੋਈ ਤੂਫਾਨ ਸੋਸਾਇਟੀ ਵਿਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨਿੱਚੀ ਪੈਲੀ ਵਿਚ ਕਰਾਹ ਫੇਰਦਾ ਹੈ ਤੇ ਬੰਨੇ ਚੰਨੇ ਵੱਟ ਟੋਏ ਨੂੰ ਇਕ ਬਰਾਬਰ ਕਰ ਦਿੰਦਾ ਹੈ। ਯੂਰਪ ਵਿਚ ਕਈ ਵੇਰੀ ਇਹ ਹੋਯਾ, ਪਰ ਫਿਰ ਵੀ ਮੁੜ ਤੁੜ ਗੱਲ ਸਮਾ ਪਾ ਕੇ ਉਥੇ ਹੀ ਆ ਟਿਕਦੀ ਹੈ। ਕਿਰਤੀ ਕੁਛ ਗਰੀਬ ਜਿਹੇ ਨਿਮਾਣੇ ਜਿਹੇ, ਤੇ ਅਮੀਰ ਲੋਕ ਮਨ ਦੇ ਚੰਚਲ ਇਉਂ, ਜਿਵੇਂ ਮੋਮ ਦੇ ਬਣੇ ਬੇਜਾਨ ਜਿਹੇ ਬੁੱਤ ਹੁੰਦੇ ਹਨ ਤੇ ਅੱਖਾਂ ਝਮਕਾਂਦੇ ਹਨ ਤੇ ਹੋਠ ਹਿਲਾਂਦੇ ਹਨ। ਉਨ੍ਹਾਂ ਨੂੰ ਓਹ ਸੁਖ ਜਿਹੜਾ ਕਿਰਤੀ ਦੀ ਹੱਡੀ ਵਿਚ ਕਿਰਤ ਪੈਦਾ ਕਰਦੀ ਹੈ, ਕਦੀ ਨਹੀਂ ਆ ਸਕਦਾ। ਨਿਕੰਮੇ ਹੋਣ ਕਰਕੇ ਉਨ੍ਹਾਂ ਨੂੰ ਧਰਮ ਕਰਮ ਦੀਆਂ ਗੱਲਾਂ ਮਸਜਿਦਾਂ ਮੰਦਰ ਬਨਾਉਣ ਦੇ ਅਹੰਕਾਰੀ ਤੇ ਬਨਾਵਟੀ ਦਾਨ ਤੇ ਖੈਰਾਇਤਾਂ ਸੁੱਝਦੀਆਂ ਹਨ। ਉਨ੍ਹਾਂ ਨੂੰ ਅਗਰ ਵਿਸ਼ੇ ਦੇ ਕੀੜੇ ਕਿਹਾ ਜਾਏ ਤਦ ਸਾਧਾਰਣ ਉਨ੍ਹਾਂ ਦੀ ਸੁਰਤਿ ਦੀ ਹਾਲਤ ਦਾ ਵਰਨਣ ਹੈ। ਯਾ ਕਿਰਤੀ ਸੁੱਚਾ ਯਾ ਆਵੇਸ਼ ਗਰਭਿਤ ਸਾਧ, ਬਸ ਦੋ ਬੰਦੇ ਇਸ ਦੁਨੀਆ ਤੇ ਸਹਿਜ ਸੁਭਾ ਦੈਵੀ ਗੁਣਾਂ ਦੇ ਪ੍ਰਕਾਸ਼ਕ ਹੁੰਦੇ ਹਨ, ਅਰ ਉਨ੍ਹਾਂ ਦੇ ਓਹ ਗੁਣ ਆਪ ਮੁਹਾਰੇ ਇਉਂ ਚਮਕਦੇ ਹਨ, ਜਿਸ ਤਰਾਂ ਇਸ ਠਹਿਰੇ ਗਗਨ ਵਿਚ ਸੂਰਜ ਦੀ ਜੋਤੀ ਦੀਪ-ਮਾਨ ਹੁੰਦੀ ਹੈ ਤੇ ਦੋ ਹੱਦਾਂ ਜ਼ਰੂਰ ਮਿਲਦੀਆਂ ਹਨ ਕਿਉਂਕਿ ਆਖ਼ਰ ਜੀਵਨ ਵਾਸ ਇਕ ਗੋਲਾਈ ਹੈ, ਸਰਕਲ ਹੈ ਜਿਹਦਾ ਹਰ ਥਾਂ ਆਦਿ ਤੇ ਹਰ ਥਾਂ ਅੰਤ ਹੈ। ਸੋ ਉਸ ਹੱਦ ਤੇ ਸਾਧ ਅਫ਼ੁੜੇ ਹੋ ਕੇ ਕਿਰਤੀ ਹੈ ਤੇ ਓਹਦੀ ਕਿਰਤ ਸਦਾ ਰਸਿਕ ਕਿਰਤ ਹੈ, ਜਿਹਦਾ ਦਿਸਣ ਵਾਲਾ ਰੂਪ ਕੇਵਲ ਬਸ ਜੀਵਣ ਰੌ ਚਲਾਣ ਵਾਲਾ ਦਰਸ਼ਨ ਹੈ, ਤੇ ਕਲਾ ਕੌਸਲ ਆਰਟ, ਕਵਿਤਾ ਆਦਿ ਉਸ ਦਰਸ਼ਨ ਦੇ

Digitized by Panjab Digital Library | www.panjabdigilib.org

ਚਾਨਣਾ ਰੂਪ ਹਨ, ਓਹ ਸਾਧ ਹੈ, ਤੇ ਇਧਰ ਇਕ ਅਬੋਲ ਸੁੱਚਾ ਕਿਰਤੀ ਸਦਾ ਕਸਬ ਕਰਨ ਵਾਲਾ ਬੰਦਾ ਹੈ, ਜਿਸ ਵਿਚ ਸਾਧ ਦੇ ਜੀਵਨ ਦਾ ਪ੍ਰਤਿਬਿੰਬ ਆਪ-ਮੁਹਾਰਾ ਪੈਂਦਾ ਹੈ।

ਮੈਂ ਵੇਖਿਆ ਹੈ ਕਿ ਸਿਰਫ ਇਕ ਗੁਰੂ ਨਾਨਕ ਸਾਹਿਬ ਤੇ ਦਸ ਗੁਰੂਆਂ ਦੇ ਵਿਯਾਖਯਾਨ ਵਿਚ ਸਹਿਜ ਸੁਭਾ ਦਿਆਂ ਗੁਣਾਂ ਦੇ ਪ੍ਰਕਾਸ਼ਕ ਨੂੰ ਬਾਂਹ ਪਕੜ ਇਸ ਕੂੜ ਭੰਵਰ ਵਿਚੋਂ ਕੱਢਿਆ ਹੈ। ਉਨ੍ਹਾਂ ਦੇ ਦਰਬਾਰ ਵਿਚ ਇਕ ਪਾਸੇ ਸੁੱਚੀ ਕਿਰਤ ਨੈਣ ਪ੍ਰਾਣਾਂ ਦੀ ਦਸਾਂ ਨੌਂਹਾਂ ਦੀ ਮਿਹਨਤ ਦੀ ਕਦਰ ਹੈ ਤੇ ਦੂਜੇ ਪਾਸੇ ਇਕ ਪੂਰਨ ਬ੍ਰਹਮ ਗਿਆਨੀ ਅਕ੍ਰੈ ਰਸਿਕ ਕਿਰਤ ਵਾਲੇ ਸਾਧ ਦੀ ਚੁੱਪ ਕਿਰਤ ਤੇ ਪੂਰਣ ਦਰਸ਼ਨ ਦੀ ਸਿਫ਼ਤ ਹੈ, ਤੇ ਸੋਸਾਇਟੀ ਮਨੁਖ ਦੀ ਜੜ੍ਹ ਤਾਂ ਕਿਰਤੀ ਦੀ ਕਿਰਤ ਤੇ ਚੋਟੀ ਦਾ ਫਲ ਸਾਧ ਦਾ ਵਜੂਦ ਦੱਸਿਆ ਹੈ, ਇਸ ਥੀਂ ਛੁਟ ਸਭ "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੈ," ਇਨ੍ਹਾਂ ਨੂੰ ਕੂੜੇ ਵਾਂਗੂ ਬੁਹਾਰੀ ਦੇ ਆਪਣੇ ਮੰਦਰ ਥੀਂ ਬਾਹਰ ਸੁੱਟੇ ਹਨ।

ਓਹ ਵਿਦਯਾ ਅਵਿਦਯਾ ਹੈ, ਜਿਹੜੀ ਮਾਨਸਿਕ ਜੂਏ ਨੂੰ ਤੇ ਅਨੇਕ ਚਿਤਵਨਾਂ ਤੇ ਮਨ ਘੜਿਤ ਮਸਲਿਆਂ ਨੂੰ ਕੁਦਰਤ ਤੇ ਕਾਦਰ ਦੇ ਰੰਗ ਥੀਂ ਜੁਦਾ ਕੀਤੇ ਮਨ ਦੀਆਂ ਚਰਚਾਵਾਂ ਤੇ ਖਿਆਲਾਂ ਨੂੰ ਕੋਈ ਹੈਸੀਅਤ ਦਿੰਦੀ ਹੈ ਤੇ ਓਹ ਅਵਿਦਯਾ ਵਿਦਯਾ ਰੂਪ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿਚ ਕਿਰਤ ਕਰਦੀ ਸਾਹ ਲੈਂਦੀ ਹੈ।

*******

Digitized by Panjab Digital Library | www.panjabdigilib.org

# ਮਿਤ੍ਰਤਾ

ਜੀਵਨ ਮਿਤ੍ਰਤਾ ਹੈ। ਬਿਨਾ ਮਿਤ੍ਰਤਾ ਜੀਵਨ ਇਕ ਤਰਾਂ ਦੀ ਆਪ ਪਾਈ ਅਕਲ ਹੈ ਤੇ ਅਕਲ ਇਕ ਤਰਾਂ ਦੇ ਨਰਕ ਦਾ ਹਨੇਰਾ ਹੈ। ਫੁੱਲਾਂ ਦੇ ਬੂਟੇ ਜਿਹੜੇ ਆਪ ਬੀਜੀਏ ਤੇ ਆਪ ਸਿੰਚੀਏ, ਓਹ ਜਦ ਜੰਮਦੇ ਤੇ ਵੱਡੇ ਹੁੰਦੇ ਹਨ ਹਰ ਇਕ ਪੱਤੀ ਤੇ ਕੋਂਪਲ ਜਿਹੜੀ ਕੱਢਦੇ ਹਨ, ਇਕ ਤਰਾਂ ਦੀ ਸੁਭਾਵਕ ਖੁਸ਼ੀ ਸਾਡੇ ਦਿਲਾਂ ਵਿਚ ਭਰਦੇ ਹਨ ਤੇ ਸੁੱਚੇ ਮਨਾਂ ਵਾਲਿਆਂ ਨੂੰ ਇਨ੍ਹਾਂ ਫੁੱਲਾਂ ਦੀ ਸੰਗਤ ਇਕ ਅਜੀਬ ਨਿਰੋਲ ਤੇ ਸੂਖਮ ਤੇ ਤੀਖਣ ਮਿਤ੍ਰਤਾ ਦਾ ਭਾਵ ਉਪਜਾਂਦੀ ਹੈ। ਮਲੂਮ ਹੁੰਦਾ ਹੈ ਕਿ ਨਿਕੇ ਨਿਕੇ ਫੁੱਲਾਂ ਦੇ ਬੂਟੇ ਲਾਜਵੰਤੀ ਦੀਆਂ ਪੱਤੀਆਂ ਦੀ ਛੂਹੀ-ਮੂਹੀ-ਤਾ ਵਿਚ ਆਪਣੇ ਅੰਦਰ ਦੀ ਸ਼ੁਕਰ ਗੁਜਾਰੀ ਦੇ ਰੰਗ ਨਾਲ ਭਰੇ ਨੈਨਾਂ ਨਾਲ ਤੱਕਦੇ ਹਨ। ਕੁਮਲਾਏ ਹੁੰਦੇ ਹਨ, ਜਦ ਜਲ ਲਿਆ ਕੇ ਉਨ੍ਹਾਂ ਉੱਪਰ ਛਿਣਕਿਆ ਜਾਂਦਾ ਹੈ ਤਦ ਕਿਸ ਮੰਦ ਮੰਦ ਹਸੀ ਨਾਲ ਸਾਡੇ ਰੂਹ ਨੂੰ ਤਰੋਤਾਜ਼ਾ ਕਰਦੇ ਹਨ। ਇਹ ਕੋਮਲ ਬੇਜ਼ੁਬਾਨ ਸ਼ੁਕਰ ਨਾਲ ਭਰੀ ਮਿਤ੍ਰਤਾ ਦਾ ਮੂਕ ਭਾਵ ਮੁੜ ਫਿਰ ਨਿੱਕੇ ਬਚਿਆਂ ਦੀ ਪ੍ਰਸੰਨਤਾ ਵਿਚ ਦਿੱਸ ਆਉਂਦਾ ਹੈ। ਕਹਿੰਦੇ ਹਨ, ਸਭ ਥੀਂ ਸੋਹਣੀ ਚੀਜ਼ ਮਨੁੱਖ ਦਾ ਫੁੱਲ ਵਰਗਾ ਬੱਚਾ ਹੈ, ਬਚਿਆਂ ਦੇ ਹਸੂੰ ਹਸੂੰ ਕਰਦੇ ਚਿਹਰੇ ਫੁੱਲਾਂ ਦੇ ਮੂੰਹਾਂ ਥੀਂ ਕਿਸੀ ਤਰਾਂ ਘਟ ਨਹੀ, ਇਉਂ ਪ੍ਰਤੀਤ ਹੁੰਦਾ ਹੈ ਕਿ ਫੁੱਲਾਂ ਨੂੰ ਨੈਣ ਤੇ ਜ਼ੁਬਾਨ ਪੂਰੇ ਪੂਰੇ ਇਥੇ ਆਣ ਲੱਗੇ ਹਨ। ਬਿਨਾਂ ਫੁੱਲਾਂ ਤੇ ਬਚਿਆਂ ਦੇ ਆਦਮੀ ਹੁੱਸ ਕੇ ਹੁੱਟ ਕੇ ਮਰ ਜਾਵੇ। ਇਸ ਜੀਵਨ ਦੀ ਮਿਤ੍ਰਤਾ ਨੂੰ ਸ਼ੈਲੀ ਅੰਗ੍ਰੇਜ਼ ਰਸਿਕ ਕਵੀ ਅਨੁਭਵ ਕਰਦਾ ਹੈ ਅਤੇ ਮਿਤ੍ਰਤਾ ਦੀ ਫਿਲਾਸਫ਼ੀ ਦੀ ਸੁਰਖੀ ਹੇਠ ਇਉਂ ਲਿਖਿਆ ਹੈ :—

ਉਲਥਾ ਛੰਦ ਸੈਲਾਨੀ

ਆ ਜਿੰਦੇ ਅਸੀ ਰਲ ਮਿਲ ਬਹੀਏ,
ਕੋਈ ਨਾ ਕੱਲਾ ਜੀਵੇ।
ਚਸ਼ਮੇ ਤੇ ਦਰਿਆ ਮਿਲ ਬਹਿੰਦੇ,
ਨਦੀਆਂ ਨਾਲ ਸਮੁੰਦਰ।
ਦੈਵੀ ਹਵਾਵਾਂ ਰਲ ਮਿਲ ਝੁੱਲਣ,
ਮਿੱਠੀ ਪ੍ਰੀਤ ਸਬ ਪਾਂਦੇ।



Digitized by Panjab Digital Library | www.panjabdigilib.org

ਆ ਜਿੰਦੇ ਅਸੀ ਰਲ ਮਿਲ ਬਹੀਏ,
ਕੋਈ ਨਾ ਕੱਲਾ ਜੀਵੇ।
ਨੇਮ ਰੱਬ ਦਾ ਸਭ ਇਕੱਠੇ,
ਰੂਹ ਰੂਹਾਂ ਵਿਚ ਖਹਿੰਦੇ।
ਤੂੰ ਤੇ ਮੈਂ ਕਿਉਂ,
ਇੰਵ ਨ ਮਿਲੀਏ।
ਜਦ ਹਰ ਚੀਜ਼ ਹੈ ਦੂਜੀ ਨਾਲ,
ਹਨ ਸਦਾ ਪ੍ਰੀਤ ਦੇ ਮੇਲੇ।
ਆ ਵੇਖ ਪਰਬਤ ਕਿੰਵ,
ਗਗਨਾਂ ਨੂੰ ਹਨ ਚੁੰਮਦੇ।
ਤੇ ਸਾਗਰ-ਲਹਿਰਾਂ ਇਕ ਦੂਜੇ,
ਨੂੰ ਮਾਰਨ ਜੱਫੀਆਂ।
ਇਕ ਭੈਣ ਫੁੱਲ ਦੂਜੇ ਭਰਾ
ਸ਼ਗੂਫੇ ਨੂੰ ਜੇ ਨਾ ਚੁੰਮੇ।
ਕੁਦਰਤ ਮਾਫ਼ੀ ਕਦੀ
ਨਾ ਦੇਵੇ।
ਸੂਰਜ ਦੀਆਂ ਕਿਰਨਾਂ ਧਰਤ ਨੂੰ ਆਪਣੀ
ਬਾਹਾਂ ਪੰਗੂੜੇ ਵਿਚ ਉਲਾਰਣ।
ਤੇ ਚੰਨ ਦੀਆਂ ਰਸ਼ਮੀਆਂ ਸਾਗਰ ਦਾ
ਮੂੰਹ ਪਿਆਰ ਦੇ ਦੇ ਚੁੰਮਣ।
ਇਹ ਸਭ ਚੁੰਮਣ ਕਿਸ ਕੰਮ ਪਿਆਰੀ !
ਜੇ ਤੂੰ ਨਾ ਆ ਮੈਨੂੰ ਇਉਂ ਚੁੰਮੇ।
ਆ ਜਿੰਦੇ ਅਸੀ ਰਲ ਮਿਲ ਬਹੀਏ,
ਕੋਈ ਨਾ ਕੱਲਾ ਜੀਵੇ।

Digitized by Panjab Digital Library | www.panjabdigilib.org

ਕੌਲ ਫੁੱਲ ਤੇ ਸੂਰਜ ਦੀ ਪਤਲੀ ਕਿਰਣ ਦੀ ਮਿਤ੍ਰਤਾ ਦੀ ਕਹਾਣੀ ਕਵੀ ਜਨਾਂ ਦੇ ਦਿਲ ਵਿਚ ਫੁੱਟਦੀ ਹੈ, ਬਨਫਸ਼ਾ ਦੇ ਫੁੱਲ ਵਿਚ ਤ੍ਰੇਲ ਤੁਪਕਾ ਕਿਸੀ ਹੋਰ ਗੁਪਤ ਪਿਆਰ ਦੀ ਕਥਾ ਦਾ ਚੁੱਪ ਦਰਦ ਹੈ। ਧਰਤ ਦਰਹਕੀਕਤ ਮਾਤਾ ਹੈ। ਆਪਣੀ ਛਾਤੀ ਤੇ ਕਿੰਨੇ ਹੀ ਬੱਚੇ ਪਾਲਦੀ ਹੈ ਤੇ ਸਭ ਥੀਂ ਵੱਡਾ ਮਿਤ੍ਰ ਦੁਨੀਆਂ ਵਿਚ ਧਰਤੀ ਮਾਤਾ ਦਾ ਜੀਂਦਾ ਚਿੰਨ੍ਹ ਰੂਪ ਮਾਂ ਹੈ, ਤੇ ਕੁਦਰਤ ਦਾ ਰੂਹਾਨੀ, ਬੇਗਰਜ਼ ਪਿਆਰ ਦਾ ਉਹਦੀ ਛਾਤੀ ਵਿਚ ਦੱਬਿਆ ਰਾਜ਼ ਮਾਂ-ਮੂਰਤ ਵਿਚ ਆਣਕੇ ਖੁਲਦਾ ਹੈ।

ਤੀਵੀਂ ਖਾਵੰਦ ਦੀ ਮਿਤ੍ਰਤਾ ਪਹਿਲਾਂ ਕੱਚੀ ਹੁੰਦੀ ਹੈ ਤੇ ਫਲ ਵਾਂਗੂ ਤਾਂ ਹੀ ਪੱਕਦੀ ਹੈ ਜਦ ਤੀਵੀਂ ਮਾਂ ਹੋ ਜਾਂਦੀ ਹੈ। ਜਦ ਤੀਵੀਂ ਮਾਂ ਹੋ ਜਾਂਦੀ ਹੈ ਤਦ ਹਰ ਤਰਾਂ ਦਿਵਯ ਮੂਰਤੀ ਹੋ ਜਾਂਦੀ ਹੈ, ਪੂਜਨੀਯ ਹੋ ਜਾਂਦੀ ਹੈ।

ਸੋ ਆਕਰਸ਼ਣ ਤੀਵੀਂ ਖਾਵੰਦ ਦਾ ਓਹੋ ਹੀ ਹੈ, ਜੋ ਚੰਨ ਦੀ ਰਸ਼ਮੀ ਤੇ ਕੁਮਦਨੀ ਦਾ ਹੈ। ਜੋ ਕੰਵਲ ਤੇ ਭੌਰੇ ਦਾ ਹੈ, ਪਰ ਆਤਮ ਰਾਮ ਅੰਦਰ ਬੈਠਾ ਕੁਛ ਬੇ-ਖਬਰ ਜਿਹਾ ਰਹਿੰਦਾ ਹੈ, ਜਦ ਤਕ ਅਨੰਤ ਵਿਚ ਗੜੂੰਦ ਨਾ ਹੋ ਜਾਏ। ਸੋ ਤੀਵੀਂ ਖਾਵੰਦ ਦੀ ਮਿਤ੍ਰਤਾ ਆਮ ਤੌਰ ਤੇ ਇੰਨੀ ਅਨੰਤ ਵਲ ਮੂੰਹ ਕੀਤੀ ਨਹੀਂ ਹੁੰਦੀ, ਜਿੰਨੀ ਕਿ ਇਕ ਪੁਤ੍ਰ ਦੀ ਮਿਤ੍ਰਤਾ ਮਾਂ ਪਿਆਰ (ਜਗ ਵਿਚ ਕਿਹਾ ਜਾਂਦਾ ਹੈ, ਜਿਹੜੀ ਥੋੜੀਆਂ, ਜੁੱਟ ਬਹੁਤੇਰੇ) ਅਮਰ ਹੋ ਜਾਂਦੇ ਹਨ। ਉਸ ਮਿਤ੍ਰਤਾ ਦੀ ਜੜ੍ਹਾਂ ਗੁਣ ਔਗੁਣਾਂ ਦੇ ਉਪਰਲੀ, ਧਰਤੀ ਵਿਚ ਤੇ ਰੂਪ ਸੁਹਣੱਪਾਂ ਤੇ ਕੋਹਝਾਂ ਆਦਿ ਦੇ ਗਮਲਿਆਂ ਦੀ ਮਿੱਟੀ ਵਿਚ ਨਹੀਂ ਰਹਿੰਦੀਆਂ, ਓਹ ਕਿਸੀ ਅਗੰਮ ਅਨੰਤ ਦੇ ਪਾਤਾਲ ਤੇ ਅਕਾਸ਼ ਅਰਸ਼ਾਂ ਵਿਚ ਜਾ ਆਪਣੀ ਖੁਰਾਕ ਟੋਲਦੀਆਂ ਹਨ।

ਸੋ ਕੋਈ ਮਿਤ੍ਰਤਾ ਚਿਰਸਥਾਈ ਨਹੀਂ ਹੋ ਸਕਦੀ, ਜਿਥੇ ਪਹਿਲਾਂ ਤਾਂ ਮੂੰਹ ਚਿਨ੍ਹ ਰੂਪ ਦੀਆਂ ਹੱਦਾਂ ਥੀਂ ਪਰੇ ਪਾਰ ਕਿਸੀ ਅਨੰਤ ਸੁਹਜ ਤੇ ਅਨੰਤ ਸੁਹਣੱਪ ਵਲ ਨਾ ਤੱਕਦਾ ਹੋਵੇ।

ਸੂਰਜ ਵਿਚ ਖਲੋਕੇ ਸੁਹਣੇ ਤੇ ਕੋਝੇ ਮੁਖਾਂ ਨੂੰ ਚਿਤ੍ਰ ਰੂਪ ਵੇਖਣ ਵਾਲੇ ਲਈ ਸਭ ਨੂਰ ਦੇ ਬਣੇ ਬੰਦੇ ਸੋਹਣੇ ਹਨ। ਜਿਹੜੀ ਅੱਖ ਮਾਸ ਦੇ ਬੁਤਾਂ ਦੇ ਧੁੱਪ ਛਾਂ ਵਲ ਦੀ ਸੁਹਣੱਪ ਤੇ ਕੋਝ ਨੂੰ ਗਿਣ ਗਿਣ ਤੇ ਮਿਣ ਮਿਣ ਕਰਕੇ ਆਪਣੀ ਮਿਤ੍ਰਤਾ ਦਾ ਧਾਗਾ ਤੇ ਸਿੱਕੇ ਦਾ ਲਾਟੂ ਸੁੱਟ ਰਹੀ ਹੈ, ਓਹ ਕਦ ਮਿਤ੍ਰਤਾ ਦਾ ਭਾਵ ਨੂੰ ਅਨੁਭਵ ਨਹੀਂ ਕਰ ਸੱਕਦੀ।

ਮਿਤ੍ਰ ਦੀ ਅੱਖ ਜਾਹਰੀ ਅੱਖਾਂ ਨਾਲ ਦਿੱਸਦੀ ਯਾ ਮਨ ਉੱਪਰ ਪਏ ਧੁੱਪ ਛਾਂ ਦੀਆਂ ਪ੍ਰਤੀਤਾਂ ਤੇ ਯਕੀਨਾਂ ਦੀ ਬਣੀ ਇਉਂ ਆਖੀ 'ਅਸਲੀਅਤ' ਨੂੰ ਨਹੀਂ ਦੇਖਦੀ। ਇਸ ਵਿਚ ਇਕ ਪਾਰਦਰਸ਼ੀ ਸ਼ਕਤੀ ਹੁੰਦੀ ਹੈ, ਜਿਹੜੀ ਇਨ੍ਹਾਂ ਪਰਦਿਆਂ ਤੇ ਕਪੜਿਆਂ ਥੀਂ ਪਾਰ ਪਰੇ ਕਿਸੀ ਆਦਰਸ਼ ਦਿਵਯਤਾ ਦੇ ਰੂਪ ਨੂੰ ਵੇਖਦੀ ਹੈ ਤੇ ਉਹਨੂੰ "ਉਸ ਜਿਹਾ ਹੋਰ ਨਾ ਕੋਈ ਮਿਤ੍ਰ" ਲੱਗਦਾ ਹੈ, ਤੇ ਉਥੇ ਕਰਮਾਂ ਦੀ ਕਾਲਖ ਉਹਨੂੰ ਉਸ ਰੂਪ ਵਿਚ ਨਹੀਂ ਦਿੱਸਦੀ, ਉਹਨੂੰ ਕਰੂਪਤਾ ਕੀ ਮਾਨਸਿਕ ਤੇ ਕੀ ਸ਼ਰੀਰਕ ਨਹੀਂ ਦਿਸਦੀ। ਰੱਬ ਰਚਿਤ ਰੂਹ ਸਦਾ ਸੋਹਣਾ ਹੈ।

ਲੈਲੀ ਨੂੰ ਕਿਹਾ ਜਾਂਦਾ ਹੈ, ਮਜਨੂੰ ਦੀ ਅੱਖ ਨਾਲ ਵੇਖੋ। ਜਿੱਥੇ ਨਜ਼ਰ ਅਨੰਤ ਥੀਂ ਵਿਛੋੜ ਕੇ ਚੀਜ਼ਾਂ ਯਾ ਬੰਦਿਆਂ ਦੀਆਂ ਹੱਦ ਬਝੀਆਂ ਸ਼ਕਲਾਂ ਯਾ ਮਨਾਂ ਨੂੰ ਵੇਖਦੀ ਹੈ ਉਥੇ ਮਿਤ੍ਰਤਾ ਇਕ

Digitized by Panjab Digital Library | www.panjabdigilib.org

ਉਕਸਾਵਟ ਹੈ, ਜਿਹੜੀ ਉਕਸਾਕੇ ਫਿਰ ਚੁੱਪ ਹੋ ਜਾਂਦੀ ਹੈ, ਰੂਹ ਕਿਸੀ ਹੋਰ ਅਗਾਂਹ ਦੀ ਅਗਮਤਾ ਨੂੰ ਟੋਲਦਾ ਹੈ। ਉਥੇ ਨਹੀਂ ਤਾਂ ਹੋਰ ਅਗੇ, ਯਾ ਇਨ੍ਹਾਂ ਨੂੰ ਛੋੜ ਓਹਨੂੰ ਫੜਦੀ ਚੰਚਲਤਾ ਤੇ ਬਾਹਰ ਮੁਖੀ ਦ੍ਰਿਸ਼ਟੀ ਦੀ ਦੁੱਖ ਕਥਾ ਵਿਚ ਮਾਯੂਸ ਹੋ ਹੋ ਮਰ ਜਾਂਦੀ ਹੈ, ਯਾ ਉਹਨੂੰ ਕਦੀ ਅਨੰਤ ਕਿਸੀ ਝਾਕੇ ਦਾ ਲਿਸ਼ਕਾਰਾ ਵੱਜਦਾ ਹੈ ਤੇ ਉਹਦੀ ਸੁਰਤਿ ਜਾਗ ਪੈਂਦੀ ਹੈ, ਤੇ ਉਸ ਨੁਕਤੇ ਨੂੰ ਪ੍ਰਾਪਤ ਕਰਦਾ ਹੈ, ਜਿਥੇ ਕੋਈ ਰੂਪਵਾਨ ਤੇ ਕੋਝ ਨਹੀਂ ਰਹਿੰਦਾ, ਕਿਉਂਕਿ ਹਰ ਇਕ ਚੀਜ਼ ਉੱਪਰ ਉਹਦੀ ਅੱਖ ਵਿਚ ਬੈਠਾ ਅਨੰਤ ਨੂਰ ਆਪਣੀ ਕਰਾਮਾਤੀ ਰੂਪ ਪਾ ਪਾ ਉਹਦੇ ਅਸਰ ਮਿਤ੍ਰ ਭਾਵ ਤੇ ਮਿਤ੍ਰਤਾ ਨੂੰ ਪਾਲਦਾ ਹੈ।

ਉਸ ਲਈ ਵੈਰੀ ਫਿਰ ਕੋਈ ਰਹਿੰਦਾ ਨਹੀਂ, ਸਰਬ ਵਸੁਦੇਵ ਕੁਟੰਬ ਹੋ ਜਾਂਦਾ ਹੈ, ਸਭ ਮਨੁੱਖ ਮਿਤ੍ਰ ਹੋ ਜਾਂਦੇ ਹਨ, ਹਵਾਵਾਂ ਆਣ ਕੇ ਹਮਦਰਦੀ ਕਰਦੀਆਂ ਹਨ, ਸੁੱਤੇ ਦਾ ਮੂੰਹ ਚੁੰਮਦੀਆਂ ਹਨ, ਦਰਿਯਾ ਨੁਹਲਾਂਦੇ ਹਨ, ਦਰਿਯਾਵਾਂ ਦੇ ਕੰਢੇ ਉੱਪਰ ਨਵੀਂ ਸੱਜਰੀ ਬਜਰੀ ਦੇ ਆਰਾਮ ਬਿਛੌਣੇ ਵਿਛੇ ਮਿਲਦੇ ਹਨ, ਸੁੱਕੇ ਪਰਬਤਾਂ ਵਿਚੋਂ ਮਾਂ ਦਾ ਦੁੱਧ ਅਨੇਕ ਧਾਰਾਂ ਵਿਚ ਫੁਟ ਕੇ ਬੱਚੇ ਦੇ ਮੂੰਹ ਵ੍ਰਿਚ ਪੈਂਦਾ ਹੈ। ਬੱਚਾ ਸੀ ਤਾਂ ਕੁੱਲ ਜਹਾਨ ਮਿਤ੍ਰ ਸੀ, ਜਦ ਇਹ ਮਿਹਰ ਹੁੰਦੀ ਹੈ, ਨੈਣਾਂ ਵਿਚ ਕੋਈ ਸੱਚ ਆ ਸਮਾਂਦਾ ਹੈ। ਕੋਈ ਦਰਸ਼ਨ ਰੂਹ ਵਿਚ ਆਣ ਬਹਿੰਦਾ ਹੈ। ਤਦ ਮੁੜ "ਬੱਚਾ" ਹੋ ਜਾਂਦਾ ਹੈ, ਇਸ ਬੱਚੇ ਲਈ ਵੀ ਸਭ ਕੁਦਰਤ ਮਿਤ੍ਰ ਹੋ ਜਾਂਦੀ ਹੈ। ਕੁਦਰਤ ਜਦ ਤਕ ਵੈਰੀ ਦਿੱਸਦੀ ਹੈ, ਤਦ ਤਕ ਮਨੁੱਖ ਦਾ ਬੱਚਾ ਹਾਲੇ ਪੂਰਣ ਨਹੀਂ ਹੋਇਆ, ਜਦ ਕਦਰਤ ਮਾਂ ਵਾਂਗ ਝੋਲੀ ਵਿਚ ਚੁੱਕ ਕੇ ਮੁੜ ਪਾਲਦੀ ਹੈ ਤਦ ਪੂਰਣ ਮਿਤ੍ਰਤਾ ਰੂਹ ਵਿਚ ਫੁੱਲਦੀ ਤੇ ਫਲਦੀ ਹੈ।

ਸੋ "ਮਿਤ੍ਰ ਅਸਾਡੜੇ ਸੇਈ" ਸੋ ਸੱਚੀ ਮਿਤ੍ਰਤਾ ਇਕ ਕਿਸੀ ਉੱਚੇ ਸਿਦਕ ਵਿਚ ਰਹਿਣ ਵਾਲੇ, ਡੂੰਘਿਆਈਆਂ ਵਿਚ ਗੜੂੰਦ ਲੋਕਾਂ ਦੇ ਦਿਲਾਂ ਵਿਚ ਵਸਦੀ ਹੈ ਅਰ ਓਹੋ ਹੀ ਸਾਡੇ ਮਿਤ੍ਰ ਸੱਚੇ ਹਨ:—

ਜਗਤ ਮੈਂ ਝੂਠੀ ਦੇਖੀ ਪ੍ਰੀਤਿ॥
ਆਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ ॥ 1 ॥ ਰਹਾਉ॥

ਇਹ ਸਭ ਜਗਤ ਦੀਆਂ ਦੋਸਤੀਆਂ ਦਾ ਗੁਣ ਹੈ, ਕਿਉਂਕਿ ਉਨ੍ਹਾਂ ਨੂੰ ਹਾਲੇਂ ਮਾਸ ਦੇ ਬੁੱਤਾਂ ਦੇ ਰੂਪ ਕਰੂਪ ਤੇ ਆਪਣੀਆਂ ਲੋੜਾਂ ਤੇ ਖੁਦਗਰਜ਼ੀ ਦੀਆਂ ਜਰੂਰਤਾਂ ਤੇ ਸੰਕਲਪਾਂ ਦੀਆਂ ਪੂਰਤੀਆਂ ਥੀਂ ਪਰੇ ਕੁਛ ਦਿੱਸ ਨਹੀਂ ਰਿਹਾ। ਗਊ ਦਾ ਵੱਛੇ ਨੂੰ ਚਟਣਾਂ ਇਕ ਅਪੂਰਣ ਮਿਤ੍ਰਤਾ ਦਾ ਅਮਲ ਹੈਵਾਨੀ ਦੁਨੀਆਂ ਵਿਚ ਹੈ ਤੇ ਚਿਰ ਸਥਾਈ ਨਹੀਂ। ਗਊ ਨੂੰ ਇਉਂ ਕਰਨ ਵਿਚ ਅਕਹਿ ਜਿਹਾ ਪਰ ਖਿਣਕ ਸੁਖ ਪ੍ਰਤੀਤ ਹੁੰਦਾ ਹੈ। ਇਨ੍ਹਾਂ ਸੁਖਾਂ ਦਾ ਲਾਲਚ ਦੇ ਦੇ ਕੁਦਰਤ ਮਾਂ ਹੈਵਾਨਾਂ ਵਿਚ, ਸ਼ੇਰਨੀ ਦੇ ਦਿਲ ਵਿਚ ਆਪਣੇ ਬੱਚਿਆਂ ਲਈ ਦਯਾ ਧਰਮ ਉਪਜਾਂਦੀ ਹੈ। ਇਉਂ ਹੀ ਜਰਵਾਣਿਆਂ ਜ਼ਾਲਮਾਂ ਜਿਹੜੇ ਬੇਗੁਨਾਹ ਲੋਕਾਂ ਨੂੰ ਦੁੱਖ ਦੇ ਦੇ ਮਾਰ ਦਿੰਦੇ ਹਨ, ਓਹ ਆਪਣੇ ਬੱਚਿਆਂ ਲਈ ਦਯਾ ਦਿਲ ਰਖਦੇ ਹਨ, ਪਰ ਓਹ ਜਿਹੋ ਜਿਹੇ ਪੁਰਸ਼, ਕੀ ਵੱਡੇ ਕੀ ਛੋਟੇ ਜਿਹੜੇ **ਅਗਮ**, ਅਥਾਹ, ਅਕਹਿ, ਅਨੰਤ ਦੀ ਜ਼ਮੀਨ ਵਿਚ ਨਹੀਂ ਉੱਗ ਰਹੇ, ਸਿਰਫ ਆਪਣੀਆਂ ਪੰਜ ਇੰਦ੍ਰੀਆਂ ਦੇ ਗਮਲਿਆਂ

Digitized by Panjab Digital Library | www.panjabdigilib.org

ਵਿਚ ਖੁਦਗਰਜ਼ੀ ਦੇ ਫਲ ਫੁੱਲ ਨੂੰ ਉਗਾ ਰਹੇ ਹਨ, ਓਹ ਹੈਵਾਨ ਹਨ, ਅਰ ਉਨ੍ਹਾਂ ਦੀ ਮਿਤ੍ਰਤਾ ਦੀ ਨੀਂਹ ਸਦਾ ਖੁਦਗਰਜ਼ੀ ਦੇ ਸੁਖ ਉੱਪਰ ਹੈ। ਜਦ ਉਨ੍ਹਾਂ ਨੂੰ ਉਹ ਸੁਖ ਉਨ੍ਹਾਂ ਪਾਸੋਂ ਨਾ ਮਿਲਿਆ, ਉਹ ਮਿਤ੍ਰਤਾ ਵੈਰ ਵਿਚ ਬਦਲ ਜਾਂਦੀ ਹੈ। ਜਿਥੇ ਮਨ ਮਿਲੇ ਹੋਏ ਹਨ, ਉੱਥੇ ਜ਼ਰਾ ਹੋਰ ਅਗਾਂਹ ਅੱਪੜ ਹੈਵਾਨਾਂ ਦੀ ਮਿਤ੍ਰਤਾ ਡੂੰਘੀ ਹੋਈ ਹੋਈ ਹੈ, ਪਰ ਉਹ ਵੀ ਹੈਵਾਨ ਹਨ, ਕਿਉਂਕਿ ਇਥੇ ਮਨ ਦੇ ਖਿਆਲਾਤਾਂ ਵਿਚ ਓਸੇ ਖ਼ੁਦਗਰਜ਼ੀ ਦੇ, ਇਕ ਸੂਖਮ ਪ੍ਰਕਾਰ ਦੇ, ਸੁਖ ਉੱਪਰ ਹੈ, ਜਦ ਓਹ ਵਿਚਾਰਾਂ ਦੀ ਗੰਢ ਟੁੱਟੀ ਉਨ੍ਹਾਂ ਦੀ ਮਿਤ੍ਰਤਾ ਖੇਰੂ ਖੇਰੂ ਹੋ ਜਾਂਦੀ ਹੈ। ਸੋ ਸਰੀਰਕ ਹੱਦਾਂ ਤੇ ਮਨ ਦੀਆਂ ਹਦਾਂ ਵਿਚ ਹੀ ਵਿਚਰਣ ਵਾਲੇ ਲੋਕਾਂ ਦੀ ਮਿਤ੍ਰਤਾ ਜਿਸ ਤਰਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਮੁਖਾਰ ਬਿੰਦ ਤੋਂ ਕਹਿ ਰਹੇ ਹਨ, ਸਭ ਝੂਠੀ ਹੁੰਦੀ ਹੈ ਤੇ ਝੂਠੀ ਹੋਣੀ ਅਵਸ਼ਯ ਤੇ ਜ਼ਰੂਰੀ ਹੈ, ਕਿਉਂਕਿ ਨੀਂਹ ਜੋ ਖੁਦਗਰਜ਼ੀ ਉੱਪਰ ਹੈ। ਮਨ ਦੇ ਇਤਫਾਕਾਂ ਵਿਚ ਹੀ ਇਖਲਾਕੀ ਤੇ ਸਰੀਰਕ ਮਾਨਸਿਕ ਧਰਮਾਂ ਦੀ ਏਕਤਾ ਤੇ ਮਿਤ੍ਰਤਾ ਹੈ। ਬੰਦੇ ਦੇ ਰੂਹ ਦਾ ਝਾਕਾ ਇਨ੍ਹਾਂ ਰਿਸ਼ਤਿਆਂ ਵਿਚ ਮੱਧਮ ਜਿਹਾ ਹੁੰਦਾ ਹੈ, ਤੇ ਵਿਸ਼ੇ ਵਿਕਾਰ ਦੀ ਖਿਣਕ ਮਿਤ੍ਰਤਾ ਵਾਂਗ ਇਨ੍ਹਾਂ ਇਖਲਾਕ, ਪਾਪ ਪੁਨਯ, ਨੇਕੀ ਬਦੀ ਉੱਪਰ ਜੋਰ ਦੇਣ ਵਾਲੇ ਤੇ ਜੋਸ਼ੀਲੇ ਲੋਕਾਂ ਦੀ ਮਿਤ੍ਰਤਾ ਵੀ ਓਨੀ ਹੀ ਖਿਣਕ ਤੇ ਨਾਸ਼ਵੰਤ ਹੁੰਦੀ ਹੈ। ਕੁੱਲ ਰਾਵਾਂ ਦੇ ਇਖਤਲਾਫ ਕਰਕੇ ਜਿਹੜੀ ਨਫ਼ਰਤ ਹੁੰਦੀ ਹੈ, ਓਹ ਵੀ ਉਸੇ ਸ਼੍ਰੇਣੀ ਦੀ ਹੈ, ਜਿਹੜੀ ਇਕ ਕਾਮੀ ਨੂੰ ਆਪਣੇ ਕਾਮਨੀ ਦੇ ਚਾਹੇ ਰੂਪ ਦੇ ਵਿਗੜਨ ਪਰ ਉਪ੍ਰਾਮਤਾ ਯਾ ਨਫਰਤ ਵਿਚ ਬੱਦਲ ਜਾਂਦੀ ਹੈ। ਜਿਹੜੇ ਆਪਣੇ ਆਪ ਨੂੰ ਨਿਸ਼ਪਾਪ ਕਹਿੰਦੇ ਹਨ, ਉਨ੍ਹਾਂ ਵਿਚ ਸੱਚੀ ਹਮਦਰਦੀ ਦਾ ਉਸੀ ਤਰਾਂ ਦਾ ਅਭਾਵ ਹੁੰਦਾ ਹੈ, ਜਿਸ ਤਰ੍ਹਾਂ ਕਿ ਇਕ ਕਾਮੀ, ਦੋਖੀ, ਲੋਭੀ, ਮੋਹੀ, ਅਹੰਕਾਰੀ ਆਦਮੀ ਵਿਚ ਅਭਾਵ ਹੁੰਦਾ ਹੈ। ਕੀ ਗੁਨਾਹਗਾਰਾਂ ਦੀ ਖੁਦਗਰਜ਼ੀ ਵਾਲੀ ਮਿਤ੍ਰਤਾ ਜਿਹੜੇ ਮਨ ਤੇ ਇਨ੍ਹਾਂ ਲੋਕਾਂ ਦੇ ਪਿਆਰ ਅਰ ਮਿਤ੍ਰਤਾ ਤੇ ਕੀ ਸਰੀਰ ਦੀਆਂ ਹਦਾਂ ਤੇ ਸਰੀਰ ਤੇ ਮਨ ਦੇ ਕਰਮਾਂ ਤੇ ਖਿਆਲਾਂ ਦੇ ਹੱਦਾਂ ਵਾਲੀ ਦ੍ਰਿਸ਼ਟੀ ਉੱਪਰ ਉੱਠੀ ਹੋਵੇ, ਇਕ ਕੂੜ ਹੈ, ਜਿਹਦੀ ਕੋਈ ਕਦਰ ਨਹੀਂ ਕਰਨੀ ਚਾਹੀਏ।

ਹਾਏ, ਮੇਰੇ ਔਗਣਾਂ ਨੂੰ ਕੌਣ ਪਿਆਰਦਾ ਹੈ ? ਇਹ ਚਾਹ ਕਿਸੀ ਅੰਦਰਲੀ, ਸਰੀਰ ਤੇ ਮਨ ਦੇ ਪਿਛੋਕੜੋਂ ਉੱਠਦੀ ਹੈ। ਕੁੱਤਾ ਹੱਥੀ ਪਾਲਿਆ ਹੋਯਾ, ਜੇ ਮੈਂ ਚੋਰੀ ਕਰਕੇ ਆਇਆ ਹੋਵਾਂ ਯਾ ਕੋਈ ਹੋਰ ਯਾਰੀ, ਹਰਾਮਖੋਰੀ ਦਾ ਪਾਪ ਕਰਕੇ ਆਇਆ ਹੋਵਾਂ, ਤਾਂ ਵੀ ਆਪਣੀ ਪਾਈ ਮਿਤ੍ਰਤਾ ਵਿਚ ਕਿਤੇ ਵੱਟ ਨਹੀਂ ਪੈਣ ਦਿੰਦਾ। ਸੋ ਇਸ ਤਰਾਂ ਦਾ ਸੱਚਾ ਮਿਤ੍ਰ ਯਾ ਚੰਗੇ ਹੈਵਾਨ ਜੂਨੀ ਵਿਚੋਂ ਸਾਨੂੰ ਮਿਲੇ ਜਿਹਦੀ ਸੁਰਤਿ ਵਿਚ ਸਾਡੇ ਪੁਨਯ ਪਾਪ ਦਾ ਗਿਆਨ ਹੀ ਨਹੀਂ, ਯਾ ਸਾਡੇ ਥੀਂ ਉੱਚੀ ਦਿੱਬ ਲੋਕਾਂ ਦੀ ਦੁਨੀਆਂ ਵਿਚ ਕੋਈ ਮਿਹਰ ਵਾਲਾ, ਬਖਸ਼ਸ਼ਾਂ ਵਾਲਾ ਸਾਡਾ ਸਾਈ ਹੋਵੇ, ਜਿਹੜੇ ਸਾਡੇ ਪਾਪ ਪੁੰਨਯ ਥੀਂ ਉਸੀ ਤਰਾਂ ਉੱਚਾ ਹੋ ਗਿਆ ਹੈ, ਜਿਸ ਤਰਾਂ ਅਸੀ ਆਪਣੇ ਆਪ ਨੂੰ ਮਨੁੱਖ ਕਹਿਣ ਵਾਲੇ ਮੱਖੀਆਂ, ਪਿੱਸੂਆਂ, ਕੁੱਤਿਆਂ, ਬਿੱਲੀਆਂ ਦੇ ਪਾਪ ਪੁਨਯ ਥੀਂ ਉੱਪਰ ਹੋ ਚੁਕੇ ਹਾਂ। ਜਿਸ ਤਰਾਂ ਸਾਡਾ ਜਵਾਬ ਕੁੱਤੇ ਨੂੰ ਸਿਰਫ ਉਹਦੇ ਵਾਲਾਂ ਤੇ ਹੱਥ ਫੇਰਨਾ ਹੈ ਤੇ ਜਦ ਅਸੀ ਕੁੱਤੇ ਨਾਲ ਪਿਆਰ ਕਰ ਰਹੇ ਹਾਂ, ਸਾਨੂੰ ਸਿਵਾਏ ਓਹਦੇ ਪਿਆਰ ਦੇ ਹੋਰ ਕੁਛ ਚੇਤੇ ਹੀ ਨਹੀਂ ਆਉਂਦਾ, ਇਉਂ ਹੀ ਉੱਚ ਜੀਵਨ ਦੇ ਲੋਕ ਜਦ ਸਾਡੀ ਗੁਨਾਹਗਾਰਾਂ ਦੀ, ਮੈਲਿਆਂ ਦੀ, ਗੰਦਿਆਂ ਮੰਦਿਆਂ ਦੀ ਮਿਤ੍ਰਤਾ ਕਰਨ ਦੀ ਅਰਦਾਸ ਨੂੰ ਸੁਣਦੇ ਹਨ ਯਾ ਸਾਡੀ ਮਿਤ੍ਰਤਾ ਦੀ ਟੋਲ ਨੂੰ ਆਣ ਮਿਲਦੇ ਹਨ, ਓਹ ਸਿਵਾਏ

Digitized by Panjab Digital Library | www.panjabdigilib.org

ਪਿਆਰ ਤੇ ਬਖ਼ਸ਼ਸ਼ ਦੇ ਹੋਰ ਕੋਈ ਪ੍ਰਸ਼ਨ ਸਾਡੇ ਉੱਪਰ ਕਰ ਹੀ ਨਹੀਂ ਸਕਦੇ। "ਜਾਹ ਜਨਾਨੀਏ ! ਮੁੜ ਫਿਰ ਪਾਪ ਨਾ ਕਰੀਂ।" ਉਨ੍ਹਾਂ ਦੀ ਅਮਰ ਮਿਤ੍ਰਤਾ ਤੇ ਬਖ਼ਸ਼ਸ਼ ਜੀ ਨਿਗਾਹ ਦੇ ਪੈਣ ਦੀ ਦੇਰ ਹੈ, ਕਿ ਅਸੀਂ ਆਲੀਸ਼ਾਨ ਕਿਸੀ ਰੂਹਾਨੀ ਮਿਤ੍ਰਤਾ ਜਿਹੜੀ ਸ਼ਰੀਰ, ਮਨ ਆਦਿ ਥੀਂ ਉਤੇ ਦੀ ਕੋਈ ਪੂਰਣਤਾ ਹੈ, ਅਨੁਭਵ ਕਰਦੇ ਹਾਂ, ਇਸ ਮਿਤ੍ਰਤਾ ਦਾ ਗੁਣ ਕਿਹਾ ਹੈ :—

ਇੱਥੇ ਘਾੜ ਘੜੀਂਦੇ ਹੋਰ।
ਬੱਝਣ ਸਾਧ ਤੇ ਛੁੱਟਣ ਚੋਰ॥

ਪਰ ਮਿਤ੍ਰਤਾ ਦੇ ਸਾਧਨ ਕੋਈ ਨਹੀਂ, ਆਪੇ ਹੋਰ ਬ੍ਰਿਛਾਂ ਦੀ ਹਰਿਆਵਲ ਵਾਂਗ ਜਲ, ਪਾਣੀ, ਹਵਾ ਰੋਸ਼ਨੀ ਖਾ ਫੁੱਟਦੀ ਹੈ, ਸੱਚੇ ਮਿਤ੍ਰ ਇਨ੍ਹਾਂ ਹੀ ਬੰਦਿਆਂ ਵਿਚੋਂ ਮਿਲਦੇ ਹਨ। ਇਨ੍ਹਾਂ ਦੀਆਂ ਹੀ ਸ਼ਕਲਾਂ ਵਾਲੇ ਹੁੰਦੇ ਹਨ। ਜਿੱਥੇ ਆਪ ਹੋਰ ਤੇ ਹੋਰ ਕੋਈ ਗਰਜੀ ਮਿਲਦਾ ਹੈ, ਚੰਮ ਤੇ ਦੰਮ ਦੀਆਂ ਯਾਰੀਆਂ ਪਾਉਂਦੇ ਹਨ, ਉੱਥੇ ਰੱਬ ਮਿਤ੍ਰ ਵੀ ਟੋਲ ਦਿੰਦਾ ਹੈ। ਜਦ ਕੋਈ ਕਹਿੰਦਾ ਹੈ, ਭਾਈ ਮਿਤ੍ਰਤਾ ਲਈ ਇਹ ਕਰੋ ਇਹ ਨਾ ਕਰੋ, ਓਹ ਸਭ ਕੂੜੇ ਸਾਧਨ ਹਨ। ਦੁਨੀਆਂ ਵਿਚ ਲੋਕੀ ਉਲਟੀ ਗੰਗਾ ਵਗਾਂਦੇ ਹਨ ਤੇ ਟਮਟਮ ਨੂੰ ਘੋੜੇ ਦੇ ਅਗੇ ਲਿਆ ਖੜਾ ਕਰਦੇ ਹਨ। ਸੱਚੇ ਮਿਤ੍ਰਾਂ ਤੇ ਮਿਤ੍ਰਤਾ ਵਿਚ ਰਹਿਣ-ਬਹਿਣ, ਜੀਣ ਥੀਣ ਵਾਲੇ ਲੋਕਾਂ ਦੇ ਸੁਭਾਵਾਂ ਦੀ ਇਕ ਫਰਿਸਤ ਬਣਾਂਦੇ ਹਨ, ਤੇ ਫਿਰ ਸਕੂਲਾਂ, ਮਦਰੱਸਿਆਂ, ਗਿਰਜਿਆਂ, ਮਸਜਿਦਾਂ, ਮੰਦਰਾਂ ਵਿਚ ਉਪਦੇਸ਼ ਆਰੰਭ ਹੁੰਦੇ ਹਨ। ਭਾਈ ! ਮਿਤ੍ਰਾਂ ਦੇ ਇਹ ਲੱਛਣ ਹਨ, ਜੇ ਤੁਸੀਂ ਇਹ ਲੱਛਣ ਆਪੇ ਵਿਚ ਪੈਦਾ ਕਰੋ, ਤਦ ਤੁਸੀ ਮਿਤ੍ਰ ਹੋ ਜਾਓਗੇ। ਇਹ ਗੱਲ ਸਦਾ ਗਲਤ ਹੈ, ਓਹ ਸਾਰੀ **ਫਰਿਸਤ** ਦੇ ਗੁਣ ਵੀ ਤੁਸੀ ਧਾਰਣ ਕਰ ਲਓ, ਅਮਲ ਕਰ ਲਓ, ਤਦ ਭੀ ਤੁਸੀ ਮਿਤ੍ਰਤਾ ਦੀ ਉਸ ਮਹਾਨਤਾ, ਸਹਿਜ ਸੁਭਾਵਤਾ, ਕੁਦਰਤਪਣੇ ਨੂੰ ਨਹੀਂ ਪਾ ਸੱਕੋਗੇ। ਸਭ ਸਾਧਨ ਵਿਅਰਥ ਹਨ। ਮਿਤ੍ਰਾਂ ਦੇ ਦਿਲ ਸਾਫ ਹੁੰਦੇ ਹਨ। ਆਪਸ ਵਿਚ ਕੋਈ ਵਿਥ, ਭੇਤ, ਛੁਪਾ, ਲੁਕਾ ਨਹੀਂ ਹੁੰਦਾ। ਇਹੋ ਇਕ ਗੁਣ ਲੈ ਲਵੋ, ਕਿੰਨਾ ਹੀ ਤੁਸੀ ਇਸ ਤੇ ਪਹਿਰੇ ਦੇਵੋ, ਤੇ ਤੁਸੀ ਮਿਤ੍ਰਤਾ ਦੀ ਸਹਿਜ ਨੂੰ ਨਹੀਂ ਪਹੁੰਚੇ ਤੁਸੀ ਜਰੂਰ ਆਪਣੇ ਮਿਤ੍ਰ ਧ੍ਰੋਹੀ ਕੀਤੇ ਹੋਏ ਕਰਮ ਯਾ ਖਿਆਲ ਨੂੰ ਆਪ ਮੁਹਾਰਾ ਹੀ ਛਪਾ ਲਵੋਗੇ। ਇਹ ਆਖ ਕੇ ਕਿ ਜੇ ਮਿਤ੍ਰ ਨੂੰ ਦੱਸ ਦਿੱਤਾ ਤਦ ਸ਼ਾਇਦ ਮਿਤ੍ਰਤਾ ਟੁੱਟ ਜਾਏ। ਸੋ ਜੇ ਤੁਸਾਂ ਕਦੀ ਇਹ ਕਿਸੀ ਮਿਤ੍ਰ ਨਾਲ ਕੀਤਾ ਹੈ ਤਦ ਤੁਸੀ ਆਪਣੇ ਆਪ ਦੀ ਖ਼ੁਦਗਰਜ਼ੀ ਦੇ ਸੁਖ ਵਿਚ ਜੀ ਰਹੇ ਸੀ, ਮਿਤ੍ਰ ਦੀ ਮਿਤ੍ਰਤਾ ਵਿਚ ਨਿਰੋਲ ਮਾਨਸਿਕ ਤੌਰ ਤੇ ਤੁਸੀਂ ਸਮਝ ਰਹੇ ਸੀ ਕਿ ਤੁਸੀ ਜੀ ਰਹੇ ਹੋ, ਪਰ ਦਰਅਸਲ ਸੁਰਿਤ ਹਾਲੇਂ ਉਸੀ ਪਸ਼ੂਪਣੇ ਵਿਚ ਸੀ। ਸੋ ਮਿਤ੍ਰਤਾ ਦਾ ਸੁਭਾ ਹੋਣਾ ਇਕ ਸਦੀਆਂ ਦੀ ਕੁਦਰਤੀ ਖੇਲ ਹੈ। ਕੋਈ ਇਕ ਕਿਤਾਬ ਪੜ੍ਹ ਕੇ ਤੇ ਆਪਣੀ ਅਕਲ ਨੂੰ ਉਹਦਾ ਸਿੱਖ ਬਣਾ ਕੇ ਮਾਮਲੇ ਜੀਵਨ ਦੇ ਤਾਂ ਹੱਲ ਨਹੀ ਹੋ ਜਾਂਦੇ। ਅਕਲ ਨੇ ਇਹ ਜਾਣ ਲੀਤਾ ਕਿ ਸਭ ਬੰਦੇ ਨੂਰ ਦੇ ਹਨ, ਕੌਣ ਭਲੇ ਕੌਣ ਮੰਦੇ। ਪ੍ਰਤੀਤ ਕਰ ਲੀਤਾ, ਪਰ ਜਦ ਤਕ ਸੁਰਤਿ ਸਹਿਜ ਸੁਭਾ ਉਸ ਮਾਨ ਵਿਚ ਨਹੀਂ ਜੀਂਦੀ, ਰਹਿੰਦੀ, ਥੀਂਦੀ, ਦਮ ਲੈਂਦੀ, ਜਦ ਤਕ ਅੱਖ ਵਿਚ ਓਹ ਕੋਈ ਜਲ ਥਲ ਵਿਚ ਵਸਦਾ ਸੋਹਣਾ ਨਹੀਂ ਬੈਠਾ ਇਹ ਹਾਲਤ ਸਹਿਜ ਨਹੀਂ ਹੋਈ, ਤਦ ਤਕ ਭਾਵੇਂ ਦਰਖਤਾਂ ਨਾਲ ਉਲਟੇ ਲਟਕੀਏ ਤੇ ਅੱਗਾਂ ਤਪੀਏ ਇਓਂ ਦਿੱਸਣ ਤਾਂ ਨਹੀਂ ਲੱਗਾ। ਕੋਝੇ ਸੋਹਣੇ, ਗੁਣ ਔਗੁਣ ਦੇ ਭੇਤ ਜਨਮ ਜਨਮਾਂਤ੍ਰਾਂ ਥੀਂ ਪਸ਼ੂ ਮਨਾਂ ਵਿਚ ਪਏ, ਜਾਣ ਤਾਂ ਨਹੀਂ ਲੱਗੇ। ਸੋ ਮਿਤ੍ਰਤਾ ਉੱਪਰ ਖਿਆਲ ਲਿਖ ਛੱਡਣੇ ਯਾ ਪੜ੍ਹਨੇ ਕਿਸ ਕੰਮ,

Digitized by Panjab Digital Library | www.panjabdigilib.org

ਸਾਧਨ ਕਿਸ ਕੰਮ ਜੇ ਇਕ ਮਿਤ੍ਰ ਦੇ ਦੁੱਖ ਨੂੰ ਦੇਖ ਅਸੀਂ ਦੁਖੀ ਨਹੀਂ ਹੁੰਦੇ ਤੇ ਉਹਦੇ ਗੁਣ ਪਰਬਤ ਸਾਮਾਨ ਸਾਡੀ ਸੁਰਤਿ ਵਿਚ ਨਹੀਂ ਚਮਕਦੇ, ਜਿਥੇ ਅਕਲੀ ਨੁਕਤਾਚੀਨੀ ਦੀਆਂ ਹੱਦਾ ਤੇ ਲਕੀਰਾਂ ਦੀ ਖਿੱਚੋਤਾਣੀ ਹੈ, ਉਥੇ ਮਿਤ੍ਰਤਾ ਦੀ ਸਹਿਜ ਸਾਦਗੀ ਕਦੀ ਨਹੀਂ ਨਿਵਾਸ ਕਰ ਸੱਕਦੀ।

ਮਿਤ੍ਰ ਵੀ ਇਕ ਕੁਦਰਤ-ਮਾਂ ਦੇ ਦਿਲ ਵਿਚ ਛੁਪੀ ਸ਼ਾਨ ਦਾ ਅਮਲ ਹੈ, ਜਦ ਤਕ ਅਸੀਂ ਪਸ਼ੂਪਣੇ ਥੀਂ ਉੱਪਰ ਹੋ, ਵਡੇ ਜਵਾਨ ਨਾ ਹੋ ਜਾਵਾਂਗੇ, ਅਸੀਂ ਮਿਤ੍ਰ ਕਿਸੀ ਦੇ ਨਹੀਂ ਹੋ ਸੱਕਦੇ ਤੇ ਨਾ ਸਾਡਾ ਹੀ ਕੋਈ ਮਿਤ੍ਰ ਹੋ ਸਕਦਾ ਹੈ। ਇਹ ਚੋਰੀਆਂ, ਯਾਰੀਆਂ, ਠੱਗੀਆਂ, ਜ਼ੁਲਮ, ਭੋਗ ਬਿਲਾਸ ਦੀਆਂ ਖ਼ੁਦਗਰਜ਼ੀਆਂ, ਇਧਰ ਕੋਈ ਭੁੱਖੇ ਨੰਗੇ ਫਿਰ ਰਹੇ ਹਨ, ਇਹ ਸਭ ਮਿਤ੍ਰਤਾ ਦਾ ਅਭਾਵ ਤੇ ਪਸ਼ੂਪਣੇ ਦੀ ਅਗਿਆਨਤਾ ਦਾ ਅੰਧੇਰਾ ਛਾਯਾ ਹੋਇਆ ਹੈ, ਸੋ ਇਸ ਘੁੱਪ ਹਨੇਰੇ ਵਿਚ ਜੇ ਕੋਈ ਕਿਸੇ ਲਈ ਸਹਿਜ ਵਿਚ ਦਿਲੀ ਮਿਤ੍ਰਤਾ ਦੀ ਕੋਈ ਵੀ ਸੇਵਾ ਕਰਦਾ ਹੈ, ਭਾਵੇਂ ਇਕ ਖਿਣ ਲਈ ਹੀ ਮਿਤ੍ਰ ਹੁੰਦਾ ਹੈ ਓਹ ਧਨਯ ਹੈ। ਸ਼ੇਰਨੀ ਦੀ ਆਪਣੇ ਬੱਚਿਆਂ ਨਾਲ ਮਿਤ੍ਰਤਾ ਹੀ ਸੁਭਾਗਯ ਹੈ ਸਾਡੇ ਦ੍ਰਿਸ਼ਟੀ ਗੋਚਰ ਕੁਦਰਤ ਮਾਂ ਦੇ ਦਿਲ ਤੇ ਦਯਾ ਦੀ ਕੋਈ ਰਸ਼ਮੀ ਤਾਂ ਦਿੱਸਦੀ ਹੈ। "ਮਾਂ" "ਮਾਂ"—ਚਿੰਨ੍ਹ ਹੈ, ਅਗੇ ਮੈਂ ਕਹਿੰਦਾ ਹੁੰਦਾ ਸਾਂ ਕਿ "ਮਾਂ—" ਥੀਂ ਭਾਰੀਯਾ ਜਿਆਦਾ ਤੀਬ੍ਰ ਪਿਆਰ ਵਿਚ ਹੁੰਦੀ ਹੈ, ਪਰ ਹੁਣ ਮੈਂ ਵੇਖਦਾ ਹਾਂ ਕਿ ਮਾਂ ਦੇ ਦਿਲ ਦਾ ਪਿਆਰ ਕੁਦਰਤ ਦੀ ਦਯਾ ਵਿਚ ਰੰਗਿਆ ਹੈ, ਤੇ ਭਾਰੀਯਾ ਕਿਸੀ ਕਿਸੀ ਵੇਲੇ ਤੀਬ੍ਰ ਮਿਤ੍ਰਤਾ ਵਿਚ ਜ਼ਰੂਰ ਹੁੰਦੀ ਹੈ, ਪਰ ਬਹੁਤ ਕਰਕੇ ਉਹਦੀ ਪਿਆਰ (ਟਾਂਵੀ ਟਾਂਵੀ ਮਨੁੱਖ ਇਤਹਾਸ ਵਿਚ ਲੈਲੀ ਮਜਨੂੰ, ਹੀਰ ਰਾਂਝਾ ਤੇ ਸੋਹਣੀ ਮਹੀਵਾਲ ਆਦਿ ਦੀ ਮਿਤ੍ਰਤਾ ਨੂੰ ਛਡ ਕੇ, ਕਿਉਂਕਿ ਮੈਂ ਆਪਣੇ ਅਨੁਭਵ ਦ੍ਵਾਰਾ ਭਾਵੇਂ ਸਿਆਣੇ ਕੁਝ ਹੀ ਕਹਿਣ ਇਨ੍ਹਾਂ ਜੋੜੀਆਂ ਦੇ ਪਿਆਰਾਂ ਵਿਚ ਮਾਂ-ਪੁਤ ਵਾਲਾ ਪਿਆਰ ਦੇਖਦਾ ਹਾਂ) **ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ** ਦੇ ਆਸਰੇ ਆਮ ਪਿਆਰ ਹੈ। ਸੱਚੀ ਮਿਤ੍ਰਤਾ ਦਾ ਜਿਸ ਮਿਸਾਲ ਵਿਚ ਭਾਨੁ ਆਣ ਹੋਏ, ਉਹ ਇਕ ਅਣਹੋਈ ਤੇ ਕਦੀ ਕਦੀ ਚਮਕਣ ਵਾਲੀ ਮਿਸਾਲ ਹੋਣ ਕਰਕੇ ਮਾਂ-ਪੁੱਤ ਦੇ ਸ੍ਰੇਣੀ ਦੇ ਪਿਆਰ ਵਿਚ ਹੀ ਗਿਣਨੀ ਚਾਹੀਏ। ਸ਼ਰੀਰਕ ਤੇ ਇੰਦ੍ਰਿਆਂ ਦੇ ਸੁਖ ਤੇ ਮਾਨਸਿਕ ਇਤਫਾਕਾਂ ਤੇ ਮੇਲਾਂ ਦੇ ਸਮੂਹਾਂ ਦਾ ਨਤੀਜਾ ਹੁੰਦਾ ਹੈ ਤੇ ਓਹ ਮਿਲ ਬੈਠਣ ਦੇ ਇਤਫਾਕਾਂ ਦੇ ਸਮੂਹਾਂ ਦੇ ਫੇਰ ਕਦੀ ਇਥੇ ਤੇ ਕਦੀ ਓਥੇ ਅਦਲੇ ਬਦਲੇ ਹੁੰਦੇ ਰਹਿੰਦੇ ਹਨ ਤੇ ਕਦੀ ਕਦੀ ਅਦਲੇ ਬਦਲੇ ਹੋ ਹੋ ਕਿਸੀ ਥਾਂ ਮਾਂ ਪੁੱਤ ਵਾਲੀ ਦਯਾ ਭਰਿਆ ਬੇ ਗਰਜ਼ ਪਿਆਰ ਤੀਵੀਂ ਖਾਵੰਦ ਵਿਚ ਵੀ ਵਟਾਂਦਰੇ ਕਰ ਕਰ ਕੇ ਆ ਜਾਣਾ ਸੰਭਵ ਹੋ ਜਾਂਦਾ ਹੈ। ਪਰ ਆਮ ਕਰਕੇ ਇਹ ਪਿਆਰ ਮਾਲਕ ਨੌਕਰ ਵਾਲਾ ਹੁੰਦਾ ਹੈ, ਓਹ ਉਹਨੂੰ ਪਾਲਦਾ ਹੈ ਓਹ ਉਹਦੀ ਸੇਵਾ ਕਰਦੀ ਹੈ।

ਸੋ ਮਿਤ੍ਰਤਾ ਇਕ ਸੱਚਾ ਮਜ਼੍ਹਬ ਹੈ, ਇਹ ਸਰੀਰ ਤੇ ਮਨ ਥੀਂ ਉੱਤੇ ਦਾ ਕੋਈ ਰੂਹਾਨੀ ਅਨੁਭਵ ਹੈ। ਇਹ ਕੁਦਰਤ ਦਾ ਆਪਣਾ ਕ੍ਰਿਸ਼ਮਾ ਹੈ। ਇਹ ਕਾਦਰ ਦਾ ਦੱਸਿਆ ਕੋਈ ਆਪਣੇ ਦਿਲ ਦਾ ਸਹਿਜ ਸੁਭਾ ਹੈ, ਇਸੇ ਅਨੁਭਵ ਲਈ ਹੀ ਤਾਂ ਸਭ ਪਾਪ ਪੁੰਨ, ਵੈਰ ਤੇ ਦੋਸਤੀਆਂ ਹਨ, ਜਦ ਮਿਤ੍ਰਤਾ ਰੂਹ ਵਿਚ ਛਾਈ, ਜੀਣ ਸਫਲ ਹੋ ਗਿਆ। ਇਖਲਾਕ ਬੇਅਰਥ ਹੈ, ਜੇ ਮਿਤ੍ਰਤਾ ਦੀ ਮਿਠਾਸ ਬ੍ਰਿਛ ਦੀ ਛਾਇਆ ਵਾਂਗ, ਫੁੱਲ ਦੇ ਖੇੜੇ ਵਾਂਗ, ਅਸਾਂ ਥੀ ਰੂਪ ਵਾਂਗ ਖ਼ੁਸ਼ਬੂ ਵਾਂਗ ਆਪਾ ਵਾਰ ਕੇ ਸਭ ਕਿਸੇ ਦਾ ਮਿਤ੍ਰ ਨਾ ਹੋਕੇ ਸਾਹ ਲਵੇ।

*******

Digitized by Panjab Digital Library | www.panjabdigilib.org

# ਘਲੋਈ ਗਲੇਸ਼ੀਅਰ ਦੀ ਯਾਤਰਾ

ਇਹ ਐਸੇ (ਲੇਖ) **ਘਲੋਈ ਗਲੇਸ਼ੀਅਰ ਦੀ ਯਾਤ੍ਰਾ** ਉੱਪਰ, ਬੀਬੀ ਦਯਾ ਕੌਰ ਨੇ ਲਿਖਿਯਾ ਹੈ, ਇਸ ਵਿਚ ਪਤਾ ਲਗਦਾ ਹੈ ਕਿ ਕੁਦਰਤ ਦਾ ਅਸਰ ਇਕ ਅਨਜਾਣ ਭੋਲੇ ਦਿਲ ਪਰ ਕੀ ਕੀ ਹੁੰਦਾ ਹੈ। ਤੇ ਉਨਾਂ ਰੰਗਾਂ ਦਾ ਤੇ ਮਨੁੱਖੀ ਦਿਲ ਦਾ ਆਪੋ ਵਿਚ ਮਿਲ ਮਿਲ ਬਹਿਣਾ ਤੇ ਸਹਿਜਸੁਭਾ ਅਭੇਦ ਹੋ ਕੁਛ ਖੁਸ਼ੀ ਵਿਚ ਕਹਿਣਾ ਕੀ ਅਰਥ ਰੱਖਦਾ ਹੈ ? ਉਹ ਅਰਥ ਇਸ ਲੇਖ ਵਿਚ ਥੋੜ੍ਹੀ ਉਸ ਤਰਾਂ ਦੀ ਝਲਕਾਂ ਮਾਰ ਰਿਹਾ ਹੈ, ਜਿਸ ਤਰਾਂ ਸੂਰਜ ਦੀ ਰੋਸ਼ਨੀ ਚਨਾਰ ਦੇ ਪੱਤਿਆਂ ਵਿਚ ਦੀ ਮਟੱਕੇ ਮਾਰਦੀ ਹੈ। ਆਸ਼ਾ ਹੈ ਕਿ ਗੁਰੂ-ਪਰਨਾਏ ਪੰਜਾਬ ਦੀਆਂ ਬੱਚੀਆਂ ਘੋੜਿਆਂ ਤੇ ਚੜ੍ਹ ਕੁਦਰਤ ਦੇ ਰੰਗਾਂ ਵਿਚ ਖੇਲ ਕਰਨ ਗੀਆਂ। ਪੰਜਾਬ ਦੀਆਂ ਬੱਚੀਆਂ ਲਈ ਹੋਟਲਾਂ, ਤੇ ਸਿਨੇਮਾ, ਤੇ ਨਾਟਕਾਂ ਵਿਚ ਘੋਪਿਆ ਜੀਵਨ ਮੌਤ ਦਿੱਸੇਗਾ ਤੇ ਚਨਾਰ ਹੇਠ ਬੈਠਾ ਘਲੋਈ ਆਦਿ ਰਿਸ਼ੀ ਪਰਬਤਾਂ ਦੀ ਛਤ੍ਰ ਛਾਯਾ ਹੇਠ ਕਿਸੀ ਇਲਾਹੀ ਰਾਗ ਨੂੰ ਉਸ ਤਰਾਂ ਸੁਨਣ ਗੀਆਂ, ਜਿਸ ਤਰਾਂ ਹਿਰਨੀ ਕੰਨ ਚੱਕੇ ਹਰੀਦਾਸ ਜਿਹੇ ਕੀਰਤਨ ਕਰਨ ਵਾਲਿਆਂ ਦੇ ਰਾਗ ਨਾਦ ਨੂੰ ਸੁਨਣ ਲਈ ਖੜੀ ਹੋ ਜਾਂਦੀ ਹੈ ਤੇ ਬੇਜ਼ੁਬਾਨ ਹੁੰਦਿਆ ਭੀ ਸਰਸਵਤੀ ਦੇ ਰਾਗ ਨੂੰ ਸਹਿਜ ਸੁਭਾ ਅਨੁਭਵ ਕਰਦੀ ਹੈ।

**ਪੂਰਨ ਸਿੰਘ**

## "ਘਲੋਈ ਯਾਤਰਾ"

18 ਅਗਸਤ, 1928 ਛਨਿਛਰ ਵਾਰ ਪਹਿਲੇ ਤਾਂ ਭਾਯਾ ਜੀ ਪੰਜ ਨਦ ਵਾਲੇ, ਭਾਬੀ ਨਰਿੰਦਰ ਜੀ, ਕੈਲਾਸ਼ ਜੀ, ਮੈਂ ਤੇ ਗੁਰਬਾਲੀ, ਤੇ ਚਾਚਾ ਜੀ ਦੇ ਘਰੋਂ, ਭੈਣ ਜੈ ਜੀ, ਬਲਜੀ, ਜੀਤ ਤੇ ਜਸ, ਤਿਆਰ ਸਾਂ, ਪਰ ਫਿਰ ਦਰਬ ਜੀ ਦੀ ਵੀ ਸਲਾਹ ਹੋ ਪਈ। ਖਿਆਲ ਤਾਂ ਇਹ ਸੀ ਕਿ ਸਵੇਰੇ 10 ਬਜੇ ਨਾਲ ਟੁਰ ਜਾਸਾਂ, ਪਰ ਪਹਿਲੇ ਤਾਂ ਘੋੜੇ ਹੀ ਚਿਰਕੇ ਆਏ, ਤੇ ਫਿਰ ਸਾਮਾਨ ਲੱਦੰਦਿਆਂ ਲੱਦੰਦਿਆਂ ਕਾਫੀ ਚਿਰ ਹੋ ਗਿਆ ਤੇ ਉਸਦੇ ਪਿਛੋਂ ਦੋ ਕੁ ਘੋੜੇ ਸਾਮਾਨ ਲੈ ਕੇ ਟੁਰ ਗਏ ਤੇ ਅਸੀ ਸਾਰੇ ਘੋੜਿਆਂ ਤੇ ਚੜ੍ਹ ਬੈਠੇ।

ਜਦ ਅਸੀ ਓਥੋਂ ਟੁਰੇ ਤਦ ਮੈਂ, ਬਲ ਜੀ, ਜੀਤ ਜੀ, ਦਰਬ ਜੀ, ਕੈਲਾਸ਼ ਜੀ, ਸਭ ਤੋਂ ਅਗੇ ਸਾਂ, ਤੇ ਖੂਬ ਘੋੜੇ ਦੌੜਾ ਰਹੇ ਸਾਂ। ਖੂਬ ਸਵਾਦ ਪਿਆ ਆਉਂਦਾ ਸੀ, ਥੋਹੜੀ ਦੂਰ ਆ ਕੇ ਅਸੀ



Digitized by Panjab Digital Library | www.panjabdigilib.org

ਠਹਿਰ ਗਏ (ਭਾਬੀ ਨਰਿੰਦਰ ਜੀ ਦਾ ਘੋੜਾ ਆਪਣੇ ਪਹਾੜ ਦੀ ਉਤਰਾਈ ਉਤਰਦਿਆਂ ਪਾਣੀ ਕੋਲ ਆ ਕੇ ਬੈਠ ਗਿਆ, ਜਿਸ ਕਰਕੇ ਭਾਬੀ ਜੀ ਦੇ ਕਪੜੇ ਥੋਹੜੇ ਜਿਹੇ ਭਿਜ ਗਏ) ਇਹ ਸਾਨੂੰ ਪਤਾ ਜਿੱਥੇ ਜਾ ਕੇ ਠਹਿਰੇ ਸਾਂ ਓਥੇ ਲੱਗਾ। ਓਥੋਂ ਟੁਰੇ ਤਦ ਆੜੇ ਦੀ ਚੜ੍ਹਾਈ ਸ਼ੁਰੂ ਹੋ ਗਈ ਸੀ। ਸੀਨਰੀ ਬੜੀ ਹੀ ਚੰਗੀ ਸੀ, ਪਹਾੜ ਦੇ ਨਾਲ ਨਾਲ ਅਸੀ ਟੁਰਦੇ ਪਏ ਸਾਂ, ਤੇ ਹੇਠਾਂ ਨਾਲਾ ਵਗ ਰਿਹਾ ਸੀ ਤੇ ਪਾਰ ਪਹਾੜ ਉੱਪਰੋਂ ਚੀਹੜਾਂ ਵਿਚੋਂ ਪਾਣੀ ਆਉਂਦਾ ਦਿਖਾਈ ਦੇ ਕੇ ਪਹਾੜ ਦੀ ਰੌਣਕ ਨੂੰ ਦੂਣਾ ਕਰਕੇ ਦੇਖਣ ਵਾਲਿਆਂ ਦੇ ਦਿਲਾਂ ਨੂੰ ਆਪਣੀ ਵਲ ਖਿੱਚ ਰਿਹਾ ਸੀ, ਤੇ ਜੀ ਇਹ ਕਰਦਾ ਸੀ ਕਿ ਇਹ ਹੀ ਦੇਖੀਏ, ਪਰ ਦਿਮਾਗ ਦਿਲ ਨੂੰ ਕਹਿੰਦਾ ਸੀ ਕਿ ਚਲ ਓਏ ਭੋਲੇ ! ਅੱਗੇ ਜਾ ਕੇ ਇਸ ਤੋਂ ਵੀ ਚੰਗੇ ਨਜ਼ਾਰੇ ਦੇਖ। ਅੱਗੇ ਆਏ ਤੇ ਜਿਥੋਂ ਕਿ ਆੜੇ ਵਿਚ ਤੰਬੂ ਲੱਗੇ ਹੋਏ ਸਾਹਮਣੇ ਹੀ ਦਿੱਸਦੇ ਸਨ, ਓਥੇ ਪਾਣੀ ਦੇ ਕਿਨਾਰੇ ਤੇ ਬੈਠਕੇ ਰੋਟੀ ਖਾਧੀ, ਤੇ ਕੁਝ ਚਿਰ ਉਥੇ ਹੀ ਬੈਠ ਕੇ ਗੱਲਾਂ ਦੇ ਗੁੱਛੇ ਤੋੜ ਤੋੜ ਖਾਧੇ ਜਦ ਓਥੋਂ ਟੁਰੇ ਤਦ ਜਸ ਜੀ ਨੇ ਇਕ ਪਲਸੇਟਾ ਘੋੜੇ ਤੋਂ ਮਾਰਿਆ ਤੇ ਆਪਣੀ ਲੱਤ ਥੋਹੜੀ ਜਿਹੀ ਛਿੱਲੀ। ਓਥੋਂ ਅੱਗੇ ਆਏ ਤਦ ਅਗੇ ਇਕ ਛੋਟਾ ਜਿਹਾ ਨਾਲਾ ਸੀ, ਓਥੋਂ ਲੰਘਣ ਲਗਿਆਂ ਬਲ ਜੀ ਨੇ ਸੋਚਿਆ "ਕਿ ਨਿੱਕੀ ਭੈਣ ਤਾਂ ਲੱਤ ਛਿਲਾ ਲਵੇ, ਪਰ ਉਸਦਾ ਪਿਆਰਾ ਤੇ ਵੱਡਾ ਵੀਰ ਐਵੇਂ ਹੀ ਲੰਘ ਜਾਵੇ" ਇਹ ਸੋਚ ਕੇ ਉਨ੍ਹਾਂ ਨੇ ਰਸਤਾ ਛੱਡ ਕੇ ਘੋੜਾ ਕੁਰਸਤੇ ਤੇ ਪਾ ਲਿਆ ਤੇ ਉਥੋਂ ਲੰਘਣ ਲੱਗਿਆਂ ਨੇ ਹੁਜਕਾ ਖਾਕੇ ਤੇ ਆਪਣੇ ਹੀ ਘੋੜੇ ਦੀ ਕਾਠੀ ਨਾਲ ਟਾਕਰਾ ਕਰਕੇ ਦੋਵੇਂ ਲੱਤਾਂ ਛਿੱਲ ਲਈਆਂ, ਤੇ ਉਰਾਰ ਆ ਕੇ ਡੇਰਾ ਕਰ ਦਿੱਤਾ, ਅੱਗੇ ਨੌਕਰਾਂ ਨੇ ਤੰਬੂ ਲਗਾ ਦਿੱਤੇ ਸਨ। ਅਸਾਂ ਨੇ ਆਕੇ ਸੈਰ ਕਰਨੇ ਸ਼ੁਰੂ ਕੀਤੇ ਤੇ ਸੈਰ ਕਰਕੇ ਫਿਰ ਆਪਣੇ ਤੰਬੂਆਂ ਕੋਲ ਆ ਗਏ।

ਇਥੇ ਬੜਾ ਹੀ ਸੋਹਣਾ ਮੈਦਾਨ ਹੈ, ਤੇ ਦਿਲ ਕਰਦਾ ਹੈ ਕਿ ਛਪਨ-ਛੋਤ ਜਾਂ ਕੋਈ ਹੋਰ ਖੇਡ ਖੇਡੀਏ, ਪਰ ਹੁਣ ਸ਼ਾਮ ਪੈ ਗਈ ਹੈ ਤੇ ਲਿਖਣ ਤੇ ਬਹੁਤ ਦਿਲ ਕਰਦਾ ਹੈ। ਅਸੀ ਸਾਰੇ ਇਕ ਕਿਲੇ ਵਿਚ ਬੈਠੇ ਹਾਂ ਤੇ ਕੰਧਾਂ ਰੂਪੀ ਪਹਾੜ ਸਾਡੇ ਚਾਰੇ ਪਾਸੇ ਖੜੇ ਹਨ ਤੇ ਚੀਲ, ਦਿਆਰ ਦੇ ਦਰਖਤ ਪਹਿਰੇ ਦਾਰਾਂ ਦਾ ਕੰਮ ਦੇ ਕੇ ਪਿਆਰੇ ਤੇ ਮੇਹਰਬਾਨ ਰੱਬ ਜੀ ਦੀ ਯਾਦ ਕਰਾ ਰਹੇ ਹਨ। ਤੰਬੂਆਂ ਦੇ ਕੋਲ ਹੀ ਪਾਣੀ ਵਗਦਾ ਪਿਆ ਹੈ, ਬਹਾਰ ਬੜੀ ਹੀ ਸੋਹਣੀ ਹੈ, ਸਾਰੇ ਬਾਹਰ ਬੈਠੇ ਹੋਏ ਹਨ ਤੇ ਖੂਬ ਦਿਮਾਗੀ ਘੋੜੇ ਦੁੜਾ ਰਹੇ ਹਨ।

(ਬਾਕੀ ਫੇਰ)

18 ਤਰੀਕ ਐਤਵਾਰ ਸਵੇਰੇ ਪਹਿਲੇ ਤਾਂ ਦੋ ਘੋੜੇ ਇਕ ਮੇਰਾ ਤੇ ਦੂਸਰਾ ਦਰਬ ਜੀ ਦਾ ਬੜੀ ਦੂਰ ਚਲੇ ਗਏ ਸਨ। ਮੇਰਾ ਘੋੜਾ ਜੋ ਕਿ ਬਹੁਤ ਸ਼ਰਾਰਤੀ ਹੋਣ ਕਰਕੇ ਆਪਣਾ ਨਾਮ ਸ਼ੁਰਸ਼ੁਰੀ ਰਖਵਾ ਚੁੱਕਾ ਸੀ, ਨਾਲ ਦੇ ਪਾਰਲੇ ਪਹਾੜ ਤੇ ਚੜ੍ਹਿਆ ਹੋਇਆ ਸੀ ਤੇ ਸਾਰੇ ਮੈਨੂੰ ਕਹਿ ਰਹੇ ਸਨ "ਕਿ ਤੇਰੀ ਸ਼ੁਰਸ਼ੁਰੀ ਨੂੰ ਮਾਚਸ ਲੱਗ ਗਈ ਹੈ ਤੇ ਚਲ ਗਈ ਹੈ।" 9 ਕੁ ਵਜੇ ਓਹਨਾਂ ਨੂੰ ਜਾਕੇ ਘੋੜੇ ਵਾਲਿਆਂ ਨੇ ਲਿਆਂਦਾ ਤੇ ਅਸਬਾਬ ਦੇ ਘੋੜਿਆਂ ਤੇ ਸਾਮਾਨ ਪਿਆ ਲੱਦਣ ਹੁੰਦਾ ਹੈ ਤੇ ਕੋਲ ਚਲੋ ਚਲੀ ਦੀ ਆਵਾਜ਼ ਹੀ ਸੁਣਾਈ ਦਿੰਦੀ ਹੈ। ਓਥੋਂ ਚੱਲ ਕੇ ਥੋਹੜਾ ਹੀ ਅੱਗੇ ਆਏ ਸਾਂ, ਕਿ ਉਥੇ ਅੱਗੋਂ ਮਖਮਲ ਦੀ ਤਰਾਂ ਨਰਮ ਨਰਮ ਚੀੜਾਂ ਦੇ ਪੱਤਰ ਵਿਛੇ ਹੋਏ ਸਨ। ਜਿਨ੍ਹਾਂ ਤੋਂ ਕਿ ਘੋੜਿਆਂ

Digitized by Panjab Digital Library | www.panjabdigilib.org

ਦੇ ਪੈਰ ਫਿਸਲ ਜਾਣ ਦਾ ਖਿਆਲ ਸੀ, ਸੋ ਇਸ ਕਰਕੇ ਥੋਹੜੀ ਜਿਹੀ ਜਗਾ ਰਸਤਾ ਛੱਡ ਕੇ ਕੁਰਸਤੇ ਟੁਰੇ ਪਰ ਥੋਹੜਾ ਹੀ ਅੱਗੇ ਜਾ ਕੇ ਫਿਰ ਰਸਤੇ ਤੇ ਪੈ ਗਏ। ਅੱਗੇ ਪਹਾੜ ਦੇ ਨਾਲ ਨਾਲ ਜਾ ਰਹੇ ਸਾਂ ਤੇ ਹੇਠਾਂ ਲਿੱਦਰ ਦਾ ਨਾਲਾ ਵਗਦਾ ਪਿਆ ਸੀ, ਤੇ ਪਾਰ ਪਹਾੜ ਨੂੰ ਤੋੜ ਕੇ ਤੇ ਆਪਸ ਦੇ ਮੇਲ ਨੂੰ ਵਿਛੋੜ ਕੇ ਇਕ ਸੁਹਾਵਣਾ ਤੇ ਨਿੱਕਾ ਜਿਹਾ ਨਾਲਾ ਵਗ ਰਿਹਾਂ ਸੀ। ਉਸ ਨੂੰ ਦੇਖਕੇ ਦਿਲ ਵਿਚ ਇਹ ਭਰਮ ਪੈਂਦਾ ਸੀ ਸ਼ਾਇਦ ਇਸ ਦੇ ਵਿਚ ਦੁਧ ਹੀ ਵਗ ਰਿਹਾ ਹੈ, ਉਸਦਾ ਪਾਣੀ ਬਿਲਕੁਲ ਹੀ ਦੁਧ ਵਰਗਾ ਦਿੱਸਦਾ ਸੀ ! ਰਸਤੇ ਵਿਚ ਸੀਨਰੀ ਬੜੀ ਰਮਣੀਕ ਸੀ, ਉਸ ਤੋਂ ਥੋੜਾ ਜਿਹਾ ਅੱਗੇ ਜਾਕੇ ਕੁਝ ਸਮਾਂ ਪੈਦਲ ਟੁਰੇ ਤੇ ਫਿਰ ਘੋੜਿਆਂ ਤੇ ਸਵਾਰ ਹੋ ਗਏ। ਅੱਗੇ ਥੋਹੜਾ ਜਿਹਾ ਮੈਦਾਨ ਸੀ, ਤੇ ਇਕ ਖੋੜ ਦੇ ਬੂਟੇ ਹੇਠੋਂ ਪਾਣੀ ਪਿਆ ਵਗਦਾ ਸੀ। ਓਥੇ ਠਹਿਰ ਗਏ ਤੇ ਸਵੇਰ ਦੇ ਪ੍ਰਸ਼ਾਦ ਛਕਣ ਦਾ ਕੰਮ ਸ਼ੁਰੂ ਕਰਵਾਇਆ। ਜਦ ਰੋਟੀ ਤਿਆਰ ਹੋ ਗਈ, ਤਾਂ ਖਾਕੇ ਉਥੋਂ ਟੁਰੇ ਤੇ ਜਿਥੇ ਡੇਰਾ ਕਰਨਾ ਸੀ, ਉਸ ਤੋਂ ਥੋਹੜਾ ਹੀ ਉਹੇ ਮੈਦਾਨ ਵਿਚ ਠਹਿਰ ਗਏ। ਮੈਦਾਨ ਦੀ ਸੁਹਣੱਪ ਦੀ ਤਾਰੀਫ ਲਿਖਣ ਵਿਚ ਆਉਣੀ ਬੜੀ ਹੀ ਮੁਸ਼ਕਲ ਹੈ, ਚਾਰੇ ਤਰਫ ਪਹਾੜ ਹਨ ਤੇ ਪਾਣੀ ਦੇ ਵਗਣ ਦੀ ਸੋਹਣੀ ਤੇ ਦਿਲ ਖਿਚਵੀਂ ਆਵਾਜ਼ ਆਕੇ ਕੰਨਾਂ ਵਿਚ ਗੂੰਜਦੀ ਪਈ ਹੈ ਤੇ ਮੈਦਾਨ ਬੜਾ ਹੀ ਸੁਹਾਵਣਾ ਪਿਆ ਲਗਦਾ ਹੈ। ਹੁਣ ਏਥੇ ਭੀ ਟੂਟੇ ਟੂਟੀ ਹੋ ਪਈ ਹੈ।

(ਬਾਕੀ ਫੇਰ)

ਉਥੋਂ ਥੋਹੜਾ ਹੀ ਅੱਗੇ ਆਏ, ਤਦ ਲਿੱਦਰ ਦੇ ਨਾਲੇ ਤੋਂ ਪਾਰ ਹੋਣਾ ਸੀ, ਜੋ ਸੋਹਣਾ ਤੇ ਆਵਾਜ਼ ਦੇ ਕੇ ਏਕਾਂਤ ਨੂੰ ਭੰਗ ਕਰਨ ਵਾਲਾ ਨਾਲਾ ਅੱਗੇ ਖੱਬੇ ਪਾਸੇ ਵਲ ਵਗਦਾ ਸੀ, ਉਸ ਦੀ ਇਜ਼ਤ ਕਰਨ ਲਈ ਉਸ ਨੂੰ ਸੱਜੇ ਹੱਥ ਜਗਾ ਦਿੱਤੀ ਤੇ ਆਪ ਪੁਲ ਟੱਪ ਕੇ ਪਾਰ ਹੋ ਗਏ। ਪੁਲ ਟੱਪ ਕੇ ਥੋਹੜਾ ਹੀ ਅੱਗੇ ਗਏ ਸਾਂ ਕਿ ਪਹਾੜ ਵਿਚ ਥੋਹੜੀ ਹੀ ਦੂਰੀ ਤੇ ਬਰਫ ਦੇਖੀ। ਬਰਫ ਨੇ ਸਾਨੂੰ ਆਪਣੀ ਵਲ ਖਿਚ ਪਾਈ ਤਦ ਅਸਾਂ ਦੋਹਾਂ ਚੌਹਾਂ ਨੇ ਕਿਹਾ ਕਿ ਜਿੱਥੇ ਡੇਰਾ ਕਰਨਾ ਹੈ, ਓਥੋਂ ਹੋਕੇ ਇਸ ਬਰਫ ਤੇ ਫੇਰ ਆਵਾਂਗੇ। ਜਦ ਡੇਰੇ ਪਹੁੰਚੇ ਤਦ ਓਥੋਂ ਕੋਲ ਹੀ ਪਹਾੜ ਤੇ ਬਰਫ ਦੇਖੀ ਤੇ ਇਹ ਖ਼ਿਆਲ ਕੀਤਾ ਕਿ ਚਲੋ ਪਿਛੇ ਕੀ ਕਰਨਾ ਹੈ, ਇਸੇ ਬਰਫ਼ ਤੇ ਹੀ ਹੋ ਆਈਏ। ਨਿੱਕਾ ਜਿਹਾ ਤੇ ਮਿੱਠਾ ਜਿਹਾ ਧੋਖਾ ਦੇਵਣ ਲਈ ਬਰਫ ਸਾਨੂੰ ਨੇੜੇ ਦਿੱਸੀ, ਪਰ ਅਸਲ ਵਿਚ ਹੈ ਕਾਫੀ ਦੂਰ ਸੀ। ਜਦ ਮੈਂ, ਭੈਣ ਜੈ ਜੀ, ਦਰਬ ਜੀ, ਬਲ ਜੀ, ਜੀਤ ਜੀ, ਤੇ ਜਸ, ਅਸੀਂ ਚਾਰੇ ਟੁਰ ਪਏ, ਤਦ ਸਾਨੂੰ ਇਹ ਖ਼ਿਆਲ ਬਿਲਕੁਲ ਹੀ ਨਹੀ ਸੀ, ਕਿ ਬਰਫ਼ ਬਹੁਤ ਦੂਰ ਹੋਵੇਗੀ। ਜਦ ਹੇਠਲਾ ਪਹਾੜ ਚੜ੍ਹ ਗਏ ਤਦ ਅਗਲਾ ਪਹਾੜ ਜਿਸ ਤੇ ਬਰਫ ਸੀ, ਸਾਨੂੰ ਰਸਤਾ ਦੇਣ ਥੀਂ ਇਨਕਾਰ ਕਰਨ ਲਗਾ, ਪਰ ਬਰਫ ਦੀ ਪਿਆਰੀ ਤੇ ਮਿੱਠੀ ਖਿੱਚ ਨੇ ਸਾਨੂੰ ਉਥੇ ਰੁਕਣੋ ਮਨਾ ਕੀਤਾ। ਤਦ ਅਸਾਂ ਨੇ ਗੁਰਗਾਬੀਆਂ, ਬੂਟਾਂ ਤੇ ਜਰਾਬਾਂ ਦਾ ਸਾਥ ਛੱਡਣਾ ਮਨਜ਼ੂਰ ਕਰਕੇ ਉਨ੍ਹਾਂ ਨੂੰ ਉਥੇ ਹੀ ਛੱਡਿਆ ਤੇ ਆਪ ਉੱਪਰ ਜਾਣਾ ਸ਼ੁਰੂ ਕੀਤਾ। ਥੋਹੜੀ ਹੀ ਦੂਰ ਗਏ ਸਾਂ, ਤਦ ਸਾਥ ਛਡੱਣ ਦਾ ਹੋਰ ਵੀ ਕੰਮ ਸ਼ੁਰੂ ਹੋਯਾ। ਭੈਣ ਜੈ ਜੀ ਤੇ ਜਸ ਜੀ ਨੇ ਸਾਥੀਆਂ ਨੂੰ ਜਵਾਬ ਦੇਕੇ ਪਿਛੇ ਵਲ ਮੁਹਾਰਾਂ ਮੋੜ ਲਈਆਂ। ਬਰਫ਼ ਨੇ ਸਾਨੂੰ ਪੂਰਾ ਧੋਖਾ ਦਿੱਤਾ, ਕਿ ਦਿੱਸੀ ਤਾਂ ਨੇੜੇ ਪਰ ਜਦ ਅਸੀਂ ਟੁਰਣ ਲਗੇ ਤਾਂ ਸ਼ਾਇਦ ਹੋਰ ਵੀ ਪਰੇ ਜਾਣਾ ਸ਼ੁਰੂ ਕੀਤਾ। ਜਦ ਅਸੀ ਕੁਝ ਦੂਰ ਗਏ ਤਦ ਬਰਫ ਨੇ ਦਰਸ਼ਨ ਦੇਣਾ ਵੀ

Digitized by Panjab Digital Library | www.panjabdigilib.org

ਬੰਦ ਕਰ ਦਿੱਤਾ, ਫਿਰ ਅਸੀ ਵੀ ਵਾਪਸ ਹੋ ਪਏ। ਜਦ ਆਪਣੇ ਕੈਂਪਾਂ ਤੋਂ 100 ਕੁ ਗਜ਼ ਦੀ ਵਿਥ ਤੇ ਸਾਂ ਤਦ ਇਕ ਦਮ ਬਾਰਸ਼ ਲੱਗ ਪਈ, ਪਰ ਦੌੜ ਕੇ ਅਸੀ ਆਪਣੇ ਕੈਂਪਾਂ ਵਿਚ ਪਹੁੰਚੇ। ਅੱਗੋਂ ਥੋਹੜੀਆਂ ਜਿਹੀਆਂ ਝਾੜਾਂ ਪੈ ਗਈਆਂ ਕਿ ਤੁਸੀ ਇਤਨੇ ਦੂਰ ਕਿਉਂ ਗਏ ਸੋ?

19 ਅਗਸਤ ਦੀ ਰਾਤ ਓਥੇ ਰਹੇ ਤੇ 20 ਅਗਸਤ ਸੋਮਵਾਰ ਸਵੇਰ ਉੱਠ ਕੇ ਪਹਿਲੇ ਚਾਹ ਪੀਤੀ ਤੇ ਰੋਟੀ ਵੀ ਓਥੇ ਹੀ ਖਾਧੀ ਤੇ ਰੋਟੀ ਖਾ ਕੇ ਅੱਗੇ ਟੁਰ ਪਏ। ਅੱਗੇ ਰਸਤਾ ਕੁਝ ਖਰਾਬ ਸੀ, ਰਸਤੇ ਵਿਚ ਪੱਥਰ ਹੀ ਪੱਥਰ ਸਨ, ਕੋਈ ਕਿਸੇ ਰੰਗ ਦਾ, ਕੋਈ ਕਿਸੇ ਰੰਗ ਦਾ, ਆਪਣੇ ਆਪਣੇ ਟਿਕਾਣੇ ਬੇ-ਖਤਰ ਤੇ ਬੇਖੌਫ ਬੈਠੇ ਸਨ। ਕੋਈ ਤਾਂ ਉਨ੍ਹਾਂ ਨੂੰ ਠੋਕਰ ਮਾਰਦਾ ਸੀ, ਕੋਈ ਉੱਪਰ ਪੈਰ ਰਖਦਾ ਸੀ ਪਰ ਉਹ ਵਿਚਾਰੇ ਚੁੱਪ ਸਨ ਤੇ ਸਬਰ ਕਰਕੇ ਬੈਠੇ ਹੋਏ ਸਨ। ਅਸੀ ਲੋਕ ਉਨ੍ਹਾਂ ਨੂੰ ਠੋਕਰਾਂ ਮਾਰਦੇ ਤੇ ਲਿਤਾੜਦੇ ਵੀ ਖੁਸ਼ ਨਹੀਂ ਸਾਂ, ਤੇ ਕਹਿੰਦੇ ਸਾਂ ਕਿ ਪੱਥਰਾਂ ਬੜਾ ਦਿੱਕ ਕੀਤਾ ਹੈ। ਅੱਗੇ ਜਾਂਦੇ ਨਾਲੇ ਦੇ ਕਿਨਾਰੇ ਬੈਠ ਗਏ, ਉਥੇ ਫੁੱਲ ਸਨ, ਪੱਥਰਾਂ ਨੂੰ ਛੱਡ ਹੁਣ ਨਿੱਕੀ ਤੇ ਪਿਆਰੀ ਚੀਜ਼ ਨੂੰ ਪੈਰਾਂ ਥੱਲੇ ਦੱਬਣਾ ਸ਼ੁਰੂ ਕੀਤਾ। ਉਹ ਵਿਚਾਰੇ ਤਾਂ ਸਾਨੂੰ ਖਿੜ ਕੇ ਮਿਲੇ, ਪਰ ਅਸਾਂ ਨੇ ਉਨ੍ਹਾਂ ਦੀ ਕੋਈ ਕਦਰ ਨਾ ਕੀਤੀ ਤੇ ਪੈਰਾਂ ਥੱਲੇ ਮਲੇ, ਉਹ ਕੁਝ ਮੁਰਝਾ ਗਏ, ਹਾਏ ਵੇ ! ਜੀਣ ਥੀਣ ਦੀਆਂ ਬੇ ਦਰਦੀਆਂ, ਬੇ ਪ੍ਰਵਾਹੀਆਂ, ਤੇ ਨਾਜ਼ਕ ਮਲੂਕ ਬੇ ਤਰਸੀਆਂ ਤੇ ਉਨ੍ਹਾਂ ਵਿਚ ਹੀ ਪਿਆਰ ਦੀਆਂ ਰੰਗ ਰਲੀਆਂ !! ਪਾਰ ਤਾਂ ਬਸੰਤ ਹੀ ਖਿੜੀ ਹੋਈ ਸੀ, ਸਭ ਖੇਤਾਂ ਵਿਚ ਬਸੰਤੀ ਫੁੱਲ ਖਿੜੇ ਹੋਏ ਸਨ ਤੇ ਬਹਾਰ ਵੀ ਇਹੋ ਜਿਹੀ ਹੀ ਸੀ ਕਿ ਦਿਲ ਵਿਚ ਇਹੀ ਖਿਆਲ ਆਉਂਦਾ ਸੀ ਕਿ ਅਜ ਕਲ ਫਰਵਰੀ ਜਾਂ ਮਾਰਚ ਦਾ ਮਹੀਨਾ ਹੈ। ਉਥੋਂ ਟੁਰ ਕੇ ਅੱਗੇ ਆਏ ਤੇ ਕੋਹਲਾਈ ਤੋਂ ਤਿੰਨ ਮੀਲ ਹੇਠਾਂ ਜਿਸ ਸਮੇਂ ਇਥੇ ਪੁੱਜੇ ਸਾਂ ਉਸ ਸਮੇਂ ਸਾਹਮਣੇ ਪਹਾੜ ਤੇ ਬਰਫ ਦਿਸਦੀ ਸੀ। ਪਰ ਹੁਣ ਤਾਂ ਸਭ ਬੱਦਲ ਹੀ ਬੱਦਲ ਆ ਗਏ ਹਨ ਤੇ ਬਰਫ ਦਿਸਣੀ ਬੰਦ ਹੋ ਗਈ ਹੈ ਤੇ ਬਾਰਸ਼ ਲੱਗੀ ਹੋਈ ਹੈ। ਸਭ ਖਾਣ ਵਿਚ ਮਸਤ ਹਨ ਤੇ ਆਪਣੇ ਆਪਣੇ ਪੇਟ ਦੀ ਪੂਜਾ ਪਏ ਕਰਦੇ ਹਨ। ਮੈਦਾਨ. ਵਿਚ ਡੇਰਾ ਹੈ। ਇਥੇ ਬਾਕੀ ਸਭ ਕਿਸਮ ਦੇ ਦਰਖਤ ਮੁੱਕ ਗਏ ਹਨ ਤੇ ਸਿਰਫ ਭੋਜ-ਪਤ੍ਰ ਦੇ ਬੂਟੇ ਹੀ ਹਨ। ਉਹ ਵੀ ਕਿਧਰੇ ਕਿਧਰੇ ਹਨ, ਤੇ ਬਾਕੀ ਜਗਾ ਤੋਂ ਪਹਾੜ ਖਾਲੀ ਖਾਲੀ ਨਜ਼ਰ ਆਉਂਦੇ ਹਨ। ਕਿਧਰੇ ਕਿਧਰੇ ਘਾਹ ਹੈ ਤੇ ਕਿਧਰੇ ਖਾਲੀ ਪੱਥਰ ਹੀ ਮੈਦਾਨ ਤੇ ਪਹਾੜ ਦੀ ਰੌਣਕ ਨੂੰ ਵਧਾ ਰਹੇ ਹਨ। ਆਹਾ! ਬਾਰਸ਼ ਨੇ ਆਪਣਾ ਸਾਰਾ ਤਾਣ ਲਗਾ ਕੇ ਵੱਸਣਾ ਸ਼ੁਰੂ ਕਰ ਦਿੱਤਾ ਹੈ। ਇਥੇ ਜਗਾ ਚੌਰਸ ਜਾਂ ਗੋਲ ਨਹੀਂ, ਲੰਮੀ ਹੈ ਤੇ ਪਹਾੜ ਇਸ ਤਰ੍ਹਾਂ ਲੱਗਦੇ ਹਨ ਜਿਸ ਤਰ੍ਹਾਂ ਦੋਨੋਂ ਪਾਸੇ ਉੱਚੇ ਉੱਚੇ ਕਈ ਛੱਤੇ ਮਕਾਨ ਬਣੇ ਹੋਏ ਹਨ ਤੇ ਵਿਚਕਾਰ ਬੜੀ ਹੀ ਸੋਹਣੀ ਤੇ ਵੱਡੀ ਸਾਰੀ ਗਲੀ ਛੱਤੀ ਹੋਈ ਹੈ। ਇਥੇ ਹਵਾ ਬੜੀ ਹੀ ਹਲਕੀ ਹੈ, ਇਸ ਸਫੇ ਦੀ ਪਹਿਲੀ ਸਤਰ ਲਿਖਦਿਆਂ ਬਾਰਸ਼ ਬੜੇ ਜ਼ੋਰ ਦੀ ਸੀ, ਪਰ ਛੇਵੀਂ ਸਤਰ ਤੇ ਪਹੁੰਚਦਿਆਂ ਬਾਰਸ਼ ਬੰਦ ਹੋ ਗਈ ਹੈ, ਤੇ ਜਿਸ ਪਾਸੇ ਵਲੋਂ ਆਏ ਸਾਂ, ਉਸ ਪਾਸੇ ਵਲ ਨਿੰਬਲ ਹੋ ਗਿਆ ਹੈ। ਅਸਾਂ ਤਾਂ ਏਥੇ ਡੇਰਾ ਕਰ ਦਿੱਤਾ ਹੈ, ਪਰ ਬਾਰਸ਼ ਨੇ ਅੱਗੇ ਵਲ ਚੜ੍ਹਾਈ ਕੀਤੀ ਹੈ ਤੇ ਸਾਹਮਣੇ ਬਰਫ ਤੇ ਸੂਰਜ ਦੀਆਂ ਕਿਰਣਾਂ ਪੈਕੇ ਕਮਾਨ ਵਾਂਗਣ ਰੰਗ ਬਾਰੰਗੀ ਪੀਂਘ ਪਈ ਹੋਈ ਹੈ। ਜਿਸ ਦਾ ਇਕ ਸਿਰਾ ਬਰਫ ਤੇ ਹੈ ਤੇ ਦੂਸਰਾ ਪਹਾੜ ਤੇ ਹੈ, ਤੇ ਬੜੀ ਹੀ ਸੋਹਣੀ ਲਗਦੀ ਹੈ ਕਿ ਇਸ ਪੀਂਘ ਵਿਚ ਦੇਵੀਆਂ, ਦੇਵਤੇ ਝੂਲ ਰਹੇ ਹਨ!!

(ਬਾਕੀ ਫੇਰ)

Digitized by Panjab Digital Library | www.panjabdigilib.org

21 ਅਗਸਤ ਸਾਰੀ ਰਾਤ ਖ਼ੂਬ ਬਾਰਸ਼ ਲੱਗੀ ਰਹੀ ਤੇ ਸਵੇਰੇ ਵੀ ਬਾਰਸ਼ ਸ਼ੁਰੂ ਹੀ ਰਹੀ, ਤੇ ਸਲਾਹ ਇਹ ਸੀ ਕਿ ਸਾਰਾ ਦਿਨ ਇਥੇ ਹੀ ਰਹਾਂਗੇ ਤੇ ਕਲ੍ਹ ਜੇਕਰ ਬਾਰਸ਼ ਨਾ ਹੋਈ ਤਦ ਘਲੋਈ ਜਾਵਾਂਗੇ, ਪਰ ਬਾਰਸ਼ ਉਸੇ ਦਿਨ ਕੋਈ ਤਿੰਨ ਕੁ ਵਜੇ ਬੰਦ ਹੋ ਗਈ (ਅਸਾਡੇ ਘੋੜੇ ਕੁਝ ਥੋੜਾ ਜਿਹਾ ਪਿਛੋਂ ਆ ਗਏ ਸਨ) ਅਸਾਂ ਨੇ ਘੋੜੇ ਮੰਗਵਾਏ ਤੇ ਘਲੋਈ ਵਲ ਮੁਹਾਰਾਂ ਮੋੜੀਆਂ। ਕੋਈ ਡੇਢ ਕੁ ਘੰਟਾ ਘੋੜਿਆਂ ਤੇ ਸਵਾਰ ਰਹੇ ਪਰ ਓਥੋਂ ਅੱਗੇ ਘੋੜੇ ਨਹੀਂ ਜਾ ਸਕਦੇ ਸਨ, ਰਸਤਾ ਬੜਾ ਖਰਾਬ ਸੀ ਤੇ ਪੱਥਰ ਬਹੁਤ ਹੀ ਜ਼ਿਆਦਾ ਸਨ। ਕੰਪ ਤੋਂ ਟੁਰਦਿਆਂ ਅਬਦੁੱਲੇ ਨੇ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਅੱਗੇ ਰਿੱਛ ਹੈ, ਇਸ ਕਰਕੇ ਭਾਯਾ ਜੀ ਨੇ ਬੰਦੂਕ ਨਾਲ ਲੈ ਲਈ ਸੀ। ਪੈਦਲ ਥੋੜ੍ਹਾ ਹੀ ਟੁਰੇ ਸਾਂ ਕਿ ਅਗੇ ਬਰਫ਼ ਦਾ ਪੁਲ ਆ ਗਿਆ ਤੇ ਓਥੋਂ ਪਹਾੜ ਤੇ ਚੜ੍ਹਨਾ ਸ਼ੁਰੂ ਕੀਤਾ। ਅੱਗੇ ਬੜੇ ਪੱਥਰ ਸਨ ਤੇ ਚੜ੍ਹਾਈ ਸਖਤ ਸੀ, ਉਥੇ ਭਾਯਾ ਜੀ ਨੇ ਜੰਗਲੀ ਚੂਹੇ ਨੂੰ ਦੇਖ ਕੇ ਬੰਦੂਕ ਚਲਾਈ ਤੇ ਸਾਨੂੰ ਕਿਹਾ ਕਿ ਜਰਾ ਕੁ ਆਸਤੇ ਆਸਤੇ ਆਓ। ਬੰਦੂਕ ਨੇ ਇਕ ਨਿੱਕੀ ਤੇ ਪਿਆਰੀ ਜਾਨ ਨੂੰ ਗਵਾਇਆ ਤੇ ਚੂਹੇ ਦੀ ਰੂਹ ਉਥੇ ਹੀ ਆਪਣੀ ਚੂਹੇ ਵਾਲੀ ਜਿੰਦਗੀ ਵਾਲਾ ਸਫਰ ਖਤਮ ਕਰਕੇ ਤੇ ਸਰੀਰ ਨੂੰ ਖਾਲੀ ਕਰਕੇ ਹਲਕੀ ਤੇ ਠੰਡੀ ਹਵਾ ਵਿਚ ਉੱਡ ਗਈ। ਇਧਰ ਟੁਰਦਿਆਂ ਕੈਲਾਸ਼ ਜੀ ਸਭ ਤੋਂ ਅੱਗੇ ਸਨ, ਉਹ ਉਥੇ ਹੀ ਠਹਿਰ ਗਏ ਤੇ ਬਾਕੀਆਂ ਨੂੰ ਕਹਿਣ ਲਗੇ 'ਅਗੇ ਨਾ ਜਾਓ ਅੱਗੇ ਰਿੱਛ ਹਨ'। ਜਦ ਮੈਂ ਕਿਹਾ "ਨਹੀਂ ਰਿੱਛ ਕੋਈ ਨਹੀਂ, ਅਸਾਂ ਨੇ ਨਹੀਂ ਦੇਖਿਆ" ਤਦ ਕੈਲਾਸ਼ ਜੀ ਕਹਿਣ ਲਗੇ ਅਸਾਂ ਦੇਖੇ ਹਨ, ਚਾਰ ਰਿਛ ਹਨ'। ਕੈਲਾਸ਼ ਜੀ ਦੀ ਇਹ ਗੱਲ ਸੁਣ ਕੇ ਮੇਰੇ ਦਿਲ ਵਿਚ ਇਹ ਭਰਮ ਪਿਆ, ਕਿ ਸ਼ਾਇਦ ਪਹਲੀਆਂ ਦੇ ਕੱਦ ਤੇ ਰਿੱਛ ਲੰਘ ਗਏ ਹੋਣ ਤੇ ਪੱਥਰਾਂ ਕਰਕੇ ਅਸਾਡੀ ਨਜਰੀ ਨਾ ਪਏ ਹੋਣ। ਅਸੀ ਅੱਗੇ ਟੁਰੇ ਤੇ ਕੈਲਾਸ਼ ਜੀ ਡਰ ਦੇ ਕਾਰਣ ਸਾਰਿਆਂ ਤੋਂ ਪਿਛੇ ਹੋ ਗਏ ਤੇ ਹੋਰ ਚੜ੍ਹਾਈ ਚੜ੍ਹ ਕੇ ਬੈਠ ਗਏ। ਸਾਹਮਣੇ ਬਰਫ ਦਾ ਪਹਾੜ ਸੀ ਤੇ ਚਿੱਟੀ ਸਫੈਦ ਬਰਫ ਪਈ ਹੋਈ ਬੜੀ ਹੀ ਸੁੰਦਰ ਦਿਖਾਈ ਦਿੰਦੀ ਸੀ। ਕਹਿਣ ਵਿਚ ਇਹ ਆਉਂਦਾ ਹੈ, ਕਿ ਬਰਫ ਦੇ ਪਹਾੜ ਦੀ ਉਮਰ 4000000 ਸਾਲ ਦੀ ਹੈ। ਬਰਫ਼ ਦੀ ਸੁਫ਼ੈਦੀ ਆਪਣਾ ਅਕਸ ਆਸਮਾਨ ਤੇ ਪਾ ਕੇ ਓਹਦੇ ਨੀਲੇ ਰੰਗ ਵਿਚ ਬਹੁਤ ਹੀ ਸੁਫ਼ੈਦੀ ਭਾ ਲੈ ਆਈ ਸੀ। ਸਾਰੇ ਪਾਸੇ ਸੁਫ਼ੈਦੀ ਹੀ ਸੁਫ਼ੈਦੀ ਨਜ਼ਰ ਆਉਂਦੀ ਸੀ। ਚਾਰ ਦਿਨ ਰਸਤੇ ਵਿਚ ਕੱਟ ਕੇ ਜਿਸ ਨੂੰ ਦੇਖਣ ਦੇ ਚਾ ਵਿਚ ਔਖੇ ਰਸਤੇ ਤੇ ਸੋਹਣੇ ਪਹਾੜ ਟੱਪੇ ਸਾਂ, ਉਸ ਨੂੰ ਚੰਗੀ ਤਰਾਂ ਨਿਕੀ, ਪਿਆਰੀ ਤੇ ਮਿੱਠੀ ਨਜ਼ਰ ਨਾਲ ਦੇਖਿਆ। ਲੱਦਰ ਨਾਲੇ ਦੇ ਜਨਮ ਅਸਥਾਨ ਨੂੰ ਦੇਖਕੇ ਤੇ ਉਸਦੀ ਪਿਆਰੀ ਜਨਮ ਦਾਤੀ ਬਰਫ਼ ਨੂੰ ਦੇਖ ਕੇ ਬੜੀ ਹੀ ਖੁਸ਼ੀ ਹੋਈ। ਓਥੋਂ ਹੇਠਲੇ ਪਾਸੇ ਵਲ ਵੱਡਾ ਸਾਰਾ ਤੇ ਉੱਚਾ ਜਿਹਾ ਪਹਾੜ ਸੀ, ਜਿਸ ਦੀ ਉੱਪਰ ਦੀ ਚੋਟੀ ਇਸੇ ਤਰਾਂ ਲੱਗਦੀ ਸੀ, ਜਿਸ ਤਰਾਂ ਕਿਸੇ ਮੰਦਰ ਦਾ ਬੁਰਜ ਹੁੰਦਾ ਹੈ ਤੇ ਉਸ ਉੱਪਰ ਬਰਫ਼ ਪਈ ਇਸ ਤਰਾਂ ਲੱਗਦੀ ਸੀ ਜਿਸ ਤਰਾਂ ਕਿਸੇ ਮੰਦਰ ਦੀ ਛੱਤ ਉੱਪਰ ਚਿੱਟੀ ਚਿੱਟੀ ਚਾਂਦੀ ਲੱਗੀ ਹੁੰਦੀ ਹੈ। ਉਥੇ ਭਾਪਾ ਜੀ ਨੇ ਦੋ ਤਸਵੀਰਾਂ ਖਿੱਚੀਆਂ ਤੇ ਇਕ ਤਸਵੀਰ ਬਲ ਜੀ ਨੇ ਖਿੱਚੀ। ਭਾਪਾ ਜੀ ਓਥੇ ਠਹਿਰ ਗਏ ਤੇ ਕਹਿਣ ਲੱਗੇ, 'ਅਸੀ ਹੋਰ ਚੂਹੇ ਦੇਖਸਾਂ ਤੁਸੀ ਚੱਲੋ"। ਓਥੋਂ ਅਸੀਂ ਹੇਠਾਂ ਆਏ ਤੇ ਬਰਫ਼ ਦੇ ਪੁਲ ਤੇ ਆਕੇ ਬਰਫ਼ ਨਾਲ ਖੇਡਣਾ ਸ਼ੁਰੂ ਕੀਤਾ, ਫੇਰ ਅਸੀ ਪੁਲ ਤੋਂ ਪਾਰ ਹੋਏ ਤੇ ਬਲ ਜੀ ਨੇ ਉਰਾਰ ਠਹਿਰ ਕੇ ਇਕ ਤਸਵੀਰ ਹੋਰ ਖਿੱਚੀ। ਉਥੇ

Digitized by Panjab Digital Library | www.panjabdigilib.org

ਬਰਫ਼ ਨਾਲ ਖੇਡਦੇ ਤੇ ਸ਼ਰਾਰਤਾਂ ਕਰਦੇ ਬਰਫ਼ ਟੱਪ ਕੇ ਉਰਾਰ ਹੋਏ, ਤੇ ਪੱਥਰਾਂ ਤੇ ਆ ਗਏ ਥੋੜਾ ਅੱਗੇ ਆਏ ਤਾਂ ਘੋੜੇ ਖੜੇ ਸਨ। ਘੋੜਿਆਂ ਤੇ ਚੜ੍ਹ ਕੇ ਵਾਪਸ ਆਪਣੇ ਕੈਂਪ ਵਿਚ ਪੁੱਜ ਗਏ, 21 ਅਗਸਤ ਦਾ ਦਿਨ ਵੀ ਓਥੇ ਹੀ ਠਹਿਰੇ।

22 ਅਗਸਤ ਸਵੇਰੇ ਉੱਠ ਕੇ ਚਾਹ ਪੀਕੇ ਵਾਪਸ ਟੁਰ ਪਏ, ਰਸਤੇ ਵਿਚ ਚਾਰ ਪੰਜ ਨਾਲੇ ਪਾਣੀ ਦੇ ਆਏ, ਜਿਨ੍ਹਾਂ ਦੇ ਵਿਚੋਂ ਘੋੜੇ ਲੰਘੇ ਤੇ ਛੇਕੜਲੇ ਨਾਲੇ ਵਿਚ ਬਲ ਜੀ ਨੇ ਥੋੜੇ ਜਿਹੇ ਇਸ਼ਨਾਨ ਕੀਤੇ, ਤੇ ਅਗੇ ਆ ਗਏ ਤੇ ਪੁਲ ਟੱਪ ਕੇ ਖਬੇ ਹਥੋਂ ਨਾਲੇ ਨੂੰ ਫਿਰ ਇਜ਼ਤ ਤੇ ਵਡਿਆਈ ਨਾਲ ਸਜੇ ਪਾਸੇ ਵਲ ਜਗ੍ਹਾ ਦੇ ਕੇ ਫਿਰ ਮੈਦਾਨ ਵਿਚ ਆ ਗਏ, ਤੇ ਆ ਕੇ ਮੈਦਾਨ ਵਿਚ ਡੇਰਾ ਲਗਾ ਦਿੱਤਾ। ਬੈਠਿਆਂ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਪਿਛੋਂ ਨੌਕਰ ਤੇ ਸਾਮਾਨ ਦੇ ਘੋੜੇ ਆ ਗਏ। ਸਾਮਾਨ ਦੇ ਘੋੜੇ ਉਥੋਂ ਆੜੇ ਭੇਜ ਦਿਤੇ ਤੇ ਆਪ ਓਥੇ ਹੀ ਠਹਿਰੇ ਤੇ ਨੌਕਰ ਵੀ ਓਥੇ ਹੀ ਠਹਿਰ ਗਏ ਤੇ ਰੋਟੀ ਪਕਵਾ ਕੇ ਖਾਧੀ। ਰੋਟੀ ਇਚਰ ਖਾਂਦੇ ਹੀ ਪਏ ਸਾਂ, ਕਿ ਬਾਰਸ਼ ਵਸਣੀ ਸ਼ੁਰੂ ਹੋ ਪਈ ਤੇ ਨੀਲੇ ਰੰਗ ਦੇ ਅਸਮਾਨ ਨੂੰ ਕਾਲਿਆਂ ਤੇ ਚਿੱਟਿਆਂ ਬੱਦਲਾਂ ਨੇ ਆ ਕੇ ਰੋਕ ਲਿਆ, ਜਿਸ ਕਰਕੇ ਅਸਮਾਨ ਦਾ ਨੀਲਾ ਰੰਗ ਦਿੱਸਣਾ ਬੰਦ ਹੋ ਗਿਆ, ਤੇ ਨਾਲ ਹੀ ਬਾਰਿਸ਼ ਨੇ ਸਾਡੇ ਕੱਪੜੇ ਸੇਤਨ ਦੀ ਕੋਸ਼ਸ਼ ਕੀਤੀ। ਅਸੀਂ ਝਟ ਪਟ ਹੀ ਉਥੋਂ ਟੁਰਣ ਦੀ ਤਿਆਰੀ ਕਰਕੇ ਤੇ ਘੋੜਿਆਂ ਤੇ ਸਵਾਰ ਹੋ ਕੇ ਅੱਹੋ ਵਲ ਟੁਰ ਪਏ। ਜੇਕਰ ਸਾਮਾਨ ਦੇ ਘੋੜੇ ਅੱਗੇ ਨਾ ਚਲੇ ਜਾਂਦੇ ਤਦ ਅਸਾਂ ਨੇ ਬਾਰਸ਼ ਤੋਂ ਡਰ ਕੇ ਉਸੇ ਮੈਦਾਨ ਵਿਚ ਡੇਰਾ ਕਰ ਲੈਣਾ ਸੀ, ਪਰ ਸਾਮਾਨ ਸਾਡਾ ਅੱਗੇ ਜਾ ਚੁਕਾ ਸੀ, ਇਸ ਕਰਕੇ ਅਸੀਂ ਓਥੇ ਡੇਰਾ ਨਹੀਂ ਸੀ ਕਰ ਸੱਕਦੇ। ਬਾਰਸ਼ ਨੇ ਵੀ ਅਸਾਡੇ ਤੇ ਮੇਹਰਬਾਨੀ ਕੀਤੀ ਤੇ ਆਪਣਾ ਜੋਰ ਨਾ ਦੱਸਿਆਂ। ਜਿਸ ਸਮੇਂ ਆੜੇ ਤੋਂ ਕੋਈ ਡੇਢ ਕੁ ਮੀਲ ਤੇ ਸਾਂ ਬਾਰਸ਼ ਬੰਦ ਹੋ ਗਈ ਤੇ ਧੁੱਪ ਚੜ੍ਹ ਪਈ। ਘੋੜੇ ਆਪਣੀ ਮਰਜੀ ਅਨੁਸਾਰ ਟੁਰ ਰਹੇ ਸਨ, ਕਿਉਂਕਿ ਸਵਾਰਾਂ ਤਰਫੋਂ ਉਨ੍ਹਾਂ ਨੂੰ ਪੂਰੀ ਆਜ਼ਾਦੀ ਸੀ ਤੇ ਕੋਈ ਵੀ ਸਵਾਰ ਚਾਬਕ ਜਾਂ ਸੋਟੀ ਆਪਣੇ ਘੋੜੇ ਨੂੰ ਮਾਰਨੀ ਨਹੀਂ ਸੀ ਚਾਹੁੰਦਾ। ਓਥੋਂ ਅੱਗੇ ਆਕੇ ਉਤਰਾਈ ਜਿਆਦਾ ਸੀ, ਇਸ ਕਰਕੇ ਘੋੜੇ ਉਥੇ ਹੀ ਛੱਡ ਦਿਤੇ ਤੇ ਆਪ ਪੈਦਲ ਟੁਰੇ। ਪੈਦਲ ਥੋੜਾ ਹੀ ਗਏ ਸਾਂ ਕਿ ਆੜੇ ਦੇ ਉਪਰਲੇ ਮੈਦਾਨ ਵਿਚ ਪਹੁੰਚ ਗਏ ਤੇ ਓਥੇ ਹੀ ਬੈਠ ਗਏ। ਓਥੇ ਬੈਠਿਆਂ ਸਾਰੇ ਪਾਸੇ ਸਬਜ਼ੀ ਦੀ ਸਬਜ਼ੀ ਨਜ਼ਰ ਆਉਂਦੀ ਸੀ। ਜਿੱਥੇ ਤਕ ਨਜ਼ਰ ਕੰਮ ਕਰਦੀ ਸੀ ਓਥੇ ਤਕ ਹੀ ਘਾਹ ਤੇ ਦਰਖਤਾਂ ਦੀ ਸਬਜ਼ੀ ਆਪਣੀ ਪਿਆਰੀ ਤੇ ਮਿੱਠੀ ਰੰਗਤ ਨਾਲ ਰੰਗ ਰਹੀ ਸੀ। ਉਸ ਮੈਦਾਨ ਵਿਚ ਕੋਈ ਘੰਟਾ ਕੁ ਬੈਠੇ ਤੇ ਫਿਰ ਓਥੋਂ ਟੁਰ ਪਏ, ਤੇ ਟੁਰ ਕੇ ਹੇਠਲੇ ਮੈਦਾਨ ਵਿਚ ਆ ਗਏ। ਆਹਾ ! ਇਹ ਮੈਦਾਨ ਤਾਂ ਉਪਰਲੇ ਮੈਦਾਨ ਤੋਂ ਵੀ ਵੱਡਾ ਹੈ, ਤੇ ਕੁਦਰਤਨ ਹੀ ਇਕੋ ਜਿਹਾ ਬਣਿਆ ਹੋਇਆ ਹੈ, ਕਿਧਰੇ ਉਚਾਈ ਨਿਚਾਈ ਨਹੀਂ, ਸਾਰਾ ਇਕੋ ਜਿਹਾ ਹੈ। ਓਥੋਂ ਆੜੇ ਦਾ ਪਿੰਡ ਵੀ ਨਜ਼ਰ ਆਉਂਦਾ ਸੀ ਜੋ ਕਿ ਬੜਾ ਨਿੱਕਾ ਜਿਹਾ ਸੀ, ਉਸ ਦੇ ਮਕਾਨ ਬੜੇ ਪੁਰਾਣੇ ਨਜ਼ਰ ਆਉਂਦੇ ਸਨ। ਕੋਈ ਘੰਟਾ ਕੁ ਇਸ ਮੈਦਾਨ ਵਿਚ ਬੈਠ ਕੇ ਫਿਰ ਹੇਠਾਂ ਤੰਬੂਆਂ ਵਿਚ ਆ ਗਏ, ਤੇ ਓਥੇ ਆ ਕੇ ਕੁਝ ਚਿਰ ਬੈਠ ਕੇ ਖੇਡਣਾ ਸ਼ੁਰੂ ਕੀਤਾ। ਪਹਿਲਾਂ ਤਾਂ ਛੱਪਣ-ਛੋਤ ਖੇਡੇ ਫੇਰ ਇਹ ਖੇਡ ਜਲਦੀ ਹੀ ਛੱਡ ਦਿੱਤੀ ਤੇ ਅੱਡੀ-ਤਰੱਪਾ ਖੇਡਣਾ ਸ਼ੁਰੂ ਕੀਤਾ, ਕੋਈ ਘੰਟਾ ਕੁ ਖੇਡ ਕੇ ਖੇਡਣਾ ਬੰਦ ਕਰ ਦਿੱਤਾ ਤੇ ਉਥੇ ਹੀ ਬੈਠ ਗਏ।

Digitized by Panjab Digital Library | www.panjabdigilib.org

ਜਿਸ ਵਕਤ ਖੇਡ ਬੰਦ ਕੀਤੀ, ਤਦ ਰਾਤ ਨੇ ਚਾਨਣੇ ਨੂੰ ਰੁਸਾ ਕੇ ਓਥੋਂ ਭੇਜ ਦਿਤਾ, ਤੇ ਸਾਰੇ ਪਾਸੇ ਹਨੇਰੇ ਦਾ ਰਾਜ ਪਸਰ ਗਿਆ। ਇਤਨੇ ਹੀ ਚਿਰ ਵਿਚ ਚੰਨ ਆਪਣੇ ਤੇਜ ਪ੍ਰਕਾਸ਼ ਨਾਲ ਬੱਦਲਾਂ ਹੇਠੋਂ ਨਿਕਲ ਆਇਆ ਤੇ ਹੁਣ ਉਸ ਨੇ ਆਪਣਾ ਤੇਜ ਦੱਸਣਾ ਸ਼ੁਰੂ ਕੀਤਾ। ਚੰਨ ਦੀ ਪਿਆਰੀ ਤੇ ਸੀਤਲ ਚਾਨਣੀ ਸਾਰੇ ਪਾਸੇ ਫੈਲਦੀ ਬੜੀ ਹੱਛੀ ਪਈ ਲੱਗਦੀ ਸੀ (ਭਾਬੀ ਨਰਿੰਦਰ ਜੀ ਤੰਬੂ ਵਿਚ ਬੈਠੇ ਸਨ) ਉਨ੍ਹਾਂ ਨੇ ਸੁਨੇਹਾ ਭੇਜਿਆ ਬਾਹਿਰ ਸਰਦੀ ਹੈ ਅੰਦਰ ਆ ਜਾਓ, ਪਰ ਚੰਨ ਦੀ ਚਾਨਣੀ ਨੇ ਸਾਡਾ ਦਿਲ ਆਪਣੇ ਵਲ ਇਤਨਾ ਖਿਚਿਆ ਹੋਇਆ ਸੀ ਕਿ ਉੱਠਣਾ ਇਕ ਅਸੰਭਵ ਗੱਲ ਸੀ। ਇਤਨੇ ਚਿਰ ਵਿਚ ਹਨੇਰੇ ਨੇ ਚੰਨ ਨੂੰ ਵੀ ਓਸੇ ਪਾਸੇ ਵਲ ਟੋਰ ਦਿਤਾ, ਜਿਸ ਪਾਸੇ ਵਲ ਅੱਗੇ ਸੂਰਜ ਜਾ ਚੁੱਕਾ ਸੀ। ਚੰਨ ਦੇ ਚਲੇ ਜਾਣ ਕਰਕੇ ਅਸਾਂ ਹਨੇਰੇ ਨੂੰ ਕਿਹਾ, "ਲੈ ਬੇਰੌਣਕੀਆ ਤੇ ਇਕੱਲ ਦਿਆ ਮਾਲਕਾ! ਤੂੰ ਹੁਣ ਇਕੱਲਾ ਹੀ ਰਹੁ। ਅਸੀ ਵੀ ਸਾਰੇ ਚੰਨ ਦੇ ਚਲੇ ਜਾਣ ਕਰਕੇ ਆਪਣੇ ਆਪਣੇ ਤੰਬੂ ਵਿਚ ਜਾ ਰਹੇ ਹਾਂ!" ਇਹ ਕਹਿ ਕੇ ਅਸੀ ਆਪਣੇ ਆਪਣੇ ਤੰਬੂ ਵਿਚ ਆ ਗਏ ਤੇ ਤੰਬੂ ਨੂੰ ਤਦ ਛਡਿਆ ਜਦ ਰਾਤ ਦਾ ਰਾਜ ਖਤਮ ਹੋ ਚੁਕਾ ਸੀ ਤੇ ਹਨੇਰਾ ਆਪਣੇ ਸਿੰਘਾਸਣ ਤੇ ਸੂਰਜ ਦੇਵਤੇ ਨੂੰ ਅਸਥਾਪਨ ਕਰ ਚੁੱਕਾ ਸੀ। ਸਵੇਰੇ ਦਾ ਪ੍ਰਸ਼ਾਦਿ ਛਕ ਕੇ ਅਸਾਂ ਚੌਹਾਂ ਪੰਜਾਂ ਆਦਮੀਆਂ ਨੇ ਜੰਗਲ ਵਾਲਿਆਂ ਦੀ ਨਰਸਰੀ ਵਿਚ ਜਾਣ ਦਾ ਇਰਾਦਾ ਕੀਤਾ, ਤੇ ਘੋੜਿਆ ਤੇ ਚੜ੍ਹ ਕੇ ਅਸੀ ਨਰਸਰੀ ਵਲ ਟੁਰ ਪਏ। ਸਾਰੀ ਨਰਸਰੀ ਦੀ ਸੈਰ ਕਰ ਕੇ ਵਾਪਸ ਆਏ ਤਦ ਭਾਯਾ ਜੀ, ਭਾਬੀ ਜੀ, ਭੈਣ ਜੀ, ਤੇ ਜਸ ਜੀ ਸਾਰੇ ਆੜੇ ਨੂੰ ਇਕਲਿਆਂ ਛੱਡ ਕੇ ਪਹਲਗਾਮ ਵਲ ਮੁਹਾਰਾਂ ਮੋੜ ਚੁੱਕੇ ਸਨ। ਓਥੇ ਅਸਾਂ ਨੇ ਵੀ ਘੋੜਿਆਂ ਦੀਆਂ ਵਾਗਾਂ ਮੋੜਿਆਂ ਤੇ ਪਹਲਗਾਮ ਵਲ ਰੁਖ ਕੀਤਾ, ਪਰ ਅਸਾਡੇ ਘੋੜਿਆਂ ਦੀ ਮਨਸ਼ਾ ਪਹਾੜ ਤੇ ਚੜ੍ਹਣ ਦੀ ਸੀ, ਜਿਸ ਕਰਕੇ ਘੋੜਿਆਂ ਨੇ ਸਾਨੂੰ ਬਹੁਤ ਦੇਰੀ ਲਵਾ ਦਿਤੀ ਪਹਾੜ ਤੇ ਚੜ੍ਹਣ ਵੇਲੇ ਮੇਰਾ ਹੀ ਘੋੜਾ ਸਭ ਤੋਂ ਅੱਗੇ ਹੁੰਦਾ ਸੀ। ਕੋਈ ਡੇਢ ਕੁ ਮੀਲ ਆਏ ਤਦ ਬਲ ਜੀ ਨੇ ਮੇਰਾ ਘੋੜਾ ਆਪ ਲੈ ਲਿਆ ਤੇ ਮੈਨੂੰ ਆਪਣਾ ਘੋੜਾ ਦੇ ਦਿੱਤਾ। ਓਥੋਂ ਥੋੜ੍ਹਾ ਹੀ ਅਗੇ ਆ ਕੇ ਜੀਤ ਜੀ ਨੇ ਆਪਣਾ ਘੋੜਾ ਮੈਨੂੰ ਦੇ ਦਿੱਤਾ, ਤੇ ਆਪ ਮੇਰੇ ਘੋੜੇ ਤੇ ਸਵਾਰ ਹੋ ਗਏ। ਓਥੋਂ ਕਿਧਰੇ ਆਸਤੇ ਤੇ ਕਿਧਰੇ ਤੇਜ ਆਉਂਦੇ ਆਉਂਦੇ ਅਸੀ ਲਛਮਣ ਝੂਲੇ ਤਕ ਪੁੱਜੇ। ਤਦ ਓਥੋਂ ਕੈਲਾਸ਼ ਜੀ ਦਾ ਘੋੜਾ ਪਹਾੜ ਤੇ ਚੜ੍ਹ ਗਿਆ। ਜਦ ਉਨ੍ਹਾਂ ਦਾ ਘੋੜਾ ਹੇਠਾਂ ਉਤਰਿਆ ਤਦ ਅੱਗੇ ਦੇ ਘੋੜੇ ਬੜੇ ਤੇਜ ਆਏ ਤੇ ਉਨ੍ਹਾਂ ਤੋਂ ਥੋੜਾ ਹੀ ਪਿੱਛੇ ਦੋ ਘੋੜੇ ਦੂਸਰੇ ਵੀ ਆ ਗਏ ਪਰ ਕੈਲਾਸ਼ ਜੀ ਬਹੁਤ ਜ਼ਿਆਦਾ ਪਿੱਛੇ ਰਹਿ ਗਏ।

ਏਹ ਅਸਾਡਾ ਲਿੱਦਰ ਨਾਲੇ ਦੇ ਜਨਮ ਅਸਥਾਨ ਦੇ ਸਫਰ ਦਾ ਹਾਲ ਹੈ ਸੋ ਲਿੱਦਰ ਨਾਲਾ ਕੋਲਾਹੋਈ ਤੋਂ ਸ਼ੁਰੂ ਹੋ ਕੇ ਤੇ ਕਈ ਨਾਲੇ ਆਪਣੇ ਨਾਲ ਰਲਾ ਕੇ ਪਹਲਗਾਮ ਆਕੇ ਸ਼ੇਸ਼ਨਾਗ ਦੇ ਨਾਲੇ ਨਾਲ ਮਿਲਾਪ ਕਰਦਾ ਹੋਇਆ ਤੇ ਕਈ ਜਗਾ ਨੂੰ ਪਾਣੀ ਨਾਲ ਨਿਹਾਲ ਕਰਦਾ ਹੋਇਆ ਬੀਜ ਬਿਹਾੜੇ ਚੇਲ ਕੀਤਰੀ ਟਿੰਗ ਜਾਕੇ ਜੇਹਲਮ ਦਰਿਯਾ ਵਿਚ ਪੈਕੇ ਆਪਣਾ ਆਪ ਗਵਾ ਲੈਂਦਾ ਹੈ।

(ਸਿਰੀਨਗਰ ਕਸ਼ਮੀਰ)

**ਦਯਾ ਕੌਰ**

*****

Digitized by Panjab Digital Library | www.panjabdigilib.org

# ਕੀਰਤ ਤੇ ਮਿੱਠਾ ਬੋਲਣਾ

ਜਦ ਆਪਣਾ ਅੰਦਰ ਕਿਸੀ ਅੰਦਰਲੀ ਦੌਲਤ ਨਾਲ ਭਰਿਆ ਹੁੰਦਾ ਹੈ, ਤਦ ਗਰਮੀਆਂ ਨੂੰ ਉਹਦੀ ਠੰਢ ਤੇ ਸਰਦੀਆਂ ਨੂੰ ਉਹਦੀ ਨਿੱਘ ਕਾਲਜੇ ਨੂੰ ਇਕ ਅਕਹਿ ਜਿਹੇ ਸੁਖ ਵਿਚ ਰੱਖਦੀ ਹੈ, ਤਦ ਫਿੱਕਾ ਬੋਲਣ ਹੋ ਹੀ ਨਹੀਂ ਸਕਦਾ। "ਵਾਹ, ਵਾਹ ! ਕਿਹਾ ਸੋਹਣਾ, ਆਹਾ, ਆਹ ਕਿਹਾ ਚੰਗਾ!" ਬੱਸ ਇਹੋ ਜਿਹੇ ਅਨੰਦ ਨਾਦ ਹੀ ਮੂੰਹ ਵਿਚੋਂ ਨਿਕਲਦੇ ਹਨ, ਜਿਵੇਂ ਸ਼ਹਿਦ ਨਾਲ ਭਰਿਆ ਮੂੰਹ ਹੁੰਦਾ ਹੈ, ਵਚਨ ਮਿੱਠੇ ਨਾਲ ਲਿੱਬੜੇ, ਸੂਰਜ ਕਿਰਣਾਂ ਦੇ ਸੋਨੇ ਨਾਲ ਗੁੰਦੇ ਹੋਠਾਂ ਦੀ ਗੁਲਾਬੀ ਭਾਹ ਨਾਲ ਚਮਕਦੇ, ਝਰਦੇ ਹਨ, ਠੰਢ ਪਾਂਦੇ ਹਨ। ਕੀਰਤ, ਸਿਫਤ ਸਲਾਹ ਕਰਨ ਨਾਲ ਸਾਡੀ ਆਪਣੀ ਸ਼ਖਸੀਅਤ ਉੱਚੀ, ਮਿੱਠੀ ਤੇ ਡੂੰਘੀ ਹੁੰਦੀ ਹੈ। 'ਜੇ ਤੂੰ ਅਕਲ ਲਤੀਫ ਕਾਲੇ ਲਿਖ ਨਾ ਲੇਖ', ਫਰੀਦ ਜੀ ਦਾ ਕਹਿਣਾ ਇਕ ਖਾਸ ਗੰਭੀਰਤਾ ਨਾਲ ਭਰਿਆ ਹੈ। "ਦੱਸ ਵੇ! ਪਿਆਰੇ ਘਾਹ ਦਿਆ ਪੱਤਿਆ ਤੂੰ ਕੀ ਹੈਂ?" ਅਮਰੀਕਾ ਦਾ ਸ਼ਾਇਰ ਪੁੱਛਦਾ ਹੈ ਤੇ ਨਾ ਸਿਰਫ ਆਪ ਵਿਸਮਾਦ ਵਿਚ ਜਾਂਦਾ ਹੈ ਪਰ ਸਾਨੂੰ ਵੀ ਓਸ ਅਜੀਬ ਅਰਥ ਭਰੀ ਨਿਗਾਹ ਨਾਲ ਹੈਰਾਨ ਕਰ ਦਿੰਦਾ ਹੈ ਠੀਕ! ਇਸ ਨੂੰ ਪਤਾ ਹੈ ਕਿ ਇਹ ਨਿਮਾਣੀ ਘਾਹ ਦੀ ਪੱਤੀ ਕੀ ਹੈ। ਬਨਫਸ਼ੇ ਦਾ ਫੁੱਲ, ਕੀ ਸ਼ਹਿਦ ਦੀ ਮੱਖੀ ਕੋਈ ਫੁੱਲ ਬਣ ਗਈ ਹੈ ਯਾ ਕਿਸੇ ਦੇ ਨੈਨ ਕਿਸੀ ਬਿਜਲੀ ਵਾਂਗ ਪਿਆਰ ਵਿਚ ਫੁਲ ਬਣ ਗਏ ਹਨ? ਸ਼ਮਸ਼—ਤਬਰੇਜ਼ ਉਸੀ ਹੈਰਾਨੀ ਵਿਚ ਜਾਂਦਾ ਹੈ :—

"ਨੀ ਅੜੀਓ ਸਾਨੂੰ ਪਤਾ ਨਹੀਂ ਅਸੀ ਕੌਣ ?

ਮਨੁੱਖ ਕਿ ਦੇਵ, ਕਿ ਪਰੀ, ਕਿ ਪੱਥਰ, ਕਿ ਕੁਛ ਨਹੀਂ।"

ਤੇ ਫਿਰ "ਹਾਇ ! ਮੈਨੂੰ ਪਤਾ ਨਾ ਲੱਗਾ,

ਕੀ ਪੜ੍ਹਾਂ ਤੇ ਕਿਥੋਂ ਤਕ ?

ਕੀ ਜਾਣਾਂ ਤੇ ਕੀ ਕੁਝ ?

ਹੱਦਾਂ ਵਿਚ ਬੇਹੱਦਾਂ ਮਾਰਨ ਝਾਕੀਆਂ,

ਹਾਇ ਵੇ ਮੈਂ ਤਾਂ, ਹੈਰਾਨ ਫਿਰਾਂ।

ਹੋ ਮਤਵਾਲਾ ਇਸ ਦੁਨੀਆਂ ਦੀ ਜਾਦੂ ਗਲੀ ਵਿਚ।"



Digitized by Panjab Digital Library | www.panjabdigilib.org

ਕਦ ਬਣੀ ਦੁਨੀਆਂ ? ਕਿਸ ਬਣਾਈ ? ਕੌਣ ਹੈ ? ਕੋਈ ਕਿੱਥੇ ਹੈ ? ਕਿੱਧਰੋਂ ਆਇਆ ? ਕਿੱਧਰ ਜਾਸੀ ? ਕੀ ? ਇੱਧਰ ? ਕਿੱਥੇ ? ਕਿਉ ? ਬੱਸ ਇਹ ਬਿਜਲੀ ਵਾਂਗ ਪੈਂਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇ ਸੱਕਦਾ ਤੇ ਮਾਰਿਆ ਜਾਂਦਾ ਹੈ। ਦੁਨੀਆਂ ਦੀ ਅਕਲ ਮਾਨੋਂ ਅਫਰੀਕਾ ਦਾ ਰੇਗਸਤਾਨ ਹੈ ਤੇ ਰੇਗਸਤਾਨ ਵਿਚ ਡੁੱਬਦਾ ਜਾਂਦਾ ਬੁੱਤ ਸਿਰਫ ਸਿਰ ਕੁਛ ਬਾਹਰ, ਇਕ ਅਧੀ ਤੀਮੀ ਤੇ ਅਧੇ ਮਰਦ ਦਾ ਬੁੱਤ ਕੁਛ ਹੈਵਾਨ ਦਾ, ਸਿਫੰਕਸ ਹੈਵਾਨੀਅਤ ਅਧੀ ਤੇ ਅਧੀ ਇਨਸਾਨੀਅਤ ਦਾ ਬੁੱਤ ਇਹ ਸਵਾਲ ਪੁੱਛਦਾ ਹੈ, ਤੇ ਜੋ ਜਵਾਬ ਨਹੀਂ ਦਿੰਦਾ, ਮਾਰਿਆ ਜਾਂਦਾ ਹੈ। ਜਦ ਅਕਲ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਨਹੀਂ ਸੱਕਦੀ ਤਦ ਓਹ ਵੇਖ ਵੇਖ ਹੈਰਾਨ ਹੁੰਦੀ ਜਾਂਦੀ ਹੈ, ਤੇ ਡੂੰਘੇ ਉਤਰਦੀ ਜਾਂਦੀ ਹੈ ਤੇ ਵਾਹ ਵਾਹ ਕਰਦੀ ਹੈ। ਜੇ ਰੱਬ ਦੀ ਸੁਗੰਧਿਤ ਸੋਂ ਕਿਧਰੋਂ ਮਿਲ ਜਾਵੇ ਆਵੇਸ਼ ਹੁੰਦਾ ਹੈ, ਕੀਰਤ ਤੇ ਸਿਫਤ ਸਲਾਹ ਵਿਚ ਆਉਂਦੀ ਹੈ ; ਕੋਈ ਸੋਹਣੀ ਚੀਜ ਇਸ ਲਾ-ਜਵਾਬ ਕਰਾਮਾਤ ਜਿਹੀ ਕੁਦਰਤ ਵਿਚ ਓਹਨੂੰ ਖਿੱਚਦੀ ਹੈ, ਤੇ ਓਹ ਖਿੱਚੀ ਸੁਰਤਿ ਪਿਆਰ ਦਰਦਾਂ ਵਿਚ ਸੋਹਣੀ ਹੁੰਦੀ ਜਾਂਦੀ ਹੈ ਤੇ ਕਹਿੰਦੀ ਹੈ—'ਸਭ ਕੁਛ ਚੰਗਾ', ਜੋ ਹੈ ਸੋ ਵਾਹ ਵਾਹ।' ਬ੍ਰਾਊਨਿੰਗ ਕਿਧਰੇ ਇਸ਼ਾਰਾ ਕਰਦਾ ਹੈ "ਵਾਹ ਵਾਹ! ਰੱਬ ਅਸਮਾਨਾਂ ਵਿਚ ਵਾਹ ਵਾਹ ! ਤੂੰ ਤਾਂ ਹਿਠਾਹਾਂ ਖੇਡਦਾ ਸਭ ਵਲ ਤੇ ਚੰਗੇ ਹਨ।"

ਇਹ ਕੀਰਤ ਕਰਨੀ, ਇੰਞ ਸਿਫਤ ਸਲਾਹ ਕਰਨੀ, ਜ਼ਿੰਦਗੀ ਦਾ ਉੱਚਾ ਵਿਸਮਾਦ ਰਾਗ ਹੈ।

ਕੈਂਟ ਫਿਲਾਸਫਰ ਲਿਖਦਾ ਹੈ ਕਿ "ਓਹ ਅਸਗਾਹ ਨੀਲਾ ਗਗਨ ਤਾਰਿਆਂ ਭਰਿਆ ਤੇ ਇਹ ਮੇਰੇ ਆਪਣੇ ਅੰਦਰ ਸੋਝ ਤੇ ਕੋਝ ਬੁਰੇ ਤੇ ਭਲੇ ਦੀ ਖਬਰ—ਉਹ ਰੱਬਤਾ ਕੁਦਰਤ ਦੀ ਤੇ ਇਹ ਮੇਰੇ ਅੰਦਰ ਉੱਚਾ ਰੂਹਾਨੀ ਰਾਜ—ਮੈਨੂੰ ਹੈਰਾਨ ਕਰਦੇ ਹਨ।"

ਸ਼ਾਹ ਹੁਸੈਨ ਕਹਿੰਦਾ ਹੈ, "ਹੀਆ ਨਾ ਠਾਹੀਂ ਕਹੀਦਾ" ਤੇ ਇਕ ਹੋਰ ਇਹੋ ਜਿਹਾ 'ਮਿੱਠਾ ਬੋਲੀਂ ਜੱਗਾ', ਤੇ ਗੁਰੂ ਨਾਨਕ ਸਾਹਿਬ ਜੀ ਲਿਖਦੇ ਹਨ :—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ
ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥1॥

ਬੱਸ ਫਿੱਕਾ ਬੋਲਣਾ ਓਹ ਨੁਕਤਾਚੀਨੀ ਹੈ, ਜਿਹੜੀ ਵੱਡੀਆਂ ਚੀਜ਼ਾਂ ਨੂੰ ਨਿੱਕਾ ਕਰਕੇ ਦੱਸਦੀ ਹੈ। ਹਰ ਇਕ ਚੀਜ਼ ਵਲ ਕੀ ਪੱਥਰ, ਕੀ ਦਰਿਯਾ ਕੀ ਚੰਨ ਤੇ ਸੂਰਜ ਮਨੁੱਖ ਹੈਵਾਨ ਵਲ ਇਕ ਅਦਬ ਜਿਹੜਾ ਹੁੰਦਾ ਹੈ ਤੇ ਹੋਣ ਕਰਕੇ ਸਾਡੇ ਜੀਵਨ ਨੂੰ ਆਪ ਮੁਹਾਰਾ ਡੂੰਘਾ ਕਰਦਾ ਹੈ, ਓਹ ਫਿੱਕੀ ਨੁਕਤਾਚੀਨੀ ਨਾਲ ਗੁੰਮ ਜਾਂਦਾ ਹੈ। ਪਿਆਰ ਦਾ ਕਤਰਾ ਨੈਨਾਂ ਵਿਚੋਂ ਸੁੱਕ ਜਾਂਦਾ ਹੈ, ਦਿਲ ਦੀ ਸਾਦਾ ਹਮਦਰਦੀ ਇਕ ਕਰਖਤ ਕਠੋਰਪਨ ਵਿਚ ਬਦਲ ਜਾਂਦੀ ਹੈ। ਆਦਮੀ ਫਿੱਕੇ ਬੋਲ ਤੇ ਫਿੱਕੇ ਵਿਚਾਰ ਤੇ ਫਿੱਕੀ ਨੁਕਤਾਚੀਨੀ ਨਾਲ ਆਪ ਮਰ ਜਾਂਦਾ ਹੈ।

Digitized by Panjab Digital Library | www.panjabdigilib.org

ਫਿੱਕੀ ਅਕਲ ਹਰ ਇਕ ਕੁਦਰਤੀ ਅਨੋਖੇਪਨ ਨੂੰ ਤੱਤਾਂ ਵਿਚ ਫਾੜ ਫਾੜ ਵਹਿੰਦੀ ਹੈ ਤੇ ਵਿਚੋਂ ਕੁਛ ਨਹੀਂ ਨਿਕਲਦਾ। ਇਕ ਵੱਡੇ ਮਹਾਂ ਪੁਰਖ ਦੀ ਆਤਮਕ ਉੱਪਦ੍ਰਵ ਲੈ ਆਉਣ ਵਾਲੀ ਸਮਰਥਾ ਦਾ ਵਿਚਾਰ ਨਹੀਂ ਓਹਦੇ ਖਾਣ ਪੀਣ ਆਦਿ ਦੇ ਔਗੁਣ ਦੱਸ ਕੇ ਇਹ ਕਹਿ ਦੇਣਾ ਕਿ ਸਾਡੇ ਵਰਗਾ ਸੀ, ਇਹ ਫਿੱਕਾ ਵਿਚਾਰ ਹੈ, ਜਿਸ ਨੇ ਮਹਾਂਪੁਰਖਾਂ ਨੂੰ ਤਾਂ ਕੀ ਨਿੱਕਾ ਕਰਨਾ ਹੈ, ਸਾਨੂੰ ਮਾਰ ਜਾਂਦਾ ਹੈ।

ਕੋਈ ਗੱਲ ਮੰਨਣੀ ਨਹੀਂ ਚਾਹੀਦੀ, ਤਜਰਬਾ ਕਰਕੇ ਆਪ ਉੱਤੇ ਵਰਤ ਕੇ ਵੇਖਣਾ ਚਾਹੀਦਾ ਹੈ। ਪਰ ਆਓ ਵੇਖੋ, ਇਕ ਕਿਸੀ ਪਿਆਰ ਵਿਚ ਆਪ ਵਸਕੇ ਅੰਦਰਲਾ ਭਰ ਕੇ ਅਕਹਿ ਕੁਦਰਤ (ਜਿਸ ਵਿਚ ਮਨੁੱਖ ਵੀ ਸ਼ਾਮਲ ਸਦਾ ਹੈ) ਦੀ ਪਰਮ ਅਗੰਮ ਸੁੰਦਰ ਅਮੂਰਤ ਮਰਤੀ ਨੂੰ ਅੱਗੇ ਵੇਖ ਕੇ ਸਿਫ਼ਤ ਕਰਨਾ, ਇਹ ਸਾਡੀ ਆਪਣੀ ਜ਼ਿੰਦਗੀ ਤੇ ਕੀ ਅਸਰ ਕਰਦਾ ਹੈ ? ਤਜਰਬਾ ਕਰੋ, ਤੇ ਫਿੱਕਾ ਵਿਚਾਰ ਕੀ ? ਸਭ ਫਜ਼ੂਲ, ਸਭ ਗੁਨਾਹਗਾਰ, ਕੋਝੇ, ਇਹ ਇਕ ਡੂੰਘੀ ਨਾਉਮੈਦੀ ਅੰਦਰ ਪੈਦਾ ਕਰਦਾ ਹੈ, ਅਰ ਜਦ ਕੋਈ ਮੁਸ਼ਕਲ ਆ ਬਣੇ ਢੋਈ ਕੋਈ ਨਾ ਦੇਵੇਂ ਤੇ ਆਪੇ ਥੀਂ ਵੀ ਡਰ ਲੱਗੇ ਤਦ ਅੰਦਰ ਚਲਾਇਮਾਨ ਮਨ ਨੂੰ ਤੁਲ ਦੇਣ ਵਾਲਾ ਕੋਈ ਨਹੀਂ ਰਹਿੰਦਾ। ਇਨ੍ਹਾਂ ਫਿੱਕੇ ਵਿਚਾਰਾਂ ਦਾ ਫਲ ਮਾਦੀ ਦੁਨੀਆਂ, ਮਾਦਾ ਜਿਸਮ, ਤੇ ਖਾ ਪੀ ਕੇ ਕੰਮ ਕਰਨ ਵਾਲੀਆਂ ਪੰਜ ਇੰਦ੍ਰੀਆਂ ਦੇ ਸੁਖਾਂ ਦੁਖਾਂ ਨੂੰ ਭਾਨ ਕਰਨ ਯਾ ਭੋਗਣ ਦਾ "ਸੱਚ" ਅਥਵਾ "ਕੂੜ" ਸਾਡੇ ਪੱਲੇ ਰਹਿ ਜਾਂਦਾ ਹੈ, ਕੋਈ ਅਚਰਜ ਕਰਨ ਵਾਲੀ ਗੱਲ ਨਹੀਂ ਦਿੱਸਦੀ। ਇਹ ਜਗਤ ਕਰਾਮਾਤ ਜਿਸਦਾ ਇਕ ਇਕ ਕਿਣਕਾ ਅਨੇਕ ਰੂਹਾਨੀ ਜਲਵਿਆਂ ਨਾਲ ਭਰਿਆ ਹੈ, ਓਹ ਨਿਰੀ ਕਾਲੀ ਤੇ ਭੂਰੀ ਤੇ ਚਿੱਟੀ ਰੇਤ ਦੇ ਰੇਗਸਤਾਨ ਦਿੱਸਣ ਲੱਗ ਜਾਂਦੀ ਹੈ। ਅੰਦਰ ਹਨੇਰਾ ਬਾਹਰ ਹਨੇਰਾ, ਇਹੋ ਜਿਹੇ ਸਮੇਂ ਵਿਚ ਆਦਮੀ ਆਪੇ ਥੀਂ ਦਿੱਕ ਆਏ, ਕਿਸੀ ਮਹਾਂ ਪੁਰਖ ਦੀ ਉਡੀਕ ਕਰਦੇ ਹਨ। ਹਾਏ ਕੋਈ ਆਵੇ ਤੇ ਦੱਸੇ ਇਸ ਰੇਗਸਤਾਨ ਵਿਚ ਬਹਿਸ਼ਤਾਂ ਦੇ ਬਹਿਸ਼ਤ ਹਨ। ਸੋਹਣ ਅਮੂਰਤੀ ਕੋਈ ਅਨੇਕਮੂਰਤੀਆਂ ਵਾਲੀ ਹਸਤੀ ਹੈ ਤੇ ਓਹ ਪਿਆਰ ਕਰਦੀ ਹੈ।

ਜਦ ਫਿੱਕਾ ਬੋਲਣ ਲੱਗੀਏ, ਤਦ ਵਿਚਾਰ ਕਰ ਲਈਏ ਕਿ ਇਸ ਸਾਡੇ ਸਿਦਕ ਤੇ ਵਿਸਮਾਦ ਤੇ ਜੀਵਨ ਦੀ ਕਮਾਲ ਸਾਦਗੀ ਦੀ ਅਸਲੀਅਤ ਨੂੰ ਫੂਕ ਸੱਟਣ ਵਾਲੀ ਇਹ ਭਾਹ ਹੈ। ਕੀਰਤੀ ਕਰਨਾ ਇਕ ਆਚਰਣ ਹੈ ! ਬਾਬਾ ਅਮਰਦਾਸ ਜੀ ਵਾਲੇ ਬਖਸ਼ੇ "ਭੱਤੇ" ਬੜੇ ਚੰਗੇ ਹਨ, ਉਨ੍ਹਾਂ ਵਿਚ ਕੀਰਤੀ ਕਰਨ ਵਾਲਾ ਡੂੰਘਾ ਤੇ ਸੁੱਚਾ ਆਚਰਣ ਹੈ :—

ਭ-ਭਲਾ ਜੀ।

ਭ-ਭੁੱਲਾ ਜੀ।

ਪਰ ਨੱਕ ਚਾੜ੍ਹਣਾ ਤੇ ਆਪਣੀ ਚਿੜੀ ਵਰਗੀ ਅਕਲ ਨਾਲ ਅਸਗਾਹ-ਜਿਹੜਾ ਇਕ ਮੋਮ ਦੀ ਬੱਤੀ ਦੇ ਬਲਣ ਵਿਚ ਵੀ ਪ੍ਰਤੱਖ ਤੇ ਗੁਪਤ ਹੈ-ਨੂੰ ਪਿਆ ਤੋਲਣਾ ਤੇ ਹਿਸਾਬ ਲਾਣੇ, ਇਹ ਆਚਰਣ ਨੂੰ ਨਿੱਕਾ ਤੇ ਭੈੜਾ ਕਰਦਾ ਹੈ।

ਆਦਮੀ ਕੋਈ ਖਿਡਾਉਣਾ ਤਾਂ ਨਹੀਂ, ਕੁਦਰਤ ਕੋਈ ਮੰਤਕ ਦੀ ਕਿਤਾਬ ਤਾਂ ਨਹੀਂ, ਜੀਵਨ ਦੀ ਦਿਲ ਧੜਕਾਂ ਦੀ ਪਰਵਾਨਗੀ ਹੈ। ਇਸ ਵਿਚ ਮੰਤਕੀ ਅਸੂਲਾਂ ਦਾ ਗੱਠਾ ਬੰਨ੍ਹ ਕੇ ਮੋਢੇ ਤੇ

Digitized by Panjab Digital Library | www.panjabdigilib.org

ਚੁੱਕੀ ਫਿਰਣਾ ਕੋਈ ਗੁੱਝੀ ਗੱਲ ਤਾਂ ਨਹੀਂ। ਮਜ਼ੂਰੀ ਟੋਕਰੀ ਚੁੱਕੀ ਜਾ ਰਿਹਾ ਹੈ, ਮੌਲਵੀ ਕਿਤਾਬਾਂ, ਪਾਦਰੀ ਹੋਰ ਅਸੂਲ ਤੇ ਪੰਡਿਤ ਹੋਰ ਅਸੂਲ, ਇਨ੍ਹਾਂ ਬੱਝੇ ਅਸੂਲਾਂ ਵਿਚੋਂ ਤਾਂ ਜੀਵਨ ਦੇ ਦੋਪੱਤੀਆਂ ਸ਼ਗੂਫਾਂ ਫੁੱਟ ਕੇ ਨਹੀ ਨਿਕਲਣਾ, ਉਹ ਤਾਂ ਅਨੰਤ ਧਰਤੀ ਵਿਚੋਂ ਸਮਾਂ ਪਾਕੇ ਫੁੱਟਣਾ ਹੈ, ਜੀਵਣ ਤੇ ਆਚਰਣ ਕੁਦਰਤ ਤੇ ਸਾਦਾ ਪਰ ਅਸਗਾਹ ਦਿਲ ਧੜਕਾਂ ਦੇ ਰਵਾਨਾ ਦਰਿਯਾ ਵਿਚੋਂ ਕੋਈ ਕੰਵਲ ਫੁੱਲ ਦੀ ਨਿਕਲੀ ਡੋਡੀ ਹੈ, ਜਿਸ ਵਿਚ ਹੀਰੇ ਦੀ ਚਮਕ ਪ੍ਰਾਣਾਂ ਵਾਲੀ ਜੀਦੀ ਕੋਈ ਭੇਤ ਹੋਰ ਹੀ ਹੈ। ਜਿਹੜਾ ਅੰਦਰੋਂ ਬਾਹਰੋਂ ਮਿੱਠਾ ਹੈ ਤੇ ਮਿੱਠੇ ਬਚਨ ਕਰਦਾ ਹੈ, ਉਹ ਕੁਦਰਤ ਦੀ ਧੜਕ ਵਿਚ ਆਪਣੇ ਦਿਲ ਦੀ ਧੜਕ ਸੁਣ ਰਿਹਾ ਹੈ। ਸੁੱਚੇ ਆਚਰਣੋਂ ਵਾਲਿਆਂ ਦੀ ਸਰਲਤਾ ਤੇ ਸਾਦਗੀ ਵਲ ਇਸ਼ਾਰਾ ਹੈ। ਰਯਾਕਾਰ ਤੇ ਠੱਗ ਬਾਹਰੋਂ ਬੜੇ ਮਿੱਠੇ ਤੇ ਅੰਦਰੋਂ ਕਸਾਈ ਹੁੰਦੇ ਹਨ, ਉਹ ਹਾਲੇ ਮੁਰਦੇ ਪੱਥਰ ਅਲਮਾਸ ਤੇ ਹੀਰੇ ਹਨ, ਉਨ੍ਹਾਂ ਨੂੰ ਹਾਲੇ ਜੀਵਨ ਕਣੀ ਪ੍ਰਾਪਤ ਹੋਣੀ ਹੈ। ਪਰ ਜਿਸ ਨੂੰ ਕੁਦਰਤ ਦੀ ਜਿੰਦ ਦੀ ਖਬਰ ਮਿਲ ਗਈ ਹੈ, ਉਸਦੇ ਦਿਲ ਦੇ ਪਰਦੇ ਆਪ ਮੁਹਾਰੇ ਓਡਰ ਜਾਂਦੇ ਹਨ, ਕਪਟ ਜੇਹੜੇ ਬੰਦ ਸਨ, ਖੁਲ੍ਹ ਜਾਂਦੇ ਹਨ। ਇਹਦੀਆਂ ਸਭ ਦਿਲ-ਥਾਂਵਾਂ ਅਨੰਤ ਗਗਨ ਦੀ ਖੁਸ਼ੀ ਨਾਲ ਭਰਦੀਆਂ ਹਨ ਤੇ ਉਹ ਧੋਖਾ ਕਰ ਹੀ ਨਹੀਂ ਸੱਕਦਾ। ਆਪ ਤਾਂ ਰਿਹਾ ਹੀ ਨਹੀਂ ਪਰਦਾ ਕਿਸ ਉੱਪਰ ਪਾਵੇ, ਕੂੜਾ ਕਰਕਟ ਸਭ ਖੁਸ਼ੀ ਦੀ ਅੱਗ ਨੇ ਜਲਾ ਦਿੱਤਾ ਹੈ।

ਇਹ ਆਚਰਣ ਹੈ, ਬਾਕੀ ਕੀ ? ਹਰ ਇਕ ਨਾਨਾ ਤਰਾਂ ਦੇ ਕੁਦਰਤ ਦੇ ਅਨੇਕ ਰੰਗ ਹਨ। ਮਿੱਠਾ ਬੋਲਣ ਨਾਲ ਤਾਂ ਸ਼ਾਇਦ ਕੁਛ ਨਾ ਬਣ ਸੱਕੇ, ਪਰ ਜੇ ਅੰਦਰ ਉਹ ਭੇਦ ਭਰੀ ਖੁਸ਼ੀ ਹੋਵੇ ਤੇ ਉਹ ਸੱਚਾ ਆਚਰਣ ਮਿੱਠਾ ਬੋਲੇ ਤਦ ਸਤ਼ੀ ਦੁਨੀਆਂ ਦੇ ਅਹੋਭਾਗ ! ਸੁੱਕੇ ਹਰੇ ਹੋ ਜਾਣਗੇ।

ਮਿਠ ਬੋਲੜਾ ਜੀ ਹਰਿ ਸਜਨ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਉਹ ਕਦੀ ਨ ਬੋਲੇ ਕਉਰਾ॥

ਬੱਸ ਨੁਕਤਾਚੀਨੀ ਕਰਨਾ ਚੀਜ਼ਾਂ ਨੂੰ, ਕੀ ਵੱਡੀਆਂ ਤੇ ਕੀ ਛੋਟੀਆਂ ਨੂੰ ਫੂਕ ਸੁੱਟਣਾ ਹੈ। 'ਮਾਂ' 'ਮਾਂ' ਕਹਿੰਦੀਆਂ ਬੱਚੇ ਜੀਦੇ ਹਨ, ਪੁਤ੍ਰਾਂ ਦੀਆਂ ਬਾਹਾਂ ਵਿਚ ਬਲ ਆਉਂਦਾ ਹੈ, ਬੜੇ ਬੜੇ ਵਰਿਆਮ ਸੂਰਬੀਰਤਾ ਦੇ ਕੰਮ 'ਮਾਂ' ਦੇ ਪਿਆਰ ਵਿਚ ਕਰ ਜਾਂਦੇ ਹਨ। 'ਮਾਂ' ਦੇ ਵੱਡੇ ਸਰੂਪ ਮੁਲਕ ਪਿਛੇ ਕੀ ਕੀ ਕੁਰਬਾਨੀਆਂ ਨਹੀ ਹੁੰਦੀਆਂ ਤੇ ਮਾਂ ਤਾਂ ਕੋਈ ਜੀਦੀ ਜਾਗਦੀ ਆਪਾ ਵਾਰਣ ਦਾ ਅਵਤਾਰ ਹੈ, ਅਰ ਨਿਰੇ ਕੌਮੀ ਝੰਡੀਆਂ ਨੂੰ ਹਵਾ ਵਿਚ ਲਹਿਰਾਂਦਾ ਦੇਖ ਫਤਹ ਪਾਣ ਵਾਲੀਆਂ ਕੌਮਾਂ ਦੇ ਬੱਚੇ ਕਿਸੀ ਸਰੂਰ ਤੇ ਹੱਡੀਂ ਗਰੂਰ ਨੂੰ ਪਹੁੰਚਦੇ ਹਨ ਅਰ ਉਨ੍ਹਾਂ ਦੇ ਦਿਲ ਵਿਚ ਤਾਕਤ ਭਰਦੀ ਹੈ। ਇਹ ਕਹਿ ਦੇਣਾ 'ਮਾਂ' ਕੀ ਹੈ, ਬੱਸ **ਕਾਰਬਨ, ਆਕਸੀਜਨ, ਹਾਈਡਰੋਜਨ, ਕੇਲਸੀਅਮ, ਫਾਸਫੋਰਸ** ਆਦਿ ਦਾ ਇਕ ਜੋੜ ਅਥਵਾ ਹੱਡੀ ਮਾਸ ਆਦਿ ਦਾ। ਤਦ ਉਹ ਹਕੀਕਤ 'ਮਾਂ' ਸ਼ਬਦ ਵਿਚ ਜਿਹੜੀ ਹੈ, ਉਹ ਤਾਂ ਇਹ ਅੰਤਮ ਫਾੜ ਦੱਸ ਨਹੀਂ ਸੱਕਦੀ, ਹੱਥ ਵਿਚ ਤਾਂ ਮੁੱਠੀ ਛਾਈ ਦੀ ਰਹਿੰਦੀ ਹੈ, ਤੇ ਮੁੱਠੀ ਛਾਈ ਦੀ ਨੇ ਤਾਂ ਉਹ ਅਵੇਸ਼, ਪਿਆਰ, ਕੁਰਬਾਨੀ, ਬੀਰਤਾ ਮੇਰੇ ਦਿਲ ਵਿਚ ਨਹੀਂ ਉਪਜਾਏ ਸਨ। ਇਸ ਤਰਾਂ "ਰੱਬ ਕੀ ਹੈ ? ਗੁਰੂ ਕੀ ਹੈ ? ਸੰਤ ਸਾਧ ਕੀ ਹੁੰਦੇ ਹਨ ? ਮਹਾਂ ਪੁਰਖ ਕੀ ਹਨ ?" ਆਦਿ ਪ੍ਰਸ਼ਨ ਦੇ ਉੱਤਰ ਇਸ ਨੀਵਨ ਨੁਕਤਾ ਚੀਨੀ ਦੀ ਛਾਣ ਬੀਣ ਦੇ ਦੇਣੇ

Digitized by Panjab Digital Library | www.panjabdigilib.org

ਤੇ ਉਨ੍ਹਾਂ ਨੂੰ ਸੱਚ ਸਮਝਣਾ, ਜੀਵਨ ਦੇ ਨੁਕਤੇ ਥੀਂ ਸਰਾ ਸਰ ਕੂੜ ਹੈ ਤੇ ਅਕਲ ਇਨ੍ਹਾਂ ਅਜ ਕਲ ਦੇ ਲੋਕਾਂ ਲਈ ਕੂੜਾਂ ਨੂੰ ਸੱਚ ਕਰਕੇ ਸਟੇਜ ਤੇ ਲਿਆ ਰਹੀ ਹੈ, ਇਹ ਸਭ ਬਰਬਾਦੀਆਂ ਹਨ।

ਸਿਫਤ ਸਲਾਹ ਕਰਨਾ, ਇਕ ਨਿੱਕੀ ਤੱਤੀ ਘਾਹ ਥੀਂ ਜਿਹੜੀ ਹਵਾ ਦੇ ਗਲੇ ਲੱਗ ਕੇ ਝੂਮਦੀ ਹੈ, ਸੂਰਜ ਤਕ, ਹੈਵਾਨ ਤਕ, ਬੰਦੇ ਤਕ ਮਹਾਂ ਪੁਰਖਾਂ ਤਕ, ਇਕ ਜੀਵਨ ਨੂੰ ਬਨਾਉਣਾ ਹੈ, ਜ਼ਿੰਦਾ ਕਰਨਾ ਹੈ। ਆਪ ਨੂੰ ਆਪਣੀ ਤਾਰੀਫ ਕੈਸੀ ਚੰਗੀ ਲੱਗਦੀ ਹੈ, ਚੰਗੀ ਨਹੀਂ ਆਪ ਦੇ ਰੂਹ ਨੂੰ ਤਾਕਤ ਦੇਣ ਵਾਲੀ ਕੋਈ ਗਿਜ਼ਾ ਹੈ, ਖੁਸ਼ਾਮਦ ਜੇ ਕੂੜੀ ਵੀ ਕਰਦਾ ਹੋਵੇ ਉਸ ਨੂੰ ਰੋਕਣਾ ਬੜਾ ਮੁਸ਼ਕਲ ਹੈ, ਆਤਮਾ ਜੇ ਅੰਦਰੋਂ ਪ੍ਰਸੰਨ ਹੁੰਦਾ ਹੈ, ਦਿਲ ਜੇ ਉੱਚੇ ਹੁੰਦਾ ਹੈ। ਕੁਲ ਦੁਨੀਆਂ ਵਿਚ ਹੰਭਲੇ, ਪਰਉਪਕਾਰ, ਭਜਨ ਭਗਤੀ, ਇਲਮ, ਉਨਰ ਦੇ ਹਰ ਕੋਈ ਮਾਰਦਾ ਹੈ, ਪਰ ਉਹ ਛਿਪ ਕੇ ਇਹ ਵੀ ਧਿਆਨ ਨਾਲ ਸੁਣਦਾ ਹੈ ਕਿ ਕੌਣ ਕੌਣ ਇਸ ਕਿਰਤ ਦੀ ਕੋਈ ਸਿਫਤ ਕਰਦਾ ਹੈ ? ਕਿਉਂ ? ਇਸ ਵਾਸਤੇ ਕਿ ਜੀਵਨ ਸਿਫਤ ਸਲਾਹ ਨੂੰ ਪਾਕੇ ਪ੍ਰਦੀਪਤ ਹੁੰਦਾ ਹੈ। ਇਸ ਵਾਸਤੇ ਸਿਫਤ ਸਲਾਹ ਕਰਨਾ ਚਾਹੇ ਵਿਸਮਾਦ ਵਿਚ ਆਕੇ ਅੰਤਮ ਤੇ ਇਲਾਹੀ ਸੁਹਣੱਪ ਦਾ, ਚਾਹੇ ਅਦਬ ਲਿਹਾਜ਼ ਦੀ ਖਾਤਰ, ਚਾਹੇ "ਹਿਯਾ ਨ ਠਾਹੀਂ ਕਹੀਂਦਾ" ਇਸ ਦਰਦ ਦੀ ਖਾਤਰ ਹਰ ਤਰਾਂ ਇਹ ਜੀਵਨ ਨੂੰ ਪਾਲਣਾ ਹੈ ਤੇ ਨੁਕਤਾਚੀਨੀ ਉਸੇ ਨੂੰ ਮਾਰਣਾ ਹੈ।

ਲੋਕੀ ਕਹਿੰਦੇ ਹਨ ਕਿ ਨੁਕਤਾਚੀਨੀ ਤਾਂ ਔਗੁਣ ਦਸਕੇ ਗੁਣਾਂ ਵਲ ਖੜਦੀ ਹੈ, ਠੀਕ ਜੇ ਭਾਵ ਅੰਦਰਲਾ ਹਮਦਰਦੀ ਪਿਆਰ ਦਾ ਹੋਵੇ ਤਦ ਉਹ ਸਾੜੂ ਤੇ ਮਾਰੂ ਨੁਕਤਾਚੀਨੀ ਨਹੀਂ, ਉਹ ਪਿਆਰ ਵਿਚ ਗੁੰਦੀ ਨਿਰੋਲ ਫਿਤਰਤ ਦੀ ਅਥਵਾ ਮਨ ਦੀ ਪਰਖ ਤਕ ਪਹੁੰਚ ਜਾਂਦੀ ਹੈ। ਉਹ ਤਾਂ ਕਾਬਲੀਅਤ ਦੀ ਗੱਲ ਹੈ ਸਾਹਿਤਕ ਅਥਵਾ ਰਸਿਕ ਕਿਰਤ ਇਕ ਆਲੀਸ਼ਾਨ ਕੀਰਤ ਹੈ, ਪਰ ਫਿੱਕਾ ਬੋਲਣਾ ਸਦਾ ਇਕ ਪਾਪ ਹੈ, ਜਿਹੜਾ ਅਸੀ ਕਈ ਵੇਰੀ ਦਿਨ ਵਿਚ ਕਰਦੇ ਹਾਂ ਅਰ ਸਾਨੂੰ ਖਿਆਲ ਨਹੀਂ ਆਉਂਦਾ ਕਿ ਅਸੀ ਜਗਤ ਵਿਚ ਜਿਹੜਾ ਜੀਵਨ ਕੁਦਰਤ ਪਲੀ ਪਲੀ ਜੋੜ ਜੋੜ ਬੜੀ ਮੁਸ਼ਕਲ ਨਾਲ ਬਨਾਉਂਦੀ ਫੁਲਾਂਦੀ ਫਲਾਂਦੀ ਹੈ, ਅਸੀ ਆਪਣੇ ਫਿੱਕੇ ਅਰ ਕੌੜੇ ਬਚਨਾਂ ਨਾਲ ਕਿਸ ਤਰਾਂ ਕੁਦਰਤ ਦੀਆਂ ਬਨਾਉਣ ਦੀਆਂ ਤਾਕਤਾਂ ਨੂੰ ਘਬਰਾਂ ਦਿੰਦੇ ਹਾਂ।

*******

---

*ਫਿਕਾ ਬੋਲਣਾ ਅਰਥਾਤ ਫਿਕਾ ਜੀਣਾ, ਫਿੱਕਾ ਸੋਚਣਾ, ਫਿੱਕਾ ਨੁਕਤਾਚੀਨੀ ਕਰਨਾ।

Digitized by Panjab Digital Library | www.panjabdigilib.org

# ਪੰਜਾਬੀ ਸਾਹਿਤਯ ਪਰ ਕਟਾਖਯ

ਪੰਜਾਬੀ ਦਾ ਸਾਹਿਤਯ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬ੍ਰਿਛਾਂ ਦੀ ਛਾਵਾਂ ਵਿਚ ਪਲਿਆ। ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬਾਂ ਦੀਆਂ ਪੱਤੀਆਂ ਵਾਂਗ ਸਿਫਤ ਸ਼ਮੀਰ ਨਾਲ ਹਿਲਦੇ ਸਨ। ਪੁਰਾਤਨ ਜਨਮ ਸਾਖੀ ਜਿਹੜੀ ਕੋਲਬ੍ਰੁਕ ਸਾਹਿਬ ਨੇ ਈਸਟ ਇੰਡੀਆਂ ਕੰਪਨੀ ਨੂੰ ਲੱਭ ਕੇ ਭੇਟ ਕੀਤੀ ਅਰ ਹੁਣ ਸੋਧ ਕੇ ਵਜ਼ੀਰ ਹਿੰਦ ਪ੍ਰੈਸ ਵਿਚ ਭਾਈ ਸਾਹਿਬ ਜੀ ਨੇ ਛਪਾਈ ਹੈ, ਦੇ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਨਸਰ ਲਿਖਣੀ ਕਿੱਡੀ ਮੁਸ਼ਕਲ ਹੈ। ਨਜ਼ਮ ਵਿਚ ਤਾਂ ਤੁਕਬੰਦੀ ਯਾ ਰਾਗ ਅਲਾਪ ਦੀ ਸਹਾਇਤਾ ਮਿਲ ਕੇ ਮਾਮੂਲੀ ਖਿਆਲ ਵੀ ਪਰ ਲਾ ਉੱਡ ਪੈਂਦੇ ਹਨ, ਤੇ ਰਹਿਣੀ ਕਰਨੀ ਥੀਂ ਵਾਂਜੇ ਲਫਜ਼ਾਂ ਨੂੰ ਹੋਰ ਫੇਰ ਜੋੜਨ ਵਾਲੇ ਵੀ ਕਵੀ ਕਹਿਲਾ ਸੱਕਦੇ ਹਨ, ਪਰ ਨਸਰ ਲਿਖਣੀ ਕਠਿਨ ਹੈ, ਕਿਉਂਕਿ ਇਥੇ ਰੂਹ ਤੇ ਦਿਮਾਗ ਦੀ ਨੰਗੀ ਤਸਵੀਰ ਖਿਚੀਦੀ ਹੋਈ। ਅਸੀ ਇਥੇ ਦੋ ਚਾਰ ਮਿਸਾਲਾਂ ਪੰਜਾਬੀ ਨਸਰ ਦੀ ਦਿੰਦੇ ਹਾਂ।

ਇਹ ਪੁਰਾਣੀ ਕੋਲਬ੍ਰਕ ਸਾਹਿਬ ਦੀ ਲੱਭੀ ਜਨਮ ਸਾਖੀ ਦੀ ਇਬਾਰਤ ਹੈ, ਆਪਣੀ ਸਾਦਗੀ ਦੇ ਕਮਾਲ ਵਿਚ ਕਿੰਨੀ ਭਾਵ ਭਰੀ, ਮਿੱਠੀ, ਸਰਲ ਤੇ ਰੋਹਬਦਾਬ ਵਾਲੀ ਹੈ, ਜਿਸ ਤਰਾਂ ਇਕ ਵੱਡਾ ਬਜ਼ੁਰਗ ਪਿੱਪਲ ਹੇਠ ਬੈਠਾ, ਨੂਰੀ ਚਿਹਰਾ, ਨੂਰੀ ਬੀਬੀ ਲੰਮੀ ਦਾਹੜੀ ਤੇ ਕੇਸ ਮੋਹਢਿਆਂ ਤੇ ਸੁੱਟੇ ਬੈਠਾ ਗੱਲਾਂ ਕਰਦਾ ਹੋਵੇ। ਮਿੱਠੀਆਂ ਮਿੱਠੀਆਂ ਗੱਲਾਂ ਕਰ ਰਿਹਾ ਹੈ ਤੇ ਇਉਂ ਜਾਪਦਾ ਹੈ ਜਿਵੇਂ ਅਰਸ਼ਾ ਥੀਂ ਮਾਖਿਉਂ ਦਾ ਮੀਂਹ ਪੈ ਰਿਹਾ ਹੈ, ਉਹਦੇ ਰੂਹ ਦਾ ਰੰਗ ਵੱਖਰੇ ਵੱਖਰੇ ਫਿਕਰੇ ਬਣ ਰਿਹਾ ਹੈ, ਆਪਮੁਹਾਰੇ ਗੁੰਦੇ ਜਾ ਰਹੇ ਹਨ, ਤੇ ਇਕ ਘੜੀ ਪਲ ਦੀ ਵਾਰਤਾਲਾਪ ਹੀ ਅਫਲਾਤੂੰ ਦੇ ਪੁਸਤਕ ਦੇ ਟੁਕੜੇ ਸਹਿਜ ਸੁਭਾ ਹੋ ਗਈ ਹੈ। ਇਹ ਸਾਹਿਤਯ ਹੈ ਜਿਹੜਾ ਜੀਵਨ ਨੂੰ ਦੀਪਤ ਕਰਨ ਵਿਚ ਸਹਾਈ ਹੁੰਦਾ ਹੈ। ਨਸਰ ਤੇ ਨਜ਼ਮ ਵਿਚ ਫਰਕ ਬੜਾ ਘਟ ਰਹਿ ਜਾਂਦਾ ਹੈ ਜਦ ਕਿ ਅਨੁਭਵੀ ਪੁਰਸ਼ਾਂ ਦੇ ਵਚਨਾਂ ਦੀ ਮਿੱਠਤ ਦੀ ਗੋਂਦ ਹੋਵੇ। ਅੰਮ੍ਰਿਤ ਬਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰੱਬੀ ਗੀਤ ਹਨ। ਉਹ ਬਚਨ ਸਦਾ ਰਬ ਰਸ ਦੇ ਵਜ਼ਨ ਵਿਚ ਹੁੰਦੇ ਹਨ, ਤੇ ਰਸ ਦਾ ਵਜ਼ਨ ਕੋਈ ਸਾਵਣ ਦੇ ਮੀਂਹ ਵਾਂਗ ਛਨ, ਛਨ, ਕਦੀ ਸਰਦ ਰਿਤੂ ਦੀ ਨਿੱਕੀ ਨਿੱਕੀ ਵਰਖਾ ਵਾਂਗ, ਕਦੀ ਮਾਂ ਨਾਲ ਗੱਲਾਂ ਕਰਦੇ ਬੱਚੇ ਦੀ ਆਰਜ਼ੂ ਦੀ ਨਰਮ ਲਮਯਤ ਜਿਹੜੀ ਆਪਮੁਹਾਰੀ ਉੱਚੀ ਹੁੰਦੀ ਜਾਂਦੀ ਹੈ, ਕਦੀ ਕੰਵਾਰੀ ਕੰਨਯਾ ਦੇ ਸ਼ਰਮ ਵਿਚ ਰੰਗੇ, ਕਦੀ ਸਜਵਿਆਹੀ ਦੀ ਤੀਬਰ ਨਿਗਾਹ ਦੇ



Digitized by Panjab Digital Library | www.panjabdigilib.org

ਵਜ਼ਨਾਂ ਵਿਚ, ਜੀਵਨ ਦੀ ਨਾਜ਼ਕ ਆਬ ਦੀ ਸੋਖੀਆਂ ਨਰਮ ਰਾਗ ਹੋ ਨਿਬੜਦੀਆਂ ਹਨ। ਸੋ ਜਦ ਜਿੰਦਾ ਭਾਵਾਂ, ਰੂਹ ਛੋਹਾਂ, ਵਲਵਲਿਆਂ ਦੇ ਨਾਨਾ ਰੰਗ ਲਫਜ਼ਾਂ ਵਿਚ ਭਰੇ ਜਾਂਦੇ ਹਨ, ਯਾ ਦੁਖੜੇ ਗਾਏ ਜਾਂਦੇ ਹਨ, ਯਾ ਸੁਖਾਂ ਦੇ ਦਰਦ ਭਰੇ ਸਵਾਦਾਂ ਦੀ ਖ਼ੁਸ਼ਬੂ ਖਿਲਰਦੀ ਹੈ, ਤੇ ਜਦ ਰੂਹ ਰੂਹਾਂ ਨਾਲ ਆਣ ਜੁੜਦੇ ਹਨ, ਉਹ ਸਭ ਸਾਹਿਤਯ ਹੈ ਭਾਵੇਂ ਉਹ ਜੀਵਨ ਅੱਖਰਾਂ ਵਿਚ ਲਿਖਿਆ ਜਾਵੇ ਭਾਵੇਂ ਬੇਅੱਖਰਾ ਹੋਵੇ। ਬੇਅੱਖਰਾ ਸਾਹਿਤਯ ਪਹਿਲਾਂ ਆਂਵਦਾ ਹੈ ਤੇ ਫਿਰ ਅੱਖਰਾਂ ਵਿਚ ਚਿਤ੍ਰਿਤ ਹੁੰਦਾ ਹੈ। ਪੰਜਾਬੀ ਵਿਚ ਬੇਅੱਖਰਾ ਸਾਹਿਤਯ ਆਇਆ, ਗੁਰੂ ਸਾਹਿਬਾਂ ਨੇ ਆਕੇ ਜਿਹੜੀਆਂ ਚਿਣਗਾਂ ਪੰਜਾਬ ਵਿਚ ਸੁੱਟੀਆਂ ਉਨ੍ਹਾਂ ਨਾਲ ਦਿਲ ਬਲ ਉੱਠੇ। ਪਹਿਲੇ ਤਾਂ ਸਾਹਿਤਯ ਇਉਂ ਬੇਅੱਖਰਾ ਪ੍ਰਦੀਪਤ ਹੋਇਆ ਤੇ ਫਿਰ ਗੁਰੂ ਅੰਗਦ ਦੇਵ ਜੀ ਨੇ ਅੱਖਰਾਂ ਵਿਚ ਰਚਿਆ। ਫਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫੌਜਾਂ ਦੀ ਚਾਲ, ਤੇ ਤਲਵਾਰਾਂ ਦੀ ਲਿਸ਼ਕ ਤੇ ਢਾਲਾਂਦਿਆਂ ਕਰਤਬਾਂ ਵਿਚ ਸਜਾਇਆ। ਫਿਰ ਗੁਰੂ ਤੇਗ ਬਹਾਦੁਰ ਜੀ ਨੇ ਮੌਤ ਦੇ ਰੰਗਾਂ ਵਿਚ ਗਾਇਆ ਤੇ ਉਨ੍ਹਾਂ ਮੌਤ ਦੇ ਗੂੜੇ ਰੰਗਾ ਵਿਚ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਮੈਦਾਨ ਜੰਗ ਵਿਚ ਜੂਝ ਮਰਣ ਦੀ ਚਾਹ ਦੇਕੇ ਮਰਣ ਮਾਰਣ ਦੀ ਖੇਡ ਵਿਚ ਬੀਰ ਰਸ ਵਿਚ ਲਿਸ਼ਕਾਯਾ ਤੇ ਇਉਂ ਸਾਹਿਤਯ ਪੰਜਾਬ ਦਾ ਸ਼ਹੀਦਾਂ, ਮੁਰੀਦਾਂ ਦੀ ਕਮਾਈ ਵਿਚ ਡੋਬੇ ਖਾ ਕੇ ਸੂਰਜ ਵਤ ਗਗਨਾਂ ਵਿਚ ਲਿਖੇ ਅੱਖਰਾਂ ਨਾਲ ਰਚਿਆ ਗਿਆ।

ਪੁਰਾਤਨ ਪੰਜਾਬੀ ਨਸਰ ਦਾ ਨਮੂਨਾ :—

1 ਤਬ ਆਗਿਆ ਪ੍ਰਮੇਸ਼ਰ ਕੀ ਹੋਈ ਜੋ ਇਕ ਦਿਨ ਕਾਲੂ ਕਿਹਾ, 'ਨਾਨਕ ਇਹ ਘਰ ਦੀਆਂ ਮਹੀ ਹਨ, ਤੂੰ ਚਾਰ ਲੈ ਆਉ' ਤਬ ਗੁਰੂ ਨਾਨਕ ਮਹੀ ਲੈ ਕਰ ਬਾਹਰ ਗਿਆ, ਤਾਂ ਚਰਾਇ ਲੈ ਆਇਆ। ਫਿਰ ਅਗਲੇ ਦਿਨ ਗਿਆ ਤਾਂ ਮਹੀਂ ਛੱਡ ਕੇ ਕਣਕ ਦੇ ਬੰਨੇ ਪੈ ਸੁੱਤਾ, ਤਬ ਮਹੀਂ ਜਾਇ ਕਣਕ ਨੂੰ ਪਈਆਂ, ਤਬ ਕਣਕ ਉਜਾੜ ਦੂਰ ਕੀਤੀ ਤਬ ਇਕ ਭੱਟੀ ਕਿਹਾ, 'ਭਾਈ ਵੇ ! ਤੈਂ ਜੋ ਖੇਤ ਉਜਾੜਿਆ ਹੈ, ਸੋ ਕਿਉ ਉਜਾੜਿਆ ਹੈ ? ਇਸ ਉਜਾੜੇ ਦਾ ਜਵਾਬ ਦੇਹ।' ਤਬ ਗੁਰੂ ਨਾਨਕ ਕਿਹਾ, "ਭਾਈ ਵੇ ! ਤੇਰਾ ਕਿਛ ਨਾਹੀ ਉਜਾੜਿਆਂ, ਕਿਆ ਹੋਇਆ ਜਿ ਕਿਸੇ ਮਹੀ ਮੂੰਹ ਪਾਇਆ ਖੁਦਾ ਇਸੇ ਵਿਚ ਬਰਕਤ ਘੱਤਸੀ।' ਤਾਂ ਭੀ ਉਹ ਰਹੇ ਨਹੀਂ, ਗੁਰੂ ਨਾਨਕ ਨਾਲ ਲੱਗਾ ਲੜਨ, ਤਬ ਗੁਰੂ ਨਾਨਕ ਅਤੇ ਭੱਟੀ ਝਗੜਦੇ ਝਗੜਦੇ ਰਾਇ ਬੁਲਾਰ ਪਾਸ ਆਇ ਖੜੇ ਹੋਏ ਤਬ ਰਾਇ ਬੁਲਾਰ ਕਹਿਆ, "ਇਹ ਦਿਵਾਨਾ ਹੈ, ਤੁਸੀ ਕਾਲੂ ਨੂੰ ਸਦਾਵਹੁ" ਤਬ ਕਾਲੂ ਨੂੰ ਸਦਾਇਆ, ਤਬ ਰਾਇ ਬੁਲਾਰ ਆਖਿਆ। "ਕਾਲੂ ਇਸ ਪੁਤ੍ਰ ਨੂੰ ਸਮਝਾਉਂਦਾ ਕਿਉਂ ਨਹੀਂ, ਜੋ ਪਾਈ ਖੇਤੀ ਉਜਾੜ ਆਇਆ ਹੈ ? ਭਲਾ ਦਿਵਾਨਾ ਕਰ ਛੋਡਿਆ ਆਹੀ। ਭਾਈ ਵੇ ਏਹ ਉਜਾੜਾ ਜਾਏ ਭਰ ਦੇਹ, ਨਾਹੀਂ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ।'

ਤਬ ਕਾਲੂ ਕਹਿਆ "ਜੀ ਮੈਂ ਕਿਆ ਕਰਾਂ ? ਇਹ ਅਜੇ ਭੀ ਦਿਵਾਨਾ ਫਿਰਦਾ ਹੈ।' ਤਬ ਰਾਇ ਬੁਲਾਰ ਆਖਿਆ, "ਮੈਂ ਤੇਰੇ ਤਾਈ 'ਗੁਨਾਹ ਬਖਸ਼ਿਆ, ਪਰ ਤੂੰ ਇਸ ਦਾ ਉਜਾੜਾ ਭਰ ਦੇਹ।' ਤਬ ਗੁਰੂ ਨਾਨਕ ਆਖਿਆ, "ਜਾਇ ਦੇਖਹੁ ਉਥੇ ਕਿਛ ਨਾਹੀ ਉਜੜਿਆ।' ਤਬ ਭਟੀ ਕਹਿਆ, "ਜੀ ਮੇਰਾ ਖੇਤ ਉਜੜਿਆ ਹੈ, ਮੇਰੀ ਤਪਾਵਸ ਕਰਿ, ਨਹੀਂ ਤਾਂ ਮੈਂ ਤੁਰਕਾਂ ਪਾਸ ਵੈਂਦਾ ਹਾਂ।' ਤਦ ਗੁਰੂ

Digitized by Panjab Digital Library | www.panjabdigilib.org

ਨਾਨਕ ਆਖਿਆ, "ਦੀਵਾਨ ਸਲਾਮਤਿ ! ਜੇ ਹਿਕੁ ਪਠਾ ਰੁੜਿਕਾ ਟੁਕਿਆ ਹੋਵੈ ਤਾਂ ਜਬਾਬੁ ਕਰਨ, ਪਰੁ ਤੁਸੀ ਆਪਣਾ ਆਦਮੀ ਭੇਜਿ ਕਰਦੇਖਹੁ।"

ਫੇਰ ਬਾਬਾ ਚੁੱਪ ਕਰ ਰਹਿਆ ਜਾਂ ਕੁਛ ਬੋਲੇ, ਤਾਂ ਏਹੀ ਵਚਨ ਕਰੇ, ਜੋ "ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ" ਤਬ ਕਾਜੀ ਕਹਿਆ, 'ਖਾਨ ਜੀ ਇਹ ਭਲਾ ਹੈ ਜੋ ਕਹਿੰਦਾ ਹੈ, ਨਾ ਕੋ ਹਿੰਦੂ ਹੈ ਨਾ ਕੋ ਮੁਸਲਮਾਨ ਹੈ।' ਤਬ ਖਾਨਿ ਕਹਿਆ, 'ਜਾਇ ਕਰ ਨਾਨਕ ਫਕੀਰ ਤਾਂਈ ਲੇ ਆਵਹੁ' ਤਾਂ ਪਿਆਦੇ ਗਏ-ਜਾਕੇ ਕਹਿਆ, "ਜੋ ਖਾਨ ਬੁਲਾਇੰਦਾ ਹੈ ਖਾਨੁ ਕਹਿੰਦਾ ਹੈ, ਅੱਜ ਬਰਾਹਿ ਖੁਦਾਇ ਦੇ ਤਾਈ ਦੀਦਾਰ ਦੇਹਿ। ਮੈਂ ਤੇਰੇ ਦੀਦਾਰ ਨੂੰ ਚਾਹਿੰਦਾ ਹਾਂ। ਤਬ ਗੁਰੂ ਨਾਨਕ ਉੱਠਿ ਚੱਲਿਆ।

ਤੇ ਇਉਂ ਨਸਰ ਪੰਜਾਬ ਦੇ ਫਕੀਰਾਂ ਤੇ ਖਾਸ ਕਰ ਸਿੱਖ ਫਕੀਰਾਂ ਦੇ ਹੱਥਾਂ ਵਿਚ ਖੇਡੀ ਤੇ ਵਡੀ ਹੋਈ, ਤੇ ਹੁਣ ਇਕ ਅਣੋਖਾ ਪਰ ਬਿਲਕੁਲ ਨਿਆ ਰੂਪ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਨਸਰ ਨੂੰ ਸਾਡੇ ਜ਼ਮਾਨੇ ਵਿਚ ਦਿੱਤਾ ਹੈ ਜਿਸ ਰੂਪ ਵਿਚ ਇਸ ਵਕਤ ਪੰਜਾਬੀ ਨਸਰ ਪ੍ਰਚਲਤ ਹੈ।

ਨਮੂਨੇ *:—

ਇਕ ਹਿਮਾਂਚਲ ਧਾਰ ਤੇ ਨਾਲ ਲਗਦੀ ਤਿੱਬਤ ਦੇ ਹਿਮਾਈ ਪਹਾੜਾਂ ਦੇ ਵਿਚ ਇਕ ਹੇਮਕੁੰਟ ਨਾਮੇ ਟਿਕਾਣਾ ਹੈ, ਸੱਤ ਚੋਟੀਆਂ ਸ਼ੋਭ ਰਹੀਆਂ ਹਨ, ਸੱਤੋਂ ਹੀ ਬਰਫ ਦੇ ਟਿਕਾਓ ਨਾਲ ਮਾਨੋਂ ਸੱਤ ਚਾਂਦੀ ਦੇ ਕਲਸ ਬਨ ਰਹੀਆਂ ਹਨ, ਅੰਮ੍ਰਿਤ ਵੇਲੇ ਦਾ ਚੰਦ੍ਰਮਾ ਲੋਪ ਹੋ ਰਿਹਾ ਹੈ, ਸਵੇਰਾ ਆ ਰਿਹਾ ਹੈ, ਪਹੁ ਦਾ ਫੁਟਾਲਾ ਹੋ ਗਿਆ, ਅਕਾਸ਼ ਅੱਜ ਨਿਰਮਲ ਹੈ, ਪੂਰੇ ਵਲ ਲਾਲੀ ਫਿਰ ਗਈ ਹੈ, ਇਸ ਲਾਲੀ ਦਾ ਅਕਸ ਹੇਮ ਕੁੰਟ ਦੀਆਂ ਸੱਤਾਂ ਚੋਟੀਆਂ ਤੇ ਪੈ ਰਿਹਾ ਹੈ। ਦੇਖੋ ਇਨ੍ਹਾਂ ਦਾ ਰੰਗ ਕਿਵੇਂ ਹੋ ਗਿਆ, ਸੂਰਜ ਦੀ ਟਿੱਕੀ ਬਾਹਰ ਨਿਕਲ ਆਈ ਜੇ, ਹੁਣ ਤੱਕੋ ਸੱਤੇ ਚੋਟੀਆਂ ਸੋਨੇ ਵਾਂਗ ਚਮਕ ਪਈਆਂ, ਉਧਰੋਂ ਸੂਰਜ ਦੇ ਸ਼ੁਆ, ਇਧਰੋਂ ਇਨ੍ਹਾਂ ਪਰ ਪੈਂਦੇ ਸੂਰਜ ਦੇ ਸ਼ੁਆਵਾਂ ਦਾ ਇਕ ਦੂਜੇ ਤੋਂ ਆਪਸ ਦੇ ਵਿਚ ਪਰਤਵਾਂ ਸਰਤਵਾਂ ਸ਼ੁਆਵਾਂ ਦਾ ਪੈਣਾ, ਇਹ ਦਰਸ਼ਨ ਸੋਨੇ ਦੀ ਚਮਕ ਦਾ ਨਜ਼ਾਰਾ ਅੱਖਾਂ ਅੱਗੇ ਬੰਨ੍ਹ ਦੇਂਦਾ ਹੈ, ਇਹ ਹੇਮ ਕੁੰਟ ਪਰਬਤ ਹੈ। ਬਰਫਾਨੀ ਚੋਟੀਆਂ ਦੇ ਹੇਠਾਂ ਇਕ ਨਿਵਾਣ ਹੈ, ਛੋਟਾ ਪੱਧਰਾ ਜਿਹਾ ਥਾਉਂ ਹੈ। ਇਕ ਪਾਣੀ ਦਾ ਚਸ਼ਮਾ ਨਿਕਲਦਾ ਹੈ, ਕਾਦਰ ਦੀਆਂ ਕੁਦਰਤਾਂ ਬਰਫਾਂ ਦੇ ਘਰ ਵਿਚ ਤੱਕੋ, ਇਹ ਚਸ਼ਮਾ ਗਰਮ ਪਾਣੀ ਦੇ ਰਿਹਾ ਹੈ ਥੋੜ੍ਹੀ ਥੋੜ੍ਹੀ ਵਿੱਥ ਤੇ ਚੁਫੇਰੀ ਚਿਟਾਨਾਂ ਦੇ ਹੇਠਾਂ ਖੁੱਲੇ ਬੈਠਣ ਜੋਗੇ ਥਾਂ ਹਨ, ਕਿਤੇ ਕਿਤੇ ਇਨ੍ਹਾਂ ਵਿਚ ਕੁਟੀ ਪਈ ਹੈ ਇਨ੍ਹਾਂ ਕੁਟੀਆਂ ਵਿਚ ਤਪਸ੍ਵੀ ਵਸਦੇ ਹਨ, ਹੇਮ ਕੁੰਟ ਦੀ ਵਾਦੀ ਬਾਰਾਂ ਮਹੀਨੇ ਬਰਫਾਨੀ ਨਹੀਂ। ਸਿਆਲ ਵਿਚ ਬਰਫ ਪੈਂਦੀ, ਹੁਨਾਲ ਵਿਚ ਬਰਫ ਪਿੰਗਰ ਟੁਰਦੀ ਹੈ, ਪਰ ਤਦ ਵੀ ਚੜ੍ਹਦੇ ਸੂਰਜ ਦੀ ਲਾਲੀ ਕੁਝ ਐਸੀ ਪਰਤਵੀ ਪੈਂਦੀ ਹੈ ਕਿ ਲਾਲੀ ਦਾ ਝਾਉਲਾ ਸੱਤਾਂ ਪਹਾੜੀਆਂ ਨੂੰ ਪੋ ਲੈਂਦਾ ਹੈ।

..... ..... ..... ..... ..... ..... ..... .....

ਅੱਜ ਚੰਦ ਨਹੀਂ ਚੜ੍ਹਿਆ, ਪਰ ਚੰਦਾ ! ਸੁੰਦਰਤਾ ਨਿਰੀ ਤੇਰੀ ਹੀ ਤਾਂ ਮੁਥਾਜ ਨਹੀਂ। ਸੁੰਦ੍ਰਤਾ ਇਕ ਇਲਾਹੀ ਜਲਵਾ ਹੈ, ਕਦੇ ਤੇਰੇ ਵਿਚੋਂ ਝਾਤੀਆਂ ਮਾਰਦੀ ਹੈ ਕਦੇ ਵਹਿੰਦੇ ਪਾਣੀਆਂ ਵਿਚੋਂ ਝਾਕੇ

*ਇਹ ਤੇ ਹੋਰ ਨਮੂਨੇ ਨਸਰ ਨਜ਼ਮ ਦੇ ਕਰਤਾ ਜੀ ਦੀ ਆਗਯਾ ਅਨੁਸਾਰ ਦਿੱਤੇ ਗਏ ਹਨ ਪ. ਸ.।

Digitized by Panjab Digital Library | www.panjabdigilib.org

ਦੇਂਦੀ ਹੈ, ਕਦੇ ਪਹਾੜਾ ਵਿਚੋਂ ਉਮੱਲ ਉਮੱਲ ਪੈਂਦੀ ਹੈ, ਕਦੇ ਬਨਸਪਤੀ ਵਿਚੋਂ ਮੌਲ ਉਠਦੀ ਹੈ, ਕਦੇ ਬਿਜਲੀ ਦੀ ਡਰਾਉਣਈ ਗੜਗੱਜ ਵਿਚੋਂ ਲਿਸ਼ਕਾਰਾ ਮਾਰ ਜਾਂਦੀ ਹੈ, ਕਦੇ ਸਮੁੰਦਰ ਦੀਆਂ ਲਹਿਰਾਂ ਵਿਚੋਂ ਤਰ ਆਉਂਦੀ ਹੈ, ਕਦੇ ਗਲੇ ਦੀਆਂ ਨਾਲੀਆਂ ਤੇ ਸਾਜ਼ਾਂ ਦੀਆਂ ਤਾਰਾਂ ਤੋਂ ਪ੍ਰਕਾਸ਼ ਪਾਂਦੀ ਹੈ, ਕਦੇ ਮੈਦਾਨ ਜੰਗ ਦੇ ਗੋਲਿਆਂ ਵਿਚੋਂ ਕੂਕ ਦੇ ਜਾਂਦੀ ਹੈ, ਕਦੇ ਸੰਗ ਮਰਮਰ, ਕਦੇ ਗੱਤੇ ਕਾਗਤ, ਰੰਗ ਕਦੇ ਅੱਖਰ, ਵਾਕ ਭਾਵ ਵਿਚੋਂ ਪਲਕਾਰੇ ਮਾਰਦੀ ਹੈ, ਕਦੇ ਸੋਹਣਿਆਂ ਮੁਛੈਹਾਰਿਆਂ ਤੇ ਬਾਂਕੀਆਂ ਨੁਹਾਰਾਂ ਵਿਚੋਂ ਫੁਟ ਫੁਟ ਨਿਕਲਦੀ ਹੈ। ਸੁੰਦ੍ਰਤਾ! ਤੂੰ ਸਥੂਲ ਸ਼ੈ ਨਹੀਂ, ਪਰ ਸਥੂਲ ਟਿਕਾਣਿਅ ਤੇ ਜਲਵੇ ਮਾਰਦੀ ਹੈਂ, ਤੂੰ ਦੇਵੀ ਹੈਂ ਕਿ ਦੇਵ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ਹੈ? ਦੇਖ ਇਕ ਸਿਆਣਾ ਪਿਆ ਆਖਦਾ ਹੈ ਕਿ ਜੋ ੈ ਲਾਭਦਾਇਕ ਹੈ ਉਹੀ ਸੁੰਦਰ ਹੈ। ਪਰ ਤੇਰੇ ਰਸੀਂ ਜਾਣਦੇ ਹਨ ਕਿ ਨਹੀਂ, ਤੂੰ ਕੋਈ ਅਰਸ਼ਾਂ ੀ ਵੱਖਰੀ ਹੀ ਮਹਾਰਾਣੀ ਹੈਂ। ਜਿਸ ਮਨ ਵਿਚ ਗਰ ੈ, ਜਿਸ ਵਿਚ ਲੋੜ ਹੈ ਉਸਨੂੰ 'ਲਾਭਦ ਏਕ ਸੁੰਦਰ' ਹੋਊ, ਜਿਨ੍ਹਾਂ ਨੂੰ ਲੋੜ ਨਹੀਂ, ਚਾਹ ਨਹੀਂ, ਓ ਅਸਲ ਤੇਰੇ ਸਰੂਪ ਦੇ ਜਾਣੂੰ ਹਨ। ਤੂੰ ੋ ਆਪਣੇ ਆਪ ਵਿਚ ਮੁਕੰਮਲ ਦੇਵੀ ਹੈਂ। ਤੇਰੇ ਟਿਕਾ ਫਕੀਰਾਂ, ਕਵੀਸ਼ਰਾਂ ਗਵੱਯਾਂ, ਚਿੱਤਰਕਾਰਾਂ ੋ ਸੰਗਤ੍ਰਾਸ਼ਾਂ ਦੇ ਅੰਦਰ ਹਨ। ਤੂੰ ਆਪਣੇ ਝਲਕਾਰੇ ਨਾ ਇਕ ਵੇਰ ਤਾਂ ਪਾਰਲੌਕਕ ਰਸ ਦਾ ਝੂਟਾ ਜਾਂਦੀ ਹੈ। ਤੇਰਾ ਲਸ਼ਕਾਰਾ ਵੱਜਦਿਆਂ ਚਿੱਤ ਆਪ ਵਿਚ ਕੱਠਾ ਹੋਕੇ ਆਪ ਦੇ ਰਸ ਵਿਚ ਟੁਬੀ ਲਾ ਲੈਂਦਾ ਹੈ। ਤੂੰ ਵਹਮ ਦੀ ਸ਼ੈ ਨਹੀਂ, ਤੂੰ ਖਯਾਲ ਤੇ ਭਰਮ ਦੀ ਬਨਾਵਟ ਨਹੀਂ, ਤੂੰ ਪਾਰਲੇ ਦੇਸ਼ ਦੀ ਫਰਿਸ਼ਤਾ ਹੈਂ। ਇਸ ਸੰਸਾਰ ਤੋਂ ਅੱਗੇ ਜਿਨ੍ਹਾਂ ਨੂੰ ਕੁਝ ਨਹੀਂ ਦਿਸਦਾ ਤੂੰ ਉਨ੍ਹ ਨੂੰ ਦਸਦੀ ਹੈਂ ਕਿ ਆਹ ਤੱਕੋ ਅੱਗੇ ਦਾ ਦਰਸ਼ਨ। ਲੋਕੀ ਸਮਝਦੇ ਹਨ ਕਿ ਸੁੰਦਰਤਾ ਜਿਨ੍ਹਾਂ ਪਦਾਰਥਾਂ ਯਾ ਸਥੂਲ ਸਮਾਨਾਂ ਤੋਂ ਝਲਕੋਂ ਮਾਰਦੀ ਹੈ, ਇਹ ਉਨ੍ਹਾਂ ਦਾ ਕੋਈ ਗੁਣ ਯਾ ਖਾਸੀਅਤ ਹੈ, ਕੋਈ ਸਮਝਦੇ ਹਨ ਕਿ ਕ੍ਰਮ ਵਾਰ ਇੱਕਤ੍ਰਤਾ ਤੋਂ ਸੁੰਦਰਤਾ ਪੈਦਾ ਹੁੰਦੀ ਹੈ, ਬਾਜੇ ਸਮਝਦੇ ਹਨ ਕਿ ਸੁੰਦਰਤਾ ਕੇਵਲ ਆਪਣਾ ਭਾਵ ਮਾਤ੍ਰ ਹੈ। ਸੁੰਦਰਤਾ ਸਭ ਕੁਛ ਹੁੰਦੀ ਹੋਈ ਇਨ੍ਹਾਂ ਦੀ ਮੁਥਾਜ ਨਹੀਂ, ਤੇ ਜੇ ਬੀ ਸੁੰਦਰਤਾ ਦੇ ਲਛਣ ਕਹੋ ਅਜੇ ਕੁਝ ਬਾਕੀ ਰਹ ਜਾਂਦਾ ਹੈ। ਸੁੰਦਰਤਾ ਪਦਾਰਥਾਂ ਰੂਪ ਵਾਲੇ ਸਮਾਨਾਂ ਯਾ ਸਥੂਲ ਆਸਰਿਆਂ ਤੇ ਖੇਡਦੀ ਦਿਸਦੀ ਹੈ, ਪਰ ਹੈ ਇਹ ਕਿਸੇ ਹੋਰ ਦੇਸ ਦੀ ਦੇਵੀ। ਇਸਦਾ ਅਸਰ ਜਦ ਵੱਜਦਾ ਹੈ ਤਦ ਰਸ ਪੈਂਦਾ ਹੈ, ਉਹ ਰਸ ਚਿਤ ੰ ਸੋਚਾਂ ਦੇ ਮੰਡਲ ਤੋਂ ਕਢ ਲੈਂਦਾ ਹੈ। ਇਕ ਵੇਰ ਤਾਂ ਰਸ ਵਿਚ ਲੀਨਤਾ ਐਸੀ ਕਰਦਾ ਹੈ ਕਿ ਸੋ ।, ਵਿਚਾਰ, ਪ੍ਰਤੀਤੀ, ਖਯਾਲ ਸਭ ਗੁੰਮ ਹੋ ਜਾਂਦੇ ਹਨ, ਸਮਾਧੀ ਹੋ ਜਾਂਦੀ ਹੈ। ਭਾਵੇਂ ਬਿਜਲੀ ਦੇ ਲਸ਼ ਾਰੇ ਵਾਂਗੂ ਇਹ ਛਿਨ ਦਾ ਭੀ ਹਜ਼ਾਰਵਾਂ ਹਿੱਸਾ ਠਹਰੇ, ਪਰ ਅਸਰ ਇਹੋ ਪਾਂਦੀ ਹੈ। ਹਾਂ ਜੀ ਸੁੰਦਰਤਾ ਦਾ ਝਲਕਾ, ਇਕ ਚਸੇ ਵਿਚ 'ਰਸ ਮੰਡਲ' ਦਾ ਹੁਲਾਰਾ ਦੇ ਜਾਂਦਾ ਹੈ। ਉਹ ਹੁਲਾਰਾ ਚਿੱਤ ਨੂੰ ਸਾਰੇ ਦਿੱਸਣ ਵਾਲੇ ਨਜ਼ਾਰੇ ਤ੍ਰੋੜ ਕੇ ਆਪਣੇ ਸਰੂਪ ਵਿਚ-ਦੇਖਣ ਹਾਰ ਨੂੰ ਦੇਖਣ ਹਾਰ ਵਿਚ-ਜੋੜ ਜਾਂਦ ਹੈ। ਓਹ-ਅੱਖ ਫਰਕਣ ਜਿੰਨੇ ਚਿਰ ਵਿਚ-ਉਸ ਰਸ ਦਾ ਝਲਕਾ ਮਾਰ ਜਾਂਦਾ ਹੈ, ਜੋ ਅੱਖਾਂ, ਨੱਕ, ਜੀਭ ਤੇ ਸਰੀਰ ਦੇ ਰਸ ਤੋਂ ਵੱਖਰਾ ਛੇਵਾਂ ਰਸ ਹੈ ਜੋ ਅੰਦਰਲੇ ਦੇਖਣ ਹਾਰ ਦੇ ਦੀਸਣ ਹਾਰ ਤੋਂ ਛਟਿਆਂ ਆਪੇ ਵਿਚ ਆਯਾਂ ਖੁਲ੍ਹਦਾ ਹੈ ਤੇ ਦਸਦਾ ਹੈ ਕਿ ਦੇਖ—

"ਜੇਤੇ ਘਟ ਅੰਮ੍ਰਿਤ ਸਭ
ਹੀ ਮੈ ਭਾਵੈ ਤਿਸੈ ਪਿਆਈ"

Digitized by Panjab Digital Library | www.panjabdigilib.org

ਘਰ ਦੇ ਅੰਦਰ ਬੈਠਿਆਂ ਬਾਜ਼ਾਰ ਵਿਚੋਂ ਸੁੰਦਰ ਧੁਨੀ ਵਾਜਿਆਂ ਤੂਤੀਆਂ ਦੀ ਆਉਂਦੀ ਹੈ, ਰਾਗ ਦੀ ਸੁੰਦਰਤਾ ਸਾਡੇ ਮਨ ਉੱਤੇ ਅਸਰ ਕਰਦੀ ਹੈ, ਮਨ ਆਪਣੇ ਵਿਚ ਕੱਠਾ ਹੋ ਜਾਂਦਾ ਹੈ, ਨੈਣ ਮੁੰਦ ਜਾਂਦੇ ਹਨ, ਰਸ ਆ ਜਾਂਦਾ ਹੈ। ਰਾਗ ਦੀ ਸੁੰਦਰਤਾ ਨੇ ਚਿੱਤ ਨੂੰ ਚਿੱਤ ਵਿਚ ਜੋੜ ਦਿੱਤਾ ਹੈ, ਬ੍ਰਿਤੀ ਚੜ੍ਹ ਗਈ ਹੈ। ਪਰ ਸਾਡਾ ਸੁਭਾਵ ਵੈਰੀ ਹੈ, ਦਿੱਸਣ ਵਾਲੇ ਪਦਾਰਥਾਂ ਦਾ ਅਤਿ ਪਯਾਰਾ ਹੋ ਚੁਕਾ ਹੈ। ਰਾਗ ਦੀ ਸੁੰਦਰਤਾ ਨੇ ਚਿੱਤ ਨੂੰ ਕਠਿਆਂ ਕੀਤਾ ਤੇ ਰਸ ਦਿੱਤਾ ਸੀ, ਉਸਨੂੰ ਛੱਡ ਬਾਹਰ ਭਜੀਦਾ ਹੈ, ਬਾਰੀਆਂ ਖੋਹਲ ਕੇ ਵਾਜੇ ਵਜਾਣ ਵਾਲੀਆਂ ਨੂੰ ਲੱਕੜ ਚਮ ਦੇ ਢੋਲਾਂ ਤੂਤੀਆਂ ਨੂੰ ਤੱਕੀਦਾ ਹੈ, ਤੇ ਇਸ ਤੱਕਣ ਵਿਚ ਦ੍ਰਿਸ਼ਟਮਾਨ ਵਿਚ ਲੱਗ ਜਾਈਦਾ ਹੈ ਸੁੰਦਰਦਾ ਦਾ ਜੋ ਅਸਰ 'ਰਸ ਮੰਡਲਾਂ ਵਿਚ ਲੈ ਜਾਣਾ ਸੀ, ਅੰਤਰ ਮੁਖ ਸੁਆਦ ਵਿਚ ਡੋਬਣਾ ਸੀ, ਓਹ ਗੁਆ ਲਈਦਾ ਹੈ। ਜੇ ਸੁੰਦ੍ਰਤਾ ਦੇ ਝਲਕਾਰੇ ਦੇ ਵੱਜਦੇ ਸਾਰ ਤ੍ਰਿਖੇ ਵੇਗ ਨਾਲ ਲੰਘ ਜਾਣ ਵਾਲਾ ਰਸ ਰੂਪ ਅਸਰ ਹੁੰਦਾ ਹੈ, ਜੋ ਆਪੇ ਨੂੰ ਜੋੜ ਜਾਂਦਾ ਹੈ, ਜੇ ਉਸਦਾ ਹੀ ਅਸੀਂ ਲਾਭ ਉਠਾਈਏ ਤਾਂ ਸਮਾਧੀ ਕਹੋ, ਲੀਨਤਾ ਕਹੋ, ਪਰਮ ਸੁਖ ਕਹੋ, ਪਾ ਲਈਏ। ਪਰ ਅਸੀਂ ਸੁੰਦ੍ਰਤਾ ਪ੍ਰਕਾਸ਼ਨ ਵਾਲੇ ਪਦਾਰਥਾਂ ਵਲ ਦੌੜਦੇ ਹਾਂ, ਜਿਥੇ ਸੁੰਦ੍ਰਤਾ ਵਸਦੀ ਦਿਸਦੀ ਹੈ, ਉਨ੍ਹਾਂ ਟਿਕਾਵਿਆਂ ਨੂੰ ਕਾਬੂ ਕਰਨ ਤੇ ਭੋਗਣ ਵਲ ਲਗਦੇ ਹਾਂ, ਸੋ ਐਸਾ ਕਰਨ ਵਿਚ ਦ੍ਰਿਸ਼ਟਮਾਨ ਵਿਚ ਵਧੀਕ ਫਸਦੇ ਹਾਂ, ਦ੍ਰਿਸ਼ਟਮਾਨ ਬਿਨਸਦਾ ਹੈ, ਵਿਛੜਦਾ ਹੈ, ਬਦਲਦਾ ਹੈ, ਤਦੋਂ ਦ੍ਰਿਸ਼ਟਮਾਨ ਦੇ ਪ੍ਰੇਮੀ ਨੂੰ ਸੁਖ ਦੀ ਥਾਂ ਦੁਖ ਹੁੰਦਾ ਹੈ। ਜੇ ਕਦੇ ਬੰਦੇ ਨੂੰ ਏਹ ਸਮਝ ਪੈ ਜਾਵੇ ਕਿ ਹਰ ਪ੍ਰਕਾਰ ਦੀ ਸੁੰਦ੍ਰਤਾ 'ਕਲਯਾਨ ਕਾਰੀ' ਤਾਕਤ ਹੈ, ਮੁਕਤੀ ਦਾਤਾ ਹੈ, ਰਸ ਦਾਤਾ ਹੈ, ਸੋਚ ਦੇ ਮੰਡਲ ਵਿਚੋਂ ਖਲਾਸੀ ਦੇਕੇ ਰਸ ਦੇ ਮੰਡਲ ਵਿਚ ਲੈ ਜਾਣ ਵਾਲੀ ਦੇਵੀ ਹੈ ਤਾਂ ਕਲਯਾਣ ਖਬੇ ਹੱਥ ਦੀ ਖੇਡ ਹੈ।'

* * * *

ਗੱਲ ਬਾਤ ਵਿਚ ਮਨੁੱਖੀ ਦਿਲ ਦੇ ਭਾਵਾਂ ਦੀ ਜਵਾਹਿਰਾਤ ਖੋਹਲ ਕੇ ਰੱਖ ਦੇਣ ਦੀ ਅਚਰਜ ਕਰਾਮਾਤ ਭਾਈ ਸਾਹਿਬ ਨੇ ਆਪਣੇ ਗੁਰਪੁਰਬ ਟ੍ਰੈਕਟਾਂ ਵਿਚ ਹਰ ਥਾਂ ਪੰਜਾਬੀ ਨਸਰ ਵਿਚ ਦੱਸੀ ਹੈ। ਪਦਮਾ ਟ੍ਰੈਕਟ ਵਿਚ ਜਿੱਥੇ ਪਹਾੜੀ ਰਾਜਿਆਂ ਦੀਆਂ ਰਾਣੀਆਂ ਅਕੱਠੀਆਂ ਗੱਲਾਂ ਕਰਦੀਆਂ ਹਨ ਉਹ ਸਾਰੇ ਦਾ ਸਾਰਾ ਹਿੱਸਾ ਇੱਥੇ ਅਸੀ ਦਿੰਦੇ ਹਾਂ :—

ਪਦਮਾ-ਸੁਣਾਓ ਬਾਈ ਧਾਰ ਦੇ ਸੂਤ੍ਰ ਨਾਲ ਸੁਲਾਹ ਸਫਾਈ ਹੋ ਗਈ ?

ਰਾਣੀ ਗੁਲੇਰਨ-ਐਉਂ ਨਾ ਕਹੋ ਦੁਲਾਰੀ ਜੀ ਓਹ ਤਾਂ ਪਯਾਰ ਦਾ ਅਵਤਾਰ ਹਨ, ਡਿੱਠੇ ਸੁਣੇ ਦਾ ਫਰਕ ਹੈ।

ਰਾਣੀ ਡਡਵਾਲਨ-ਸਾਰੇ ਰਾਜਿਆਂ ਦੀ ਮੱਤ ਮਾਰੀ ਹੋਈ ਸੀ, ਜੁ ਇਸ ਮੋਹਣੀ ਮੂਰਤ ਨਾਲ ਜਿਸਦੇ ਚਰਨ ਚੁੰਮਣੇ ਚਾਹੀਦੇ ਸਨ ਮੱਥੇ ਲਾਈ ਰੱਖੇ ਨੇ।

ਰਾਣੀ ਸ੍ਰੀਨਗ੍ਰਨ-ਸੰਭਾਲਕੇ ਬੋਲ, ਘਰ ਵਾਲੇ ਦੇ ਘਰ ਨਹੀਓ ਵੱਸਣਾ, ਜੇ ਕਿਤੇ ਪਤਾ ਲੱਗ ਗਿਆ ਤਾਂ ਧੱਕਾ ਨਾ ਮਿਲ ਜਾਈ।

ਰਾਣੀ ਡਡਵਾਲਨ-ਕਿਸਦੀ ਮਜਾਲ ਹੈ ? ਖਸਮ ਨੂੰ ਨੱਕ ਨਾਲ ਬੰਨ੍ਹਕੇ ਰੱਖੀਦਾ ਹੈ।

Digitized by Panjab Digital Library | www.panjabdigilib.org

ਰਾਣੀ ਕਿਓਂਥਲਨੀ-ਰਾਮ ਰਾਮ ! ਪਤੀਬ੍ਰਤਾ ਧਰਮ ਤੇਰਾ ਏਹੀ ਹੈ ?

ਰਾਣੀ ਡਡਵਾਲਨ-ਡਿੱਠਾ ਨੀ ਤੁਹਾਡਾ ਪਤੀਬ੍ਰਤ ਧਰਮ, ਸੌ ਜਾਦੂ ਤੇ ਲਖ ਟੂਣਾ। ਖਸਮ ਮੁੱਠੂ ਵੱਸ ਕਰਨ ਦੇ ਕਾਮਣ ਦਿਨੇ ਰਾਤ ! ਇਹੋ ਪਤੀਬ੍ਰਤ ਧਰਮ ਹੈ, ਨਾਲੇ ਨਿਖਸਮੇ ਖਸਮ ਇਸਤ੍ਰੀ-ਬ੍ਰਤ ਧਰਮ ਲਈ ਬੈਠੇ ਹਨ।

ਰਾਣੀ ਨੂਰਪੁਰਨ-ਸੱਚ ਕਿਹਾ ਹੀ ਬਥੇ ਰੀ ਸੇਵਾ ਕੀਤੀ, ਆਪਾ ਮਾਰਕੇ ਸਦਕੇ ਹੋਈ, ਦਿਨ ਰਾਤ ਇੱਕ ਕੀਤੇ, ਛੇਕੜ ਖਸਮਾਂ ਖਾਣਾ ਚੰਬੇ ਦੀ ਇੱਕੋ ਭਿੱਟਣ ਤੇ ਰੀਝ ਪਿਆ। ਲੈ ਹੁਣ ਓਹ ਰਾਣੀ ਤੇ ਮੈਂ ਗੋਲੀ। ਤਾਪ ਸੜੀ ਘਰ ਰਹ ਗਈ; ਨਹੀਂ ਤਾਂ ਮੈਨੂੰ ਕਿਨ੍ਹੇਂ ਏਥੇ ਲਿਆਓਣਾ ਸੀ ਏਨ੍ਹਾਂ ਮਰਦਾ ਦਾ ਕੋਈ ਵਿਸਾਹ ਨਹੀਂ।

ਰਾਣੀ ਭੂਟਣ—ਹੈ ਤਾਂ ਸੱਚ ਪਰ ਸਾਨੂੰ ਕੀਹ ? ਕਰੇਗਾ ਸੋ ਭਰੇਗਾ, ਅਸੀਂ ਆਪਣੀ ਨਿਬਾਹੀਏ ਸਾਡੇ ਪਤੀਬ੍ਰਤ ਧਰਮ ਸੀਤਾ ਵਰਗਾ ਨਿਭੇਗਾ। ਰਾਮ ਦੀ ਰਾਮ ਜਾਣੇ, ਅੱਗ ਵਿਚ ਪਾਏ ਕਿ ਬਨ ਨੂੰ ਤੋਰੇ।

ਪਦਮਾ-(ਮਸਕ੍ਰਾਕੇ ਆਪਨੇ ਆਪ ਵਿਚ) ਚੰਗੀ ਵਿੱਦਵਾਨ ਹੈ।

ਰਾਣੀ ਨਾਹਨ-ਭੈਣੇ ! ਜੇਹੀ ਬਣੀ ਤੇਹੀ ਸਾਰ ਲਈ। ਸਦਾ ਪਰਛਾਵੇਂ ਟਿਕੇ ਹਨ, ਕਿ ਕਦੇ ਸੂਰਜ ਦੀ ਟਿੱਕੀ ਸਦਾ ਸਿਖਰੇ ਥਿਰ ਰਹੀ ਹੈ ? ਸਭ ਕੁਛ ਢਲਨਹਾਰ ਹੈ। ਰੋਸ ਕਿਉਂ ਤੇ ਦੋਸ ਕਾਸ ਨੂੰ ?

ਰਾਣੀ ਡਡਵਾਲਨ-ਸਾਰੇ ਤੁਹਾਡੇ ਗਯਾਨ ਮੈਂ ਜਾਣਦੀ ਹਾਂ। ਉੱਤੋਂ ਮੂੰਹ ਚੋਪੜੀਆਂ ਤੇ ਵਿਚੋਂ ਮੂੰਹ ਮੀਟੀਆਂ ਪਰਾਕੜੀਆਂ। ਜਿਨ੍ਹਾਂ ਤੇ ਪੈ ਗਈਆਂ ਸੌਂਕਣਾਂ ਤੇ ਸੌਂਕਣਾਂ ਦੀਆਂ ਚੜ੍ਹ ਪਈਆਂ ਗੁੱਡੀਆਂ ਓਹ ਤਾਂ ਸਭ ਬ੍ਰਹਮ ਗਯਾਨਣਾ ਹੋ ਗਈਆਂ, ਤੇ ਜਿਨ੍ਹਾਂ ਦੀ ਚੜ੍ਹ ਰਹੀ ਹੈ ਆਪਣੀ ਗੁੱਡੀ, ਉਹ ਬਣ ਬੈਠੀਆਂ ਪਤੀਬ੍ਰਤਾ। ਇਹੋ ਕੁਛ ਕਿ ਹੋਰ ? (ਸਾਰਿਆਂ ਹੱਸ ਪਈਆਂ)।

ਰਾਣੀ ਕਹਲੂਰਨ-ਖਰੀਆਂ ਪਈ ਕਹਨੀ ਏਂ। ਡਰਨੀ ਏਂ ਨਹੀਂ। ਜੇ ਰਾਜੇ ਕੰਨੀਂ ਪਹੁੰਚ ਪਈਆਂ ਤਾਂ ਤੇਰੀ ਚੜ੍ਹੀ ਗੁੱਡੀ ਨਾਂ ਕੱਟੀ ਜਾਏ ?

ਰਾਣੀ ਡਡਵਾਲਨ-ਕੱਟੀ ਜਾਏ ਤਾਂ ਜਾਏ ਕੱਟੀ, ਮਾਰੀ ਜੁੱਤੀ ਤੋਂ ਖਾਣਾ ਹੈ ਖੱਟਿਆ ਕਰਮ ਦਾ। ਜਦ ਤੋੜੀ ਹੈ ਯਾਵਰੀ ਕਰਮ ਵਿਚ, ਲਿਖਾਂਗੀ ਨੋਕ ਤੇ ਖਸਮ, ਤੇ ਨੋਕ ਤੇ ਰਾਜਾ। ਜਦੋਂ ਦਿੱਤੀ ਹਾਰ ਕਰਮ ਨੇ, ਬਾਹੁੜੀ ਕਰਨੀ ਨਾਂ ਰੂਪ ਨੇ, ਨਾਂ ਅਕਲ ਨੇ, ਨਾਂ ਮਿਣ ਮਿਣ ਨੇ ਤੇ ਨਾਂ ਇਨ੍ਹਾਂ ਗਯਾਨਾਂ ਧਯਾਨਾਂ ਨੇ।

ਰਾਣੀ ਸੁਕੇਤਣ-ਭੈਣੇ ! ਡਰੀਏ, ਕਰਮ ਦੀ ਗਤੀ ਦਾ ਕੀ ਪਤਾ ? ਸੀਤਾ ਨਾਂ ਬਚੀ, ਰਾਧਾਂ ਐਡੇ ਕਰਮਾਂ ਵਾਲੀ ਸੁਕਦੀ ਸੁੱਕ ਗਈ, ਹੋਰ ਕਿਸੇ ਦੀ ਗੱਲ ਹੈ ?

ਰਾਣੀਡਡਵਾਲਨ-ਫੇਰ ਤੇਰੀ ਕੀ ਮਰਜ਼ੀ ਹੈ, ਅੱਗੋਂ ਹੀ ਪਏ ਡਰ ਡਰ ਮਰੀਏ ? ਜਦੋਂ ਕਰਮ ਦੀ ਗੁੱਡੀ ਚੜ੍ਹੀ ਹੋਵੇ ਓਦੋਂ ਭੈ ਨਾਲੇ ਮਰੀਏ, ਜਦੋਂ ਕੱਟੀ ਜਾਵੇ ਤਦੋਂ ਦੁੱਖਾਂ ਵਿਚ ਸੜੀਏ, ਕੋਈ ਘੜੀ ਉਤਲੇ ਸਾਹ ਦੀ ਨਾ ਆਵੇ ?

Digitized by Panjab Digital Library | www.panjabdigilib.org

ਰਾਣੀ ਸੁਕੇਤਣ-ਨਹੀ, ਮੈਂ ਇਹਤਾਂ ਨਹੀਂ ਕਹਿੰਦੀ। ਮੈਂ ਤਾਂ ਕਿਹਾ ਹੈ ਕਰਮ ਦਾ ਬੀ ਕਾਹਦਾ ਮਾਣਾ ? ਕਰਮ ਕੋਈ ਪੱਕਾ ਥੇੜ੍ਹਾ ਹੈ ?

ਰਾਣੀ ਡਡਵਾਲਨ-ਜਦ ਤਕ ਸਹੀ, ਤਦ ਤਕ ਸਹੀ। ਸਾਰੇ ਪੰਡਤ ਜਗਤ ਨੂੰ ਦੁਖ ਰੂਪ ਦਸਦੇ ਹਨ। ਸੋ ਇਸ ਸਰਬਥਾ ਦੁਖ ਰੂਪ ਵਿਚ ਜੋ ਘੜੀ ਸੁਖ ਦੀ ਮਿਲ ਗਈ ਸੋਈ ਸਹੀ, ਓਸਨੂੰ ਕਿਉਂ ਖਰਾਬ ਕਰੀਏ।

ਰਾਣੀ ਕਹਲੂਰਨ-ਗੱਲ ਕਰਦਿਆਂ ਕੰਧ ਤੋਂ ਡਰੀਏਂ, ਤੇ ਤੂੰ ਜੀਉਂਦੇ ਕੰਨਾਂ ਤੋਂ ਨਹੀਂ ਡਰਨੀ ਏਂ, ਕਿੰਨੇ ਪਏ ਸੁਣਦੇ ਹਨ, ਜੇ ਕੰਨੀ ਜਾ ਚੜ੍ਹੀਆਂ ਤਾਂ ਰਵਾਲਸਰ ਵਿਚ ਹੀ ਡੇਰਾ ਨਾ ਲੱਗ ਜਾਏ ?

ਰਾਣੀ ਡਡਵਾਲਨ-ਮੇਰਾ ਕਿ ਖਸਮ ਦਾ ?

ਸਾਰੀਆਂ-ਰਾਮ ! ਰਾਮ !

ਰਾਣੀ ਸ੍ਰੀਨਗਰਨ-ਤੇਰੀ ਕੌਂਚੀ ਜੀਭ ਸੜੇ, ਘਰ ਵਾਲੇ ਨੂੰ ?

ਰਾਣੀ ਡਡਵਾਲਨ-ਡਿੱਠਾ ਨੀ ਘਰ ਵਾਲਾ, ਐਡਾ ਡੋਬਣ ਵਾਲਾ। ਚਾਰ ਹੇਠ ਤੇ ਪੰਜ ਉੱਤੇ ਧਰਕੇ ਰਖੀਆਂ, ਨੱਕ ਵਿਚ ਪਾਈ ਨਕੇਲ ਤੇ ਕਿਹਾ ਨੱਚੋ ਜੀ ਮਹਾਰਾਜ। (ਚੁਫੇਰੇ ਤਕ ਕੇ) ਨੱਕ ਭਰਵੱਟੇ ਨਾ ਵੱਟੋ ਅੜੀਓ ! ਤੇ ਨਾਂ ਟੁੱਕੋ ਬੁਲ੍ਹ, ਖਰੀਆਂ ਖਰੀਆਂ ਲਓ ਸੁਣ, ਅੰਦਰੋਂ ਸਾਰੀਆਂ ਮੈਥੋਂ ਵੱਧ ਹੋ, ਉੱਤੋਂ ਪਈਆਂ ਮੋਮਣੀਆਂ ਬਣੋਂ। ਮੈਂ ਕਹਿੰਦੀ ਹਾਂ ਖਰੀ ਗੱਲ, ਤੇ ਕਹਾਂਗੀ ਖਸਮ ਦੇ ਮੂੰਹ ਤੇ ਮੈਨੂੰ ਤਾਂ ਜਦੋਂ ਕਹਿੰਦਾ ਹੈ ਨਾਂ ਕਿ ਮੇਰਾ ਉਹ ਪਯਾਰ ਹੈ ਜੋ ਰਾਮ ਜੀ ਦਾ ਸੀਤਾ ਨਾਲ ਸੀ, ਤਾਂ ਮੈਂ ਥੱਬਾ ਨਹੀਂ ਰਖਦੀ, ਮੂੰਹ ਤੇ ਮਾਰਨੀ ਹਾਂ ਸੱਚੀ, ਡਿੱਠਾ ਜੀ ਤੁਹਾਡਾ ਪਯਾਰ ਮੈਥੋਂ ਪਹਿਲਾਂ ਚਾਰ ਵਿਆਹ ਹੋ ਚੁੱਕੇ, ਚਾਰੇ ਰਾਜਿਆਂ ਦੀਆਂ ਧੀਆਂ ਇਕ ਤੋਂ ਇਕ ਚੜ੍ਹਦੀਆਂ, ਗੁਣਾਂ ਵਾਲੀਆਂ, ਮੈਂ ਤਾਂ ਕਿਸੇ ਦੇ ਪੈਰਾਂ ਦੀ ਤਲੀ ਜੇਹੀ ਬੀ ਨਹੀਂ, ਉਹ ਤੁਸਾਂ ਤ੍ਰਾਹ ਸੁੱਟੀਆਂ ਤੇ ਮੇਰੇ ਨਾਲ ਕਦ ਨਿਭਣ ਲੱਗੇ ਹੋ, ਤੁਸਾਂ ਨੂੰ ਮਰਦਾਂ ਨੂੰ ਕਿਸੇ ਨਾਲ ਪਯਾਰ ਨਹੀਂ, ਨਵੇਂ ਪਨ ਨਾਲ ਮੋਹ ਹੈ। ਜਿਸ ਤਰਾਂ ਬਾਲ ਓਸ ਤਰਾਂ ਮਰਦ। ਨਿੱਤ ਨਵੇਂ ਖਡੌਣੇ ਨਾਲ ਪਯਾਰ ਪੁਰਾਣੇ ਭੰਨੇ, ਨਵੇਂ ਹੋਰ।

ਰਾਣੀ ਸ੍ਰੀਨਗ੍ਰਨ-ਫੇਰ ਗੁੱਸੇ ਨਹੀਂ ਹੋ ਜਾਂਦੇ ?

ਰਾਣੀ ਡਡਵਾਲਨ-ਹੋ ਪੈਣ ਤਾਂ ਹੋ ਪੈਣ ਮੈਂ ਤਾਂ ਸਿਰ ਤਲੀ ਧਰੀ ਬੈਠੀ ਹਾਂ। ਚਾਰ ਚਿਖਾਂ ਜੋ ਸਾਹਮਣੇ ਬਲਦੀਆਂ ਦੇਖਦੀ ਹਾਂ, ਪੰਜਵੀ ਆਪਣੀ ਸਮਝਦੀ ਹਾਂ ਬੀੜੀ ਜਾ ਰਹੀ ਹੈ, ਪਰ ਜਦੋਂ ਪਊ ਓਦੋਂ ਸੜੂੰ। ਮੈਂ ਕਹਿੰਦੀ ਹਾਂ ਮੈਂ ਅੱਗੋਂ ਹੀ ਕਿਉਂ ਚੁੜ ਚੁੜ ਮਰਾਂ ? ਜਦ ਤਕ ਸਹੀ ਤਦ ਤੱਕ ਸਹੀ। ਏਹੋ ਮੈਂ ਖਸਮ ਦੇ ਮੂੰਹ ਤੇ ਮਾਰਨੀ ਹਾ, ਸਾਫ ਆਖਦੀ ਹਾਂ। ਕਰਮਾਂ ਦੀ ਯਾਵਰੀ ਹੈ, ਤੁਹਾਡੀ ਮੁਹੱਬਤ ਪਰਛਾਵਾਂ ਹੈ।

ਰਾਣੀ ਸੁਕੇਤਣ-ਧੰਨ ਤੂੰ ਹੈਂ ਸਾਡੀ ਤਾਂ ਸੰਹਮਾਂ ਨਾਲ ਜਾਨ ਸੁੱਕੀ ਰਹਿੰਦੀ ਹੈ।

Digitized by Panjab Digital Library | www.panjabdigilib.org

ਰਾਣੀ ਮੰਡਨੀ-ਵੇਖਣਾ ਕਿਤੇ ਏਸ ਦੀ ਰੀਸ ਨਾ ਕਰ ਬਹਣੀ। ਕੁੱਬੇ ਨੂੰ ਲੱਤ ਕਾਰ ਆ ਗਈ ਹੋਵੇ ਤਾਂ ਨਾਜ਼ਕ ਲੱਕ ਵਾਲੇ ਨੂੰ ਪੁੱਠੀ ਪਵੇਗੀ, ਭੈਣੋਂ ! ਆਪੋ ਆਪਣੇ ਥਾਂ ਸਮਝਕੇ ਵਰਤਣਾ। ਏਸ ਮੂੰਹ-ਪਾਟੀ ਦੀ ਕਦੇ ਰੀਸ ਨਾ ਕਰਨੀ।

ਰਾਣੀ ਡਡਵਾਲਨ-ਸੁਣ ਲਓ ਕਥਾ ਪੰਡਤਾਣੀ ਦੀ। ਖ਼ੂਬ ਡਰਿਆ ਕਰੋ, ਸੜਿਆਂ ਕਰੋ, ਕੁੜਿਆਂ ਕਰੋ, ਮਿਣ ਮਿਣ ਕਰਿਆ ਕਰੋ। ਇਹ ਜੇ ਸਤ ਧਰਮ, ਇਹੋ ਜੇ ਪਤੀਵਰਤ। ਉੱਤੋਂ ਠੰਢੇ ਵਿਚੋਂ ਆਵੇ ਦੀ ਅੱਗ ਵਾਂਙੂੰ। ਠੀਕ ਹੈ ਨਾ ?

ਰਾਣੀ ਕੁਲੂਵਾਲ-ਡਡਵਾਲਨੇ ! ਮੈਂ ਆਖਾਂ ਸੱਚੀ, ਮੇਰੇ ਗਲ ਨਾਂ ਅੜੀਏ ਪੈ ਜਾਈ, ਕਹਿੰਦੀ ਤਾਂ ਤੂੰ ਖਰੀਆਂ ਹੈਂ, ਪਰ ਯੋਗ ਨਹੀਂ। ਅਸਲ ਗੱਲ ਇਹ ਹੈ ਕਿ ਜਿੱਥੇ ਸਾਉਕਾ ਹੋਊ ਉਥੇ ਯਾ ਸਾੜਾ ਤੇਰੇ ਵਾਂਙੂੰ ਜਿੰਦ ਤਲੀ ਉੱਤੇ ਤੇ ਜੀਭ ਮੱਥੇ, ਦੁਖ ਜੁ ਹੈ ਤਾਂ ਸਾਉਕੇ ਦਾ। ਏਹਨਾਂ ਬਾਹਮਣਾਂ ਨੂੰ ਕੁਛ ਦੇਈਏ ਦਵਾਈਏ ਜੋ ਇਹ ਵੇਦ ਵਾਕ ਕੱਢ ਦੇਣ ਕਿ ਦੂਜਾ ਵਿਆਹ ਪਾਪ ਹੈ ਤਾਂ ਫਿਰ ਪਤੀ ਨਿਭ ਜਾਣ ਤੇ ਸਾਡੇ ਅੰਦਰੀਂ ਬੀ ਸਾੜੇ ਜਾਂ ਬੇਅਦਬੀ ਦੇ ਭਾਵ ਨਾ ਆਉਣ।

ਰਾਣੀ ਡਡਵਾਲਨ-ਆਖੀ ਤੇ ਸੱਚੀ ਹੈ, ਤੇਰੇ ਕਹੇ ਨੂੰ ਸਿਰ ਮੱਥੇ ਤੇ ਰੱਖਣੀ ਹਾਂ, ਪਰ ਕਰ ਵੇਖ ਜੇ ਪੇਸ਼ ਚਲਦੀ ਊ ਤਾਂ। ਭੈਣੇ ! ਸਾਥੋਂ ਗ਼ਰੀਬ ਚੰਗੇ। ਚਾਰ ਆਨੇ ਲਿਆਕੇ ਰਾਤ ਨੂੰ ਵਹੁਟੀ ਗੱਭਰੂ ਪਯਾਰ ਨਾਲ ਤਾਂ ਵੰਡ ਖਾਂਦੇ ਹਨ ਨਾ, ਨਾ ਸਹੀ ਸੰਸਾਰ ਦੇ ਸੁਖ, ਪਰ ਆਪੋ ਵਿਚ ਮੋਹ ਤੇ ਇਤਬਾਰ ਦਾ ਸੁਖ ਸਿਰ ਸੁਖਾਂ ਦੇ ਸੁਖ ਹੈ। ਮੈਂ ਖਸਮ ਨੂੰ ਹੁਕਮ ਵਿਚ ਟੋਰਦੀ ਹਾਂ, ਸੁਖੀ ਹਾਂ, ਮੈਂ ਡਰਦੀ ਨਹੀਂ, ਮੂੰਹ ਤੇ ਸੁਣਾਂਦੀ ਹਾਂ, ਜੋ ਮੈਂ ਤੁਸਾਡੇ ਸਾਹਮਣੇ ਕਹੀਆਂ, ਓਹ ਉਹਦੇ ਮੂੰਹ ਤੇ ਆਖਦੀ ਹਾਂ, ਪਰ ਫੇਰ ਮੈਂ ਦੁਹਾਈ ਦੇ ਕੇ ਆਖਦੀ ਹਾਂ ਕਿ ਜੇ ਮੈਂ ਮਜੂਰ ਦੀ ਵਹੁਟੀ ਹੁੰਦੀ, ਇਕ ਡੰਗ ਲੱਭਦਾ ਆਪ ਭਰਦੀ, ਇਕ ਨ ਲੱਭਦਾ ਆਪ ਪੀਹਦੀ ਆਪ ਪਕੋਂਦੀ, ਥੱਕੇ ਪਤੀ ਦੇ ਅੱਗੇ ਧਰਦੀ, ਉਹ ਖਾਂਦਾ ਤੇ ਸੱਜਰੇ ਪਾਣੀ ਦਾ ਘੁਟ ਪੀ ਕੇ ਮੇਰੇ ਵਲ ਪਯਾਰ ਨਾਲ ਤਕਦਾ, ਮੈਂ ਤਾ ਜੀਉ ਜੀਉ ਪੈਂਦੀ। ਉਹ ਸੱਚੇ ਪਿਆਰ ਦੀ ਚਿਤਵਨ ਉਹ ਅੰਦਰਲੇ ਨੇਹੁੰ ਦੀ ਦ੍ਰਿਸ਼ਟ ਜਗਤ ਓਸ ਤੋਂ ਵਾਰ ਸੁਟਾਂ। ਓਸ ਇਕ ਨਜ਼ਰ ਉਤੋਂ ਸਾਰੀ ਸਦਕੇ ਹੋ ਜਾਵਾਂ। ਮੇਰਾ ਦਿਲ, ਮੇਰੇ ਸੁਆਮੀ ਦਾ ਦਿਲ, ਇਕ ਝਰਨਾਟ ਵਿਚ ਝਿਰਦੇ। ਫੇਰ ਦੁੱਖ ਕੀਹ ਤੇ ਭੁੱਖ ਕੀਹ ? ਗ਼ਰੀਬੀ ਕੀਹ ਤੇ ਬਿਦੇਸ ਕੀ ? ਕੋਈ ਦੁੱਖ ਫੇਰ ਦੁੱਖ ਨਹੀਂ। ਅਸਲ ਗੱਲ ਇਹ ਹੈ ਕਿ ਅਮੀਰੀ ਮਨ ਦੇ ਸੁਖ ਦੀ ਵੈਰਨ ਹੈ।

ਪਦਮਾ-ਮੇਰੀਓ ਵੱਡੀਓ ਤੇ ਸਤਿਕਾਰ ਯੋਗ ਵੱਡੀਓ ! ਤੁਸੀ ਲੱਗ ਪਈਆਂ ਜੇ ਆਪਣੀ ਗੱਲੀਂ, ਤੇ ਮੈਂ ਕਰਨੀਆਂ ਸਨ ਹੋਰ ਗੱਲਾਂ। ਆਖੋ ਤਾਂ ਛੇੜਾਂ ?

ਰਾਣੀ ਡਡਵਾਲਨ-ਆਹੋ ਨੀ ਆਹੋ ਭੜਾਕੂਏ ! ਕਰਨੀਆਂ ਸੂ ਗੱਲਾਂ। ਤੇਰੀ ਗੱਲੀਂ ਚੋਲ ਜੂ ਹੋਏ, ਨਾ ਹੱਡ ਪਏ। ਸੁਖੀ ਵਸਨੀਏਂ, ਛੜੀ ਛਾਂਟ। ਨਾ ਲਾਲਚ ਕੀਤਾ ਤੇ ਨਾ ਪਏ ਮਾਮਲੇ। ਤੈਨੂੰ ਤਾਂ ਹੋਰ ਹੋਰ ਗੱਲਾਂ ਭਾਉਣੀਆਂ ਹੋਈਆਂ ਨਾ।

ਪਦਮਾਂ-ਨੀ ਮਾਂ-ਡਡਵਾਲਨੇ ! ਧੀਆਂ ਨਾਲ ਬੀ ਮਖੌਲ, ਆਪੋ ਵਿਚ ਤਾਂ ਭਲਾ ਹੋਇਆ ਨਾ।

Digitized by Panjab Digital Library | www.panjabdigilib.org

ਰਾਣੀ ਡਡਵਾਲਨ-ਉਹ ਹੋ, ਚੰਬਿਆਲਨੇ ! ਮੈਨੂੰ ਚੇਤਾ ਹੀ ਭੁੱਲ ਗਿਆ ਜੋ ਪਦਮਾ ਧੀ ਹੈ। ਮਾਫ ਕਰਨਾ, ਗੁਸੇ ਨਹੀਂ ਹੋਣਾ। ਪਰ ਮੈਨੂੰ ਤਾਂ ਏਸ ਧੀ ਨਾਲ ਬੀ ਸਾੜਾ ਹੈ ਜਿਨ ਪੋਥੀਆਂ ਨਾਲ ਵਿਆਹ ਕੀਤਾ ਹੈ ਤੇ ਸੁਖ ਦੀ ਨੀਂਦ੍ਰੇ ਸੌਂਦੀ ਹੈ, ਤੇਰੇ ਵਰਗੀ ਮਿਲੀ ਹੈ ਮਾਂ ਤੇ ਬਹਾਰਾਂ ਕਰਦੀ ਹੈ ਤੇਰੇ ਸਿਰ ਤੇ। ਖਿਮਾਂ ਕਰਨੀ ਮੈਂ ਮੂੰਹ ਪਾਟਾ ਢੋਲ ਜੂ ਹੋਈ।

ਪਦਮਾਂ-ਤੁਸੀਂ ਸਾਰੀਆਂ ਵੱਡੀਆਂ ਮੇਰੀਆਂ ਮਾਵਾਂ ਹੋ। ਮੈਨੂੰ ਏਹ ਦੱਸੋ ਗੁਰੂ ਕਿਹੋ ਜਿਹਾ ਡਿੱਠਾ ਨੇ ?

ਰਾਣੀ ਡਡਵਾਲਨ-ਸਭ ਤੋਂ ਪਹਿਲਾਂ ਮੈਂ ਦੱਸਾਂਗੀ, ਲੈ ਸੁਣ :—

ਮੋਹਿਨੀ ਮੂਰਤ, ਸੋਹਨੀ ਸੂਰਤ, ਸਾਖਯਾਤ ਆਪ, ਅਰਸ਼ਾਂ ਤੇ ਕੋਈ ਨਾ, ਕੁਰਸ਼ਾਂ ਤੇ ਕੋਈ ਨਾ, ਬ੍ਰਹਮ ਲੋਕ, ਸ਼ਿਵ ਲੋਕ ਸੁੰਞੇ, ਤੇ ਸੁਰਗ ਲੋਕ ਸੱਖਣੇ, ਜੋ ਹੈ ਸੋ ਇਹ ਹੈ। ਜੇ ਓਥੇ ਬੈਕੁੰਠਾਂ ਵਿਚ ਕੋਈ ਤਾਂ ਹੇਠਾਂ ਉੱਤਰ ਆਇਆ ਜੇ, ਤੇ ਓਹ ਘਰ ਹੁਣ ਖਾਲੀ ਪਏ ਜੇ, ਬੱਸ ਇਹ ਤਾਂ ਹਈ ਸੱਚ, ਤੇ ਬਾਕੀ ਮਿਣ ਮਿਣ ਤੇ ਗਿਣ ਗਿਣ ਮੁੜੀਏ ! ਸੁਣ ਲੈ ਇਨ੍ਹਾਂ ਸਾਰੀਆਂ ਪਤੀਵਰਤਾਂ ਕੋਲੋਂ।

ਰਾਣੀ ਚੰਬਯਾਲਨ-ਡਡਵਾਲਨੇ ? ਮੈਂ ਜੁ ਕਿਹਾ ਸੀ ਧੀਆਂ ਨਾਲ ਮਖੌਲ ਨਹੀਂ ਫੱਬਦੇ।

ਰਾਣੀ ਡਡਵਾਲਨ-ਜੁਲਾਹੇ ਦੀ ਮਸਕਰੀ ਮਾਂ ਭੈਣ ਨਾਲ ?

ਪਦਮਾ-ਮੈਂ ਤੁਹਾਡੀ ਬੱਚੀ ਹਾਂ ਤੁਸੀਂ ਪਯਾਰ ਕਰਦੇ ਹੋ। ਹਾਂ ਜੀ ਗੁਰੂ ਜੀ ਕੇਹੋ ਜੇਹੇ ਦੇਖੇ ?

ਰਾਣੀ ਡਡਵਾਲਨ-ਦੱਸੋ ਨੀ ਮੂੰਹ ਮੀਟੀਓ, ਪਰ ਸੱਚੋ ਸੱਚ ਦੱਸਣਾ।

ਰਾਣੀ ਸ੍ਰੀਨਗਰਨ-ਮੇਰੀ ਜਾਚ ਵਿਚ ਤਾਂ ਇਹ ਆਯਾ ਹੈ ਕਿ ਹਰ ਜੁਗ ਦਾ ਅਵਤਾਰ ਹੈ ਆਪੋ ਆਪਣਾ। ਸਾਡੇ ਜੁਗ ਵਿਚ ਅਵਤਾਰ ਏਹ ਹਨ।

ਰਾਣੀ ਨਾਹਨ-ਮੇਰਾ ਖਿਆਲ ਬੀ ਇਹੋ ਹੈ ਕਿ ਵਿਸ਼ਨੂੰ ਜੀ ਦਾ ਸੋਲਾਂ ਕਲਾ ਅਵਤਾਰ ਹਨ।

ਰਾਣੀ ਮੰਡੀਣੀ-ਮੇਰੀਆਂ ਅੱਖਾਂ ਵਿਚ ਤੇ ਮੇਰੇ ਪਤੀ ਦੀਆਂ ਅੱਖਾਂ ਵਿਚ ਤਾਂ ਧਯਾਨ ਵੱਸ ਗਿਆ ਹੈ। ਇੱਥੋਂ ਹੋਕੇ ਅਸਾਂ ਆਪਣੇ ਨਗਰ ਲੈ ਜਾਣਾ ਹੈ ਤੇ ਦਾਸ ਹੋ ਕੇ ਸੇਵਾ ਕਮਾਣੀ ਹੈ। ਬੱਸ ਮੈਥੋਂ ਹੋਰ ਕੀ ਪੁੱਛਦੇ ਹੋ ? ਮੇਰੇ ਤਾਂ ਸੁਰਤ ਅਧਾਰ ਹੋ ਗਏ। ਦੱਸਾਂ ਕੀ ? (ਇਹ ਕਹਕੇ ਨੈਣ ਭਰ ਗਏ)

ਰਾਣੀ ਡਡਵਾਲਨ-ਇਹ ਸੱਚ ਬੋਲੀ ਜੇ, ਸ਼ਾਬਾਸ਼ !

ਰਾਣੀ ਸੁਕੇਤਣ-ਮੈਂ ਤਾਂ ਘਰੋਂ ਇਹ ਧਾਰਕੇ ਗਈ ਸਾਂ ਕਿ ਜੇ ਅਵਤਾਰ ਹਨ, ਤਾਂ ਮੈਨੂੰ ਰਾਮ ਰੂਪ ਦਿੱਸਣ। ਸੋ ਜਦ ਮੈਂ ਗਈ ਮੈਨੂੰ ਸਾਂਵਲੀ ਸੂਰਤ, ਮੋਹਿਨੀ ਮੂਰਤ, ਧਨੁਖ ਧਾਰੀ ਮ੍ਰਿਗ ਨੂੰ ਤੀਰ ਮਾਰ ਰਹੇ ਦਿੱਸੇ। ਮੈਂ ਰਾਮ ਰੂਪ ਸਮਝਦੀ ਹਾਂ।

ਰਾਣੀ ਨੂਰਪੁਰਨ-ਮੇਰੇ ਨਗਰ ਦੀਆਂ ਹੋਣ ਠੰਢੀਆਂ ਛਾਵਾਂ, ਬਰੋਟਿਆਂ ਦੇ ਹੇਠਾਂ ਡਾਹਵਾਂ ਪਲੰਘ, ਸਤਿਗੁਰੂ ਦੇ ਅੱਗੇ ਲਿਆ ਕੇ ਧਰਾਂ ਭੋਜਨ, ਤੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਕਿ ਸਿੱਖਾਂ ਨੂੰ

Digitized by Panjab Digital Library | www.panjabdigilib.org

ਲੂੰ ਨਾ ਪੱਟਕੇ ਵਿਖਾਵਾਂ। ਹਇ ਕਟਕ ਪਵੇ, ਏਸ ਇਲਾਹੀ ਜੋਤ ਨਾਲ ਮੱਥੇ ਲਾਂਦੇ ਲੜਦੇ ਤੇ ਲੜਾਂਦੇ ਹਨ ? ਬਚੀਏ ! ਮੇਰੀਆਂ ਅੱਖਾਂ ਵਿਚ ਤਾਂ ਹੰਸ ਅਵਤਾਰ ਦਿੱਸਦੇ ਹਨ।

ਰਾਣੀ ਡਡਵਾਲਨ-ਪਜਾਰੇ ਕਿੰਨੇ ਕੁ ਲੱਗੇ ਨੀ ?

ਰਾਣੀ ਨੂਰਪੁਰਨ-ਜਿੰਨੇ ਸੁਦਾਮਾਂ ਜੀ ਨੂੰ ਕ੍ਰਿਸ਼ਨ, ਭਭੀਖਨ ਜੀ ਨੂੰ ਰਾਮ, ਧ੍ਰੂ ਜੀ ਨੂੰ ਵਿਸ਼ਨੂੰ।

ਰਾਣੀ ਡਡਵਾਲਨ-ਫੇਰ ਮਰ ਜਾਓ, ਤੁਹਾਨੂੰ ਕਟਕ ਪਵੇ, ਖਸਮਾਂ ਨੂੰ ਦੋ ਦੋ ਲਾਕੇ ਸ਼ਰਨ ਕਿਉਂ ਨਹੀਂ ਜੇ ਪਟਕਦੀਆਂ ਤੇ ਪਾਹੁਲ ਲੈ ਕੇ ਗਰਕ ਕਿਉਂ ਨਹੀਂ ਹੁੰਦੀਆਂ ਚਰਨੀ ਕਮਲੀਂ।

ਰਾਣੀ ਨੂਰਪੁਰਨ-ਤੇਰੇ ਵਰਗੀਆਂ ਭੋਜ ਸੁਪਤਨੀਆਂ ਅਸੀਂ ਨਹੀਂ ਨਾ।

ਪਦਮਾਂ-ਹਾਂ ਭੁੱਟਨਾਂ ਜੀਓ ?

ਰਾਣੀ ਭੁੱਟਣਾ-ਮੈਂ ਤਾਂ ਜੰਗਲੀ ਤ੍ਰੀਮਤ ਹਾਂ, ਮੈਨੂੰ ਕੀ ਸਾਰ ਹੈ। ਇੰਨਾਂ ਪਤਾ ਹੈ ਕਿ ਜਦ ਦਰਸ਼ਨ ਕੀਤਾ ਮੇਰੇ ਲੂੰ ਜੀਭ ਵਾਂਙੂੰ ਹੋ ਗਏ ਤੇ ਆਉਂ ਸੁਣੀਵੇ ਕਿ 'ਵਾਹਿਗੁਰੂ ਵਾਹਿਗੁਰੂ' ਕਰਦੇ ਸਨ। ਫੇਰ ਮੈਂ ਤਾਂ ਇਸੇ ਵਿਚ ਰਹ ਗਈ, ਹੋਰ ਮੈਨੂੰ ਕੁਛ ਨਹੀਂ ਜੇ ਆਉਂਦਾ।

ਰਾਣੀ ਕਿਓਂਥਲਨੀ-ਵਿਸ਼ਨੂੰ ਰੂਪ ਸੰਖ ਚਕ੍ਰ ਗਦਾ ਪਦਮ।

ਰਾਣੀ ਡਡਵਾਲਨ-ਵਿਸ਼ਨੂੰ ਦੇ ਦਸ ਅਵਤਾਰ। ਤੈਨੂੰ ਕੇਹੜੇ ਦਿੱਸੇ, ਕ੍ਰਿਸ਼ਨ ਰੂਪ ?

ਰਾਣੀ ਕ੍ਰਿਓਂਥਲਨੀ-ਸਾਖਯਾਤ ਚਤ੍ਰਭੁਜ ਰੂਪ, ਅਵਤਾਰੀ ਮਨੁੱਖ ਰੂਪ ਨਹੀਂ।

ਰਾਣੀ ਨੰਡੂਰਨ-ਮੈਨੂੰ ਤਾਂ ਉਸ ਵੇਲੇ ਇਹ ਦਿਸਿਆ ਕਿ ਹੁਣੇ ਕਾਲੀ ਨੱਥ ਕੇ ਆਏ ਆਪਣੇ ਤੇਜ ਪ੍ਰਤਾਪ ਵਿਚ ਦਰਬਾਰ ਲਾ ਬੈਠੇ ਹਨ ਤੇ ਸਭ ਰਾਜੇ ਸ਼ਰਨ ਆ ਗਏ ਹਨ।

ਰਾਣੀ ਗੁਲੇਰਨ-ਦਰਜ਼ਨ ਕਰਕੇ ਚਿੱਤ ਕੀਤਾ, ਹਾਰ ਸ਼ਿੰਗਾਰ ਲਾਹਵਾਂ, ਕੱਪੜੇ ਫੂਕਾਂ ਤੇ ਅੰਗ ਭਸੂਤ ਰਮਾਵਾਂ, ਬਗਵੇ ਪਹਨਾਂ, ਲਿਟਾਂ ਛੋੜ ਦਿਆਂ, ਕਿੰਗ ਲੈ ਲਵਾਂ ਤੇ ਦਰ ਦਰ ਫਿਰਾਂ ਤੇ ਕੂਕਾਂ-

'ਆਪ ਆਏ ਜਗ ਤਾਰਨ ਕਾਰਨ ਕਿਉਂ ਸੁਤੈਂ ਸੰਸਾਰ।

ਨੈਣਾਂ ਦੇ ਦਰ ਸੂਰਜ ਖੜੋਤਾ ਮਿਲ ਵੇ ਨੈਣ ਉਘਾੜ।'

ਰਾਣੀ ਡਡਵਾਲਨ-ਫੇਰ ਭੈੜੀਏ। ਉਡੀਕਦੀ ਕੀ ਏਂ ? ਮਾਰ ਛਾਲ, ਅਸੀ ਬੀ ਤੇਰੀ ਚਰਨ ਧੂੜ ਮੱਥੇ ਲਾਕੇ ਟੁਰੀਏ, ਪੀਪੇ ਦੀ ਸੌ ਰਾਣੀਆਂ ਵਿਚੋਂ ਸੀਤਾਂ ਤਰੀ, ਸਾਡੇ ਬਾਈ ਧਾਰ ਵਿਚੋਂ ਗੁਲੇਰਨ ਤਰੀ। ਨਿੱਤਰ ਭੈੜੀਏ। ਸ਼ੁਭ ਵਾਸ਼ਨਾ ਵਿਚ 'ਨਹਿ ਬਿਲੰਬ ਧਰਮੰ ਚਾਹਯੇ।

ਰਾਣੀ ਗੁਲੇਰਨ-(ਠੰਢਾ ਸਾਹ ਭਰਕੇ) ਪਤੀ ਆਗਯਾ।

ਰਾਣੀ ਡਡਵਾਲਨ-ਖਾਂਦਾ ਏ ਖਸਮਾਂ ਨੂੰ।

ਰਾਣੀ ਚੰਬਿਆਲਨ-ਤੇਰੀ ਜੀਭ ਕੁਛ ਭੇਡ ਦੀ ਵਧ ਗਈ ਉਨਾਂ ਵਾਂਗੂੰ ਕਤਰਨੀ ਦੀ ਮੁਥਾਜ ਹੈ। ਮਨ ਵਧਿਆਂ ਚੰਗਾ ਨਹੀਂ, ਜੀਭ ਵਗ ਟੁਰੀ ਚੰਗੀ ਨਹੀਂ। ਉਹ ਕਥਾਂ ਨਹੀਂਓਂ ਸੁਣੀ ?

Digitized by Panjab Digital Library | www.panjabdigilib.org

ਰਾਣੀ ਸ੍ਰੀ ਨਗੂਨ–ਹਾਰ ਵਾਲੀ ?

ਰਾਣੀ ਡਡਵਾਲਨ—ਸੁਣਾ ਦੇਹ ਜੋ ਮੇਰੇ ਮਨ ਚੰਦ੍ਰੇ ਨੂੰ ਬੀ ਕੋਈ ਲੱਗੇ। ਇਹ ਤਾਂ ਆਖਦਾ ਹੈ ਜਦ ਤਕ ਗੁੱਡੀ ਚੜ੍ਹੀ ਹੈ, ਦੇਹ ਡੋਰ, ਉੱਡ ਉਤਲੇ ਘਰੀਂ। ਸੁਣਾ ਨਾ ਫੇਰ ਕਥਾ।

ਰਾਣੀ ਚੰਬਿਆਲਨ—ਇੱਕ ਰਾਜੇ ਨੇ ਆਪਣੀ ਪ੍ਰਮੇਸ਼ਰ ਭਗਤ ਤ੍ਰੀਮਤ ਉੱਤੇ ਇਕ ਹੋਰ ਵਿਆਹ ਕਰ ਲਿਆ ਤੇ ਨਵੀਂ ਵਹੁਟੀ ਦੇ ਘਰ ਡੇਰਾ ਪਾ ਲਿਆ। 12 ਵਰ੍ਹੇ ਪਹਲੀ ਦੇ ਮਹਲ ਹੀ ਨਾ ਗਿਆ। ਇਕ ਦਿਨ ਇਸ ਨਵੀਂ ਨੇ ਕਿਹਾ, ਮਹਾਰਾਜ ! ਤੁਸੀਂ ਇੱਕ ਰਾਤ ਮੇਰੀ ਸੌਂਕਣ ਦੇ ਘਰ ਹੋ ਆਓ, 12 ਵਰ੍ਹੇ ਉਸਨੂੰ ਨਹੀਂ ਮਿਲੇ ਹੋ, ਅੰਤ ਉਸਦਾ ਬਹੁਤ ਜ਼ੋਰ ਦੇਣ ਤੇ ਮੰਨਕੇ ਚਲਾ ਗਿਆ। ਜਦ ਰੋਟੀ ਖਾਕੇ ਰਾਤ ਪਰਾਣੀ ਦੇ—ਜੋ ਪ੍ਰਮੇਸ਼ਰ ਦੀ ਭਗਤ ਸੀ—ਪਾਸ ਬੈਠਾ, ਤਦ ਓਹ ਪੱਖਾ ਕਰਨ ਲੱਗੀ, ਤਾਂ ਆਪ ਨੇ ਪੁੱਛਿਆ ਕਿ ਕਿਉਂ ਤੇਰੀ ਸੌਂਕਣ ਨੇ ਅਜ ਮੈਨੂੰ ਤੇਰੇ ਘਰ ਘੱਲਿਆ ਹੈ ?

ਰਾਣੀ—ਉਸ ਦੀ ਕ੍ਰਿਪਾ ਹੈ।

ਰਾਜਾ—ਤੂੰ ਬਾਰਾਂ ਵਰ੍ਹੇ ਕਿਸ ਤਰਾਂ ਖਿਤਾਏ ?

ਰ ੀ—ਪ੍ਰਮੇਸ਼ਰ ਦੇ ਸਿਮ੍ਰਨ ਵਿਚ।

ਰਾਜਾ—ਤੇ ਮੈਨੂੰ ਯਾਦ ਕਦੇ ਨਹੀਂ ਕੀਤਾ, ਕਦੇ ਕਿਸੇ ਸੇਵਾ ਦਾ ਖਯਾਲ ਨਾ ਆਯਾ ?

ਰਾਣੀ—ਹਾਰਾਜ, ਆਪ ਦੀ ਯਾਦ ਕੀ ਆਖਾਂ (ਨੈਣ ਭਰ ਆਏ)।

ਰਜਾ—ਮਰੀ ਸੇਵਾ।

ਹਾਣੀ—ਜੀ ਹੋਰ ਤਾਂ ਕੁਛ ਸਰਿਆ ਨਹੀਂ, ਪਰ ਦੋ ਵੇਲੇ ਸੌਂਕਣ ਦੇ ਘਰ ਗੋਲੀਆਂ ਦਾ ਭੇਸ ਕ ਕੇ ਜਾਂਦੀ ਹੁੰਦੀ ਸਾਂ ਤੇ ਨੌਕਰਾਂ ਨੂੰ ਇਨਾਮ ਦੇਕੇ ਖੁਸ਼ ਕਰਕੇ ਇਹ ਕਰਦੀ ਸਾਂ ਕਿ ਓਹ ਆਪ ਦ ਜੂਠਾ ਥਾਲ ਲਿਆ ਦੇਂਦੇ ਸਨ, ਤੇ ਮੈਂ ਪ੍ਰੀਤ ਨਾਲ ਮਾਂਜ ਆਉਂਦੀ ਸਾਂ। ਇਸ ਤੋਂ ਵਧੀਕ ਕੋਈ ਵਾ ਕਿਸਤਰਾਂ ਕਰਦੀ ? ਰਾਜੇ ਦਾ ਦਿਲ ਭਰ ਆਇਆ ਤੇ ਉਸਦੇ ਸ਼ੁਭ ਗੁਣਾਂ ਦਾ ਜਾਣੂ ਹੋਕੇ ਕਹਿ ਲੱਗਾ, ਤੂੰ ਕਦੇ ਸੌਂਕਣ ਨੂੰ ਬੀ ਮਿਲੀ ?

ਰਾਣੀ—ਜੀ ਕਈ ਵੇਰ ਮਿਲੀ ਤੇ ਇਹ ਅਰਦਾਸ ਕੀਤੀ ਕਿ ਇਕ ਵਾਰ ਰਾਜਾ ਮੈਨੂੰ ਮੇਲ।

ਰਾਜਾ—ਕਿਉਂ ?

ਰਾਣ —ਮੈਂ ਆਪ ਤੋਂ ਖਿਮਾਂ ਲੈਣੀ । ਇਹ ਕਹਿਣਾ ਸੀ ਕਿ ਪਾਤਸ਼ਾਹ ! ਆਪ ਨੇ ਜੋ ਹੋਰ ਵਿਆਹ ਕੀਤਾ, ਮੇਰੇ ਵਿਚ ਕੋਈ ਔਗਣ ੀ ਪਰ ਮੈਨੂੰ ਉਸ ਔਗਣ ਦੀ ਸਾਰ ਨਹੀਂ ਸੀ, ਇਸ ਕਰਕੇ ਮੇਰਾ ਉਹ ਔਗਣ ਮਾਫ ਕਰ ਦਿਓ ਮੈਂ ਹਲਕੇ ਚਿਤ ਸੰਸਾਰ ਤੋਂ ਮਰਾਂ, ਬੱਸ ਇਸ ਖਿਮਾਂ ਲਈ ਤਰਲੇ ਲੈਂਦੀ ਰਹੀ।

Digitized by Panjab Digital Library | www.panjabdigilib.org

ਰਾਜਾ—(ਹੋਰ ਨਰਮ ਹੋਕੇ ਪੁਛਣ ਲੱਗਾ) ਕੀ ਸੌਂਕਣ ਨੇ ਮੇਹਰ ਕਰਕੇ ਮੈਨੂੰ ਤੇਰੇ ਘਰ ਘੱਲਿਆ ਹੈ।

ਰਾਣੀ—ਜੀ ਹਾਂ।

ਰਾਜਾ—ਤੈਥੋਂ ਕੋਈ ਸੇਵਾ ਨਹੀਂ ਲਈ ? ਕੋਈ ਵੱਢੀ ਨਹੀਂ ਮੰਗੀ ?

ਰਾਣੀ—ਕੀਹ ਸੇਵਾ ਲੈਣੀ ਸੀ ?

ਰਾਜਾ—ਤੂੰ ਅੱਜ ਤਕ ਉਸ ਨੂੰ ਕੋਈ ਥਾਂ, ਮਕਾਨ, ਮਾਲ, ਪਦਾਰਥ ਨਹੀਂ ਦਿੱਤਾ ?

ਰਾਣੀ—ਇਨ੍ਹਾਂ ਨਿਕਾਰੀਆਂ ਗੱਲਾਂ ਦਾ ਕੀ ਖਯਾਲ ਹੋਇਆ। ਮੈਂ ਗ੍ਰੀਬ ਦੀ ਕੀ ਪਾਯਾਂ ?

ਰਾਜਾ—ਨਹੀਂ ਮੈਨੂੰ ਠੀਕ ਦੱਸ ਦਿਓ ?

ਰਾਣੀ—ਜੇ ਕੋਈ ਅਜੇਹੀ ਵਡੀ ਗੱਲ ਹੋਵੇ ਤਾਂ ਦੱਸਾਂ, ਤੁੱਛ ਗੱਲ ਦਾ ਕੀ ਦੱਸਾਂ, ?

ਰਾਜਾ—ਤੁੱਛ ਬੀ ਦੱਸ ਦੇਹ, ਮੇਰੀ ਖੁਸ਼ੀ ਤੇ ਹੁਕਮ।

ਰਾਣੀ—ਓਹ ਜੋ ਨੌਲਖਾ ਹਾਰ ਨਿਕਾਰਾ ਪੇਕਿਓਂ ਦਾਜ ਵਿਚ ਪਿਆ ਸੀ ਉਹ ਸੌਂਕਣ ਨੇ ਮੰਗਿਆ ਸੀ ਕਿ ਜੇ ਏਹ ਦੇ ਦੇਵੇਂ ਤਾਂ ਇਕ ਰਾਤ ਰਾਜਾ ਜੀ ਨੂੰ ਤੇਰੇ ਘਰ ਘੱਲ ਦਿਆਂਗੀ। ਸੋ ਮਹਾਰਾਜ! ਉਸ ਨੇ ਮੇਹਰ ਕਰ ਦਿੱਤੀ ਹੈ। ਹੁਣ ਆਪ ਮੇਰਾ ਅਵਗੁਣ ਦੱਸ ਦਿਓ ਤੇ ਬਖਸ਼ ਦਿਓ।

ਰਾਜਾ ਹੁਣ ਲਾਲੋ ਲਾਲ ਹੋ ਗਿਆ ਤੇ ਕਹਣ ਲੱਗਾ, ਅੱਛਾ ਉਸਨੇ ਹਮਾਰੀ ਕੀਮਤ ਨੌਂ ਲੱਖ ਡਾਲੀ ਹੈ ? ਨੌਂ ਲੱਖ ? ਹਮ ਸੁਸਰੇ ਸਿਰਫ ਨੌਂ ਲਾਖ ਕੇ ਹੈ ? ਬਸ ਇਸੇ ਗੁਸੇ ਵਿਚ ਮੈਂ ਉਸਤੋਂ ਆਪਾ ਤੇ ਰਾਜ ਭਾਗ ਵਾਰਿਆ ਤੇ ਉਸਨੇ ਮੇਰਾ ਮੁੱਲ ਨੌਂ ਲੱਖ ਹੀ ਪਾਯਾ ਹੈ, ਉਸਤੋਂ ਉਪ੍ਰਾਮ ਹੋ ਗਿਆ ਤੇ ਉਹ ਸਦਾ ਲਈ ਛੁੱਟੜ ਹੋ ਗਈ। ਇਸ ਹਾਲ ਵਿਚ ਉਸ ਛੁੱਟੜ ਰਾਣੀ ਨੇ ਇਕ ਦਿਨ ਨੁਲੱਖੇ ਹਾਰ ਨੂੰ ਕਿੱਲੀ ਤੇ ਲਟਕਦਾ ਦੇਖਕੇ ਹਾਵਾ ਭਰਿਆਂ, ਜਿਸਨੂੰ ਚੂਹੜ ਨਾਮੇ ਫ਼ਕੀਰ ਨੇ ਇੰਝ ਉਚਾਰਿਆ ਹੈ :—

ਸ਼ਾਲਾ ਹਾਰ ਟੁੱਟੇਂ ਅਧ ਵਿਚੋਂ,
ਤੇਰੇ ਥੀਵਣ ਲਾਲ ਅਜਾਈਂ।
ਜੇ ਜਾਣਾਂ ਹਾਰੀ ਨੂੰ ਹਾਰ ਹਰੇਂਦਾ,
ਤਾਂ ਹਾਰੇ ਹੱਥ ਨਾ ਲਾਈਂ।
ਇਕ ਡੁਹਾਗ ਬਿਆ ਜਗਦੀ ਸੁਹਰਤ,
ਮੈਂ ਕਿਸ ਥੇ ਆਖ ਸੁਣਾਈਂ !
ਚੂਹੜ ਮਨ ਵਧੇ ਦੀਆਂ ਮਾਰਾਂ,
ਮੈਂ ਮੁਠੀਆਂ ਬੇ ਪਰਵਾਹੀਂ।

Digitized by Panjab Digital Library | www.panjabdigilib.org

ਸੋ ਡਡਵਾਲਨੇ ! ਮਨ ਵਧੇ ਤੋਂ ਡਰਿਆ ਕਰ। ਫ਼ਕੀਰ ਰੱਬੀ ਖ਼ੁਸ਼ੀ ਵੇਲੇ ਮਨ ਨੂੰ ਵਧਣੋਂ ਰੋਕਦੇ ਹਨ, ਦੁਨੀਆਂਦਾਰ ਜਗਤ ਖ਼ੁਸ਼ੀ ਵੇਲੇ ਖ਼ੁਸ਼ੀ ਨੂੰ ਜਰਦੇ ਹਨ। ਤੂੰ ਬੱਕਦੀ ਹੈਂ ਵੇਖੀਂ ਕਿਤੇ ਕੁਪਾਹ ਹਾਸਾ ਨਾ ਹੱਸੀਂ ਜੋ ਪਈ ਡੰਬੀਵੇਂ ਤੇ ਛਟੀਵੇਂ ?

ਰਾਣੀ ਡਡਵਾਲਨ—ਵਾਹ ਪੰਡਿਤਾ ਜੀ ਦੀ ਮਾਤਾ ! ਆਖੀ ਤਾਂ ਕਲੇਜਾ ਸਹਮ ਨਾਲ ਠੰਢਾ ਯਖ ਕਰ ਦੇਣ ਵਾਲੀ ਹਈ, ਪਰ ਜਬ ਤਕ ਸਹੀ ਤਬ ਤਕ ਸਹੀ। ਜਿਥੇ ਚਾਰ ਬਲਦੀਆਂ ਹਨ, ਉਥੇ ਪੰਜਵੀਂ ਅਸੀਂ ਬਾਲ ਬਹਾਂਗੇ, ਪਰ ਹੁਣ ਦੀ ਘੜੀ ਕੌਣ ਦਿਲਗੀਰੀ ਕਰੇ।

ਸਨਿੱਕੋ—(ਹੌਲੇ ਜਿਹੇ) ਕਾਸ਼ ! 'ਹੁਣ' ਸੰਭਾਲਣ ਦੀ ਜਾਚ ਅੰਤ੍ਰ-ਮੁਖ-ਸੁਖ ਦੀ ਆ ਜਾਵੇ, ਬੱਚੀਏ! ਤੇਰਾ ਪਾਰ ਉਤਾਰਾ ਹੋ ਜਾਵੇ।

ਰਾਣੀ ਡਡਵਾਲਨ—(ਸੁਣਕੇ) ਇਹ ਪਾਰ ਉਤਾਰਣ ਵਾਲੀ ਕੌਣ ਕੁਸਕੀ—। (ਤੱਕ ਕੇ) ਅੱਛਾ! ਇਹੋ ਭਾਵੇਂ ਪੰਡਤਾਣੀ ਦੀ ਸਖੀ ਤੇ ਅੰਤੰਗ ਸਹੇਲੀ ਹੈ। ਕਿਉਂ ਨਾ ਹੋਵੇ, ਕੀ ਆਖਿਆ ਈ ਅੰਤ੍ਰ-ਮੁਖ ਹੋਕੇ 'ਹੁਣ ਵਿਚ' ਸੁਖੀ ਜੀਵਾਂ ? ਓ ਭੋਲੀਏ। ਅੰਤ੍ਰ-ਮੁਖ ਅਗਲੇ ਜਨਮ ਇਹ ਜਨਮ ਸਫਲ ਹੋ ਗਿਆ ਈ। 'ਦਰਸ਼ਨ ਹੋ ਗਏ' ਬੱਸ ਏਹ ਨਸ਼ਾ ਇਸ ਜਨਮ ਲਈ ਬਤੇਰਾ ਹੈ। ਸੇਵ, ਭਗਤੀ, ਪਯਾਰ, ਕਲਗੀਆਂ ਵਾਲੇ ਦਾ ਅਗਲੇ ਜਨਮ ਕਮਾਵਾਂਗੇ। ਇਸ ਜਨਮ ਤਾਂ ਇਹ ਨਸ਼ਾਂ ਹੀ ਨਹੀਂ ਉਤਰਨਾਂ ਕਿ ਮੇਰੇ ਜੇਹਾ ਕੌਣ ਹੈ ਜਿਸ ਨੂੰ ਸਾਖਯਾਤ ਬ੍ਰਹਮ ਦੇ ਦਰਸ਼ਨ ਹੋ ਗਏ ? ਜਿਸ ਲਈ ਜੋਗੀ ਧਯਾਨ ਧਰਦੇ ਤੇ ਤਪੀ ਤਪ ਸਾਧਦੇ ਹਨ, ਹੁਣ ਨੈਣੀ ਵੇਖ ਲਿਆ, ਕਿਸ ਨੇ ? ਮੇਰੇ ਵਰਗੀ ਬੜਬੋਲਣ, ਬੇਅਦਬ ਗੁਸਤਾਖ਼ ਨੇ, ਪਤੀ ਅਵੱਗਯਾ ਕਰਨ ਵਾਲੀ ਨੇ ਦਰਸ਼ਨ ਪਾ ਲਿਆ। ਪਾਪੀਆਂ ਨੂੰ ਵੀ ਦਰਸ਼ਨ ਦੇਂਦਾ ਹੈ। ਮੇਰੇ ਵਰਗੀ ਨੂੰ ਬੀ ਦਿੱਸ ਪਿਆ ਏ, ਏਹ ਨਸ਼ਾ ਕਲ ਦਾ ਚੜ੍ਹਿਆ ਕਿ ਮੈਂ ਦਰਸ਼ਨ ਪਾਯਾ ਹੈ ਇਸ ਜਨਮ ਨਹੀਂ ਲਹਣ ਲੱਗਾ। ਸਨਿੱਕੋ ! ਅਗਲੇ ਜਨਮ, ਕੁੜੀਏ ! ਅਗਲੇ ਜਨਮ, ਤਪ ਕਰਾਂਗੇ, ਘਾਲਾਂ ਘਾਲਾਂਗੇ। ਏਸ ਜਨਮ ਖ਼ੁਸ਼ੀਆਂ, ਰੱਬ ਨੇ ਧਨ ਦਿੱਤਾ, ਧਾਮ ਦਿੱਤਾ ਤੇ ਪਤੀ ਦਿੱਤਾ ਤੇ ਪਤੀ ਮੇਰੇ-ਵੱਸ ਪਤੀ ਦਿਤਾ, ਫੇਰ ਗੁਮਾਨ-ਭਰੀ, ਅਭਮਾਨਭਰੀ, ਮਾਨਮੱਤੀ ਦੀ ਗਿੱਚ ਦੇ ਮਣਕੇ ਨਹੀਂ ਤੋੜੇ ਸੂ, ਆਪਣਾ ਦਰਸ਼ਨ ਦਿੱਤਾਸੂ, ਮੈਨੂੰ ਬ੍ਰੀਕ ਪੀਹਕੇ ਆਪਣੀ ਬ੍ਰੀਕੀ ਨਹੀਂ ਸੂ ਦਿਖਾਈ, ਮੇਰੇ ਮੋਟੇ ਮੋਟੇ ਹਰਨਾਂ ਵਰਗੇ ਤੇ ਕੰਵਲਾਂ ਵਰਗੇ ਨੈਣ ਕਟੋਰਿਆਂ ਨੂੰ ਦਰਸ਼ਨਾਂ—ਹਾਂ ਦਿੱਸਦੇ ਦਰਸ਼ਨਾਂ, ਜ਼ਾਹਰ ਪਰਤੱਖ ਦਰਸ਼ਨਾਂ—ਦੀ ਦਾਤ ਨਾਲ ਭਰ ਦਿੱਤਾ ਸੂ। ਕਿਉ ਸਨਿੱਕੋ ! ਏਸ ਮੇਹਰ ਦਾ ਸ਼ੁਕਰ ਇੱਕ ਜਨਮ ਵਿਚ ਪੂਰਾ ਹੋ ਸਕਦਾ ਹੈ ? ਦੱਸ ਘੁਨੀਏ ? ਅੱਖਾਂ ਕਿਉ ਨੂਟ ਬੈਠੀ ਏ ? ਮੀਟੇ ਛਪਰਾਂ ਵਿਚੋਂ ਮੋਤੀ ਨਾ ਕੇਰ, ਮੈਂ ਜੌਹਰੀ ਨਹੀਂ, ਮੈਨੂੰ ਮੇਰੇ ਕੰਨਾਂ ਦੇ ਸੁਣਨ ਗੋਚਰੇ ਅੱਖਰਾਂ ਵਿਚ ਕਹੁ ਖ਼ਾਂ ਕੀ ਇਕ ਜਨਮ ਵਿਚ ਏਸ ਮੇਹਰ ਦਾ ਸ਼ੁਕਰ ਇੱਕ ਪਾਪੀ, ਜਿਸ ਦੇ ਲੂੰ ਬੀ ਜੀਭਾਂ ਹੋ ਜਾਣ ਤੇ ਕਰਦਾ ਬੀ ਸ਼ੁਕਰ ਦਿਨ ਰਾਤ ਰਹੇ, ਕਦੇ ਸ਼ੁਕਰ ਪੂਰਾ ਕਰ ਸਕਦਾ ਹੈ ? ਹੋਵੇ ਆਪ ਪਵਿਤ੍ਰਤਾ ਦਾ ਬਲਦਾ ਭਾਂਬੜ ਤੇ ਦਰਸ਼ਨ ਦੇਵੇ ਮੇਰੇ ਵਰਗੇ ਅਭਮਾਨੀਆਂ ਨੂੰ। ਸਨਿੱਕੇ ! ਇਸ ਮੇਹਰ ਦਾ ਸ਼ੁਕਰ, ਏਸ ਮੇਹਰ ਦਾ ਨਸ਼ਾ, ਨੀ ਆਹੋ ਨੀ ਗਯਾਨਣੇ ! ਏਸ ਮੇਹਰ ਦਾ ਅਘੁਮਾਨ ਨੀ, ਅਘੁਮਾਨ ਨੀ, ਨੀ ਨੀ ਮੈਂ ਭੁੱਲੀ, ਅਭਮਾਨ ਨੀ ਅਭਮਾਨ, ਕਾਫੀ ਹੈ, ਬੱਸ ਹੈ। ਅਗਲੇ ਜਨਮ ਤੇਰੀਆਂ ਮੇਰੀਆਂ ਗੱਲਾਂ, ਫੇਰ ਕਰਾਂਗੇ ਤੇਰੇ ਨਾਲ ਰਲ ਕੇ, 'ਅੰਤਰ ਮੁਖ ਧਯਾਨ' ਤੇ 'ਹੁਣ' ਨੂੰ ਸੰਭਾਲਾਂਗੇ

Digitized by Panjab Digital Library | www.panjabdigilib.org

ਕਿਸੇ ਹੋਰ ਸੁਖ ਵਿਚ, ਜਿਸ ਵਿਚ ਮੈਂ ਮਹੀਨ ਹੋ ਗਈ ਹੋਵਾਂਗੀ, ਹਾਲੇ ਤਾਂ ਮੈਗਲ ਹਾਂ, ਮੋਟੀ ਮੋਟੀ ਫੁੱਲੀ ਫੁੱਲੀ, ਠੁੱਲੀ ਠੁੱਲੀ।

ਪਦਮਾ—(ਗੱਲ ਟੁੱਕ ਕੇ) ਖਿਮਾ ਕਰਨੀ, ਤੁਹਾਡੇ ਕਟਾਖਯ ਗੂਹਜ ਹਨ।

ਰਾਣੀ ਡਡਵਾਲਨ—ਮੂੰਹ ਫੱਟੇ ਅਭਮਾਨੀ ਹਾਂ ਤੇ ਜਾਣਦੇ ਹਾਂ ਕਿ ਮਾੜਾ ਕਰਦੇ ਹਾਂ, ਪਰ ਪੇਸ਼ ਨਹੀਂ ਜਾਂਦੀ, ਅੱਜ ਹੋਰ ਨਸ਼ਾ ਚੜ੍ਹ ਗਿਆ ਹੈ। ਇੱਕ ਸੀ ਕਮਲੀ ਉੱਤੋਂ ਪੀ ਲਈ ਭੰਗ।

ਰਾਣੀ ਸ੍ਰੀਨਗਰਨ—ਮੇਰੀ ਵੀ ਸੁਣੋਂ ! ਮੇਰਾ ਜੀ ਏਹ ਕੀਤਾ ਹੈ ਤੇ ਮੈਂ ਰਾਜੇ ਨੂੰ ਕਿਹਾ ਹੈ ਕਿ ਦੇਸ ਭਾਰ ਹੇਠ ਹੈ, ਰਾਜ ਉਪਦ੍ਰਵ ਹੋ ਰਿਹਾ ਹੈ, ਇਹ 'ਧਰਾ ਭਾਰ ਹਰਨ ਆਏ ਪ੍ਰਤੱਖ ਦਿਸਦੇ ਹਨ ! ਤੁਸੀਂ ਹੁਣ ਸੁਲ੍ਹਾ ਕਰਨ ਆਏ ਹੋ, ਸੁਲ੍ਹਾ ਹੀ ਨਾ ਕਰੋ ਸਰਨ ਲੈਕੇ ਇਕ ਭਾਰੀ ਦਲ ਸਿੱਖਾਂ ਤੇ ਰਾਜਪੂਤਾਂ ਦਾ ਕੱਠਾ ਕਰਕੇ ਭਾਰਤ ਦਾ ਭਾਰ ਹਰ ਦਿਓ। ਸੋ ਭੈਣੋ ! ਮੈਨੂੰ ਤਾਂ "ਧਰਾ-ਭਾਰ-ਹਰਨ" ਦਿਸਦੇ ਹਨ।

ਰਾਣੀ ਬਿਲਾਸਨ—ਮੈਨੂੰ ਕੁਛ ਨਹੀਂ ਦਿਸਿਆ, ਇਕ ਚਾਨਣੇ ਵਿਚ ਹੋਰ ਚਾਨਣਾ ਸੀ ਤੇ ਚਾਨਣ ਦੇ ਫੁੱਲ ਚਾਨਣੇ ਅਕਾਸ਼ ਤੋਂ ਢਹ ਰਹੇ ਸਨ, ਤੇ ਕੋਈ ਕਹ ਰਿਹਾ ਸੀ ਖਾਕੀ ਜਾਮੇ ਤੇ ਨਹੀਂ ਭੁਲਣਾ। ਮੇਰੇ ਖਿਆਲ ਵਿਚ ਸਾਖਯਾਤ ਗੁਰੂ ਸਨ, ਤੇ ਗੁਰੂਆਂ ਦੇ ਗੁਰੂ ਹਨ, ਸ਼ਬਦ ਦੇ ਦਾਤੇ ਹਨ। ਮੈਂ ਅੱਗੇ ਮੰਤਰ ਲੀਤਾ ਹੋਇਆ ਹੈ; 'ਅਹੰ ਆਤਮਾ ਬ੍ਰਹਮ' ਤੇ ਨਿੱਤ ਜਪਦੀ ਹਾਂ। ਪਰ ਹਜ਼ੂਰੀ ਵਿਚ ਜਾਕੇ ਇਹ ਭੁੱਲ ਗਿਆ ਤੇ ਜੀਵ ਤੇ ਚੜ੍ਹ ਗਿਆ "ਵਾਹਿਗੁਰੂ" ਇਸ ਤੋਂ ਮੈਂ ਜਾਤਾ ਕਿ ਜੁਗ ਜੁਗ ਦਾ ਗੁਰੂ ਗੁਰੂਆਂ ਦਾ ਗੁਰੂ ਇਹੋ ਹੈ।

ਰਾਣੀ ਡਡਵਾਲਨ—ਸੱਭੇ ਝਿਲਮਿਲ ਝਿਲਮਿਲ। ਸਾਡੀ ਰਾਇ ਸੋ ਠੀਕ।

ਪਦਮਾ—ਮੇਰੀ ਇਕ ਮਾਵਾਂ ਤੋਂ ਵੱਡੀਆਂ ਅੱਗੇ ਬੇਨਤੀ ਹੈ। ਉਹ ਇਹ ਕਿ ਕੀ ਤੁਸਾਂ ਕੋਈ ਪ੍ਰੀਖਯਾ ਬੀ ਕੀਤੀ ਹੈ ?

ਸਾਰੀਆਂ—ਨਹੀਂ।

ਰਾਣੀ ਡਡਵਾਲਨ—ਸੁਣ ਨੀ ਪੜ੍ਹੀਏ ਕੁੜੀਏ ਟਕੇ ਸੇਰੀ ਗੱਲ। ਦੋ ਤਰਾਂ ਦੇ ਹਨ ਪਰਵਾਨੇ। ਪਰਵਾਨੇ ਜਾਣਨੀ ਹੈਂ ਨਾ ? ਭੰਬਟ! ਇਕ ਤਾਂ ਲਾਟ ਵੇਖਦਿਆਂ ਲਾਟ ਨੂੰ ਜੱਫੀ ਪਾਕੇ ਲਾਟ ਵਿਚ ਸਮਾ ਜਾਂਦੇ ਹਨ। ਦੂਜੇ ਨੇੜੇ ਹੋ ਹੋ ਪਰਖਦੇ ਹਨ ਕਿ ਉਹੋ ਹੈ ਕੋਈ ਹੋਰ, ਓਹ ਪਰਖਦੇ ਪਰਖਦੇ ਖੰਭ ਸੜਵਾ ਡਿੱਗ ਪੌਂਦੇ ਹਨ, ਫੇਰ ਉਡਣ ਜੋਗੇ ਨਹੀਂ ਰਹਿੰਦੇ ਤੇ ਪ੍ਰੀਖਯਾ ਹੋ ਗਈ ਕਰਕੇ ਸਿੱਕ ਵਧ ਜਾਂਦੀ ਹੈ। ਸੋ ਵਧਦੀ ਸਿੱਕ ਵਿਚ ਕਿ ਕਿਵੇਂ ਮਿਲੀਏ, ਤੜਫਦੇ ਹਨ। ਕਦੇ ਡਿੱਠੇ ਨੀ ਕਿ ਨਹੀਂ ਦੀਵੇ ਦੇ ਹੇਠਾਂ ਡਿੱਗੇ ਹੋਏ ਖੰਭ ਸੜੇ ਭੰਬਟ, ਤੜਫਦੇ ਤੇ ਸਹਕਦੇ ਤੇ ਲਾਟ ਤੋਂ ਦੂਰ ਹੀ ਦੂਰ ਸਿੱਕਦੇ ਤੇ ਸਿਸਕਦੇ।

ਪਦਮਾ—ਤੇ ਕੋਈ ਪਰਖਦੇ ਸਾਰ ਲਾਟ ਵਿਚ ਨਹੀਂ ਪਰਵੇਸ਼ ਕਰ ਜਾਂਦੇ ?

Digitized by Panjab Digital Library | www.panjabdigilib.org

ਰਾਣੀ ਡਡਵਾਲਨ—ਹਾਂ ਨੀ ਕੁੜੀਏ ਆਹੋ ਨੀ, ਸੱਚੀ ਨੀ, ਐਹੋ ਜੇਹੇ ਬੀ ਹੁੰਦੇ ਨੀ, ਨੀ ਤੂੰ ਤਾਂ ਕੁਛ ਸਿਆਣੀ ਹੈਂ ਨੀ ਧੀਏ! ਲੈ ਹੁਣ ਫੇਰ ਪਰਖ, ਪਰ ਫੇਰ ਕੁਛ ਸਾਨੂੰ ਬੀ ਦਸੇਂਗੀ ਕਿ ਓਥੇ ਹੀ ਰਹ ਜਾਏਂਗੀ ਪਰ ਅਸਾਂ ਪਰਤਾਵੇ ਦੀ ਸੁਣ ਕੇ ਕੀਹ ਲੈਣਾ ਹੈ ? ਸਾਨੂੰ ਤਾਂ ਚੜ੍ਹ ਗਿਆ ਹੈ ਨਸ਼ਾ 'ਖੁਸ਼ੀਆਂ ਨਿੱਤ ਨਵੀਆਂ ਮੇਰੇ ਸਤਗੁਰੂ ਦੇ ਦਰਬਾਰ' ਸਿਖ ਗਾਉਂਦੇ ਸੁਣੀਂਦੇ ਸਨ, ਸੋ ਲੈ ਲਈਆਂ ਖੁਸ਼ੀਆਂ। ਸਾਖਯਾਤ ਹੈ ਸਾਖਯਾਤ।

ਪਦਮਾ—ਮੇਰੀ ਬੇਨਤੀ ਇਹ ਹੈ ਕਿ ਜੇ ਮੇਰੀ ਪਰਖ ਵੀ ਤੁਸਾਡੇ ਖਿਆਲਾਂ ਨਾਲ ਮਿਲ ਜਾਵੇ ਤਾਂ ਮੈਂ ਪਿਤਾ ਜੀ ਨੂੰ ਬਿਨੈ ਕਰਾਂਗੀ ਤੇ ਤੁਸੀਂ ਆਪਨੇ ਆਪਨੇ ਸਿਰਤਾਜਾਂ ਤੇ ਜੋਰ ਪਾਓ ਕਿ ਇਹ ਜੰਗ ਬੰਦ ਹੋਣ ਤੇ ਇਕ ਭਾਰੀ ਤਾਕਤ ਤੁਰਕ ਰਾਜ ਦੇ ਵਿਰੁਧ ਬਣ ਜਾਵੇ।

ਰਾਣੀ ਡਡਵਾਲਨ—ਆਖਣਾ ਕੀ ਏ ? ਏਹ ਪਹਾੜੀਏ ਮਾਹਣੂੰ ਖਿਨ ਤੋਲਾ ਖਿਨ ਮਾਸਾ, ਤਵੇ ਦੀ ਛਿਟ, ਪਲ ਭਰ ਸੂੰ ਸੂੰ, ਫੇਰ ਤਪਸ਼, ਕੱਲ ਦੇ ਸਾਰੇ ਲੱਟੂ ਹੋ ਗਏ ਸਨ ਮੇਰਾ ਮੁਣਸ ਤਾਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਣ ਨੂੰ ਤਿਆਰ ਹੈ। ਗੱਲ ਤਾਂ ਕਾਕੀ ! ਤੇਰੀ ਸ਼ੁਭ ਹੈ ਤੇ ਹੋ ਬੀ ਜਾਊ, ਪਰ ਜਦੋਂ ਤੁਰਕਾਂ ਮਾਰੀ ਭਬਕੀ, ਆਇਆ ਅੰਦਰ ਖਾਨੇ ਇਸ਼ਾਰਾ ਦਿਲੀਓਂ ਤਦ ਸਭ ਨੇ ਡੱਡੂਆਂ ਦੀ ਪਸੇਰੀ ਬਣ ਜਾਣਾ ਹੈ। ਫ਼ਸਾਦ ਤਾਂ ਸਾਰੇ ਨੁਰੰਗੇ ਦੇ ਹਨ ਜੋ ਆਪੋ ਵਿਚ ਲੜਾ ਸਰਾ ਰਿਹਾ ਹੈ। ਉਂਜ ਕਰੋ ਜਤਨ।

ਪਦਮਾ—ਫੇਰ ਜੋ ਅਗੋਂ ਭਗਵਾਨ ਕਰੇ, ਪਰ ਇਕ ਵੇਰੀ ਸ਼ੁਭ ਜਤਨ ਹੋ ਜਾਏ।

ਡਡਵਾਲਨ—ਪ੍ਰੀਖਯਾ ਸੰਭਲ ਕੇ ਕਰੀਂ। ਪ੍ਰੀਖਿਆ ਕਰਨੀ ਆਪਾ ਹੋਮ ਕਰਨਾ ਹੁੰਦਾ ਹੈ।

ਸਾਰੀਆਂ ਜ਼ਰੂਰ ਹੋ ਜਾਏ

..... ...... ...... ...... ......

**ਸਾਹਿਤਯ** ਪੁਸਤਕਾਂ ਲਿਖਣ ਨਾਲ ਨਹੀਂ ਬਣਦਾ, ਦੂਸਰੀਆਂ ਬੋਲੀਆਂ ਥੀਂ ਪਰਾਈਆਂ ਰਚਨਾਂ ਦੇ ਉਲਥੇ ਕਰਨ ਨਾਲ ਨਹੀਂ ਉੱਨਤ ਹੋ ਸਕਦਾ। ਘਰ ਘਰ ਗਲੀ ਗਲੀ ਮਾਹਵਾਰੀ ਯਾ ਹਫਤੇਵਾਰ ਯਾ ਰੋਜ਼ਾਨਾ ਅਖਬਾਰਾਂ ਦੇ ਵਿਚ ਕੂੜਾ ਕਰਕਟ ਛਾਪਣਾ, ਰੋਜ਼ਾਨਾ ਜ਼ਿੰਦਗੀ ਦੇ ਝਗੜੇ ਫਸਾਦ ਝੇੜੇ ਰੌਲੇ, ਬਿਖਰੀਆਂ ਤੇ ਖਿੰਡੀਆਂ ਸੁਰਤਾਂ ਦੀਆਂ ਬੇਚੈਨੀਆਂ ਨੂੰ ਅਕਲੀ ਉਕਸਾਵਟਾਂ ਦੇ ਰੂਪ ਵਿਚ ਅੰਕਿਤ ਕਰ ਕਰ ਕਦੀ ਉਨ੍ਹਾਂ ਨੂੰ ਕਵਿਤਾ ਦਾ ਲਕਬ ਦੇ ਬਾਹਰ ਟੋਰਨਾ, ਕਦੀ ਪ੍ਰਸਤਾਵ, ਕਦੀ ਲੇਖ ਆਖ ਪਾਣੀ ਉੱਪਰ ਲਕੀਰਾਂ ਵਾਂਗ ਵਾਹ ਠੇਹਲਣਾ। ਇਹ ਸਭ ਸਾਹਿਤਯ ਸੁੱਚੇ ਸਾਹਿਤਯ ਦੀ ਉਨਤੀ ਵਿਚ ਪੱਥਰ ਡਾਹਵਣ ਦਾ ਕੰਮ ਕਰਨਾ ਹੈ।

ਅਸਲੀ ਤੇ ਸੁੱਚਾ ਸਹਿਤਯ ਮਹਾਤਮਾਂ ਲੋਕਾਂ ਦੇ ਅੰਮ੍ਰਿਤ ਬਚਨ ਹੁੰਦੇ ਹਨ, ਬੰਦੇ ਜਿਸ ਕੌਮ ਵਿਚ ਪੈਦਾ ਹੋਣ ਉਸ ਵਿਚ ਸਾਹਿਤਯ ਦਾ ਧਨ, ਆਪਮੁਹਾਰਾ ਮੀਂਹ ਵਾਂਗ ਵਰ੍ਹਦਾ ਹੈ। ਜਿਸ ਤਰਾਂ ਉੱਚੇ ਮਹਿਲਾਂ ਨਾਲ ਕੋਈ ਕੌਮ ਉੱਚੀ ਨਹੀਂ ਹੁੰਦੀ। ਜੇ ਉਹਦੇ ਬੰਦੇ ਵੱਡੇ ਦਿਲਾਂ ਵਾਲੇ, ਉੱਚੀਆਂ ਸੁਰਤਾਂ ਵਾਲੇ ਹੋਣ ਤੇ ਭਾਵੇਂ ਕੱਖਾਂ ਦੀਆਂ ਝੁਗੀਆਂ ਵਿਚ ਰਹਿਣ, ਉਹ ਕੌਮ ਨੂੰ ਵੱਡਾ ਤੇ ਉੱਚਾ ਕਰਦੇ ਹਨ, ਇਸੀ ਤਰਾਂ ਸਾਹਿਤਯ ਵੀ ਉਨ੍ਹਾਂ ਮਹਾਂ ਪੁਰਖਾਂ ਦੇ ਪ੍ਰਛਾਵਿਆਂ ਵਿਚ ਪਲਦਾ ਹੈ। ਪੰਜਾਬੀ

Digitized by Panjab Digital Library | www.panjabdigilib.org

ਸਾਹਿਤਯ ਜੋ ਹੈ ਸੋ **ਫ਼ਕੀਰਾਂ**, ਗੁਰੂ ਪਿਆਰਿਆਂ, ਸੁਰਤੀ ਪੁਰਖਾਂ ਦੇ ਵਚਨ ਹਨ, ਤੇ ਉਹ ਇਸ ਤਰਾਂ ਦਾ ਤੀਰ ਬਰਸਾਉਣਾ ਸਾਹਿਤਯ ਹੈ ਕਿ ਜਿਹੜਾ ਇਹਦਾ ਜਾਣੂ ਹੋਯਾ ਉਸ ਨੂੰ ਹੋਰ ਕੋਈ ਬੋਲੀ ਭਾਂਦੀ ਨਹੀਂ। ਤੇ ਪੰਜਾਬੀ ਸਾਹਿਤਯ ਦੇ ਬਾਣ ਪਿਆਰ ਭਰੇ ਕਲੇਜਿਆਂ ਨੂੰ ਵਿਨ੍ਹਦੇ ਹਨ ਅਰ ਪਿਆਰ ਦੇ ਛੇਕ ਵੀ ਕਰਦੇ ਹਨ ਅਰ ਪਿਆਰ ਦੇ ਜ਼ਖ਼ਮਾਂ ਨੂੰ ਵੀ ਭਰਦੇ ਹਨ।

ਇਸ ਸਾਹਿਤਯ ਦੀ ਉਨਤੀ ਫਕੀਰ ਦਿਲਾਂ ਦੇ ਡੂੰਘੇ ਤੇ ਅਸਗਾਹ ਵਹਿਣਾਂ ਵਿਚ ਹੈ, ਉਹ ਵਹਿਣ ਪੈਣ, ਮਾਮਲੇ ਦਰਪੇਸ਼ ਆਣ, ਕਦੀ ਕਿਸੀ ਦੇ ਦੀਦਾਰ ਹੋਣ, ਨੈਣ ਲਾਲ ਹੋਣ, ਦਿਲ ਨੂੰ **ਅਣੀਆਲੇ ਤੀਰ** ਚੁਭਣ, ਅਧੇ ਅੰਦਰ ਹੋਣ ਅਧੇ ਬਾਹਰ, ਵੜ੍ਹਿਆਂ ਵੜ੍ਹੇ ਨਾ ਜਾਣ, ਪੀੜ ਹੋਵੇ, ਤੁਣਕੇ ਵਜਣ, ਤੇ ਉਨ੍ਹਾਂ ਜੀਵਨ ਦੇ ਪਿਆਰ ਤਜਰਬਿਆਂ, ਉੱਚੀਆਂ ਨੀਂਦਰਾਂ ਤੇ ਦਿਲ ਦੀਆਂ ਚੀਖਾਂ ਤੇ ਕਸੀਸਾਂ ਵਿਚ ਦੀ ਕੋਈ ਨਵੇਂ ਆਵਾਜ਼ ਮਾਰਨ, ਉਹ ਮਿੱਠੇ ਪਿਆਰ ਰਾਗ ਦੇ ਆਪ ਮੁਹਾਰੇ ਅਲਾਪ, ਪੰਛੀ ਵਤ, ਫੱਲ ਦੇ ਚੁੱਪ-ਰੰਗ-ਅਲਾਪ, ਸੁਗੰਧ ਰਾਗ ਵਾਂਗ, ਕੋਈ ਰਚਨਾ, ਕੋਈ ਇਲਾਹੀ ਰੰਗ, ਕਦੀ ਕਦੀ ਕਿਧਰੋਂ **ਉਪਜੇ ਹਾਂ ਉਪਜੇ ਬਣਾਈ ਨਾ ਜਾਵੇ**, ਉਹ ਸੁੱਚੇ ਸਾਹਿਤਯ ਦਾ ਸਮਾਂ ਬੰਨ੍ਹੇ।

ਪਰ ਕਿਥੇ ? ਜਿਥੇ ਕੰਡਿਆਂ ਨੂੰ ਪਾਲਿਆ ਜਾਵੇ, ਫੁੱਲਾਂ ਨੂੰ ਸੁਕਾਇਆ ਜਾਵੇ, ਖ਼ੁਦਗਰਜ਼ੀ, ਲਾਲਚ, ਮੂਹਰੇ ਹੋ ਸ਼ੋਰ ਪਾਣ, ਕਵੀ ਬਣਨ, **ਸਾਹਿਤਯ ਆਚਾਰਯ** ਅਖਵਾਣ ਨਿਰੇ ਅਖਵਾਣ ਲਈ ਲੋਕਾਂ ਦੀ ਸੁਰਤਾਂ ਮਲੀਨ ਅਵ ਚੰਚਲ ਹੋਣ, ਉਥੇ ਸਾਹਿਤਯ ਦਾ ਰੰਗ ਕਿੱਥੇ?

ਹਰ ਇਕ ਕੌਮ ਦਾ ਆਪਣਾ ਆਪਣਾ ਸਾਹਿਤਯ ਹੁੰਦਾ ਹੈ। ਅੰਗਰੇਜ਼ੀ ਸਾਹਿਤਯ ਬਹੁਤ ਕਰਕੇ ਪੋਲੀਟੀਕਲ ਇਤਹਾਸ, ਤੇ ਜੰਗ ਲੜਾਈ, ਤੇ ਕੌਮਾਂ ਨੂੰ ਫਤਹ ਕਰ ਉਨ੍ਹਾਂ ਨੂੰ ਕਿਸ ਤਰਾਂ ਹਕੂਮਤ ਤੇ ਕਾਨੂੰਨ ਵਿਚ ਰੱਖਣਾ, ਕਾਨੂੰਨ ਆਦਿ ਦਾ ਬਣਿਆ ਹੈ, ਜਿਹੜੇ ਪਾਰਖੀ ਬੰਦੇ ਹਨ ਉਹ ਵੇਖਦੇ ਹਨ ਕਿ **ਅੰਗਰੇਜ਼ੀ** ਬੋਲੀ ਵਿਚ ਕੋਈ **ਲਿਰਕ** ਤੇ ਸੁੱਚਾ ਰੋਮੈਂਟਿਕ ਸਾਹਿਤਯ (Lyrical and Romantic literature) ਹੀ ਨਹੀਂ। ਨਾਟਕ ਚੇਟਕ ਚੰਚਲ ਜਿਹੇ ਲੜਨ ਭਿੜਨ ਤੇ ਦੂਜੀਆਂ ਕੌਮਾਂ ਨੂੰ ਵਾਹੁਣ ਵਾਲੀਆਂ ਬੇਚੈਨ ਸੁਰਤਾਂ ਨੂੰ ਰਤਾਕੂ ਠੰਢ ਪਾਣ ਦੇ ਸਾਮਾਨ ਹਨ। ਅੰਗਰੇਜ਼ੀ ਸਾਹਿਤਯ ਥੀਂ ਪਹਿਲਾਂ ਰੋਮਨ ਐਮਪਾਇਰ ਵਿਚ ਵੀ ਇਹੋ ਜਿਹੀਆਂ ਖੇਡਾਂ ਦਾ ਸਹਿਤਯ ਸੀ ਤੇ ਇਹੋ ਕੁਛ (Lyric) ਸੀ ਕਿ ਕਵੀ ਅਮੀਰਾਂ ਦੇ ਮੇਜ਼ਾਂ ਪਰ ਅਕੱਠੇ ਹੁੰਦੇ ਸਨ ਤੇ ਸੁਹਣੀਆਂ ਗਹਿਣੇ ਕਪੜੇ ਪਾਏ ਸਜੀਆਂ ਧਜੀਆਂ ਅਮੀਰ ਸਵਾਣੀਆਂ ਦੇ ਪ੍ਰਚਾਵੇ ਖਾਤਰ ਤੁਕਬੰਦੀ ਕਰਦੇ ਸਨ ਤੇ ਜਿਹੜੇ ਕਿਸੀ ਸਵਾਣੀ ਨੂੰ ਭਾ ਜਾਣ ਉਨ੍ਹਾਂ ਦੀ ਇਜ਼ਤ ਹੁੰਦੀ ਸੀ। ਇਓ ਰੋਮਨ ਐਮਪਾਇਰ ਵਿਚ ਕੰਡਿਆਂ ਨੂੰ ਪਾਣੀ ਲਾ ਲਾ ਪਾਲਦੇ ਸਨ। ਫੁੱਲਾਂ ਦੀ ਇਹੋ ਜਿਹੀਆਂ ਕੌਮਾਂ ਵਿਚ ਕੋਈ ਪੁੱਛ ਨਹੀਂ ਹੁੰਦੀ।

ਅਮਰੀਕਾ ਵਿਚ ਇਹੋ ਜਿਹੀ ਤਿਜਾਰਤੀ ਹਲ ਚਲ ਹੈ ਕਿ ਟਿਕਾ ਦਾ ਉਥੇ ਵੀ ਕੋਈ ਸਾਹਿਤਯ ਪੈਦਾ ਨਹੀਂ ਹੋਇਆ। ਇਕ ਅਧ ਬੰਦਾ ਹੋਇਆ ਹੈ, ਐਮਰਸਨ ਨੇ ਕੁਛ ਅਨੁਭਵੀ ਪ੍ਰਸਤਾਵ ਲਿਖੇ, ਤੇ ਖੇਡ ਦੇਖੋ, ਉਹਦੇ ਖਿਆਲ ਲੈ ਲੈ ਟਰਾਈਨ ਜਿਹੇ ਬੰਦਿਆਂ ਨੇ ਕਲਮਾਂ ਸਵਾਰ ਸਵਾਰ

Digitized by Panjab Digital Library | www.panjabdigilib.org

ਸੋਹਣੇ ਸੋਹਣੇ ਫਿਕਰੇ ਪਏ ਘੜੇ, ਤੇ ਘੜ ਘੜ ਪੋਥੀਆਂ ਬਣਾਈਆਂ ਤੇ ਲਖਾਂ ਦੀ ਤਾਅਦਾਦ ਵਿਚ ਵੇਚੀਆਂ, ਹਾਂ ਜੀ **ਵੇਚੀਆਂ**। ਐਮਰਸਨ ਨੂੰ ਉਨ੍ਹਾਂ ਵੇ ਆ, ਉਸ ਵਿਚਾਰੇ ਨੂੰ ਇਕ ਵਿਆਖਯਾਨ ਲਈ ਦੋ ਡਾਲਰ ਤੇ ਉਹਦੇ ਘੋੜੇ ਵਾਸਤੇ ਦਾਣਾ ਮੂੰਹ ਚੜ੍ਹਾਣੇ ਮੰਗ ਕੇ ਮਿਲਦਾ ਸੀ। ਸੋ ਅਮਰੀਕਾ ਵਿਚ ਵੀ ਪੰਜਾਬੀ ਦੇ ਪਾਏ ਦਾ ਲਿਰੱਕ ਸਾਹਿਤਯ ਹਾਲੇਂ ਤਕ ਨਹੀਂ ਉਪਜ ਸਕਿਆ, ਬਣਾਇਆ ਬਹੁਤ ਕੁਛ ਪਰ ਉਪਜ ਨਹੀਂ ਸਕਿਆ।

**ਜਰਮਨ** ਸਾਹਿਤਯ ਵਿਚ ਅਜੀਬ ਪੰਜਾਬੀ ਵਰਗਾ ਲਿਰੱਕ ਸਾਹਿਤਯ ਹੈ। ਉਹੋ ਜਿਹੇ ਕਲ ਵਲ ਬੰਦਿਆਂ ਨੇ ਏਹ ਤੇ ਉਨ੍ਹਾਂ ਆਪਣੇ ਹੱਡ ਬੀਤੀਆਂ ਗੱਲਾਂ ਲਿਖੀਆਂ। ਫਰਾਂਸੀਸੀ ਵਿਚ ਵੀ ਪੰਜਾਬੀ ਵਰਗਾ ਲਿਰਕ ਸਾਹਿਤਯ ਹੈ।

ਇਕ ਅਜੀਬ ਕੁਛ ਰੂਹ ਦੇ ਲਗਾਓ ਦੀ ਖੇਡ ਦੀ ਗੱਲ ਹੈ। ਪਰ ਜੋ ਸਾਹਿਤਯ ਰੰਗ ਕਵਿਤਾ ਵਿਚ ਰਾਣਾ ਸੂਰਤ ਸਿੰਘ ਜੀ ਦੇ ਕਰਤਾ ਜੀ ਨੇ ਆਪਣੀਆਂ ਇਕ ਇਕ ਇਕਲੌਤਰੀਆਂ ਛੋਟੀਆਂ ਕਵਿਤਾਵਾਂ ਵਿਚ ਭਰਿਆ ਹੈ, ਉਸ ਤਰਾਂ ਦਾ ਰੰਗ ਜਾਪਾਨ ਦੇ ਲਿਰਕ ਸਾਹਿਤਯ ਵਿਚ ਹੈ, ਪੰਛੀਆਂ, ਬੂਟਿਆਂ, ਪੱਥਰਾਂ, ਦਰਯਾਵਾਂ ਤੇ ਕੁਦਰਤ ਦੇ ਜਲਵਿਆਂ ਤੇ ਪਰਛਾਵਿਆਂ ਵਿਚ ਦੀ ਉਹ ਇਲਾਹੀ ਪਰੀਤ ਤੀਰ ਪ੍ਰੋਤੇ ਦਰਦ ਦੇ ਜੋ ਵਚਨ ਨਿਕਲੇ ਹਨ, ਉਰ ਜਾਪਾਨੀ ਲਿਰਕ ਪੋਇਟਰੀ ਦੇ ਸਾਂਝੇ ਹਨ ਤੇ ਸਹਿਜ ਸੁਭਾ ਉਪਜੇ ਹਨ।

ਸਾਡੇ ਆਪਣੇ ਮੁਲਕ ਵਿਚ ਉਹ ਸਭ ਸਾਹਿਤਯ ਪੰਜਾਬੀ ਨਾਲ ਆਣ ਟੱਕਰ ਖਾਂਦੇ ਹਨ ਜਿਨ੍ਹਾਂ ਵਿਚ ਭਗਤੀ ਭਾਵ ਹੈ। ਸ਼ਾਸਤ੍ਰਿਕ ਸਾਹਿਤਯ ਦਾ ਪੁਰਾਣਾ ਤਰੀਕਾ ਕੋਈ ਜੀਆਦਾਨ ਦੇਣ ਵਾਲੀ ਚੀਜ਼ ਨਹੀਂ ਤੇ ਉਸ ਤਰਾਂ ਦੀਆਂ ਜਿੰਨੀਆਂ ਪੁਸਤਕਾਂ ਕਿਸੇ ਵੀ ਪੰਜਾਬੀ ਵਿਚ ਲਿਖੀਆਂ ਹਨ, ਉਹ ਪੰਜਾਬੀ ਸਾਹਿਤਯ ਦੇ ਮਰਮ ਥੀਂ ਅਣਜਾਣ ਹਨ। ਮੈਂ ਉੱਪਰ ਕਹਿ ਆਇਆ ਹਾਂ ਕਿ ਹਰ ਇਕ ਮੁਲਕ ਤੇ ਕੌਮ ਦਾ ਸਾਹਿਤਯ ਆਪਣੇ ਵੱਖਰੇਪਨ ਵਿਚ ਹੋਕੇ ਸੁਗੰਧਿਤ ਹੋ ਸਕਦਾ ਹੈ, ਜੇ ਪੰਜਾਬੀ ਹੁਣ ਅੰਗਰੇਜ਼ੀ ਸਾਹਿਤਯ ਦੀ ਨਕਲ ਕਰੇ ਤਦ ਭਾਵੇਂ ਕੁਛ ਬਣ ਜਾਵੇ ਸਾਹਿਤਯ ਮਰ ਜਾਵੇਗਾ। ਹਰ ਕੌਮ ਦਾ ਸਾਹਿਤਯ ਉਹਦੀ **ਜੀਨਅਸ** ਦਾ ਸਹਿਜ ਸੁਭਾ ਉਪਜਿਆ ਪ੍ਰਕਾਸ਼ ਹੁੰਦਾ ਹੈ। ਸੋ ਪੰਜਾਬੀ ਸਿਰਫ਼ ਗੁਰਮੁਖੀ **ਫਕੀਰੀ** ਰੰਗ ਵਿਚ ਸੋਭਾ ਪਾ ਸੱਕਦੀ ਹੈ। ਬੁਲ੍ਹੇ ਸ਼ਾਹ ਨੂੰ ਗੁਰਮੁਖੀ ਮੁਰਸ਼ਦੀ ਰੰਗ ਲੱਗਾ, ਇਸ ਮੰਦਰ ਦੀ ਉਸਾਰੀ ਉਸ ਕੀਤੀ, ਵਾਰਸ ਸ਼ਾਹ ਨੂੰ ਕੁਛ ਥੋੜ੍ਹਾ ਫਕੀਰੀ ਦਾ ਠਰਕ ਹੋਇਆ ਉਹ ਵੀ ਇਸੀ ਵਿਚ ਗਾ ਉੱਠਿਆ। ਕਾਦਰਯਾਰ ਆਦਿਕ ਸਭ ਫਕੀਰੀ ਦੇ ਠਰਕ ਵਾਲੇ ਬੰਦੇ ਸਨ। ਜਿਨ੍ਹਾਂ ਵਿਚ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸ ਭਰਿਆ, ਤੇ ਸਤਿਗੁਰਾਂ ਦੇ ਨਿਮਾਣੇ ਸਿਖ ਸਿਪਾਹੀ ਅੰਗਰੇਜ਼ ਨਾਲ ਲੜਨ ਨੂੰ ਲਾਹੌਰੋਂ ਨਿਕਲੇ ਤੇ ਜੰਗ ਕੀਤਾ, ਉਸ ਨਜ਼ਾਰੇ ਨੂੰ ਇਕ ਅਜੀਬ ਫਕੀਰੀ ਉਦਾਸੀ ਵਿਚ **ਸ਼ਾਹ ਮੁਹੱਮਦ** ਨੇ ਗਾ ਦਿੱਤਾ। ਸ਼ਾਹ ਮੁਹੱਮਦ ਦਾ ਕਿੱਸਾ ਵੀ ਇਕ ਵੈਰਾਗ ਦੀ ਸ਼ੂਕਦੀ ਨੈ ਹੈ, ਗਾ ਗਾ ਕੇ ਰੋਣ ਆਉਂਦਾ ਹੈ :—

> 'ਸ਼ਾਹ ਮੁਹੱਮਦਾ ਇਕ ਸਰਕਾਰ ਬਾਝੋਂ,
> ਫੌਜਾਂ ਜਿਤ ਕੇ ਅੰਤ ਨੂੰ ਹਾਰੀਆ ਨੀ।'

Digitized by Panjab Digital Library | www.panjabdigilib.org

ਸੋ ਕੰਗਾਲ ਦੁਨੀਆਂ ਦੇ ਧੰਧੇ ਵਿਚ ਫਸੀਆਂ, ਦੁਖੀ, ਚੰਚਲ, ਗੰਦੀਆਂ ਮੰਦੀਆਂ, ਦੁਖ ਮਿਧੀਆਂ ਸੁਰਤਾਂ ਦਾ ਕੰਮ ਨਹੀਂ ਕਿ ਪੰਜਾਬੀ ਸਾਹਿਤਯ ਦੇ ਮੰਦਰ ਤਕ ਅਪੜ ਵੀ ਸਕਨ, ਅੰਦਰ ਵੜਨਾ ਕਿੱਥੇ? ਇਹ ਪਿਆਰ ਕੁਠੀ ਮਰ ਜਾਣੀ ਸੱਸੀ ਦੀ ਬੋਲੀ ਹੈ :—

'ਉਠੀ ਫਰਜੀ ਪੁਨੂੰ ਨਜ਼ਰੀ ਨਹੀਂ ਆਇਆ।'

ਜਿਸ ਕਦੀ ਪੁਨੂੰ ਰਾਵਿਆ ਹੀ ਨਹੀਂ, ਉਸ ਕੀ ਕੂਕਣਾ ਹੈ ?

"ਇਸ਼ਕ ਕਰਨ ਤਲਵਾਰ ਦੀ ਧਾਰ ਕਪਨ,

ਇਹ ਕੰਮ ਨਹੀਂ ਭੁੱਖਿਆਂ ਨੰਗਿਆਂ ਦਾ।

ਇਹ ਕੰਮ ਨਹੀਂ ਅਣਭੰਗੀਆਂ ਦਾ,

ਇਹ ਤਾਂ ਕੰਮ ਹੈ ਸਿਰਾਂ ਥੀ ਲੰਗਿਆਂ ਦਾ।" ਕਦੀ ਭੈਣਾਂ ਦੇ ਭਰਾਵਾਂ ਦੇ ਵਿਜੋਗ ਵਿਚ ਕੀਰਣੇ ਸੁਣੇ ਜੇ ! ਕਦੀ ਮਾਵਾਂ ਦੇ ਪੁਤਾਂ ਦੇ ਸੱਲਾਂ ਦੀਆਂ ਚੀਕਾਂ ਸੁਣੀਆਂ ਜੇ, ਕਦੀ ਸੋਹਣੀ ਦੀ ਤਾਂਘਾਂ ਦੀਆਂ ਲਹਿਰਾਂ ਦੇ ਕੱਪਰ ਪੈਂਦੇ ਦੇਖੇ ਜੇ ?

ਸਾਹਿਤਯ ਬਨਾਣਾ, ਉਪਜਣਾ ਤੇ ਉਪਜਾਣਾ ਤਾਂ ਕਰਿਆਂ ਨਾ ਹੁੰਦਾ ਹੈ। ਓ ਭੋਲਿਓ ! ਅੰਗਰੇਜ਼ ਦਾ, ਬੰਗਾਲੀਆਂ ਦਾ, ਮੁਲਾਂ ਮਲਵਾਣਿਆਂ ਜਾ ਕੰਮ ਹੋਵੇ ਤਾਂ ਹੋਵੇ, ਸੱਸੀ ਨੇ ਯਾ ਸੋਹਣੀ ਨੇ, ਯਾ ਸਾਹਿਬਾਂ ਨੇ, ਬੁਲ੍ਹੇ ਨੇ, ਯਾ ਸ਼ਾਹ ਹੁਸੈਨ ਨੇ ਸਾਹਿਤਯ ਕੀ ਬਨਾਉਣਾ ਹੈ, ਉਹ ਤਾਂ ਉਨ੍ਹਾਂ ਦੇ ਦਿਲ ਨੂੰ ਚੀਰ ਕੇ, ਧਰਾਂ ਨੂੰ ਫਾੜ ਕੇ ਉਨ੍ਹਾਂ ਦੀਆਂ ਵਿਲੂੰਦਰੀਆਂ ਛਾਤੀਆਂ ਤੇ ਉੱਗੇ ਲਾਲ ਫੁੱਲਾਂ ਦਾ ਖੇਤ ਹੈ। ਓ ਭੋਲਿਓ ! ਸਾਹਿਤਯ ਨਾ ਉਪਜਦਾ ਹੈ, ਨਾ ਬੀਜਿਆ ਜਾਂਦਾ ਹੈ, ਨਾ ਬਣਦਾ ਹੈ; ਬੀ ਹਰ ਇਕ ਸ਼ੈ ਦਾ ਹੈ, ਪਰ ਸਾਹਿਤਯ ਬਿਨਾਂ ਬੀ ਦੇ ਮੀਂਹ ਵਾਂਗ ਅਰਸ਼ੋਂ ਵਰ੍ਹਦਾ ਹੈ ਤੇ ਇਕ ਇਕ ਕਤਰੇ ਵਿਚ ਲਖ ਲਖ ਬਾਗ ਹਨ।

*******

Digitized by Panjab Digital Library | www.panjabdigilib.org

# ਵੋਟ ਤੇ ਪਲਿਟਿਕਸ

ਦੁਨੀਆਂ ਦੇ ਇੰਤਜ਼ਾਮ ਉਸੀ ਤਰਾਂ ਉਠਦੇ ਤੇ ਢਹਿੰਦੇ ਰਹਿੰਦੇ ਹਨ ਜਿਸ ਤਰਾਂ ਘਰ ਦੇ ਇੰਤਜ਼ਾਮ ! ਜਦ ਚੰਗੀ ਸਵਾਣੀ ਤੇ ਆਦਮੀ ਮਿਲ ਬੈਠੇ ਤੇ ਉਨ੍ਹਾਂ ਆਪਣੇ ਆਪਨੂੰ ਇਕ ਦੂਜੇ ਪਰ ਵਾਰ ਦਿੱਤਾ, ਤਦ ਘਰ ਟੁਰ ਪੈਂਦਾ ਹੈ। ਦੁੱਖ ਦਰਦ ਦੇ ਸਮੇਂ ਲਈ ਕੁਛ ਕੀੜੀ ਵਾਂਗ ਅੰਦਰ ਭੀ ਰਖਿਆ ਹੁੰਦਾ ਹੈ, ਤੇ ਬਾਕੀ ਆਪਣਾ, ਬੱਚਿਆਂ ਦਾ, ਤੇ ਆਏ ਗਏ ਦਾ ਨਿਰਬਾਹ ਵੀ ਸੋਹਣੀ ਤਰਾਂ ਚੱਲ ਜਾਂਦਾ ਹੈ। ਦਸਾਂ ਨੌਹਾਂ ਦੀ ਮਿਹਨਤ ਆਦਮੀ ਕਰਦਾ ਹੈ ਤੇ ਸਵਾਣੀ ਵੀ ਦਿਨ ਰਾਤ ਨਿਰਬਾਹ ਲਈ ਹਥ ਪੈਰ ਸਦਾ ਮਾਰਦੀ ਰਹਿੰਦੀ ਹੈ, ਖਾਵੰਦ ਦਾ ਹੱਥ ਵਟਾਂਦੀ ਰਹਿੰਦੀ ਹੈ, ਜਿਸ ਤਰਾਂ ਉਹ ਕਮਾ ਕੇ ਘਰ ਲਿਆਉਂਦਾ ਹੈ ਉਸੀ ਤਰਾਂ ਇਹ ਨਾ ਖਰਚ ਕਰਕੇ ਆਪਣੀ ਹੱਥੀਂ ਘਰ ਦੀਆਂ ਲੋੜਾਂ ਦੇ ਕੰਮ ਸੰਵਾਰ ਕੇ ਜੋ ਬਚਦਾ ਹੈ ਉਹ ਓਹਦੀ ਕਮਾਈ ਜਾਣਨੀ ਚਾਹੀਏ। ਹਰ ਇਕ ਪੈਸਾ ਜਿਹੜਾ ਖਰਚ ਨਾ ਕੀਤਾ ਜਾਵੇ ਉਹ ਬਚਿਆ ਹੀ ਸਮਝਣਾ ਚਾਹੀਏ। ਜਿਹੜੇ ਲੋਕੀ ਇਹ ਗੱਲ ਕਹਿੰਦੇ ਹਨ ਕਿ ਹਿੰਦੁਸਤਾਨ ਦੀਆਂ ਤੀਮੀਆਂ ਨਿਕੰਮੀਆਂ ਰਹਿੰਦੀਆਂ ਹਨ ਤੇ ਮਖੱਟੂ ਹਨ ਉਨ੍ਹਾਂ ਨੂੰ ਪੰਜਾਬ ਦੇ ਗ੍ਰਾਵਾਂ ਵਿਚ ਜਾ ਕੇ ਗੌਰ ਨਾਲ ਦੇਖਣਾ ਚਾਹੀਏ ਕਿ ਪੰਜਾਬੀ ਸਵਾਣੀ ਆਪਣੇ ਘਰ ਦਾ ਕਿੰਨਾ ਕਮਾਊ ਕੰਮ ਕਰਦੀ ਹੈ, ਨਿਰਾ ਖੱਦਰ ਬੁਣਨਾ ਹੀ ਕੰਮ ਨਹੀਂ ਹੁੰਦਾ। ਕਿਸੀ ਕਾਰਖਾਨੇ ਵਿਚ ਜਾ ਕੇ ਭੁੜੀ ਕਰਕੇ ਚਾਰ ਕੌਡਾਂ ਘਰ ਲਿਆਏ ਬਿਨਾ ਤੀਮੀ ਮਖੱਟੂ ਨਹੀਂ ਗਿਣਨੀ ਚਾਹੀਦੀ। ਇਕ ਬਾਲ ਬੱਚੇ ਦੇ ਕਪੜੇ ਧੋਣੇ, ਪਤੀ ਦੇ ਕਪੜੇ ਧੋਣੇ, ਉਹ ਇਕ ਧੋਬੀ ਦਾ ਕੰਮ ਕਰਦੀ ਹੈ, ਤੇ ਜੇ ਘਰ ਦੇ ਔਸਤਨ 5 ਮੈਂਬਰ ਗਿਣੇ ਜਾਣ ਤੇ ਦੋ ਕੱਪੜੇ ਰੋਜ ਗਿਣੇ ਜਾਣ ਤਦ 10 ਕੱਪੜੇ ਰੋਜ ਤੇ ਮਹੀਨੇ ਦੇ 300 ਕਪੜੇ ਧੋਂਦੀ ਹੈ। ਗ੍ਰਾਵਾਂ ਵਿਚ ਸ਼ਹਿਰਾਂ ਵਾਂਗ ਸਫਾਈ ਨਹੀਂ ਆਉਂਦੀ। ਪਰ ਜੇ ਆਨਾ ਕਪੜਾ ਨਹੀਂ, ਪੈਸਾ ਕਪੜਾ ਵੀ ਗਿਣਿਆ ਜਾਏ ਤਦ ਇਕ ਆਈਟਮ (item) ਧੋਬੀ ਵਿਚ ਹੀ ਉਹ ਸਵਾਣੀ 300 ਪੈਸੇ ਯਾ ਚਾਰੇ ਰੁਪਏ ਯਾਰਾਂ ਆਨੇ ਖੱਟਦੀ ਹੈ। ਹੁਣ ਰੋਟੀ ਪਕਾਣੀ ਖਵਾਣੀ ਤੇ ਦੁਧ ਦਹੀਂ ਸਾਂਭਣਾਂ, ਮੱਖਣ ਬਣਾਨਾ ਇਹ ਘਰੇਗੀ ਜਿਮੀਦਾਰਾ ਇਨਡਸਟਰੀ ਹੈ। ਜੇ ਉਹਦੀ ਭੁੜੀ ਦਾ ਹੀ ਮੁੱਲ ਪਾਵੇ ਤਾਂ ਇਕ ਮਜੂਰ ਦੇ 4 ਆਨੇ ਵੀ ਘੱਟੋ ਘੱਟ ਰੋਜ ਮੁੱਲ ਪਾਵੇ, ਤਦ 7 ਯਾ 8 ਰੁਪਏ ਦੇ ਲਗਭਗ ਘੱਟੋ ਘੱਟ ਇਹ ਕੰਮ ਹੋਇਆ। ਹੋਰ ਘਰ ਦਾ ਨਿਕਾ ਨਿਕਾ ਦਿਲ ਨਾਲ ਸਾਂਭਣ, ਪਿਆਰ ਵਿਚ ਬਾਲ ਬੱਚਿਆਂ ਦੀ ਸੇਵਾ ਜਿਹੜੀ ਜੋ ਹਸਪਤਾਲ ਆਦਿ ਵਿਚ ਹੁੰਦੀ ਹੈ, ਉਹ ਸਬ ਘਰ ਦੇ ਬਾਨ੍ਹਣੂ ਬਨਣ ਵਿਚ ਬੜੀ ਸਹਾਈ ਹੁੰਦੀ ਹੈ। ਸੋ ਸਮੁੱਚੀ ਤਰਾਂ ਗੌਹ ਨਾਲ ਦੇਖੀਏ ਤਦ ਗ੍ਰਾਵਾਂ ਵਿਚ ਉਹ ਜਿਮੀਦਾਰ ਜੋ ਆਪ ਹਲ ਵਾਹੁੰਦੇ ਹਨ, ਘੱਟੋ ਘੱਟੀ ਨਕਦੀ ਵਿਚ ਜੇ ਨਿਰੀ ਜਿਸਮਾਨੀ ਤੇ ਮਸ਼ੀਨੀ ਕੰਮ ਦਾ ਮੁੱਲ ਪਾਵੀਏ ਤਦ 15) ਰੁਪਏ ਮਾਹਵਾਰ ਥੀਂ ਕਿਸੀ ਹਾਲਤ ਘੱਟ



Digitized by Panjab Digital Library | www.panjabdigilib.org

ਨਹੀਂ ਹੋ ਸੱਕਦਾ ਤੇ ਸਾਲ ਦਾ 180) ਰੁਪਏ ਹੋ ਜਾਂਦਾ ਹੈ। ਹੁਣ ਮੁਰਬਿਆਂ ਦੀ ਜੇ ਆਮਦਨੀ ਗਿਣੀਏ ਤਦ ਇਕ ਮੁਰੱਬਾ ਜੇ ਐਸ ਹਾਲੀ ਕੰਮ ਕਰਨ ਵਾਲੇ ਪਾਸ ਹੋਵੇ ਤਦ ਅੱਧੇ ਮੁਰੱਬੇ ਦੀ ਆਮਦਨ ਉਹਦੀ ਆਪਣੀ ਹੁੰਦੀ ਹੈ ਤੇ ਜੇ ਇਹ ਔਸਤਨ ਨਕਦੀ ਮਾਇਆ ਆਬਿਆਨਾ ਆਦਿ ਕੱਢਕੇ ਗਿਣੀਏ ਤਦ 300) ਰੁਪਏ ਤਕ ਸਾਲ ਦੀ ਹੁੰਦੀ ਹੈ।

ਸੋ 300) ਰੁਪਏ ਸਾਲ ਚੰਗੀ ਤਕੜੀ ਕਮਾਈ ਕਰਨ ਵਾਲੇ ਦੀ ਜ਼ਰਾਇਤੀ ਆਮਦਨ ਓਥੇ ਹੈ ਜਿਥੇ ਪਾਣੀ ਨਹਰੀ ਨੂੰ ਤੇ ਭੋਂ ਨਵੀਂ ਤੇ ਕਮਾਈ ਹੋਈ ਹੈ, ਸੋ ਜਨਾਨੀ 180) ਰੁਪਏ ਸਾਲ ਦਾ ਵਾਧੂ ਕੰਮ ਕਰਦੀ ਹੈ ਤੇ ਇਉਂ ਉਹ 180) ਰੁਪਏ ਖਟੱਦੀ ਨਹੀਂ ਪਰ ਖਰਚ ਥੀਂ ਬਚਾਂਦੀ ਹੈ। ਸੋ 300) ਰੁਪਏ ਵਿਚ ਇਹ ਪੰਜ ਇਕ ਬੱਚੇ ਸਮੇਤ ਟੱਬਰ ਮਾੜਾ ਮੋਟਾ ਪਲਦਾ ਹੈ, ਪਰ ਆਮ ਕਰਕੇ ਆਮਦਨ ਦੀ ਔਸਤ ਇਸ ਤਰਾਂ ਨਹੀਂ ਹੁੰਦੀ। ਸੂਦੀ ਰੁਪਏ ਜਿਹੜੇ ਚੜ੍ਹ ਜਾਂਦੇ ਹਨ ਜਦ ਫਸਲ ਮਾੜੇ ਹੋਣ ਉਨ੍ਹਾਂ ਦਾ ਸੂਦ ਆਦਿ ਮਾਰ ਮੁਕਾਂਦਾ ਹੈ। ਸੋ ਮਾਲੀ ਤਰਾਂ ਇਕ ਕਾਸ਼ਤਕਾਰ ਮੁਜ਼ਾਰੇ ਦੀ ਆਮਦਨ 200) ਤਕ ਰਹਿ ਜਾਂਦੀ ਹੈ, ਤੇ ਸਾਰੇ ਟੱਬਰ ਨੂੰ ਮਜੂਰੀ 10 ਆਨੇ ਦਿਹਾੜੀ ਤਕ ਪਈ, ਤੇ ਜੇ ਪੰਜ ਆਦਮੀ ਦੀ ਨਕਦ ਮਜੂਰੀ ਪਾਓ, ਕਿਉਂਕਿ ਸਾਰਾ ਟੱਬਰ ਖੇਤੀ ਦੇ ਕੰਮ ਵਿਚ ਲਗਾ ਰਹਿੰਦਾ ਹੈ, ਸੋ ਦੋ ਆਨੇ ਸਿਰੇ ਪਰਤੀ ਪਈ ਹੁਣ ਦੋ ਆਨੇ ਰੋਜ ਵਿਚ ਕੌਣ ਚੰਗੀ ਤਰਾਂ ਜੀ ਸਕਦਾ ਹੈ, ਐਸੀ ਕਠਨ ਕਮਾਈ ਦਾ ਪੈਸਾ ਹਕੂਮਤ ਲੈ ਰਾਜ ਕਰਦੀ ਹੈ।

ਹੁਣ ਇਸ ਮੁਲਕ ਵਿਚ ਧਨ ਉਪਜਾਊ ਕੰਮ ਸਿਵਾਏ ਖੇਤੀ ਦੇ ਹੋਰ ਆਮ ਕਰਕੇ ਕੋਈ ਨਹੀਂ ਹੈ, ਜਿੰਨਾਂ ਮੁਲਕੀ ਖਰਚ ਪੈਂਦਾ ਹੈ ਉਹੋ ਇਨ੍ਹਾਂ ਗਰੀਬ ਘਰਾਂ ਪਰ ਧਨ ਉਪਜਾਊ ਘਰਾਂ ਤੇ ਪੈਂਦਾ ਹੈ। ਆਖਰ ਦੱਸਾਂ ਨੌਹਾਂ ਦੀ ਮਿਹਨਤ ਨਾਲ ਹੀ ਜਮੀਨ, ਜਲ, ਮੀਂਹ, ਹਵਾ, ਧੁੱਪ ਤੇ ਮੌਸਮ ਦੇ ਅਨੇਕ ਤਰਾਂ ਦੇ ਗਰਮ ਸਰਦ ਵਟਾਂਦਰਿਆਂ ਕੋਲੋਂ ਮਦਦ ਲਈ ਜਾਂਦੀ ਹੈ, ਹੋਰ ਵੀ ਮਨੁਖੀ ਮਿਲਵਰਤਣ ਕੁਦਰਤ ਦੇ ਮਿਲਵਰਤਣ ਨਾਲ ਨਾਲ ਇਸ ਉਪਜਾਊ ਕਿਰਤ ਨੂੰ ਸਹਾਇਤਾ ਦਿੰਦਾ ਹੈ। ਕੁਦਰਤ ਆਪਣੀਆਂ ਸਾਰੀਆਂ ਤਾਕਤਾਂ ਬਗੈਰ ਕਿਸੀ ਮੁੱਲ ਲੈਣ ਦੇ ਉਪਜਾਊ ਕਿਰਤ ਵਾਲਿਆਂ ਦੇ ਵਰਤਣ ਲਈ ਧਰ ਦਿੰਦੀ ਹੈ, ਪਰ ਆਦਮੀ ਆਪਣੀ ਸਹਾਇਤਾ ਦਾ ਮੁੱਲ ਪਾ ਕੇ ਦਿੰਦਾ ਹੈ, ਸਰਮਾਯਾ ਜਿਸ ਨਾਲ ਕੋਈ ਅਮੀਰ ਆਦਮੀ ਜਮੀਨ ਖਰੀਦਦਾ ਹੈ ਤੇ ਫਿਰ ਵਾਹੀ ਲਈ ਕਿਸਾਨਾਂ ਨੂੰ ਦਿੰਦਾ ਹੈ, ਉਹ ਦਰਹਕੀਕਤ ਕੁਦਰਤ ਦੇ ਸਰਮਾਏ ਵਾਂਗ ਹੀ ਹੁੰਦਾ ਹੈ। ਕੁਦਰਤ ਆਪਣੀ ਨਿਕੀ ਨਿਕੀ ਤੇ ਚੁੱਪ ਅੰਦਰ ਅੰਦਰ ਦੀ ਡਾਹਡੀ ਕਿਰਤ ਨਾਲ ਸਭ ਕੰਮ ਕਰਦੀ ਹੈ ਤੇ ਪਲੀ ਪਲੀ ਜੋੜਦੀ ਹੈ ਤੇ ਉਹਦੇ ਕੁੱਪੇ ਰੋੜ੍ਹੇ ਜਾਂਦੇ ਹਨ। ਪਰ ਉਹ ਮਾਂ ਹੈ ਉਹ ਸਾਥੋਂ ਆਪਣੇ ਦੁੱਧ ਪਿਲਾਣ ਦਾ ਕੋਈ ਮੁੱਲ ਨਹੀ ਲੈਂਦੀ, ਸਾਡੇ ਆਦਮੀ ਭਰਾ ਮੁੱਲ ਲੈਂਦੇ ਹਨ, ਇਹ ਕੋਈ ਪਰੰਪਰਾ ਹੀ ਐਸੀ ਚਲੀ ਆਈ ਹੈ। ਸੋ ਸਰਮਾਏ ਵਾਲਾ ਇਹ ਕਾਨੂੰਨ ਸਮਝਦਾ ਹੈ ਕਿ ਮੈਂ ਕਿਉਂ ਸਰਮਾਯਾ ਲਾਵਾਂ, ਪਰ ਇਹ ਉਹਦੀ ਭੁੱਲ ਹੈ ਜਿਹੜੀ ਸਦੀਆਂ ਪਿੱਛੇ ਆਪ ਹੀ ਕਾਨੂੰਨ ਤੇ ਸਹਿਜ ਸੁਭਾ ਮਨੁੱਖ ਦੀ ਇਖਲਾਕੀ ਤੇ ਮੁਲਕੀ ਤਰੱਕੀ ਹੋਣ ਨਾਲ ਨਿਕਲ ਜਾਵੇਗੀ। ਬੱਸ ਜਿਹੜੇ ਕਿਰਤ ਕਰਦੇ ਹਨ ਚਾਹੇ ਹੱਥਾਂ ਨਾਲ, ਚਾਹੇ ਟੰਗਾਂ ਨਾਲ, ਚਾਹੇ ਦਿਮਾਗ ਨਾਲ, ਚਾਹੇ ਮਿੱਠੀ ਜੀਭ ਨਾਲ, ਉਹੋ ਹੀ ਅੰਨ ਪਾਣੀ ਦੇ ਇਸ ਆਣ ਵਾਲੀ ਬਰਾਦਰੀ ਵਿਚ ਹੱਕਦਾਰ ਸਮਝੇ ਜਾਣਗੇ। ਜਿਹੜੇ ਅਜ ਕਲ ਸਰਮਾਏ ਉੱਤੇ ਹੀ ਲੋਕਾਂ ਦੀ ਛਾਤੀ ਤੇ ਮੂੰਗ ਦਲਦੇ ਹਨ ਉਨ੍ਹਾਂ ਨੂੰ ਰੋਟੀ ਕੱਪੜਾ ਵੀ ਮਿਲਣਾ ਮੁਸ਼ਕਲ ਹੋ ਜਾਵੇਗਾ। ਕੁਲ ਜਾਇਦਾਦ ਤੇ ਮਾਲ ਦੀ ਹੈਸੀਅਤ ਆਖਰ ਹੱਥਾਂ ਪੈਰਾਂ, ਆਪਣੇ ਨੈਨ੍ਹ ਪ੍ਰਾਣਾਂ ਤੇ ਰਹਿ ਜਾਏਗੀ, ਕੋਈ ਆਦਮੀ ਅਮੀਰ ਜਨਮ ਥੀਂ ਨਹੀਂ ਹੋ ਸੱਕੇਗਾ। ਆਪਣੀ ਕਿਰਤ ਕਰਕੇ ਆਪਣੇ ਜੀਵਣ ਪ੍ਰਯੰਤ ਹੀ

Digitized by Panjab Digital Library | www.panjabdigilib.org

ਅਮੀਰ ਯਾ ਗਰੀਬ ਹੋ ਸੱਕੇਗਾ, ਅਮੀਰੀ ਗਰੀਬੀ ਨਸਲ ਬਨਸਲ ਨਹੀਂ ਚਲ ਸੱਕੇਗੀ, ਕਿ ਸਰਮਾਏ ਨੂੰ ਨਕੰਮਾ ਰੱਖਣ ਦੀ ਆਗਿਜ਼ਾ ਹੀ ਨਹੀਂ ਮਿਲੇਗੀ। ਕਿਰਤਾਂ ਉੱਪਰ ਹੀ ਨਬੇੜੇ ਹੋਣਗੇ। ਪਰ ਜਦ ਤਕ ਉਹ ਜਾਇਦਾਦ ਤੇ ਮਾਲੀ ਧਨ ਦੀ ਬਰੋਬਰੀ ਨਹੀਂ ਆਉਂਦੀ, ਤਦ ਤਕ ਚਾਲ ਓਸ ਸੇਧ ਵੱਲ ਹੋ ਜਾਸੀ ਤੇ ਇਨਸਾਨੀਅਤ ਤੇ ਬਰੋਬਰੀ ਦਾ ਸੁਫਨਾ ਕਦੀ ਸਮਾ ਪਾਕੇ ਪੂਰਾ ਹੋਵੇਗਾ।

ਹਾਲਾਂ ਯੋਰਪ ਦੇ ਇਤਹਾਸ ਨੂੰ ਵੇਖਣਾ ਇਕ ਬੜੀ ਸਿਖਿਆ ਦੇਣ ਵਾਲੀ ਗੱਲ ਹੈ। ਯੋਰਪ ਵਿਚ ਸਾਡੇ ਦੇਸ਼ ਵਾਂਗ ਜਿਸ ਤਰਾਂ ਇਥੇ ਹੁਣ ਹੋ ਚੁੱਕਾ ਹੈ, ਥੋੜ੍ਹੇ ਜਿਹੇ ਚਿਰ ਖੇਤੀ ਉੱਪਰ ਕੰਮ ਕਰਕੇ ਰੋਟੀ ਕਪੜਾ ਚੰਗਾ ਮਿਲ ਨਹੀਂ ਸੀ ਸਕਦਾ। ਸਾਡੇ ਬਚਪਨ ਦੇ ਸਮਿਆਂ ਵਿਚ ਤਿੰਨ ਤਿੰਨ ਸੇਰ ਰੁਪਏ ਦਾ ਘਿਓ, ਤੇ 35 ਸੇਰ ਰੁਪਏ ਦਾ ਆਟਾ ਮਿਲਦਾ ਰਿਹਾ ਹੈ, ਉਸ ਥੀਂ ਪਹਿਲਾਂ ਵੀ ਚੀਜ਼ਾਂ ਹੋਰ ਵੀ ਸਸਤੀਆਂ ਸਨ। ਸੋ ਇਥੇ ਰੋਟੀ ਕਮਾਣ ਦਾ ਸਵਾਲ ਉਸ ਪੇਚੀਦਗੀ ਤੇ ਸਿਰ ਸਿਰ ਬਾਜੀ ਲਾਣ ਵਾਲੀ ਸ਼ਕਲ ਵਿਚ ਅਜ ਤਕ ਸਾਡੇ ਸਾਹਮਣੇ ਨਹੀਂ ਆਇਆ, ਹੁਣ ਆ ਰਿਹਾ ਹੈ; ਪਰ ਸਦੀਆਂ ਥੀਂ ਯੋਰਪ ਵਿਚ ਇਹ ਸਵਾਲ ਸਭ ਥੀਂ ਪਹਿਲਾ ਰਿਹਾ ਹੈ। ਉਸ ਕਰਕੇ ਲੋਕਾਂ ਦੇ ਦਿਲ ਨੂੰ ਕੁਝ ਹੁੰਦਾ ਸੀ ਜਦ ਬਾਦਸ਼ਾਹ ਉਨ੍ਹਾਂ ਦੇ ਲਹੂ ਦੇ ਕਤਰੇ ਵਗਾ ਕੇ ਕਮਾਇਆ ਪੈਸਾ ਬਰਬਾਦ ਕਰਦੇ ਸਨ। ਪਹਿਲਾਂ ਪਹਿਲ ਹਰ ਮੁਲਕ ਵਿਚ ਬਾਦਸ਼ਾਹ ਆਪਣੇ ਆਪ ਨੂੰ ਰੱਬ ਵਲੋਂ ਆਏ ਰਾਜੇ ਸਮਝਦੇ ਸਨ, ਘਰ ਮਖਲੂਕ ਦਾ ਨੌਕਰ ਸਮਝ ਕੇ ਬੜਾ ਥੋੜ੍ਹਾ ਖਰਚ ਆਪਣੇ ਭੋਗ ਬਿਲਾਸਾਂ ਤੇ ਕਰਦੇ ਸਨ। ਉਨ੍ਹਾਂ ਖਰਚ ਦੇਣਾ ਤੇ ਉਨ੍ਹਾਂ ਨੂੰ ਰਾਜ ਕਾਜ ਦੇ ਨੀਤੀ ਆਦਿਕ ਦੇ ਕੰਜ ਸੌਂਪ ਦੇਣੇ, ਲੋਕੀ ਖੁਸ਼ੀ ਨਾਲ ਬਰਦਾਸ਼ਤ ਕਰਦੇ ਸਨ। ਪਰ ਜਦ ਬਾਦਸ਼ਾਹ ਭੋਗੀ ਤੇ ਕਾਮੀ ਹੋ ਗਏ ਤੇ ਲੱਗੇ ਰੁਪਏ ਆਪਣੇ ਭੋਗ ਬਿਲਾਸਾਂ ਤੇ ਖਰਚਣ ਤਦ ਮਖਲੂਕ ਮੁਕਾਬਲੇ ਤੇ ਖੜੀ ਹੋ ਗਈ ਤੇ ਉਨ੍ਹਾਂ ਦੇ ਬਲਵਾਨ ਤੇ ਧਰਮ ਨੇਤਾ ਆਗੂਆਂ ਨੇ ਇਹ ਨੇਮ ਰਚਿਆ ਕਿ **"ਜੋ ਟੈਕਸ ਰਯਤ ਦਿੰਦੀ ਹੈ ਉਹ ਰਯਤ ਦੀ ਮਰਜ਼ੀ ਬਿਨਾਂ ਕਿਧਰੇ ਖਰਚ ਨਾ ਕੀਤਾ ਜਾਵੇ।"** ਸਦੀਆਂ ਲੜ ਲੜ ਕੇ ਇਹ ਅਸੂਲ ਉਨ੍ਹਾਂ ਆਪਣੇ ਪਾਲੋਟਿਕਸ ਦਾ ਅਸੂਲ ਬਣਾਇਆ, ਜਿਸ ਤਰਾਂ ਪਹਿਲੇ ਜ਼ਮਾਨਿਆਂ ਵਿਚ 'ਬਾਦਸ਼ਾਹ ਕਦੀ ਕੁਛ ਮਾੜੀ ਗੱਲ ਕਰ ਹੀ ਨਹੀਂ ਸਕਦਾ ਜੋ ਉਹ ਕਰੇ ਸਾਨੂੰ ਮਨਜ਼ੂਰ ਹੈ"—ਇਕ ਸਲਤਨਤ ਦਾ ਅਸੂਲ ਸੀ, ਇਸ ਪੁਰਾਣੇ ਅਸੂਲ ਨੂੰ ਲੋਕਾਂ ਦੇ ਮਨਾਂ ਵਿਚੋਂ ਕਢਣ ਲਈ ਤੇ ਨਵੇਂ ਨੂੰ ਪਾਣ ਲਈ ਸਦੀਆਂ ਲਈ ਜੰਗ ਤੇ ਖੂਨ ਖਰਾਬੇ ਹੋਏ ਤੇ ਹੁਣ ਵੀ ਹੋ ਰਹੇ ਹਨ, ਤੇ ਹਾਲੇ ਕੁਛ ਬਹੁਤ ਸੂਤ ਮਾਮਲੇ ਨਹੀਂ ਹੋਏ। ਤਾਂ ਵੀ ਕਾਨੂਨ ਇਸੀ ਬਣਤਰ ਦੇ ਬਣ ਗਏ ਹਨ, ਭਾਵੇਂ ਧਨ ਵਾਲੇ ਲੋਕ ਮਿਲ ਕੇ ਇਨ੍ਹਾਂ ਕਾਨੂਨਾਂ ਨੂੰ ਮੁੜ ਪੁਰਾਣੇ ਬਾਦਸ਼ਾਹੀ ਦੇ ਅਸੂਲਾਂ ਵਾਂਗ ਵਰਤ ਕੇ ਉਹੋ ਜਿਹਾ ਕਰ ਦਿੰਦੇ ਹਨ। ਇਕ ਬਾਦਸ਼ਾਹ ਦੀ ਥਾਂ ਹੁਣ ਅਨੇਕ ਬਾਦਸ਼ਾਹ ਹਨ, ਜਣਾਂ ਖਣਾਂ ਬਾਦਸ਼ਾਹ ਬਣ ਬੈਠਦਾ ਹੈ, ਤਾਂ ਵੀ ਅਸੂਲ ਉਨ੍ਹਾਂ ਮੁਲਕਾਂ ਵਿਚ ਕਾਇਮ ਹੋ ਚੁਕਾ ਹੈ ਕਿ ਜੋ ਰੁਪਇਆ ਕਮਾਏ ਤੇ ਟੈਕਸ ਭਰੇ, ਉਹਦੇ ਖਰਚਣ ਉੱਤੇ ਉਹਨੂੰ ਪੂਰਾ ਅਧਿਕਾਰ ਹੈ। ਸੋ ਇਸ ਗੱਲ ਨੂੰ ਅਮਲ ਵਿਚ ਲਿਜਾਣ ਲਈ ਇਹ ਜ਼ਰੂਰੀ ਹੋਇਆ ਕਿ ਮਖਲੂਕ ਦੀ ਵਟ ਨਾਲ ਰਾਜ ਤੇ ਮੁਲਕ ਦੇ ਮਾਮਲਿਆਂ ਨੂੰ ਨਜਿਠਣ ਦੇ ਕੰਮ ਵਾਸਤੇ ਕੌਂਸਲਾਂ ਬਣਨ। ਅਨੇਕ ਤਰਾਂ ਦੀਆਂ ਬਨਤਰਾਂ ਬਣੀਆਂ, ਕਿਸ ਕਿਸ ਨੂੰ ਵੋਟ ਦੇਣ ਦਾ ਅਧਿਕਾਰ ਹੋਵੇ। ਅਸਲ ਗੱਲ ਤਾਂ ਇਹ ਹੈ ਕਿ ਹਰ ਇਕ ਮਨੁੱਖ ਜਿਹੜਾ ਆਪਣੀ ਵਿਤ ਮੁਤਾਬਕ ਧਨ ਉਪਜਾਊ ਕੰਮ ਕਰਦਾ ਹੈ ਉਹਦੀ ਵੋਟ ਹੋਣੀ ਚਾਹੀਏ, ਪਰ ਇਸ ਤਰਾਂ ਉਹ ਆਦਮੀ ਵਿਚ ਨਹੀਂ ਆ ਸਕਣਗੇ ਜਿਹੜੇ ਦਿਮਾਗੀ ਤਾਕਤ ਨਾਲ ਉਸ ਉਪਜਾਏ ਧਨ ਦਾ ਚੰਗਾ ਵਰਤਣ ਤੇ ਸੰਭਾਲਣ ਦੀ ਕਾਬਲੀਅਤ ਰਖਦੇ ਹਨ, ਸੋ ਵੋਟ ਦੇਣ ਦੇ ਹਕ ਵਾਸਤੇ ਫਿਰ ਮੜ ਕਈ ਤਰਾਂ

Digitized by Panjab Digital Library | www.panjabdigilib.org

ਦੀਆਂ ਸ਼ਰਤਾਂ ਰਚੀਆਂ, ਆਖਰ ਹੁਣ ਪਿਛਲੇ ਯਾ ਉਸ ਥੀਂ ਪਿਛਲੇਰ ਸਾਲ ਬੜਾ ਚਿਰ ਰੌਲਾ ਪਾਣ ਤੇ ਜ਼ਨਾਨੀਆਂ ਨੂੰ ਵੀ ਵੋਟ ਦੇਣ ਦਾ ਅਧਿਕਾਰ ਕਾਨੂਨੀ ਤੌਰ ਤੇ ਮਿਲਿਆ।

ਪੁਰਾਣੀ ਬਾਦਸ਼ਾਹੀ ਸ਼ਖ਼ਸੀ ਸੀ, ਚੰਗੇ ਆਦਮੀ ਜੁੜ ਬੈਠੇ ਤੇ ਰਾਜ ਚੰਗਾ ਹੋ ਗਿਆ, ਮੁਲਕ ਸਵਰਗ ਹੋ ਗਿਆ, ਤੇ ਜੇ ਮਾੜੇ ਆ ਗਏ ਤਦ ਤਬਾਹੀ ਤੇ ਜ਼ੁਲਮ ਛਾ ਗਿਆ, ਤੇ ਨਿੱਕੇ ਨਿਕੇ ਰਾਜਾਂ ਵਿਚ ਇਹ ਗੱਲ ਬਣ ਤੇ ਬਿਗੜ ਜਾਂਦੀ ਸੀ। ਪਰ ਜਦ ਰਾਜਧਾਨੀਆਂ ਵਡੀਆਂ ਹੋਈਆਂ ਤਦ ਚੰਗੇ ਰਾਜਿਆਂ ਨੇ ਸੂਬੇ ਚੰਗੇ ਚੁਣੇ, ਚੰਗੇ ਆਦਮੀ ਮਿਲੇ ਤੇ ਮੁਲਕੀ ਹਾਲਤ ਵਾਹ ਵਾਹ ਹੋ ਗਏ, ਨਹੀਂ ਤਾਂ ਉਹੋ ਖੋਸੜੇ ਤੇ ਉਹੋ ਭਾਈ ਬਸੰਤਾ ਹੋਰੀ। ਹੁਣ ਅਸ਼ੋਕ ਵਰਗੇ ਰਾਜਿਆਂ ਤੇ ਉਨ੍ਹਾਂ ਦੇ ਰਾਜ ਕਰ ਜਾਣ ਵਾਲੀਆਂ ਉਹ ਚਮਕਦੀਆਂ ਤਾਕਤਾਂ, ਦਯਾ, ਦਰਦ ਤੇ ਸੇਵਾ ਦੇ ਭਾਵ ਕਿਸ ਮਖ਼ਲੂਕ ਦੀ ਵੋਟ ਵਾਲੇ ਰਾਜ ਨੇ ਕਿਸ ਮੁਲਕ ਵਿਚ ਅਨੁਭਵ ਕਰ ਲੈਣੇ ਹਨ ? ਪਰ ਨਮਰੂਦ, ਨੀਰੋ ਜਿਹੇ ਭੈੜੇ ਰਾਜੇ ਤੇ ਉਸ ਥੀਂ ਵੀ ਭੈੜੇ ਵਜ਼ੀਰ ਮੁਸਾਹਿਬਾਂ ਦੇ ਜ਼ੁਲਮ ਜੇਹੜੇ ਰੋਮ ਆਦਿਕ ਚਕਰਵਰਤੀ ਰਾਜਾਂ ਵਿਚ ਹੋਏ, ਉਹ ਕੋਈ ਮਾਂ ਦਾ ਜੰਮਿਆ ਜਿਸ ਵਿਚ ਇਨਸਾਨੀਅਤ ਦੇ ਖ਼ੂਨ ਦਾ ਕੋਈ ਵੀ ਕਤਰਾ ਬਾਕੀ ਹੈ, ਕਿਸ ਤਰਾਂ ਹੁਣ ਇਨ੍ਹਾਂ ਬਨਤਰਾਂ ਵਿਚ ਸਹਾਰ ਸਕਦਾ ਹੈ। ਸੋ ਮਖ਼ਲੂਕ ਆਖਰ ਯੋਰਪ ਵਿਚ ਉਠੀ, ਬਾਦਸ਼ਾਹਾਂ ਨੂੰ ਫਾਂਸੀ ਲਟਕਾਇਆ, ਗੋਲੀਆਂ ਨਾਲ ਮਾਰਿਆ, ਜ਼ਾਲਮ ਜਰਵਾਨੇ ਭੋਗ ਲਮਪਟ ਬਾਦਸ਼ਾਹਾਂ, ਵਜ਼ੀਰਾਂ, ਰਾਣੀਆਂ ਆਦਿਕ ਸਮੇਤ ਸਲੇਟ ਸਾਫ ਕੀਤੀ। ਹੁਣ ਪਾਰਲੀਮੈਂਟਾਂ ਤੇ ਕੌਂਸਲਾਂ ਤੇ ਰੀਪਬਲਿਕਾਂ ਬਣੀਆਂ। ਇਸ ਵਿਚ ਮਖ਼ਲੂਕ ਦੀ ਵੋਟ ਨਾਲ ਇੰਤਜ਼ਾਮ ਕਰਨ ਲਈ ਪ੍ਰਤੀਨਿਧੀ ਚੁਣੇ ਗਏ। ਪਰ ਹਰ ਇਕ ਆਦਮੀ ਅਸ਼ੋਕ ਵਰਗਾ ਲਾਇਕ ਹੋਵੇ, ਹੋਰ ਨਹੀਂ ਤੇ ਆਪਣੀ ਵੋਟ ਦੇਣ ਵਿਚ ਬਸ ਇਕ ਵੋਟ ਦੀ ਹੀ ਹਦ ਤਕ ਅਸ਼ੋਕ ਵਰਗਾ ਹੋਵੇ ਤਦ ਉਹ ਠੀਕ ਚੋਣ ਕਰ ਸੱਕੇ ! ਆਮ ਹੁੰਦਾ ਕੀ ਹੈ ਕਿ ਉਸ ਨੂੰ ਹਰ ਇਕ ਰਾਜ ਦਾ ਕੰਮ ਕਰਣ ਦੀ ਚਾਹ ਵਾਲਾ ਆਦਮੀ, ਵੋਟ ਦੇਣ ਵਾਲੇ ਨੂੰ, ਕਾਬੂ ਕਰਣ ਦੀ ਤੇ ਆਪਣੇ ਪਾਸੇ ਖਿਚਣ ਦੀ ਕਰਦਾ ਹੈ। ਕਦੀ ਤੇ ਰਾਜਸੀ ਗੁਣ ਕਰਕੇ ਵੋਟ ਦੇਣ ਵਾਲਾ ਗੱਲ ਨੂੰ ਚੰਗੀ ਤਰਾਂ ਸਮਝ ਕੇ ਵੋਟ ਦਿੰਦਾ ਹੈ, ਤੇ ਕਦੀ ਉਹ ਕਿਸੀ ਲਾਲਚ ਵਿਚ ਆਕੇ ਅਸ਼ੋਕ ਦੀ ਕੋਈ ਕਸਰ ਅਸ਼ਾਰੀਯਾ ਬਲਕਿ ਜ਼ਾਲਮ ਨੀਰੋ ਦੀ ਕਸਰ ਅਸ਼ਾਰੀਯਾ ਬਣ ਕੇ ਵੋਟ ਦੇ ਹਕ ਨੂੰ ਭੈੜੀ ਤਰਾਂ ਵਰਤਦਾ ਹੈ। ਸੋ ਚੰਗੇ ਰਾਜਸੀ ਕੰਮ ਕਰਨ ਦੀ ਯੋਗਤਾ ਤੇ ਲਿਆਕਤ ਵਾਲੇ ਲਾਇਕ ਪੁਰਸ਼ਾ ਤੀਵੀਆਂ ਦੀ ਥਾਂ ਭੈੜੇ ਆਦਮੀ ਪਾਰਲੀਮੈਂਟ ਵਿਚ ਭੇਜ ਦਿੰਦਾ ਹੈ, ਸੋ ਮੁੜ ਗੱਲ ਉੱਥੇ ਦੀ ਉੱਥੇ ਰਹੀ। ਆਦਮੀ ਦੇ ਬਣਾਏ ਸਿਲਸਲੇ ਮੁਲਕੀ ਬਨਤਰਾਂ ਬਨਾਉਣ ਉੱਪਰ ਗੱਲ ਨਹੀ ਮੁਕਦੀ, ਮੁੜ ਬੰਦਿਆਂ ਦੇ ਚੰਗੇ ਹੋਣ ਤੇ ਚੰਗੀ ਚੋਣ ਉੱਤੇ ਹੀ ਗੱਲ ਰਹਿੰਦੀ ਹੈ। ਪੁਰਾਣੇ ਜ਼ਮਾਨਿਆਂ ਥੀਂ ਜੋ ਰਾਜਸੀ ਕੰਮ ਕਰਦੇ ਚਲੇ ਆਏ ਹਨ, ਉਨ੍ਹਾਂ ਦੇ ਖ਼ੂਨ ਵਿਚ ਹੀ ਉਹ ਕੰਮ ਕਰਨ ਦੀ ਕੁਛ ਕਾਬਲੀਅਤ ਹੁੰਦੀ ਹੈ ਤੇ ਹਰ ਕੰਮ ਲਈ ਆਪਣੀ ਆਪਣੀ ਤਰਾਂ ਦੀ ਕਾਬਲੀਅਤਾਂ ਦੀ ਲੋੜ ਹੁੰਦੀ ਹੈ। ਸੋ ਇਸ ਤਰਾਂ ਉਹ ਲੋਕੀ ਜੋ ਪਹਿਲੇ ਇਕ ਵੱਡੇ ਰਾਜੇ ਦੀ ਖੁਸ਼ਾਮਦ ਦਰਾਮਦ ਵਿਚ ਰਹਿ ਕੇ ਆਪਣਾ ਹੁਨਰ ਦੱਸਦੇ ਸਨ ਤੇ ਕੰਮ ਰਾਜ ਦਾ ਕਰਦੇ ਸਨ, ਉਹ ਹੁਣ ਇਕ ਇਕ ਵੋਟ ਦੇਣ ਵਾਲੇ ਦੇ ਦਵਾਲੇ ਚਕਰ ਮਾਰਦੇ ਹਨ। ਤੇ ਇਓ ਮੁੜ ਉਹੋ ਜਿਹੇ ਹੀ ਲੋਕ ਰਾਜਸੀ ਕੰਮ ਨਜਿਠਦੇ ਹਨ, ਗੱਦੀ ਉੱਪਰ ਉਹੋ ਬਹਿਣ ਜੋ ਬਹਿੰਦੇ ਆਏ ਹਨ। "ਜਿਸ ਕਾ ਕਾਮ ਉਸੀ ਕੋ ਸਾਜੇ ਔਰ ਕਰੇ ਤੋਂ ਠੀਂਗ ਬਾਜੇ," ਇਸ ਮੁਲਕੀ ਕਾਇਦੇ ਵਿਚ ਵੀ ਉਹੋ ਅਖਾਣ ਲਗਦਾ ਹੈ :—**ਸਾਇੰਸੀ** ਇਲਮ ਦਰਯਾਈ ਹੈ ਕੌਣ ਬਕਸੂਆ ਕਹਾਂ ਲਾਗਤ ਹੈ ਸਾਇੰਸ ਹੀ ਜਾਣੇ। ਸੋ ਰਾਜਸੀ ਕੰਮ ਕਰਨ ਵਾਲੇ ਲੋਕ ਸਦੀਆਂ ਪ੍ਰਯੰਤ ਇਹ ਕੰਮ ਕਰਨ ਨਾਲ ਪ੍ਰਬੀਨ ਹੋਏ, ਮਖ਼ਲੂਕ

Digitized by Panjab Digital Library | www.panjabdigilib.org

ਵਿਚ ਹੀ ਇਕ ਖਾਸ ਤਬਕਾ ਇਸ ਲਿਆਕਤ ਦਾ ਪੁਰਾਣੇ ਸਿਲਸਿਲੇ ਵਿਚ ਹੀ ਉਪਜ ਪਿਆ ਸੀ ਤੇ ਉਹੋ ਜਮਾਤ ਨਵੇਂ ਘਾੜਾਂ ਵਿਚ ਘੜੀ ਗਈ। ਅਗੇ ਇਹ ਲੋਕੀ ਬਾਦਸ਼ਾਹਾਂ ਦੀ ਵਜ਼ੀਰੀ ਤੇ ਸੂਬੇਦਾਰੀ ਕਰਦੇ ਸਨ, ਹੁਣ ਉਹੋ ਹੀ ਵੋਟ ਦੇਣ ਵਾਲਿਆਂ ਦੀ ਛਿੰਝ ਵਿਚ ਜਾ ਪਹੁੰਚੇ ਤੇ ਇਕ ਬਾਦਸ਼ਾਹ ਦੀ ਥਾਂ ਅਨੇਕ ਪਰ ਨਿੱਕੇ ਨਿੱਕੇ ਬਾਦਸ਼ਾਹਾਂ ਦੀਆਂ ਕਸਰਾਂ ਕਿਰਸਾਂ ਦੇ ਦਵਾਲੇ ਘੁਮਣ ਲੱਗ ਪਏ। ਕੌਂਸਲ ਵਿਚ ਗਏ ਬੰਦਿਆਂ ਉੱਪਰ ਕੁਛ ਭੈ ਪੈ ਗਿਆ ਜੇ ਮਾੜੇ ਨਿਕਲੇ, ਮਖਲੂਕ ਖੁਸ਼ੀ ਨ ਰਹੀ, ਤਦ ਅਸੀ ਤਖਤੋਂ ਉਤਾਰੇ ਜਾਵਾਂਗੇ, ਇਕ ਤਖਤ ਦੇ ਅਨੇਕ ਟੁਕੜੇ ਹੋਏ ਤੇ ਇਕ ਮਿਊਨਸਪਲ ਕਮੇਟੀ ਦਾ ਮੈਂਬਰ ਤੇ ਪ੍ਰਧਾਨ ਵੀ ਆਪਣੀ ਵਿਤ ਦੀ ਹਦ ਵਿਚ ਇਕ ਬਾਦਸ਼ਾਹ ਹੋ ਗਿਆ। ਨਾਮ ਤਾਂ ਕਰਮਚਾਰੀ ਦਾ ਹੀ ਮਿਲਿਆ ਪਰ ਉਸ ਦਾ ਦਿਮਾਗ ਤੇ ਉਸ ਦੀ ਵਰਤੋਂ ਆਪਣੀ ਵਿਤ ਦੀ ਹਦ ਵਿਚ ਇਕ ਬਾਦਸ਼ਾਹ ਦੀ ਵਰਤੋਂ ਹੋ ਗਈ। ਹੁਣ ਅਮਰੀਕਾ ਦਾ **ਪ੍ਰੈਜ਼ੀਡੈਂਟ**, ਲੋਕਾਂ ਦੀ ਚੋਣ ਭਾਵੇਂ ਕਈ ਤਰਾਂ ਦੇ ਲਾਲਚਾਂ, ਮਜਬੂਰੀਆਂ, ਰਿਸ਼ਵਤਾਂ, ਧਨਾਢ ਲੋਕਾਂ ਦੇ ਸਮੂਹ ਦੇ ਸਮੂਹ ਅਕਠਾਂ ਦੇ ਨਾਜਾਇਜ਼ ਬਲ ਨਾਲ ਖਰੀਦੀਆਂ ਵੋਟਾਂ ਨਾਲ ਹੋਈ ਹੋਵੇ, ਇਕ ਰਾਜਾ ਹੀ ਹੈ। ਸੋ ਜੋ ਰੁਪਿਆ ਟੈਕਸ ਦਾ ਮੁਲਕ ਲਈ ਅਕੱਠਾ ਕੀਤਾ ਜਾਂਦਾ ਹੈ, ਉਹਦਾ ਖਰਚ ਕਰਨਾ ਕਹਿਣ ਮਾਤ੍ਰ ਹੀ ਹੈ ਕਿ ਮਖਲੂਕ ਦੀ ਮਰਜ਼ੀ ਮੁਤਾਬਿਕ ਹੁੰਦਾ ਹੈ। ਅਸਲ ਵਿਚ ਤਾਂ ਜੋ ਘੋੜੇ ਤੇ ਚੜ੍ਹਿਆ ਹੋਇਆ ਹੈ ਉਹਦੀ ਚਾਬਕ ਨਾਲ ਹੀ ਕੰਮ ਤੁਰਦੇ ਹਨ। ਅਗੇ ਇਕ ਭਲਾ ਪੁਰਸ਼ ਕੋਈ ਹੁੰਦਾ ਸੀ ਤੇ ਉਹ ਆਪਣੇ ਰੁਹਬ ਨਾਲ ਚੋਣ ਕਰ ਲੈਂਦਾ ਸੀ, ਤੇ ਹੁਣ ਕਈ ਭਲੇ ਪੁਰਸ਼ ਹੁੰਦੇ ਹਨ ਜਿਹੜੇ ਆਪਣੀ ਚੋਣ ਮਖਲੂਕ ਪਾਸੋਂ ਆਪਣੀ ਮਰਜ਼ੀ ਦੀ ਕਰਾਕੇ ਰਾਜ ਕਰਦੇ ਹਨ। ਗੱਲ ਉੱਥੇ ਦੀ ਉੱਥੇ ਹੀ ਪਰ ਇਕ [illegible] ਰਾਂ ਦਾ ਰੂਪਅੰਤਰ ਹੋਕੇ ਲੋਕਾਂ ਨੂੰ ਆਪਣੇ ਬਲ ਦਾ ਕੁਛ ਮਧਮ ਜਿਹਾ ਗਿਆਨ ਹੋ ਗਿਆ। ਸਮਾ [illegible]ਾਕੇ ਮਖਲੂਕ ਆਪਣੀਆਂ ਜ਼ਿਮੇਵਾਰੀਆਂ ਸਮਝ ਕੇ ਇਨ੍ਹਾਂ ਪੁਰਾਣੀਆਂ ਆਦਤਾਂ ਵਾਲੇ ਮੁਲਕੀ ਕਰਮਚਾਰੀਆਂ ਨੂੰ ਸੋਪ ਲੈਣਗੇ। ਸੋ ਜੋ ਗੱਲ ਸਦੀਆਂ ਬਾਅਦ ਵੀ ਹਾਲੇ ਯੋਰਪ ਵਿਚ ਅੱਧੀ ਪੱਕੀ ਹੈ ਉਹ ਸਾਡੇ ਇਸ ਅਭਾਗੇ ਮੁਲਕ ਵਿਚ ਵੀ ਜ਼ਰੂਰਤ ਪਈ। ਸਾਡਾ ਰਾਜ ਪਾਠ ਚਰੋਕਣਾ ਖੁਸ ਗਿਆ ਜਿਹੜੇ ਕੋਈ [illegible]ਡਾਉਣਿਆਂ ਵਰਗੇ ਮੋਮ ਦੇ ਬੁੱਤ ਜਿਹੇ ਰਾਜੇ ਰਹਿ ਗਏ, ਉਹ ਸਦਾ ਸਦੀਆਂ ਥੀਂ ਅੱਗੇ ਤੇਗ[illegible] ਲਿਪਟ ਸਨ ਤੇ ਹੁਣ ਜਦ ਉਨ੍ਹਾਂ ਦੀਆਂ ਚੰਗੇ ਕੰਮ ਕਰਨ ਦੀਆਂ ਤਾਕਤਾਂ ਹੀ ਖੁਸ ਗਈਆਂ ਸੋ ਉਹ ਹੋਰ ਵੀ ਖਰਾਬ ਹੋ ਗਏ। ਉਨ੍ਹਾਂ ਤੇ ਅੰਗ੍ਰੇਜ਼ਾਂ ਦੇ ਭੇਜੇ ਅਫਸਰਾਂ ਦੀਆਂ ਖੁਦ ਮੁਖਤਾਰੀਆਂ ਤੇ ਬਦੇਸੀ ਰਾਜ ਦੀਆਂ ਮੰਦੀਆਂ ਖਰਾਬੀਆਂ ਕਰਕੇ ਸਾਡੇ ਮੁਲਕੀ ਕਰਮਚਾਰੀ ਭੀ ਅਤਿ ਦੇ ਗਿਰੇ ਹੋਏ ਲੋਕ ਹੋ ਗਏ। ਸੋ **ਬਾਦਸ਼ਾਹੀ** ਥੀਂ ਨਹੀਂ ਬਲਕਿ ਇਕ ਤਰਾਂ ਦੀ ਬਾਹਰੋਂ ਚੇਪੀ ਚਾਪੜੀ ਕਾਨੀ ਦੇ ਜ਼ੁਲਮਾਂ ਥੀਂ ਬਚਣ ਲਈ ਰੌਲਾ ਪਿਆ ਕਿ ਹਿੰਦੁਸਤਾਨ ਵਿਚ ਵੀ ਵੋਟ ਉੱਤੇ ਹਕੂਮਤ ਦੀ ਨੀਂਹ ਰੱਖੀ ਜਾਵੇ, ਤੇ ਅੱਜ 40 ਪੰਜਾਹ ਸਾਲ ਥੀਂ ਬੜੇ ਬੜੇ ਅਕਲ ਦੇ ਕੋਟਾਂ ਨੇ ਇਹ ਸਿਧਾ [illegible] ਕਿ ਜਿਹੜਾ ਧਨ ਸਾਡੀ ਕੌਮ ਵਿਚੋਂ ਅਨੇਕ ਅਨਗਿਣਤ ਨਾਲੀਆਂ ਰਾਂਹੀ ਅੱਜ 150 ਸਾਲ ਥੀਂ [illegible] ਬਾਹਰ ਜਾ ਰਿਹਾ ਹੈ ਉਸ ਸਾਨੂੰ ਇਕ ਦਿਨ ਬੇਜਾਨ ਕਰ ਦੇਣਾ ਹੈ। ਹੁਣ ਵੀ ਕੁਲ ਦੁ[illegible]ਆਂ [illegible]ਚ ਸਭ ਥੀਂ ਜ਼ਿਆਦਾ [illegible]ਹ ਮੁਲਕ ਗਰੀਬ ਹੈ। ਲਾਰਡ ਕਰਜ਼ਨ ਸਾਹਿਬ ਨੇ ਬੜੇ ਆਜ਼ਾਦ ਤੇ ਖੁ[illegible] ਐਸਟੀਮੇਟ ਬਣਾ ਕੇ ਕਿਹਾ [illegible] ਹਿੰਦੁਸਤਾਨ ਵਿਚ ਔਸਤ **ਕਮਾਈ** ਸਿਰ ਪਰਤੀ ਮਾਹਵਾਰੀ ਦੋ ਰੁਪਏ [illegible]। ਹੁਣ ਇਸ ਵਿਚ ਧਨ **ਉ[illegible] ਾਊ** ਸਿਰ ਵੀ ਹਨ ਤੇ **ਧਨ ਖਲੇਰੂ** ਸਿਰ ਵੀ ਹਨ। ਇਕ ਹਲਵਾਈ ਦੁਧ ਵੇਚ ਕੇ ਕੁਛ ਕਮਾਂ[illegible] ਹੈ, ਉਹ ਕਮਾਂਦਾ ਤੇ ਨਹੀਂ ਉਹ ਤਾਂ ਧਨ ਖਿਲੇਰਦਾ ਹੈ, ਸੋ ਹਾਲੇਂ ਇਹ ਐਸਟੀਮੇਟ ਕਿਸੀ ਨ[illegible] ਲਾਇਆ ਕਿ ਧਨ ਖਲੇਰੂਆਂ ਦੇ ਸਿਰ ਜੇ ਵਿਚੋਂ ਕਢ

Digitized by Panjab Digital Library | www.panjabdigilib.org

ਦਈਏ ਤਦ ਧਨ ਉਪਜਾਊ ਸਿਰ ਕਿੰਨੇ ਰਹਿ ਜਾਂਦੇ ਹਨ। ਇਕ ਰੇਲ ਤੇ ਚੜ੍ਹਨਾ ਧਨ ਉਪਜਾਊ ਕੰਮ ਲਈ ਹੈ, ਉਹ ਤਾਂ ਠੀਕ ਰੇਲ ਦੀ ਆਮਦਨ ਹੋਈ, ਉਹ ਧਨ ਉਪਜਾਊ ਕੰਮ ਦਾ ਖਰਚ ਖਾਤਾ ਹੋਇਆ ਇਸ ਤਰਾਂ ਅਸਬਾਬ ਵੇਚਣ ਲਈ ਲਦ ਕੇ ਇਕ ਥਾਂ ਥੀਂ ਦੂਜੇ ਥਾਂ ਲੈ ਜਾਣਾ ਵੀ ਧਨ ਉਪਜਾਊ ਕੰਮ ਵਿਚ ਮਜ਼ੂਰੀ ਦਾ ਹਿੱਸਾ ਹੋਇਆ, ਪਰ ਧਨ ਉਪਜਾਊ ਕੰਮਾਂ ਥੀਂ ਛੁਟ ਹੋਰ ਕੋਈ ਆਮਦਨ ਜੋ ਹੁੰਦੀ ਹੈ ਉਹ ਧਨ ਖਲੇਰੂ ਆਮਦਨ ਹੈ ਉਹ ਸੱਚੀ ਆਮਦਨ ਨਹੀਂ। ਇਕ ਗੌਰਮਿੰਟ ਦੇ ਨੌਕਰ ਦੀ ਤਨਖਾਹ ਧਨ ਉਪਜਾਊ ਆਮਦਨ ਨਹੀਂ। ਪਰ ਇਹ ਸਭ **ਮਨਾਫੇ** ਤੇ **ਮਜ਼ੂਰੀਆਂ** ਖਰਚ ਦੇ ਖਾਤੇ ਕੱਢਕੇ ਨਿਰੀ ਧਨ **ਉਪਜਾਊ** ਤਾਕਤ ਜੇ ਸਿਰੇ ਪਰਤੀ ਦੇਖੋਗੇ ਤਦ ਮਹੀਨੇ ਵਿਚ ਇਕ ਪੈਸਾ ਵੀ ਮੁਸ਼ਕਲ ਨਾਲ ਬਣੇਗਾ। ਸੋ ਜਿਸ ਮੁਲਕ ਵਿਚ ਧਨ ਉਪਜਾਣ ਦੀ ਤਾਕਤ ਇੰਨੀ ਘਟ ਹੋ ਗਈ ਹੋਵੇ ਉਸ ਪਾਸੋਂ ਇਹ ਉਮੈਦ ਕਰਨੀ ਕਿ ਉਹ ਕਦੀ ਆਜ਼ਾਦ ਆਪਣੀਆਂ ਬਾਹਾਂ ਦੇ ਬਲ ਹੋ ਸਕਦਾ ਹੈ ਨਿਰਾ ਅਕਲੀ ਪਾਗਲਪਨ ਹੈ। ਇਸ ਕਰਕੇ ਕਿਸੀ ਹੋਰ ਤਾਕਤ ਦੇ ਆਸਰੇ ਸਨ੍ਹੇ ਸਨ੍ਹੇ ਸਮਾ ਪਾ ਕੇ ਸਾਡੇ ਜਿਹੇ ਮੁਲਕ ਆਜ਼ਾਦ ਹੋ ਸਕਦੇ ਹਨ। ਇਹ ਅਸੂਲ ਮੰਨਕੇ ਅੱਗੇ ਵਧਣ ਦੀ ਕਰਨੀ ਚਾਹੀਦੀ ਹੈ। "ਰਸ ਨੇ ਇਹ ਕੀਤਾ ਸਾਨੂੰ ਵੀ ਉਨ੍ਹਾਂ ਦੇ ਪੂਰਨਿਆਂ ਉੱਪਰ ਚੱਲਣਾ ਚਾਹੀਦਾ ਹੈ", ਇਹ ਸਬ ਗੱਲਾਂ ਕੂੜੀਆਂ ਹਨ।

ਸੋ ਰਾਜਿਆਂ ਦੇ ਵਿਗੜ ਜਾਣ ਕਰਕੇ ਤੇ ਰੋਟੀ ਕਮਾਣੀ ਕਠਨ ਹੋ ਜਾਣ ਕਰਕੇ ਗਰੀਬ ਦਾ ਧਨ ਹੋਰ ਮਹਿੰਗਾ ਹੋ ਜਾਣ ਕਰਕੇ ਉਹੋ ਯੋਰਪ ਵਾਲੀ ਵੋਟ ਸਾਡੇ ਤਕ ਅਪੜ ਪਈ ਹੈ ਤੇ ਹਰ ਇਕ ਆਦਮੀ ਇਸ ਵੋਟ ਦੇ ਦੇਣ ਵਿਚ ਜੋ ਆਪਣੀ ਜ਼ਿੰਮੇਵਾਰੀ ਮਹਸੂਸ ਕਰਕੇ ਆਪਣੀ ਤਾਕਤ ਵਰਤੇਗਾ, ਓਹ ਮੁਲਕ ਦੀ ਤੇ ਆਪਣੀ ਸੇਵਾ ਕਰੇਗਾ, ਪਰ ਜਿਹੜਾ ਰਿਸ਼ਵਤ ਕਿਸੀ ਸ਼ਕਲ ਵਿਚ ਲੈ ਕੇ, ਰੁਹਬ, ਲਾਲਚ, ਭੈ ਵਿਚ, ਲਿਹਾਜ਼ ਵਿਚ ਆ ਕੇ ਵੋਟ ਦੇਵੇਗਾ ਉਹ ਆਪਣੇ ਮੁਲਕ ਦੀ ਗੁਲਾਮੀ ਦੀ ਤੇ ਮੁਸੀਬਤ ਦੇ ਦੁੱਖ ਤੇ ਭੁੱਖ ਦੀਆਂ ਜ਼ੰਜੀਰਾਂ ਹੋਰ ਕੜੀਆਂ ਕਰੇਗਾ।

ਇਸ ਵਾਸਤੇ ਹੁਣ ਪੁਰਾਣੇ ਜ਼ਮਾਨਿਆਂ ਵਾਂਗ ਇਕ ਬਾਦਸ਼ਾਹ ਉੱਪਰ ਡੋਰੀ ਸੁੱਟ ਕੇ ਮੁਲਕੀ ਮਾਮਲਿਆਂ ਉੱਪਰ ਅਣਗੇਹਲੀ ਕਰਕੇ ਸੌਂ ਜਾਣ ਦਾ ਵੇਲਾ ਨਹੀਂ।

ਹੁਣ ਤਾਂ ਇਕ ਵੋਟ ਦੀ ਹਦ ਤਕ ਹਰ ਇਕ ਬਾਦਸ਼ਾਹ ਹੈ ਤੇ ਓਸ ਆਪਣੀ ਬਾਦਸ਼ਾਹੀ ਕਰਨ ਦੀ ਲਿਆਕਤ ਦਸਣੀ ਹੈ, ਸੋ ਆਪਣੇ ਦੁੱਖ ਸੁਖ ਦੇ ਅਸੀ ਆਪ ਜ਼ਿੰਮੇਵਾਰ ਹੋਣਾ ਹੈ, ਜਰੂਰੀ ਇਹ ਹੈ ਕਿ ਸਾਡੇ ਵਿਦਿਯਾ ਮੰਦਰਾਂ ਵਿਚ ਮੁਲਕੀ ਮਾਮਲਿਆਂ ਦੀ ਪੂਰੀ ਵਿਦਿਯੀ ਪ੍ਰਬੀਨਤਾ ਕੀਤੀ ਜਾਵੇ, ਲੈਕਚਰਾਂ ਤੇ ਅਖਬਾਰਾਂ ਤੇ ਸ਼ਖਸ਼ੀ ਮੇਲ ਜੋੜਾਂ ਦ੍ਵਾਰਾ ਇਹ ਖਬਰ ਪ੍ਰਕਾਸ਼ਣੀ ਜਰੂਰੀ ਹੋ ਗਈ ਹੈ ਕਿ ਕਿਹੜੇ ਤੇ ਕਿਸ ਤਰਾਂ ਦੇ ਕਰਮਚਾਰੀ ਚੁਣਨੇ ਚਾਹੀਏ ਤੇ ਉਹ ਕੌਣ ਹਨ, ਕਿਥੇ ਕਿਥੇ ਹਨ, ਧਨ ਵਾਲੇ ਜਿਹੜੇ ਬਹੁਤ ਰੁਪਏ ਖਰਚ ਕੇ ਕੌਂਸਲਾਂ ਵਿਚ ਜਾ ਸੱਕਣ, ਉਹ ਚੰਗੇ ਵੀ ਹੋ ਸਕਦੇ ਹਨ ਪਰ ਅਮੂਮਨ ਮਾੜੇ ਤੇ ਨਲੈਕ ਹੁੰਦੇ ਹਨ ਕਿਉਂਕਿ ਉਨ੍ਹਾਂ ਕਦੀ ਦੁਖ ਤੱਕਿਆ ਹੀ ਨਹੀਂ ਹੁੰਦਾ। ਗਰੀਬ਼ ਮਿਹਨਤ ਕਰਦੇ ਹਨ ਤੇ ਉਨ੍ਹਾਂ ਵਿਚੋਂ ਕੋਈ ਕੋਈ ਚੰਗਾ ਨਿਕਲ ਪੈਂਦਾ ਹੈ ਪਰ ਉਹ ਆਮ ਕਰਕੇ ਛਛੋਰੇ ਤੇ ਨਿੱਕੇ ਪਾਣੀਆਂ ਵਿਚ ਰਹ ਰਹ ਕੰਘਲੇ ਜਿਹੇ ਹੁੰਦੇ ਹਨ। **ਅਮੀਰ** ਫਿਰ ਵੀ ਕੁਛ ਆਮ ਕਰਕੇ ਗੰਭੀਰ ਹੁੰਦੇ ਹਨ, ਸੋ ਇਸ ਤਰਾਂ ਦੇ ਗੁਣ ਔਗੁਣ ਸਭ ਵਿਚ ਹੁੰਦੇ ਹਨ। ਪਰ ਜਿਸ ਤਰਾਂ ਘੋੜ ਦੌੜ ਵਿਚ ਜੂਆ ਖੇਡਣ ਵਾਲੇ ਬੜੀ ਗੌਹ ਨਾਲ ਹਰ ਇਕ ਘੋੜੇ ਦੀ ਨਸਲ ਸੁਭਾ ਆਦਿ ਸਭ ਦੇ ਜਾਣੂ ਹੁੰਦੇ ਹਨ, ਹੂ-ਬਹੂ ਇਸੀ ਤਰਾਂ ਹਰ ਇਕ ਵੋਟ ਦੇਣ ਵਾਲੇ ਨੂੰ ਆਪਣੇ ਮੁਲਕੀ ਕੰਮਾਂ ਦੀ ਘੋੜ ਦੌੜ ਵਿਚ ਜਿਨ੍ਹਾਂ ਪਸ਼ੂਆਂ ਨੂੰ ਦੌੜਾਨਾ ਹੈ ਉਨ੍ਹਾਂ ਦਾ ਹਸਬ ਨਸਬ ਦਾ ਪੂਰਾ ਚਿੱਠਾ ਦਿਮਾਗ

Digitized by Panjab Digital Library | www.panjabdigilib.org

ਵਿਚ ਰਖਣਾ ਜ਼ਰੂਰੀ ਹੈ। ਇਹ ਯਾਦ ਰਹੇ ਕਿ ਜਿਹੜਾ ਪੂਰਾ ਇਨਸਾਨ ਹੋਵੇ ਉਹ ਹਕੂਮਤ ਕਰ ਹੀ ਨਹੀਂ ਸਕਦਾ, ਜਦ ਤਕ ਦੁਨੀਆਂ ਪਸ਼ੂ ਹੈ। ਸਜ਼ਾਵਾਂ ਤੇ ਜੇਹਲਖਾਨੇ ਤੇ ਰੱਸੇ ਪਸ਼ੂਆਂ ਨੂੰ ਕਾਬੂ ਕਰਦੇ ਹਨ, ਜਦ ਤਕ ਖ਼ੁਦਗਰਜ਼ੀ ਤੇ ਹੋਰ ਪਸ਼ੂਆਂ ਵਾਲੇ ਸੁਭਾ ਸਾਡੇ ਵਿਚ ਹਨ, ਜਦ ਤਕ ਹਰ ਇਕ ਨਿਰਾ ਦੇਵਤਾ ਨਹੀਂ ਹੋ ਜਾਂਦਾ, ਤਦ ਤਕ ਮੁਲਕੀ ਮਾਮਲਿਆ ਵਿਚ ਚੰਗੇ ਨੀਤੀ ਪ੍ਰਬੀਨ ਲੋਕਾਂ ਦੀ ਲੋੜ ਹੈ ਜਿਵੇਂ ਵਡੇ ਗ੍ਰਿਹਸਤ ਦੇ ਇੰਤਜਾਮ ਕਰਨ ਲਈ ਤਕੜੇ ਪਸ਼ੂਆਂ ਦੀ ਲੋੜ ਹੈ, ਤੇ ਮੈਂ ਇਹ ਸਦਾ ਸਮਝਦਾ ਹਾਂ ਕਿ ਰਾਜੇ ਯਾ ਰਾਜਿਆਂ ਦੇ ਅਨੇਕ ਰੂਪਅੰਤਰ ਇਕ ਤਰਾਂ ਦੇ ਖਾਸ ਸਿਖਿਆ ਪਾਏ ਹੋਏ ਸਿੰਗਾਂ ਵਾਲੇ ਪਸ਼ੂ ਹਨ, ਜਿਹੜੇ ਆਪਣੇ ਸਿੰਗ ਮਾਮਲਿਆਂ ਦੇ ਢਿੱਡਾਂ ਵਿਚ ਮਾਰ ਮਾਰ ਮਾਮਲੇ ਨਜਿਠਦੇ ਹਨ, ਅਰ ਉਨ੍ਹਾਂ ਵਿਚ ਪਸ਼ੂਪੁਣਾ ਹੋਣਾ ਜ਼ਰੂਰੀ ਹੈ। ਚਾਲਾਕੀ ਆਦਿ ਵੀ ਗੁਣ ਹਨ, ਗਤਕਾ ਬਾਜ਼ੀ ਹੈ। ਸੋ ਬਿਨਾ ਇਸ ਤਰਾਂ ਦੀ ਗਹਿਰੀ ਦੁਨਯਾਦਾਰੀ ਜਿਹਨੂੰ ਨੀਤੀ ਕਹਿੰਦੇ ਹਨ, ਰਾਜ ਕਾਜ ਨਹੀਂ ਸਾਂਭੇ ਜਾ ਸਕਦੇ।

ਤੇ ਜੇ ਚੰਗੀ ਨਸਲ ਦੇ ਕੰਮ ਕਰਨ ਵਾਲੇ ਪਸ਼ੂ ਹੋਣ ਤਾਂ ਉਹ ਇਹ ਮੁਲਕ ਦਾ ਕੰਮ ਚੰਗੀ ਤਰਾਂ ਨਿਜਠ ਲੈਣਗੇ। ਪਰ ਇਹ ਕਹਿਣਾ ਜਿਸ ਤਰਾਂ ਮਹਾਤਮਾ ਗਾਂਧੀ ਨੇ ਕਿਹਾ ਸੀ, ਕਿ ਜੇ ਈਸਾ ਨੇ ਮੁਲਕੀ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਤਾਂ ਓਸ ਅੰਸ਼ ਵਿਚ ਉੱਨਾ ਹੀ ਘੱਟ ਮਹਤਮਾ ਸੀ, ਅਰਥਾਤ ਜਿਹੜਾ ਕੰਮ ਮੈਂ ਮਹਾਤਮਾ ਗਾਂਧੀ ਕਰ ਰਿਹਾ ਹਾਂ ਜੇ ਓਹੋ ਜਿਹਾ ਕੰਮ ਪੈਗੰਬਰਾਂ ਨਹੀਂ ਕੀਤਾ ਤੇ ਉਸ ਹੱਦ ਤਕ ਪੈਗੰਬਰ ਹੀ ਨਹੀਂ ਸਨ, ਇਹ ਕਹਿਣਾ ਇਸ ਤੁੱਲਯ ਹੀ ਹੈ ਕਿ ਜਿਹੜਾ ਘਰ ਵਾਲਾ ਝੋਲੀ ਵਿਚ ਆਟਾ ਪਾ ਕੇ ਆਪਣੇ ਬਾਲ ਬੱਚੇ ਨੂੰ ਲਿਆ ਕੇ ਨਹੀਂ ਦਿੰਦਾ ਉਹ ਪਸ਼ੂ ਹੈ। ਬੰਦਾ ਹੀ ਨਹੀਂ, ਸੋ ਇਹ ਕਥਨ ਮਹਾਤਮਾ ਗਾਂਧੀ ਦਾ ਸੱਚ ਨਹੀਂ। ਉੱਚੀ ਸ਼੍ਰੇਣੀ ਦੇ ਲੋਕ ਇਨ੍ਹੀ ਪਸ਼ੂ ਬ੍ਰਿਤੀ ਆਪਣੇ ਵਿਚ ਇਕਤ੍ਰ ਹੀ ਨਹੀਂ ਕਰ ਸਕਦੇ ਕਿ ਉਹ ਮੁਲਕੀ ਤੇ ਮਜ਼੍ਹਬੀ ਮਾਮਲਿਆਂ ਦੀ ਅਗਵਾਨੀ ਕਰਨ, ਉਹ ਤਾਂ ਕਿਸੀ ਹੋਰ ਤਬਕੇ ਵਿਚ ਪਰਉਪਕਾਰ ਕਰਨ ਵਾਲੇ ਹੁੰਦੇ ਹਨ। ਉਨ੍ਹਾਂ ਦਾ ਕੰਮ ਘਰ ਆਟਾ, ਦਾਲ, ਘਿਓ ਪਹੁੰਚਾਣ ਦਾ ਨਹੀਂ ਹੁੰਦਾ । ਹਰ ਇਕ ਮੁਲਕ ਦੇ ਮਾਮਲੇ ਬਸ ਘਰ ਦੀਆਂ ਲੂਣ, ਹਲਦੀ, ਲੱਕੜੀਆਂ, ਤੇ ਇਹੋ ਘਰ ਦੀਆਂ ਫੱਕੜੀਆਂ ਵਰਗੇ ਹਨ। ਜਦ ਤਕ ਸਾਰੇ ਦੇਵਤੇ ਨਹੀਂ ਹੋ ਜਾਂਦੇ, ਹਕੂਮਤਾਂ ਪਸ਼ੂਆਂ ਦੀਆਂ ਰਹਿਣ ਗੀਆਂ ਤੇ ਬੜੀ ਮਧਮ ਚਾਲ ਨਾਲ ਕਦੀ ਸਮਾ ਪਾ ਕੇ ਦੁਨੀਆਂ ਦੇ ਰੁਖ ਬਦਲਣ ਗੇ, ਤੇ ਜਦ ਦੇਵਤੇ ਸਾਰੇ ਹੋ ਜਾਣਗੇ, ਤਦ ਈਸਾ ਵਰਗੇ ਬੰਦੇ ਰਾਜੇ ਮੁੜ ਸੱਚੇ ਰਾਜੇ ਹੋਣਗੇ ਜਿਹੜਾ ਰੂਹਾਂ ਨੂੰ ਠੰਡਾਂ ਪਾਣਗੇ। ਉਹ ਸੱਚ ਦਾ ਰਾਜ ਹੋਵੇਗਾ, ਤਦ ਤਕ ਉਹ ਰਾਮ ਰਾਜ ਨਹੀਂ ਭਾਵੇਂ ਲੱਖ ਯੰਗ ਇੰਡੀਆਂ ਇਕ ਇਕ ਗਲੀ ਥੀਂ ਨਿਕਲਣ, ਤੇ ਭਾਵੇਂ ਲੱਖ ਲੱਖ ਗਾਂਧੀ ਇਕ ਇਕ ਮਹੱਲੇ ਵਿਚ ਅਹਿੰਸਾ ਦਾ ਉਪਦੇਸ਼ ਕਰਦੇ ਫਿਰਨ ਦੁਨਯਾਂ ਦੀ ਖ਼ੁਦਗਰਜ਼ੀ ਨਹੀਂ ਮਿਟ ਸੱਕਦੀ।

ਇਸ ਵਾਸਤੇ ਜ਼ਰੂਰੀ ਜ਼ਿੰਮੇਵਾਰੀ ਹਰ ਇਕ ਸਿਰ ਤੇ ਹੈ ਕਿ ਘੋੜ ਦੌੜ ਦੇ ਘੋੜਿਆਂ ਵਾਂਗ ਆਪਣੇ ਮੁਲਕੀ ਕਰਮਚਾਰੀਆਂ ਦਾ ਪੂਰਾ ਪੂਰਾ ਹਸਬ ਨਸਬ ਹਰ ਇਕ ਦੇ ਮਨ ਵਿਚ ਹੋਵੇ ਤੇ ਕਿਸੀ ਤਰਾਂ ਦਾ ਲਾਲਚ ਤੇ ਰਿਸ਼ਵਤ ਵੋਟ ਦੀ ਆਜ਼ਾਦੀ ਨੂੰ ਖਰੀਦ ਨਾ ਸਕੇ।

*****

Digitized by Panjab Digital Library | www.panjabdigilib.org

# ਚਲੰਤ ਨੋਟ

(ਲੇਖਾਂ ਦੇ ਨੰਬਰ ਦਿਤੇ ਹਨ ਅਰ ਖਾਸ ਖਾਸ ਨੁਕਤਿਆਂ ਉੱਪਰ ਪਾਠਕਾਂ ਲਈ ਨੋਟ ਦਿਤੇ ਗਏ ਹਨ)

## 1. ਪਿਆਰ

ਖਾਸ ਨੁਕਤਾ ਫ਼ਿਲਸਫੇ ਦਾ ਇਹ ਹੈ ਕਿ ਪਿਆਰ ਸਹਿਜ ਸੁਭਾ ਰਸਿਕ ਕਿਰਤ ਹੈ, ਇਕ ਪ੍ਰਦੀਪਤ ਰੂਹ ਹੈ, ਉਸ ਥੀਂ ਹਿਠਾਹਾਂ ਹਨ ਸਭ ਅਕਲ ਦੇ ਗਿਆਨ ਤੇ ਜਿਸਮ ਦੇ ਕਰਤਬ। ਆਦਿ ਖਿੱਚ ਤੇ ਅੰਤ ਵਿਸਮਾਦ, ਤੇ ਫਿਰ ਖਿੱਚ ਤੇ ਵਿਸਮਾਦ ਦੇ ਹੁਲਾਰਿਆਂ ਵਿਚ ਰੂਹ ਦਾ ਪੀਂਘਾਂ ਝੂਟਨਾ ਪਿਆਰ ਜੀਵਨ ਹੈ, ਪੰਜਾਬ ਵਿਚ ਇਹਨੂੰ ਸੁੱਚੀ ਤੇ ਸੱਚੀ ਫਕੀਰੀ ਕਿਹਾ ਜਾਂਦਾ ਹੈ। ਇਸ ਪਿਆਰ ਦੇ ਰੰਗ, ਖਿੱਚ ਵਿਚ ਖਚੀਣਾ, ਦਰਦੀਣਾ, ਤੇ "ਹਰਿ ਹਰਿ" ਗਾਵਣਾ ਤੇ ਮਨ ਵਿਚ ਰਜ਼ਾ ਉੱਪਰ ਟਿਕਾ ਵਿਚ ਰਹਿਣਾ, ਕਿਸੀ ਤਰਾਂ ਦੀ ਬੇਚੈਨੀ ਵਿਚ ਨ ਜਾਣਾ, ਨੈਣ ਰੰਗੀ ਫਕੀਰੀ ਦੇ ਲਛਣ ਹਨ।

**ਨਿਰੋਲ ਰੂਪ**—ਇਥੇ ਰੂਪ ਦੇ ਅਰਥ **ਸੁੰਦਰਤਾ**, ਸੁਹਣਪ ਦੇ ਹਨ। ਫ਼ਿਲਸਫੇ ਦਾ ਨਾਮ ਰੂਪ ਵਲ ਕੋਈ ਇਸ਼ਾਰਾ ਨਹੀਂ। ਰੂਪ ਨੂੰ ਹੀ **ਕੀਟਸ** ਨੇ ਸੱਚ ਕਿਹਾ ਹੈ। **ਰੂਪ** ਰੂਹ ਦਾ ਭਾਨ, ਗਿਆਨ, ਤੇ ਖੋਰਾਕ ਹੈ।

**ਸ਼ੂਨਯ ਫ਼ਿਲਸਫੇ** ਥੀਂ ਕਿਸੀ ਖਾਸ ਫ਼ਿਲਸਫੇ ਦੇ ਸਕੂਲ ਥੀਂ ਮੁਰਾਦ ਨਹੀਂ। ਇਕ ਕਾਵਯ ਰਸਿਕ ਦ੍ਰਿਸ਼ਟੀ ਨੂੰ ਜੋ ਰੂਪ ਸੱਚ ਦਿਸਦਾ ਹੈ। ਉਸ ਥੀਂ ਉਲਟ ਜੋ ਸੱਚ ਨੂੰ ਮਨਤਕੀ ਤਰਾਂ ਸ਼ੂਨਯ ਕਰ ਦੱਸਦੇ ਹਨ ਉਹ ਮੁਰਦਾ ਖਿਆਲ ਹਨ।

**ਬਾਹਰ ਅੰਦਰ ਕੀ ?** ਯੋਗੀ ਜਨ ਕਹਿੰਦੇ ਹਨ ਕਿ ਅੰਤਰ ਧਿਆਨ ਹੋ ਕੇ ਕਿਸੀ ਖਾਸ ਮਰਾਕਬੇ ਵਿਚ ਜਾ ਕੇ **ਪਰਫੁਲਤ** ਹੁੰਦੇ ਹਨ, ਉਹਨੂੰ ਅੰਦਰ ਦਾ ਵਿਗਾਸ ਕਹਿ ਕੇ ਬੜਾ ਸਲਾਹੁੰਦੇ ਹਨ। ਅੰਦਰ ਬਾਹਰ ਨਿਰੇ ਲਫਜ਼ ਹੀ ਹਨ, ਟੇਕ ਵਿਚ ਖੜਾ ਬੰਦਾ ਖੁਲ੍ਹੇ ਨੈਣ ਵੀ ਅੰਤਰ ਮੁਖੀ ਹੈ ਤੇ ਬੇ-ਟੇਕਾ ਯੋਗੀ ਬੰਦ ਨੈਣ ਵੀ ਬਾਹਰ ਮੁਖੀ ਹੈ। ਦੀਦ ਵਿਚ ਜੇ ਗਗਨ ਆਪਣੇ ਅੰਦਰ ਕਰ ਦੇਖੀਏ ਤਦ ਸਾਰਾ ਬਾਹਰ ਦਾ ਸੰਸਾਰ ਅੰਦਰ ਹੋ ਹੀ ਜਾਂਦਾ ਹੈ, ਬਾਹਰ ਕੁਛ ਨਹੀਂ ਰਹਿੰਦਾ, ਤੇ ਜੇ

Digitized by Panjab Digital Library | www.panjabdigilib.org

ਬਾਹਰ ਵਲ ਇਕ ਹੋਰ ਤਰਾਂ ਦਾ ਕਾਵਯ ਕਟਾਖਯ ਸੁਟੀਏ ਤਦ ਅੰਦਰ ਹਨੇਰਾ ਹੀ ਰਹਿ ਜਾਂਦਾ ਹੈ। ਜੀਵਨ ਦਾ ਵਿਗਾਸ ਮੁੱਖ ਅੰਦਰੋਂ ਬਾਹਰ ਆ ਕੇ ਖੇੜਦਾ ਹੈ !!

*****

## 2. ਕਵਿਤਾ

ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ, "ਲਖ ਅਕਾਸਾ ਅਕਾਸ।" ਅਕਾਸ ਦੇ ਅਰਥ **ਸਪੇਸ**, ਥਾਂ ਦੇ ਹਨ, ਇਹ ਦਿਸਦੀ ਪਿਸਦੀ ਅਨੰਤ ਥਾਂ ਸ਼ਾਇਦ ਅੰਤ ਵਾਲੀ ਹੈ ਪਰ ਅੰਤਰਗਤ ਯਾ ਬਾਹਰਗਤ ਇਸ ਵਿਚ ਹੀ ਅੰਦਰ ਦੀ ਅਨੇਕਤਾ ਕਰਕੇ ਅਸਗਾਹ ਅਨੰਤਤਾ ਹੈ। ਕਦੀ ਕਦੀ ਕੋਈ ਰਚਨਾ ਇਓਂ ਸਹਿਜ ਸੁਭਾ ਰਚੀ ਜਾਂਦੀ ਹੈ ਕਿ ਇਸ ਦਿਸਦੇ ਅਕਾਸ਼ ਵਿਚੋਂ ਕਿਸੀ ਅਣਡਿਠੇ ਅਕਾਸ਼ ਵਿਚ ਪ੍ਰਕਾਸ਼ ਕਰਨ ਲੱਗ ਪੈਂਦੀ ਹੈ। ਤ੍ਰਹਾਂ ਦੇ ਦੇਸ ਪਹੁੰਚ ਜਾਈਦਾ ਹੈ, ਹੋ ਸੱਕਦਾ ਹੈ ਕਿ ਸਾਡੇ ਕਵੀ ਤੇ ਫਕੀਰ ਬਾਜ਼ੇ ਵੇਲੇ ਇਨ੍ਹਾਂ **ਡਾਈਮੈਨਸ਼ਨਾਂ** (dimensions) ਥੀਂ ਉਠ ਵਾਂਙੂ ਡਾਈਮੈਨਸ਼ਨਾਂ ਦੀ ਜ਼ਿੰਦਗੀ ਨੂੰ **ਛੋਹੰਦੇ** ਹਨ। ਚੌਥੇ ਪਦ ਦਾ ਜ਼ਿਕਰ ਕਈ ਥਾਂ ਆਉਂਦਾ ਹੈ, ਸੋ ਰਸ ਅਰੂੜ ਕਵੀ ਜੀਵਨ ਬੜੇ ਮੁਹਜਜ਼ੇ ਕਰ ਦਿੰਦਾ ਹੈ।

**(ਸਤਰ 12 ਤੇ 13)**—ਮੇਰਾ ਮਤਲਬ ਇਹ ਹੈ ਕਿ ਜਦ ਹੱਥ ਲਾਇਆਂ ਰਾਗ ਦੀ ਬਰੀਕ ਥੀਂ ਬਰੀਕ ਤਰਬਾਂ ਸਾਡੇ ਦਿਲ ਇੱਚ ਵਜਣ ਲੱਗ ਜਾਂਦੀਆਂ ਹਨ, ਤਦ ਜੋ ਸੁਣਨ ਵਿਚ ਮੌਜ ਹੈ ਉਹ ਕਹਿਣ ਵਿਚ ਨਹੀਂ।

**(ਝਮੇਲੇ ਸੱਚ)**—ਕਵੀ ਦਾ ਸੱਚ ਸਦਾ ਦਰਸ਼ਨਾਂ ਦਾ ਅਨਭਵੀ ਸੱਚ ਹੈ, ਕੋਈ ਆਪਣੇ ਆਪੇ ਦੀ ਸਹੀ ਪ੍ਰਤੀਤ ਕੀਤੀ ਚੀਜ਼ ਹੈ। ਦੋ ਜਮਾ ਦੋ ਬਣੇ ਚਾਰ ਦਸਣ ਵਾਲੇ ਹੋ ਸੱਕਦਾ ਹੈ ਸੱਚੇ ਨਾ ਹੋਣ, ਹੋ ਸੱਕਦਾ ਹੈ ਦੋ ਜਮਾ ਦੋ ਬਣਿਆ ਸਿਫਰ ਦੱਸਣ ਵਾਲੇ ਜ਼ਿਆਦਾ ਤੇ ਦਰ ਹਕੀਕਤ ਸੱਚੇ ਹੋਣ। ਬਨਫਸ਼ੇ ਨੂੰ ਦੇਖਕੇ ਕਵੀ ਦਾ ਕਹਿਣਾ ਕਿਸੇ ਦੀ ਅਖ ਹੈ ਜ਼ਿਆਦਾ ਸੱਚ ਦਾ ਪ੍ਰਕਾਸ਼ਕ ਹੋ ਸੱਕਦਾ ਹੈ ਤੇ ਬਨਫਸ਼ੇ ਨੂੰ **ਕੈਮੀਕਲ** ਮੁਰਕਬ ਕਹਣਾ ਜ਼ਿਆਦਾ ਕੂੜ ਦੇ ਨੇੜੇ ਹੋ ਸੱਕਦਾ ਹੈ।

**ਲੇਫਕੇਡੀਓ ਹੇਰਨ**—ਇਹ ਇਕ ਅੰਗਰੇਜ਼ ਜਾਪਾਨ ਮੁਲਕ, ਜਾਪਾਨ ਦੇ ਸਹਿਤਯ ਤੇ ਜਾਪਨ ਦੇ ਲੋਕਾਂ ਦਾ ਬੜਾ ਆਸ਼ਿਕ ਹੋਇਆ ਹੈ। ਆਪ ਨੇ ਬਹੁਤ ਸਾਰੀਆਂ ਪੁਸਤਕਾਂ ਜਾਪਾਨ ਪਰ ਲਿਖੀਆਂ ਹਨ ਅਰ ਆਪ ਇਕ ਜਾਪਾਨੀ ਸਵਾਣੀ ਨਾਲ ਵਿਆਹ ਕਰਕੇ ਉਥੇ ਹੀ ਰਹਿ ਪਏ।

**ਚੇਰੀ**—ਚੇਰੀ ਜਾਪਾਨ ਦਾ ਕੌਮੀ ਫੁੱਲ ਹੈ ਚੇਤਰ ਵਿਸਾਖ ਚੜ੍ਹੇ ਸਾਰਾ ਜਾਪਾਨ, ਉਹਦੇ ਬਾਗ ਬਗੀਚੇ ਇਸ ਫੁੱਲ ਨਾਲ ਭਰ ਜਾਂਦੇ ਹਨ। ਸ਼ਗੂਫਾ ਵੇਖਣ ਦੀਆਂ ਛੁਟੀਆਂ ਹੁੰਦੀਆਂ ਹਨ। ਜਾਪਾਨੀ ਅਨਮਤ ਹੋਏ ਇਸ ਫੁੱਲ ਦੀਆਂ ਪੰਖੜੀਆਂ ਦੀ ਬਸੰਤ ਬਰਖਾ ਵਿਚ ਵਿਚਰਦੇ ਹਨ।

**ਓਏਨੋ**—ਇਕ ਰਮਣੀਕ ਬਾਗ, ਟੋਕੀਓ ਸ਼ਹਿਰ ਦੇ ਐਨ ਵਿਚਕਾਰ।

*****

## 3. ਕਵੀ ਦਾ ਦਿਲ

ਕਵੀ ਚਿਤ ਦੇ ਅੰਦਰਲੀ ਮਨ-ਬੁਤਸ਼ਾਲਾ ਦਾ ਇਹ ਵਿਯਾਖਯਾਨ ਹੈ, ਕਿਸ ਤਰਾਂ ਉਪਰਲੇ ਮਨ ਥੀਂ ਤਲੇ ਜਾਕੇ ਹੇਠਲਾ ਮਨ ਕਵੀਆਂ ਦਾ ਉਨਮਨ ਦੀਆਂ ਛੋਹਾਂ ਵਿਚ ਕੰਮ ਕਰਦਾ ਹੈ, ਸਭ

Digitized by Panjab Digital Library | www.panjabdigilib.org

ਪ੍ਰਕਾਸ਼ ਅੰਦਰੋਂ ਬਾਹਰ ਆਉਂਦਾ ਹੈ। ਜਦ ਹੇਠਲਾ ਮਨ ਕੰਮ ਕਰਦਾ ਹੈ ਤਦ ਉਪਰਲੇ ਮਨ ਨੂੰ ਖਬਰ ਨਹੀਂ ਹੁੰਦੀ, ਆਵੇਸ਼ ਸਦਾ ਹੇਠਲੇ ਮਨ ਨੂੰ ਹੁੰਦਾ ਹੈ, ਉਤਲਾ ਮਨ ਇਕ ਵਿਵਹਾਰਿਕ ਜਿਹੀ ਕਮਕਰੂ ਮਸ਼ੀਨ ਹੈ। ਕਵੀ ਉਹ ਹੈ ਜਿਸਦਾ ਹੇਠਲਾ ਮਨ ਆਤਮਕ ਪ੍ਰਕਾਸ਼ ਤੇ ਆਤਮਕ ਰਸ ਦਾ ਚਸ਼ਮਾ ਹੋ ਗਿਆ ਹੈ, ਉਥੋਂ ਇਕ ਧਾਰਾ ਚਲਦੀ ਹੈ, ਜਿਹੜੀ ਕਵੀ ਦੇ ਚਿਤ ਉੱਪਰ ਬਾਹਰੋਂ ਪਈ ਮੈਲ ਨੂੰ ਰੁਹੜ ਕੇ ਲੈ ਜਾਂਦੀ ਹੈ। ਕਵੀ ਦਾ ਚਿਤ ਦੱਸਿਆ ਹੈ ਭੌਂ ਵਰਗੀ ਕੋਈ ਜ਼ਿੰਦਾ ਚੀਜ਼ ਹੈ।

*****

## 4. ਮਜ਼੍ਹਬ

**(ਕਾਸਮਿਕ)**—ਅਸੀ ਆਮ ਕਰਕੇ ਕਾਸਮਿਕ ਮਨ ਵਿਚ ਨਹੀਂ ਰਹਿੰਦੇ ਪਰ ਫਕੀਰ ਜਿਨ੍ਹਾਂ ਰਜ਼ਾ ਸਮਝ ਲਈ ਹੈ ਉਨ੍ਹਾਂ ਦਾ ਮਨ ਕਾਸਮਿਕ ਹੋ ਜਾਂਦਾ ਹੈ, ਆਪ ਨਹੀ ਰਹਿੰਦਾ ਪਰ ਕੁਲ ਜਗਤ ਦਾ ਰੂਹ ਆਪੇ ਵਿਚ ਆ ਜਾਂਦਾ ਹੈ। ਅਨੰਤ ਦੀ ਭਾਨ ਹੁੰਦੀ ਹੈ ਤੇ ਅੰਤ ਵਾਲਾ ਵੀ ਅਨੰਤ ਹੋ ਨਿਬੜਦਾ ਹੈ।

*****

## 5. ਆਰਟ

ਇਹ ਲੇਖ ਜਾਪਾਨ ਦੇ ਜੀਵਨ ਦੇ ਅਧਾਰ ਪਰ ਲਿਖਿਆ ਹੈ, ਆਰਟ ਜਿਸ ਤਰ੍ਹਾਂ ਜਾਪਾਨ ਵਿਚ ਫਲਿਆ ਹੈ ਉਹਦਾ ਜ਼ਿਕਰ ਕੀਤਾ ਹੈ।

**ਪੌਰੜੀਆਂ** :—ਜਾਪਾਨ ਵਿਚ ਸੁਹਣੀਆਂ ਥਾਵਾਂ ਤੇ ਪੱਥਰ ਦੀਆਂ ਪੌਰੜੀਆਂ ਨੀਵੇਂ ਥਾਵਾਂ ਥੀਂ ਉੱਤੇ ਜਾਣ ਦਾ ਜ਼ੀਨਾ ਬਣ ਰਹੀਆਂ ਹਨ, ਇਹ ਬੁਧ ਮਤ ਦੇ ਚਿਤ੍ਰ ਹਨ; ਉਹ ਪੌਰੜੀਆਂ ਸਦਾ ਚਾਹੜ ਹੀ ਰਹੀਆਂ ਹਨ ਕਿਸੀ ਮੰਜ਼ਲ ਮਕਸੂਦ ਨੂੰ ਨਹੀਂ ਲੈ ਜਾ ਰਹੀਆਂ। ਜ਼ਿੰਦਗੀ ਉੱਪਰ ਚੜ੍ਹਨਾ ਹੈ, ਅਪੜਨਾ ਕਿਧਰੇ ਨਹੀਂ, ਜਿਵੇਂ ਬੜੀ ਹੀ ਸੋਹਣੀ ਗੌਂਦ ਦੇ ਕਵਿਤਾ ਰੂਪ ਉਹ ਪਥਰ ਹਨ। ਕਹੀਆਂ ਸੋਹਣੀਆਂ ਹਨ ਆਪਣੀ ਬਚੀਲੀ ਜਿਹੀ ਸਾਦਗੀ ਵਿਚ ਉੱਚਾ ਕਰਦੀਆਂ ਹਨ। ਰਾਹ ਵੀ ਹਨ, ਪਰ ਕਿਸੀ ਖ਼ਾਸ ਥਾਂ ਨੂੰ ਨਹੀਂ ਲੈ ਜਾ ਰਹੀਆਂ।

*****

## 6. ਵਤਨ ਦਾ ਪਿਆਰ

(ਸਤਰ 8) ਖੱਦਰ ਪਹਿਨਣਾ ਚਿਨ੍ਹ ਹੈ, ਜੇ ਅੰਦਰ ਦਰਦ ਨਹੀਂ ਤਦ ਮਖੌਲ ਹੈ, ਜੇ ਅੰਦਰ ਦਰਦ ਹੈ ਤਦ ਚਿੰਨ੍ਹ ਦੇ ਅਰਥ ਚਿੰਨ੍ਹ ਮਾਤਰ ਹੀ ਹੁੰਦੇ ਹਨ। ਚਿੰਨ ਤਾਂ ਹੀ ਹੈ ਜੇ ਕੁਛ ਹੋਵੇ, ਨਹੀ ਤਾਂ ਚਿੰਨ੍ਹ ਸਦਾ ਨਿਰਜਿੰਦ ਹੁੰਦੇ ਹਨ।

*****

## 7. ਇਕ ਜਾਪਾਨੀ ਨਾਇਕ ਦੀ ਜੀਵਨ ਕਥਾ।

**ਗੈਸ਼ਾ**—ਜਾਪਾਨ ਵਿਚ ਗੈਸ਼ਾ ਉਹ ਹੀ ਹੈ ਜੋ ਮਹਾਰਾਸ਼ਟਰ ਵਿਚ ਗਾਣ ਵਾਲੀਆਂ ਬਾਈਆਂ ਹਨ, ਇਹ ਰਾਗ ਅਰ ਨਾਚ ਵਿਚ ਨਿਪੁੰਨ ਹੁੰਦੀਆਂ ਹਨ। ਹੁਣ ਤਕ ਵੱਡੇ ਵੱਡੇ ਘਰਾਨਿਆਂ ਦੇ ਗਭਰੂ ਗੈਸ਼ਾ ਨਾਲ ਵਿਆਹ ਕਰ ਲੈਂਦੇ ਹਨ।

Digitized by Panjab Digital Library | www.panjabdigilib.org

(ਸਤਰ 14) ਗੁਜ਼ਰ ਗਏ ਮਿਤ੍ਰ ਦੀਆਂ ਨਿਸ਼ਾਨੀਆਂ ਰਖਦੇ ਹਨ। ਇਹ ਘਰ ਦਾ ਇੱਕ ਨਿੱਕਾ ਜਿਹਾ ਮੰਦਰ ਹੁੰਦਾ ਹੈ ਜਿਹੜਾ ਘਰ ਦੇ ਕਿਸੀ ਕਮਰੇ ਦੇ ਕੋਨੇ ਵਿਚ ਰਖਿਆ ਹੁੰਦਾ ਹੈ ਤੇ ਇਹ ਗੁਜ਼ਰ ਗਇਆਂ ਦੀ ਯਾਦ ਦਾ ਪੂਜਨਯ ਚਿੰਨ੍ਹ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਪੂਜਾ ਇਸ ਬੁਧ ਮਤ ਦੇ ਚਿੰਨ੍ਹ ਰੂਪ ਸਿਮਰਨ ਥੀਂ ਹੋਰ ਉੱਪਰ ਕਿਸੀ ਸਾਖਯਾਤ ਦੀ ਹਜ਼ੂਰੀ ਹੈ।

*****

## 8. ਆਪਣੇ ਮਨ ਨਾਲ ਗੱਲਾਂ

**ਗਯਟੇ**—ਜਰਮਨੀ ਦਾ ਉੱਘਾ ਕਵੀ ਜਿਸ ਫ਼ਾਉਸਟ ਨਾਟਕ ਰਚਿਆ ਹੈ, ਉਹਨੂੰ ਵੀਹਵੀਂ ਸਦੀ ਦਾ ਪੈਗੰਬਰ ਮੰਨਿਆ ਜਾਂਦਾ ਹੈ।

**ਮਾਰਕਟਵੇਨ**—ਅਮਰੀਕਾ ਦਾ ਮਖੌਲੀ ਲੇਖਕ। ਆਪ ਨੇ **Diary of Adam** ਇਕ ਵਚਿਤ੍ਰ ਕਿਤਾਬ ਲਿਖੀ ਹੈ। ਕਿਤਾਬ ਹਸਾ ਹਸਾ ਮਾਰਦੀ ਹੈ, ਪਰ ਹੈ ਵੀ ਬੜੀ ਸੰਜੀਦਾ, ਤੀਮੀ ਮਰਦ ਦੇ ਪਿਆਰ ਤੇ ਉਹਦੇ ਅੰਜਾਮ ਤੇ ਉਹਦੇ ਸੁਖ ਦੁਖ ਆਦਿ।

*****

## 9. ਕਿਰਤ

ਹੈਨਰੀ ਫੋਰਡ ਅਮਰੀਕਾ ਦਾ ਉੱਘਾ ਧਨੀ ਕਹਿੰਦਾ ਹੈ, 'ਕਿਰਤ ਹੀ ਰਹਾਨੀਅਤ ਹੈ' **ਕਾਰਲਾਈਲ** ਵੀ ਕਿਹਾ ਹੈ ਕਿ ਜਿਸ ਨੂੰ ਆਪਣਾ ਕੰਮ ਮਿਲ ਗਿਆ, ਉਹਨੂੰ ਆਪਣਾ ਰੂਹ ਮਿਲ ਗਿਆ। ਪਰ ਅਸਲ ਵਿਚ ਜਦ ਜੀ ਦੀਆਂ ਤੈਹਾ ਵਿਚ ਡੂੰਘਾ ਮਨ ਕਿਸੀ ਦੇ ਰਬੀ ਪਿਆਰ ਤੇ ਅੰਮ੍ਰਿਤ ਤੇ ਪ੍ਰਕਾਸ਼ ਨਾਲ ਭਰ ਜਾਵੇ ਤਦ ਕੀ ਅਕਲ ਤੇ ਕੀ ਜਿਸਮ ਦੇ ਕੰਮ ਸਭ ਪੂਜਾ ਹੁੰਦੇ ਹਨ, ਨਹੀਂ ਤਾਂ ਜੀਵਨ ਨੂੰ ਉਹ ਸੁਗੰਧਿਤ ਸੋ ਨਹੀਂ ਆਈ ਜਿਸ ਨੂੰ ਸੁਣ ਕੇ ਫਿਰ ਕਿਸੀ ਹੋਰ ਗੱਲ ਦੇ ਸੁਣਨ ਦੀ ਲੋੜ ਨਹੀਂ ਰਹਿੰਦੀ।

*****

## 10. ਮਿਤਤਾ

**ਛੂਹੀ-ਮੂਹੀ-ਤਾ**—ਛੋਹ ਲੱਗਿਆਂ ਹੀ ਖਿੜ ਜਾਣ ਦਾ ਗੁਣ, ਯਾ ਹਿਸ ਜਾਣ ਦਾ ਗੁਣ ; ਇਹ ਅਨੇਕ ਅਸਰਾਂ ਹੇਠ ਰੂਹ ਦੇ ਹਲਕਾ ਤੇ ਭਾਰਾ ਹੋ ਜਾਣ ਤੇ ਉਹਦੀ ਗਿਆਤ ਹੋ ਜਾਣ ਦੀ ਅੰਦਰਲੀ ਰੂਹਾਨੀ ਨਿਜ਼ਾਕਤ ਹੈ ਜਿਹੜੀ ਸੱਚੀ ਅੰਤਰਯਾਮਤਾ ਹੈ।

*****

## 11. ਘਲੋਈ ਗਲੇਸ਼ੀਅਰ ਦੀ ਯਾਤਰਾ

ਇਹ ਇਕ ਟੱਬਰ ਦੀ ਯਾਤ੍ਰਾ ਦੀ ਡਾਇਰੀ ਹੈ, ਲਿਖਣ ਵਾਲੀ ਬੀਬੀ ਦਯਾ ਕੌਰ ਮਲਕ ਅਤਰ ਸਿੰਘ ਜੀ ਦੀ ਸਪੁਤ੍ਰੀ ਹੈ, ਤੇ ਜਿੰਨੇ ਨਾਮ ਆਉਂਦੇ ਹਨ ਉਹ ਆਪਣੇ ਟੱਬਰ ਦੇ ਨਾਮ ਹਨ। **ਗਲੇਸ਼ੀਅਰ** ਬਰਫ ਦਾ ਦਰਯਾ ਹੁੰਦਾ ਹੈ ਜੋ ਉਪਰਲੀਆਂ ਬਰਫਾਨੀ ਚੋਟੀਆਂ ਥੀਂ ਖਿਸਕ ਕੇ ਚਲ ਪੈਂਦਾ ਹੈ।

*****

Digitized by Panjab Digital Library | www.panjabdigilib.org

# 12. ਕੀਰਤ ਤੇ ਮਿੱਠਾ ਬੋਲਣਾ

ਇਹ **ਵੈਰਾਗਯ** ਥੀਂ ਬਾਅਦ ਰੱਬੀ ਵਸਲ ਦੇ 'ਸਦਾ ਵਿਗਾਸ' ਦੀ ਹਾਲਤ ਵਿਚ ਜੀਂਦੇ ਮਹਾਂ ਪੁਰਖਾਂ ਦੀ ਅਸਗਾਹ ਮਿਠਤ ਦਾ ਪ੍ਰਕਾਸ਼ ਹੈ, ਉਨ੍ਹਾਂ ਦੀ ਹਜ਼ੂਰੀ ਮਿਠੀ ਉਨ੍ਹਾਂ ਦੇ ਵਚਨ ਮਿਠੇ, ਉਨ੍ਹਾਂ ਦੀ ਚੁੱਪ ਰਸ ਭਰਨ ਵਾਲੀ ਉਨ੍ਹਾਂ ਦੀ ਨਿਗਾਹ ਅੰਮ੍ਰਿਤ। ਜਦ ਹੇਠਲਾ ਤੇ ਸਮੁੰਦਰ ਰੂਪ ਅਨੰਤ ਵਿਚ ਵਸਦਾ ਮਨ ਅੰਮ੍ਰਿਤ ਨਾਲ ਭਰ ਜਾਂਦਾ ਹੈ ਤਦ ਹੀ ਇਹ ਮਿਠਾ ਰਾਗ ਦਿਲ, ਦਿਮਾਗ ਤੇ ਜਿਸਮ ਅਲਾਪਣ ਲੱਗ ਜਾਂਦੇ ਹਨ।

*****

# 13. ਪੰਜਾਬੀ ਸਾਹਿਤਯ ਪਰ ਕਟਾਖਯ

## ਕੋਲਬ੍ਰੂਕ ਦੀ ਪੁਰਾਤਨ ਜਨਮ ਸਾਖੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪ੍ਰਕਾਸ਼ਤ ਕੀਤੀ ਹੈ। ਦਫਤਰ ਖਾਲਸਾ ਸਮਾਚਾਰ ਥੀਂ ਮਿਲਦੀ ਹੈ।

ਨਮੂਨੇ-ਇਹ ਨਮੂਨੇ **ਕਲਗੀਧਰ ਚਮਤਕਾਰ** ਵਿਚੋਂ ਹਨ :—ਪਹਿਲਾ ਨਮੂਨਾ "ਹੇਮ ਕੁੰਟ ਥੀਂ ਸੱਚਖੰਡ" ਲੇਖ ਵਿਚੋਂ ਹੈ, ਦੂਜਾ "ਬਾਲਾ ਪ੍ਰੀਤਮ" ਵਿਚੋਂ, ਤੀਜਾ "ਪਦਮਾ" ਵਿਚੋਂ। ਇਹ ਪੁਸਤਕ ਵੀ ਦਫਤਰ ਖਾਲਸਾ ਸਮਾਚਾਰ ਥੀਂ ਮਿਲਦੀ ਹੈ।

*****

# 14. ਵੋਟ ਤੇ ਪਲਿਟਿਕਸ

**ਧਨ ਉਪਜਾਊ**—ਕੰਮਾਂ ਵਿਚ ਉਹ ਕੰਮ ਹਨ ਜਿਹੜੇ ਭੋਂ ਵਿਚੋਂ ਚੀਜ਼ਾਂ ਕੱਢ ਕੇ ਯਾ ਉਠਾ ਕੇ ਯਾ ਸਹਿਜ ਉੱਗੀਆਂ ਵਿਚੋਂ ਸਤ ਦੀਆਂ ਚੀਜ਼ਾ ਕੱਢ ਕੇ ਧਨ ਉਪਜਾਂਦੇ ਹਨ ਯਾ **ਆਰਟ** ਦ੍ਵਾਰਾ ਆਪਣੇ ਅੰਦਰੋਂ ਸੁਹਣਪ ਦੀਆਂ ਚੀਜ਼ਾਂ ਬਣਾ ਕੇ ਲੋਕਾਂ ਨੂੰ ਰੀਝਾ ਕੇ ਧਨ ਖਿਚਦੇ ਹਨ। ਸੋ ਯਾ **ਇਨਡਸਟਰੀ** ਯਾ **ਆਰਟ** ਧਨ ਉਪਜਾਊ ਹੁੰਦੇ ਹਨ। ਹਰ ਮੁਲਕ ਦੀ ਨਵੀ ਆਮਦਨ ਉਹ ਗਿਣਨੀ ਚਾਹੀਏ, ਜਿਹੜੀ **ਧਨ ਉਪਜਾਣ** ਦੇ ਕੰਮਾਂ ਦੇ ਕੁਲ ਖਰਚ ਤੇ ਵਿਚੋਲਿਆਂ ਦੇ ਖਰਚ ਕੱਢ ਕੇ ਨਕੀ ਆਮਦਨ ਸਿਰ ਪਰਤੀ ਹੋਵੇ।

ਇਕ ਆਦਮੀ ਲੱਕੜ ਦੀ ਕੁਰਸੀ ਬਣਾਉਂਦਾ ਹੈ ਉਹ ਹੁਨਰ ਵਿਚ ਆਉਂਦਾ ਹੈ ਤੇ ਜਿਹੜਾ ਕਿਸਾਨੀ ਮਿਹਨਤ ਕਰਕੇ ਭੋਂ ' ਵਿਚੋਂ ਹਵਾ ਪਾਣੀ ਤੇ ਮਿੱਟੀ ਦੀ ਮਦਦ ਨਾਲ ਧਨ ਬਣਾਉਂਦਾ ਹੈ ਉਹ ਸੱਚੀ ਧਨ ਉਪਜਾਊ ਇਨਡਸਟਰੀ ਹੈ। ਸਾਰੀ **ਤਿਜਾਰਤ** ਵਿਚੋਲਿਆਂ ਦੀ ਕਮਾਈ ਹੈ, ਇਹ ਖਰਚ ਖਾਤੇ ਪਾ ਕੇ ਜੇ ਤੱਕਿਆ ਜਾਵੇ ਤਦ ਹਿੰਦੋਸਤਾਨ ਕੁਲ ਮੁਲਕਾਂ ਥੀਂ ਸਭ ਥੀਂ ਵਧ ਨਿਤਾਣਾ ਹੈ। ਇਸ ਵਿਚ ਤਾਣ, ਜਾਚ, ਹੁਨਰ ਤੇ ਇਨਡਸਟਰੀ ਇੰਨੀ ਹੈ ਹੀ ਨਹੀਂ ਕਿ ਬਿਨਾਂ ਬਾਹਰਲੀ ਮਦਦ ਦੇ ਕਦੀ ਉਠ ਸੱਕੇ। ਅਮੀਰ ਮੁਲਕ ਦਾ ਭਾਵੇਂ ਕਿਹਾ ਰਾਜ ਹੋਵੇ ਚਲ ਸੱਕਦਾ ਹੈ, ਪਰ ਇਕ ਗਰੀਬ ਨਿਮਾਣਾ ਨਿਤਾਣਾ ਮੁਲਕ ਜੇ ਰਾਜ ਕਰਨ ਵਾਲਿਆਂ ਉੱਪਰ ਬਾਹਲਾ ਖਰਚ ਕਰੇ ਤਦ ਉਹ ਕਦੀ ਤਰੱਕੀ ਨਹੀਂ ਕਰ ਸੱਕਦਾ। ਆਖਰ ਰਾਜ ਦਾ ਖਰਚ ਇਕ ਤਰਾਂ ਵਿਚੋਲਿਆਂ ਦਾ ਖਰਚ ਹੈ।

*****

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3927

Digitized by Panjab Digital Library | www.panjabdigilib.org



ਭਾਸ਼ਾ ਵਿਭਾਗ, ਪੰਜਾਬ

9519-ਪੰ ਥੇ 1144

ਪੇਪਰ ਬੈਕ ਸੀਰੀਜ਼

Digitized by Panjab Digital Library | www.panjabdigilib.org